








Twenty-Fifth Year of Publication    ਕੈਲੀਫੋਰਨੀਆ ਐਡੀਸ਼ਨ    Price 50¢

Email:punjabtimes1@gmail.com

www.punjabtimesusa.com

ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 26, Issue 26; June 28, 2025    20451 N. Plum Grove Rd., Palatine, IL 60074    Ph:847-359-0746, Fax:847-705-9388


## ਇਜ਼ਰਾਈਲ ਅਤੇ ਈਰਾਨ ਵਿਚਕਾਰ ਜੰਗਬੰਦੀ ਦਾ ਟਰੰਪ ਵਲੋਂ ਐਲਾਨ




**ਤਹਿਰਾਨ:** ਈਰਾਨ 'ਤੇ ਹਮਲੇ ਦੇ ਗਿਆਰ੍ਹਵੇਂ ਅਤੇ ਬਾਰ੍ਹਵੇਂ ਦਿਨ ਇਜ਼ਰਾਈਲ ਨੇ ਈਰਾਨ ਦੇ ਹਵਾਈ ਅੱਡਿਆਂ, ਫ਼ੌਜੀ ਟਿਕਾਣਿਆਂ, ਤਹਿਰਾਨ ਦੀ ਏਵਿਨ ਜੇਲ੍ਹ ਅਤੇ ਘਰੇਲੂ ਮਾਮਲਿਆਂ 'ਤੇ ਕਾਰਵਾਈ ਕਰਨ ਵਾਲੀ ਰੈਵੇਲਿਊਸ਼ਨਰੀ ਗਾਰਡ ਦੀ ਸ਼ਾਖਾ ਦੇ ਹੈੱਡਕੁਆਰਟਰ ਨੂੰ ਨਿਸ਼ਾਨ ਬਣਾਉਣ ਦੀਆਂ ਖਬਰਾਂ ਆਈਆਂ। ਨਾਲ ਹੀ ਫੋਰਡੋ ਤੇ ਨਾਤਾਂਜ ਦੇ ਪਰਮਾਣੂ ਪਲਾਂਟਾਂ 'ਤੇ ਵੀ ਬੰਬਾਰੀ ਕੀਤੀ ਗਈ। ਇਨ੍ਹਾਂ ਦੋਵੇਂ ਪਰਮਾਣੂ ਪਲਾਂਟਾਂ 'ਤੇ ਅਮਰੀਕਾ ਨੇ 14 ਵਿਨਾਸ਼ਕਾਰੀ ਬੰਕਰ ਬਸਟਰ ਬੰਬ ਸੁੱਟੇ ਸਨ। ਕੌਮਾਂਤਰੀ ਪਰਮਾਣੂ ਊਰਜਾ ਏਜੰਸੀ (ਆਈ.ਏ.ਈ.ਏ.) ਦੇ ਪ੍ਰਮੁੱਖ ਰਫਾਏਲ ਗ੍ਰੋਸੀ ਨੇ ਦੋਵਾਂ ਹੀ ਪਰਮਾਣੂ ਪਲਾਂਟਾਂ ਨੂੰ ਭਾਰੀ ਨੁਕਸਾਨ ਹੋਣ ਦਾ ਖ਼ਦਸ਼ਾ ਜਾਹਰ ਕੀਤਾ ਹੈ। ਈਰਾਨ 'ਤੇ ਅਮਰੀਕਾ ਦੇ ਹਮਲੇ ਅਤੇ ਈਰਾਨ ਦੇ ਸਟ੍ਰੇਟ ਆਫ ਹੋਰਮੁਜ ਬੰਦ ਕਰਨ ਦੇ ਸੰਕੇਤ ਤੋਂ ਬਾਅਦ ਸੋਮਵਾਰ ਨੂੰ ਕੱਚੇ ਤੇਲ ਦਾ ਮੁੱਲ ਉਛਲ ਕੇ 80 ਡਾਲਰ ਪ੍ਰਤੀ ਬੈਰਲ ਤੱਕ ਪਹੁੰਚ ਗਿਆ।

ਈਰਾਨ ਨੇ ਜਵਾਬੀ ਕਾਰਵਾਈ ਕਰਦਿਆਂ ਕਤਰ ਵਿੱਚਲੇ ਅਮਰੀਕੀ ਟਿਕਾਣਿਆਂ ਉਤੇ ਤਾਬੜਤੋੜ ਹਮਲੇ ਕੀਤੇ। ਇਸ ਗਹਿਗੱਚ ਤੋਂ ਬਾਅਦ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਟਵੀਟ ਕਰਦਿਆਂ ਕਿਹਾ ਕਿ ਦੋਵੇਂ ਦੇਸ਼ ਜੰਗਬੰਦੀ ਲਈ ਸਹਿਮਤ ਹੋ ਗਏ ਹਨ। ਉਸ ਨੇ ਟਵੀਟ ਵਿੱਚ ਲਿਖਿਆ, "ਸਭ ਨੂੰ ਵਧਾਈਆਂ!ਇਸ ਗੱਲ ਤੇ ਪੂਰੀ ਤਰ੍ਹਾਂ ਸਹਿਮਤੀ ਹੋ ਚੁੱਕੀ ਹੈ ਕਿ ਇਜ਼ਰਾਈਲ ਅਤੇ ਈਰਾਨ ਦਰਮਿਆਨ ਇੱਕ ਪੂਰਾ ਅਤੇ ਸੰਪੂਰਨ ਸੀਜ਼ ਫਾਇਰ ਹੋਵੇਗਾ। ਇਸ ਪੋਸਟ ਤੋਂ ਲਗਭਗ ਛੇ ਘੰਟਿਆਂ ਬਾਅਦ ਜਦੋਂ ਇਜ਼ਰਾਈਲ ਅਤੇ ਇਰਾਨ ਆਪਣੇ ਚੱਲ ਰਹੇ ਮਿਸ਼ਨਾਂ ਨੂੰ ਖਤਮ ਕਰ ਲੈਣਗੇ, ਇਸ ਤੋਂ ਬਾਅਦ 12 ਘੰਟਿਆਂ ਲਈ ਲੜਾਈ ਰੁਕ ਜਾਵੇਗੀ ਅਤੇ ਇਹ ਯੁੱਧ ਸਮਾਪਤ ਮੰਨਿਆ ਜਾਵੇਗਾ। ਅਧਿਕਾਰਿਕ ਤੌਰ ਤੇ ਈਰਾਨ ਪਹਿਲਾਂ ਸੀਜ਼ ਫਾਇਰ ਦੀ ਸ਼ੁਰੂਆਤ ਕਰੇਗਾ ਅਤੇ 12 ਘੰਟਿਆਂ ਬਾਅਦ ਇਜ਼ਰਾਈਲ ਵੀ ਸੀਜ਼ ਫਾਇਰ ਸ਼ੁਰੂ ਕਰੇਗਾ। 24 ਘੰਟਿਆਂ ਵਿਚ ਇਸ ਯੁੱਧ ਦਾ ਅਧਿਕਾਰਤ ਅੰਤ ਹੋਵੇਗਾ। ਜਿਸ ਨੂੰ ਦੁਨੀਆਂ ਭਰ ਵਿੱਚ 12 ਦਿਨਾਂ ਦੇ ਯੁੱਧ ਦੇ ਤੌਰ ਤੇ ਯਾਦ ਕੀਤਾ ਜਾਵੇਗਾ। ਹਰ ਸੀਜ਼ ਫਾਇਰ ਦੌਰਾਨ ਦੂਜੀ ਪਾਰਟੀ ਸ਼ਾਂਤਮਈ ਸਤਿਕਾਰਯੋਗ ਵਿਵਹਾਰ ਕਰੇਗੀ। ਜੇਕਰ ਹਰ ਚੀਜ਼ ਯੋਜਨਾ ਅਨੁਸਾਰ ਚੱਲੀ ਜੋ ਕਿ ਚੱਲੇਗੀ, ਤਾਂ ਮੈਂ ਇਜ਼ਰਾਈਲ ਅਤੇ ਈਰਾਨ ਦੋਵਾਂ ਦੇਸ਼ਾਂ ਨੂੰ ਹੌਸਲੇ, ਹਿੰਮਤ ਅਤੇ ਅਕਲਮੰਦੀ ਲਈ ਵਧਾਈ ਦਿੰਦਾ ਹਾਂ, ਜਿਨਾਂ ਨੇ ਇਸ ਯੁੱਧ ਨੂੰ ਖਤਮ ਕੀਤਾ। ਇਹ ਇੱਕ ਅਜਿਹਾ ਯੁੱਧ

(ਬਾਕੀ ਸਫ਼ਾ 6 'ਤੇ)

### ਪੁਤਿਨ ਨੇ ਕਿਹਾ, "ਅਸੀਂ ਈਰਾਨ ਨਾਲ ਹਾਂ''



**ਮਾਸਕੋ:** ਰੂਸੀ ਰਾਸ਼ਟਰਪਤੀ ਵਲਾਦਮੀਰ ਪੁਤਿਨ ਨੇ ਕਿਹਾ ਹੈ ਕਿ ਅਮਰੀਕਾ ਦੇ ਹਮਲੇ ਨੇ ਦੁਨੀਆ ਨੂੰ ਬਹੁਤ ਵੱਡੇ ਖ਼ਤਰੇ ਵੱਲ ਧੱਕ ਦਿੱਤਾ ਹੈ, 7 ਉਹ ਈਰਾਨੀ ਲੋਕਾਂ ਦੀ ਮਦਦ ਕਰਨਗੇ ਪਰ ਇਹ ਮਦਦ ਕਿਸ ਤਰ੍ਹਾਂ ਦੀ ਹੋਵੇਗੀ ਰੂਸੀ ਰਾਸ਼ਟਰਪਤੀ ਨੇ ਸਪਸ਼ਟ ਨਹੀਂ ਕੀਤਾ। ਚੇਤੇ ਰਹੇ ਕਿ ਐਤਵਾਰ ਨੂੰ ਅਮਰੀਕੀ ਹਮਲੇ ਤੋਂ ਬਾਅਦ ਰੂਸ ਦੇ ਸਾਬਕਾ ਰਾਸ਼ਟਰਪਤੀ ਤੇ ਪੁਤਿਨ ਦੇ ਖ਼ਾਸ ਦਮਿਤਰੀ ਮੇਦਵੇਦੇਵ ਨੇ ਕਿਹਾ ਸੀ ਕਿ ਦੁਨੀਆ ਦੇ ਕਈ ਦੇਸ਼ ਈਰਾਨ ਨੂੰ ਪਰਮਾਣੂ ਹਥਿਆਰ ਦੇਣ ਲਈ ਤਿਆਰ ਹਨ।

## ਲੁਧਿਆਣਾ ਪੱਛਮੀ ਵਿਧਾਨ ਸਭਾ ਸੀਟ 'ਤੇ 'ਆਪ' ਦਾ ਕਬਜ਼ਾ ਬਰਕਰਾਰ



**ਲੁਧਿਆਣਾ:** ਸਾਰੀਆਂ ਸਿਆਸੀ ਪਾਰਟੀਆਂ ਲਈ ਵੱਕਾਰ ਦਾ ਸਵਾਲ ਬਣੀ ਵਿਧਾਨ ਸਭਾ ਲੁਧਿਆਣਾ ਪੱਛਮੀ ਦੀ ਜਿਮਨੀ ਚੋਣ 'ਚ 'ਆਪ' ਦਾ ਕਬਜ਼ਾ ਬਰਕਰਾਰ ਰਿਹਾ ਹੈ। ਆਪ ਦੇ ਉਮੀਦਵਾਰ ਸੰਜੀਵ ਅਰੋੜਾ ਨੇ ਇਹ ਜਿੱਤ 10687 ਵੋਟਾਂ ਨਾਲ ਆਪਣੇ ਨੇੜਲੇ ਮੁਕਾਬਲੇਬਾਜ਼ ਕਾਂਗਰਸ ਦੇ ਉਮੀਦਵਾਰ ਸਾਬਕਾ ਮੰਤਰੀ ਭਾਰਤ ਭੂਸ਼ਣ ਆਸ਼ੂ ਨੂੰ ਹਰਾ ਕੇ ਦਰਜ ਕੀਤੀ ਹੈ। ਸੰਜੀਵ ਅਰੋੜਾ ਨੂੰ ਕੁੱਲ 35,179 ਵੋਟਾਂ ਪਈਆਂ, ਜਦਕਿ ਕਾਂਗਰਸੀ ਉਮੀਦਵਾਰ ਭਾਰਤ ਭੂਸ਼ਣ ਆਸ਼ੂ ਨੂੰ 24,542 ਵੋਟਾਂ ਨਾਲ ਹੀ ਸਬਰ ਕਰਨਾ ਪਿਆ। ਭਾਜਪਾ ਉਮੀਦਵਾਰ ਜੀਵਨ ਗੁਪਤਾ 20,323 ਤੇ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਐਡਵੋਕੇਟ ਪਰਉਪਕਾਰ ਸਿੰਘ ਘੁੰਮਣ ਨੂੰ ਸਿਰਫ਼ 8203 ਵੋਟਾਂ ਮਿਲੀਆਂ। ਪਰਉਪਕਾਰ ਸਿੰਘ ਘੁੰਮਣ ਆਪਣੀ ਜ਼ਮਾਨਤ ਵੀ ਨਹੀਂ ਬਚਾ ਸਕੇ।

'ਆਪ' ਵਿਧਾਇਕ ਗੁਰਪ੍ਰੀਤ ਗੋਗੀ ਦੀ 10 ਜਨਵਰੀ 2025 ਨੂੰ ਹੋਈ ਮੌਤ ਤੋਂ ਬਾਅਦ ਲੁਧਿਆਣਾ ਦੀ ਵਿਧਾਨ ਸਭਾ ਹਲਕਾ ਪੱਛਮੀ ਦੀ ਸੀਟ ਖਾਲੀ ਹੋ ਗਈ ਸੀ। ਇਸ ਸੀਟ ਲਈ 19 ਜੂਨ ਨੂੰ ਵੋਟਾਂ ਪਈਆਂ ਸਨ।

ਸੋਮਵਾਰ ਨੂੰ ਇਨ੍ਹਾਂ ਦੀ ਵੋਟਾਂ ਦੀ ਗਿਣਤੀ ਹੋਈ। ਖਾਲਸਾ ਕਾਲਜ, ਲੜਕੀਆਂ ਦੇ ਐਡੀਟੋਰੀਅਮ 'ਚ 14 ਗੇੜਾਂ 'ਚ ਮੁਕੰਮਲ ਹੋਈ ਗਿਣਤੀ ਦੌਰਾਨ ਪੋਸਟ ਬੈਲੇਟ ਪੇਪਰਾਂ ਦੀ ਗਿਣਤੀ 'ਚ ਅਰੋੜਾ 3 ਵੋਟਾਂ ਨਾਲ ਹ ਆਸ਼ੂ ਤੋਂ ਅੱਗੇ ਰਹੇ। ਅਰੋੜਾ ਦੀ ਲੀਡ ਦਾ ਸਿਲਸਲਾ ਪਹਿਲੇ 3 ਰਾਉਡ ਤੱਕ ਜਾਰੀ ਦ ਰਿਹਾ। ਚੌਥੇ, ਪੰਜਵੇਂ ਤੇ ਛੇਵੇਂ ਗੇੜ 'ਚ ਆਸ਼ੂ ਨੇ ਲਗਾਤਾਰ ਅਰੋੜਾ ਨੂੰ ਪਛਾੜਿਆ। ਇਸ ਤੋਂ ਬਾਅਦ ਸੱਤਵੇਂ ਤੋਂ 14ਵੇਂ ਰਾਉਡ ਤੱਕ ਫਿਰ ਸੰਜੀਵ ਅਰੋੜਾ ਲੀਡ ਲੈਂਦੇ ਰਹੇ। ਪੂਰੀ ਗਿਣਤੀ ਦੌਰਾਨ ਭਾਜਪਾ ਦੇ ਜੀਵਨ ਗੁਪਤਾ ਇਕ ਵਾਰ ਆਸ਼ੂ ਨੂੰ ਪਛਾੜਣ 'ਚ ਕਾਮਯਾਬ ਰਹੇ ਪਰ ਉਹ 'ਆਪ' ਦੇ ਉਮੀਦਵਾਰ ਤੋਂ 2 ਵੋਟਾਂ ਪਿੱਛੇ ਰਹੇ।

(ਬਾਕੀ ਸਫ਼ਾ 6 'ਤੇ)








# ਕੇਂਦਰੀ ਪੰਜਾਬੀ ਲੇਖਕ ਸਭਾ ਵੱਲੋਂ ਲੇਖਕ ਬਲਬੀਰ ਸਿੰਘ ਸੰਘਾ ਦੀ ਪੁਸਤਕ ਰਿਲੀਜ਼

**ਸਰੀ:** ਬੀਤੇ ਦਿਨੀਂ ਕੇਂਦਰੀ ਪੰਜਾਬੀ ਲੇਖਕ ਸਭਾ ਦੀ ਮਾਸਿਕ ਮਿਲਣੀ ਸੀਨਅਰ ਸਿਟੀਜ਼ਨ ਸੈਂਟਰ ਵਿਖੇ ਹੋਈ, ਜਿਸ ਵਿਚ ਸਾਹਿਤਕਾਰ ਬਲਬੀਰ ਸਿੰਘ ਸੰਘਾ ਦੀ ਪੁਸਤਕ




ਲੋਕ ਅਰਪਣ ਕੀਤੀ ਗਈ। ਇਹ ਸਮਾਗਮ ਪਿਤਾ ਦਿਵਸ ਨੂੰ ਸਮਰਪਿਤ ਕੀਤਾ ਗਿਆ ਸੀ। ਸਮਾਗਮ ਦੀ ਪ੍ਰਧਾਨਗੀ ਪ੍ਰਧਾਨ ਪ੍ਰਿਤਪਾਲ ਗਿੱਲ ਨੇ ਅਤੇ ਸਟੇਜ ਦਾ ਸੰਚਾਲਨ ਸਕੱਤਰ ਪਲਵਿੰਦਰ ਸਿੰਘ ਰੰਧਾਵਾ ਨੇ ਕੀਤਾ। ਪ੍ਰਧਾਨਗੀ ਮੰਡਲ ਵਿਚ ਸਕੱਤਰ ਪਲਵਿੰਦਰ ਸਿੰਘ ਰੰਧਾਵਾ, ਪ੍ਰਧਾਨ ਪ੍ਰਿਤਪਾਲ ਗਿੱਲ, ਲੇਖਕ ਬਲਬੀਰ ਸਿੰਘ ਸੰਘਾ, ਸਾਬਕਾ ਜੱਜ ਡਾ. ਸ਼ਿੰਦਰਪੁਰੇ ਵਾਲੇ, ਸੈਨੇਟਰ ਬਲਤੇਜ ਸਿੰਘ ਢਿੱਲੋਂ ਸੁਸ਼ੋਭਿਤ ਹੋਏ।

ਉਪਰੰਤ ਪੁਸਤਕ ਬਾਰੇ ਪਰਚੇ ਪ੍ਰਿਤਪਾਲ ਗਿੱਲ, ਅਮਰੀਕ ਪਲਾਹੀ, ਸੁਰਜੀਤ ਸਿੰਘ ਮਾਧੋ ਪੁਰੀ, ਡਾ. ਰਣਜੀਤ ਸਿੰਘ ਪੰਨੂ (ਜਗਦੀਪ ਨੂਰਾਨੀ ਦਾ ਪਰਚਾ), ਪ੍ਰੋ: ਕਸ਼ਮੀਰਾ ਸਿੰਘ, ਸੈਨੇਟਰ ਬਲਤੇਜ ਸਿੰਘ ਢਿੱਲੋਂ, ਡਾ: ਪ੍ਰਿਥੀਪਾਲ ਸਿੰਘ ਸੋਹੀ ਅਤੇਇੰਦਰ ਪਾਲ ਸਿੰਘ ਸੰਧੂ (ਸੁਰਜੀਤ ਭੁੱਲਰ ਦਾ ਪਰਚਾ) ਵੱਲੋਂ ਵਿਸਥਾਰ ਸਹਿਤ ਪੜ੍ਹੇ ਗਏ। ਲੇਖਕ ਕਵੀ ਬਲਬੀਰ ਸਿੰਘ ਸੰਘਾ ਵੱਲੋਂ ਆਪਣੀ ਪੁਸਤਕ ਬਾਰੇ ਵਿਚਾਰ ਸਾਂਝੇ ਕੀਤੇ ਗਏ।

ਬੋਰਡ ਮੈਂਬਰਾਂ, ਪ੍ਰਧਾਨਗੀ ਮੰਡਲ, ਸਥਾਨਕ ਲੇਖਕਾਂ ਅਤੇ ਖਚਾ-ਖਚ ਭਰੇ ਹਾਲ ਵਿਚ ਤਾੜੀਆਂ ਦੀ ਗੂੰਜ ਵਿਚ ਲੇਖਕ ਬਲਬੀਰ ਸਿੰਘ ਸੰਘਾ ਦੀ ਪੁਸਤਕ 'ਹੋਕਾ' ਲੋਕ ਅਰਪਣ ਕੀਤੀ ਗਈ। ਸਭਾ ਵੱਲੋਂ ਲੇਖਕ ਨੂੰ ਸਨਮਾਨਿਤ ਕੀਤਾ ਗਿਆ। ਪੁਸਤਕ ਰਿਲੀਜ਼ ਮੌਕੇ ਪ੍ਰਿਤਪਾਲ ਗਿੱਲ, ਪਲਵਿੰਦਰ ਸਿੰਘ ਰੰਧਾਵਾ, ਸੁਰਜੀਤ ਸਿੰਘ ਮਾਧੋ ਪੁਰੀ, ਇੰਦਰ ਪਾਲ ਸਿੰਘ ਸੰਧੂ, ਅਮਰੀਕ ਸਿੰਘ ਲੇਲ੍ਹ, ਦਰਸ਼ਨ ਸੰਘਾ, ਬਲਬੀਰ ਸਿੰਘ ਸੰਘਾ, ਇੰਦਰਜੀਤ ਧਾਮੀ, ਅਮਰੀਕ ਪਲਾਹੀ, ਪ੍ਰੋ: ਕਸ਼ਮੀਰਾ ਸਿੰਘ, ਡਾ: ਪ੍ਰਿਥੀਪਾਲ ਸਿੰਘ ਸੋਹੀ, ਹਰਿੰਦਰ ਕੌਰ ਸੋਹੀ, ਬਿੱਕਰ ਖੋਸਾ, ਕੇਸਰ ਸਿੰਘ ਕੂਨਰ, ਇੰਦਰਜੀਤ ਕੌਰ ਸੰਧੂ, ਗਿਆਨ ਸਿੰਘ ਸੰਧੂ, ਸਰਬਜੀਤ ਰੰਧਾਵਾ, ਨਿਰਮਲ ਗਿੱਲ, ਡਾ. ਰਣਜੀਤ ਸਿੰਘ ਪੰਨੂ ਸੇਨੇਟਰ ਬਲਤੇਜ ਸਿੰਘ ਢਿੱਲੋਂ ਸ਼ਾਮਿਲ ਹੋਏ ਅਤੇ ਕਵੀ ਦਰਬਾਰ ਵਿਚ ਇਨ੍ਹਾਂ ਤੋਂ ਇਲਾਵਾ ਗੁਰਮੀਤ ਕਾਲਕਟ, ਹਰਚੰਦ ਸਿੰਘ ਗਿੱਲ, ਡਾ. ਬਲਦੇਵ ਸਿੰਘ ਖਹਿਰਾ, ਨਰਿੰਦਰ ਸਿੰਘ ਬਾਹੀਆ, ਕੁਲਦੀਪ ਸਿੰਘ ਜਗ ਪਾਲ, ਮਨਜੀਤ ਮਲਾ, ਦਵਿੰਦਰ ਕੌਰ ਜੌਹਲ, ਡਾ. ਗੁਰਮਿੰਦਰ ਕੌਰ ਸਿੱਧੂ, ਚਮਕੌਰ ਸਿੰਘ ਸੇਖੋਂ, ਮਿਸਿਜ਼ ਨਰੇਸ਼ ਬਖ਼ਸ਼ੀ, ਦਰਸ਼ਨ ਸਿੰਘ ਦੁਸਾਂਝ, ਅਜਮੇਰ ਸਿੰਘ ਢਿੱਲੋਂ, ਡਾ. ਗੁਪਾਲ ਸਿੰਘ ਬੁੱਟਰ, ਸੁਖਵਿੰਦਰ ਕੌਰ ਸਿੱਧੂ, ਵੀਤ ਬਾਦਸ਼ਾਹ ਪੁਰੀ ਅਤੇ ਹਾਜ਼ਰ ਸਰੋਤਿਆਂ ਵਿਚ ਜਗਦੀਸ਼ ਸਿੰਘ, ਮਨਿੰਦਰ, ਬਲਵਿੰਦਰ ਕੌਰ ਰਤਨ, ਜਸਬੀਰ ਕੌਰ ਕਾਹਲੋਂ, ਨਰੇਸ਼ ਬਖ਼ਸ਼ੀ, ਸਰਵਣ ਸਿੰਘ ਰੰਧਾਵਾ, ਸੁਰਜੀਤ ਸਿੰਘ ਬਾਠ, ਗੁਰਦਰਸ਼ਨ ਤਤਲਾ, ਹਰਬੀਰ ਸਿੰਘ ਸੰਘਾ, ਅਜੀਤ ਪਾਲ ਕੌਰ ਸੰਘਾ, ਮਾਹੀ ਕੌਰ ਸੰਘਾ, ਮੇਹਰ ਸਿੰਘ ਸੰਘਾ, ਅਮਰਜੋਤ ਕੌਰ ਬਾਸੀ, ਨਰਿੰਦਰ ਸਿੰਘ ਨਿੱਜਰ, ਤਰਲੋਕ ਸਿੰਘ ਫਹੁੜਾ, ਬਲਦੇਵ ਸਿੰਘ ਬਾਗੜੀ, ਗੁਰਿੰਦਰ ਜੀਤ, ਜਸਵੰਤ ਕੌਰ ਸੰਘਾ, ਸੰਤੋਖ ਸਿੰਘ ਘੁੰਮਣ, ਦਵਿੰਦਰ ਸਿੰਘ ਮਾਂਗਟ, ਅਮਰਜੀਤ ਕੌਰ ਮਾਂਗਟ, ਨਿਰਮਲ ਗਿੱਲ, ਮਲਕੀਤ ਸਿੰਘ ਗਿੱਲ, ਗੁਰਮੇਲ ਸਿੰਘ ਧਾਲੀਵਾਲ ਆਦਿ ਸ਼ਾਮਿਲ ਹੋਏ। *-ਰੂਪਿੰਦਰ ਖਹਿਰਾ ਰੂਪੀ*


# Homeopathicvibes
## Harminder Singh Gill
Homeopathic Consultant and Practitioner



*D.H.M.S; B.C.I.H*
(Ex Homeopathic Medical officer Punjab Govt.)
**Now we have two locations:**
940 E. El Camino Real, Sunnyvale, CA 94087
39039 Paseo Padre Pkwy, Suite# 209 (upstairs), Fremont, CA 94538
We also do Virtual appointments for long distance patients.
Ph: (408) 737-7100
www.homeopathicvibes.com
*We sell and ship homeopathic remedies through out North America.*


# '24ਵੀਂ ਰੇਸ ਅਗੇਨਸਟ ਰੇਸਿਜ਼ਮ' ਵਿਚ ਟੀਪੀਏਆਰ ਕਲੱਬ ਦੇ 97 ਮੈਂਬਰਾਂ ਨੇ ਲਿਆ ਹਿੱਸਾ

## *ਸੀਨੀਅਰਜ਼ ਕੈਟਾਗਰੀ ਵਿਚ ਨਿਰਮਲ ਸਿੰਘ ਗਿੱਲ ਨੇ ਮੱਲੀ ਦੂਜੀ ਥਾਂ*

**ਮਿਸੀਸਾਗਾ, (ਡਾ. ਝੰਡ):** ਲੰਘੇ ਸ਼ਨਿਚਰਵਾਰ ਪੀਲ ਰਿਜਨ ਪੁਲੀਸ ਵੱਲੋਂ ਮਿਸੀਸਾਗਾ ਵੈਲੀ ਕਮਿਊਨਿਟੀ ਸੈਂਟਰ ਨੇੜਲੇ ਪਾਰਕ ਤੋਂ ਆਰੰਭ ਕੀਤੀ ਗਈ '24ਵੀਂ 'ਰੇਸ ਅਗੇਨਸਟ ਰੇਸਿਜ਼ਮ' ਵਿਚ ਬਰੈਂਪਟਨ ਦੀ ਸਰਗਰਮ ਕਲੱਬ



'ਟੀਪੀਏਆਰ ਕਲੱਬ' (ਟੋਰਾਂਟੋ ਪੀਅਰਸਨ ਏਅਰਪੋਰਟ ਰੱਨਰਜ਼ ਕਲੱਬ) ਨੇ ਬੜੇ ਉਤਸ਼ਾਹ ਨਾਲ ਭਾਗ ਲਿਆ। ਇਸ 5 ਕਿਲੋਮੀਟਰ ਦੌੜ ਵਿਚ ਹਜ਼ਾਰਾਂ ਦੀ ਗਿਣਤੀ ਵਿਚ ਸ਼ਾਮਲ ਹੋਏ ਦੌੜਾਕਾਂ ਤੇ ਵਾੱਕਰਾਂ ਵਿਚ ਟੀਪੀਏਆਰ ਕਲੱਬ ਦੇ ਮੈਂਬਰਾਂ ਦਾ ਇੱਕ ਵੱਡਾ ਗਰੁੱਪ ਆਪਣੀਆਂ ਸੰਤਰੀ ਰੰਗ ਦੀਆਂ ਟੀ-ਸ਼ਰਟਾਂ ਪਹਿਨੀ ਵੱਖਰੀ ਦਿੱਖ ਨਾਲ ਦੂਰੋਂ ਹੀ ਪਹਿਚਾਣਿਆ ਜਾ ਰਿਹਾ ਸੀ। ਕਲੱਬ ਦੇ ਚੇਅਰਪਰਸਨ ਸੰਧੂਰਾ ਸਿੰਘ ਬਰਾੜ ਦਾ ਵਿਸ਼ੇਸ਼ ਧੰਨਵਾਦ ਕਰਦਿਆਂ ਦੌੜ ਦੀ ਸਮਾਪਤੀ 'ਤੇ ਪੀਲ ਰਿਜਨ ਪੁਲੀਸ ਦੇ ਮੁਖੀ ਨਿਸ਼ਾਨ ਦੁਰਿਆਪਾਹ ਨੇ ਕਲੱਬ ਦੇ ਮੈਂਬਰਾਂ ਦੇ ਨਾਲ ਤਸਵੀਰ ਖਿਚਵਾਈ।

ਵੱਖ-ਵੱਖ ਕਮਿਊਨਿਟੀਆਂ ਦੇ ਵਿਚਕਾਰ ਆਪਸੀ ਨਫ਼ਰਤ ਨੂੰ ਰੋਕਣ ਲਈ ਅਤੇ ਇਸ ਦੀ ਥਾਂ ਆਪਸੀ ਨੇੜਤਾ, ਪ੍ਰੇਮ-ਪਿਆਰ ਅਤੇ ਇਤਫ਼ਾਕ ਵਧਾਉਣ ਲਈ ਪੀਲ ਪੁਲੀਸ ਵੱਲੋਂ 'ਰੇਸ ਅਗੇਨਸਟ ਰੇਸਿਜ਼ਮ' ਦੀ ਸ਼ੁਰੂਆਤ 2001 ਵਿੱਚ ਕੀਤੀ ਗਈ। ਇਸ ਤੋਂ ਪਹਿਲਾਂ ਇਹ ਉਪਰਾਲਾ 23 ਵਾਰ ਹੋ ਚੁੱਕਾ ਹੈ ਅਤੇ ਇਸ ਵਾਰ ਇਹ 24ਵੀਂ ਰੇਸ ਸੀ। ਇਸ ਈਵੈਂਟ ਦੀ 'ਸਿਲਵਰ ਜੁਬਲੀ' ਅਗਲੇ ਸਾਲ ਮਨਾਈ ਜਾ ਰਹੀ ਹੈ। ਪੀਲ ਰੀਜਨ ਪੁਲੀਸ ਅਧੀਨ ਇਸ ਸਮੇਂ ਤਿੰਨ ਵੱਡੇ ਸ਼ਹਿਰ ਮਿਸੀਸਾਗਾ, ਬਰੈਂਪਟਨ ਅਤੇ ਕੈਲੇਡਨ ਹਨ ਜਿਨ੍ਹਾਂ ਵਿਚ ਇਮੀਗਰੈਂਟਾਂ ਦੀ ਆਮਦ ਨਾਲ ਆਬਾਦੀ ਬੜੀ ਤੇਜ਼ੀ ਨਾਲ ਵਧਦੀ ਜਾ ਰਹੀ ਹੈ।

ਟੀਪੀਏਆਰ ਕਲੱਬ ਦੇ ਮੈਂਬਰ ਆਪੋ ਆਪਣੇ ਸਾਧਨਾਂ ਨਾਲ ਸਵੇਰੇ 9.00 ਵਜੇ ਮਿਸੀਸਾਗਾ ਵੈਲੀ ਕਮਿਊਨੀਕੇਸ਼ਨ ਸੈਂਟਰ ਵਿਖੇ ਪਹੁੰਚ ਗਏ ਜਿੱਥੇ ਇਸ ਰੇਸ ਦਾ ਆਰੰਭ ਪ੍ਰਬੰਧਕਾਂ ਵੱਲੋਂ 9.30 ਵਜੇ ਕੀਤਾ ਜਾਣਾ ਸੀ। ਇਸ ਮੰਤਵ ਲਈ ਬਣਾਈ ਗਈ ਸਟੇਜ ਤੋਂ ਪ੍ਰਬੰਧਕਾਂ ਵੱਲੋਂ ਆਏ ਦੌੜਾਕਾਂ ਤੇ ਵਾੱਕਰਾਂ ਨੂੰ 'ਜੀ-ਆਇਆਂ' ਕਹਿਣ ਅਤੇ ਉਨ੍ਹਾਂ ਨੂੰ ਦਿੱਤੀਆਂ ਗਈਆਂ ਕੁਝ ਹਦਾਇਤਾਂ ਤੋਂ ਬਾਅਦ ਇਹ 'ਰੇਸ ਅਗੇਨਸਟ ਰੇਸਿਜ਼ਮ' ਸਵੇਰੇ 9.50 'ਤੇ ਆਰੰਭ ਹੋ ਗਈ। ਮਿਸੀਸਾਗਾ ਵੈਲੀ ਕਰੀਕ ਦੇ ਕੰਢੇ-ਕੰਢੇ ਇਸ ਰੇਸ ਦਾ ਰੂਟ ਕੁਦਰਤੀ ਨਜ਼ਾਰਿਆਂ ਨਾਲ ਭਰਪੂਰ ਬੜਾ ਮਨਮੋਹਕ ਸੀ। ਕਰੀਕ ਵਿਚ ਪੱਥਰਾਂ ਵਿਚ ਦੀ ਚੱਲ ਰਿਹਾ ਸਾਫ਼ ਪਾਣੀ ਦੌੜਾਕਾਂ ਨੂੰ ਨਵੀਂ ਊਰਜਾ ਪ੍ਰਦਾਨ ਕਰ ਰਿਹਾ ਸੀ।

ਦੌੜ ਦੀ ਸਮਾਪਤੀ 'ਤੇ ਇਸ ਰੇਸ ਵਿਚ ਵੱਖ-ਵੱਖ ਕੈਟਾਗਰੀਆਂ ਵਿਚ ਪਹਿਲੇ, ਦੂਸਰੇ ਤੇ ਤੀਸਰੇ ਨੰਬਰ 'ਤੇ ਆਉਣ ਵਾਲਿਆਂ ਦੇ ਗ਼ਲਾਂ ਵਿਚ ਮੈਡਲ ਪਾ ਕੇ ਪ੍ਰਬੰਧਕਾਂ ਵੱਲੋਂ ਉਨ੍ਹਾਂ ਦਾ ਸਨਮਾਨ ਕੀਤਾ ਗਿਆ। ਇਸ ਦੌੜ ਦੇ ਹਜ਼ਾਰਾਂ ਦੌੜਾਕਾਂ ਵਿਚੋਂ ਸੀਨੀਅਰਜ਼ ਕੈਟਾਗਰੀ ਵਿੱਚ ਦੂਸਰੇ ਨੰਬਰ 'ਤੇ ਆਉਣ




ਵਾਲਾ ਟੀਪੀਏਆਰ ਕਲੱਬ ਦਾ ਮੈਂਬਰ ਨਿਰਮਲ ਸਿੰਘ ਗਿੱਲ ਸੀ ਜਿਸ ਨੇ ਇਸ ਲਈ 21 ਮਿੰਟ 4 ਸਕਿੰਟ ਦਾ ਸਮਾਂ ਲਿਆ। ਕਲੱਬ ਦੇ ਇੱਕ ਹੋਰ ਮੈਂਬਰ ਜਸਵਿੰਦਰ ਜੱਸੀ ਧਾਲੀਵਾਲ ਬਾਲਗ ਕੈਟਾਗਰੀ ਵਿਚ ਲਸਾਮਲ ਟੀਪੀਏਆਰ ਕਲੱਬ ਦੇ ਦੌੜਾਕਾਂ ਵਿਚੋਂ 21 ਮਿੰਟ 10 ਸਕਿੰਟ ਦੇ ਸਮੇਂ ਨਾਲ ਪਹਿਲੇ ਨੰਬਰ 'ਤੇ ਆਇਆ।

ਟੀਪੀਏਆਰ ਕਲੱਬ ਦੇ ਚੇਅਰਪਰਸਨ ਸੰਧੂਰਾ ਸਿੰਘ ਬਰਾੜ ਵੱਲੋਂ ਇਸ ਈਵੈਂਟ ਨੂੰ ਸਫ਼ਲ ਬਣਾਉਣ ਲਈ ਪੀਲ ਰੀਜਨ ਪੁਲੀਸ ਦੇ ਪ੍ਰਬੰਧਕਾਂ ਤੇ ਟੀਪੀਏਆਰ ਕਲੱਬ ਦੇ ਸਮੂਹ ਮੈਂਬਰਾਂ ਦਾ ਧੰਨਵਾਦ ਕੀਤਾ ਗਿਆ। ਉਨ੍ਹਾਂ ਕਿਹਾ ਕਿ ਪੀਲ ਰੀਜਨ ਪੁਲੀਸ ਦਾ ਇਹ ਬਹੁਤ ਹੀ ਵਧੀਆ ਉਪਰਾਲਾ ਹੈ ਜਿਸ ਲਈ ਉਹ ਸੱਚਮੁੱਚ ਵਧਾਈ ਦੀ ਹੱਕਦਾਰ ਹੈ। ਇਸ ਈਵੈਂਟ ਵਿਚ ਪ੍ਰਬੰਧਕਾਂ ਵੱਲੋਂ ਖਾਣ-ਪੀਣ ਦੀਆਂ ਵੱਖ-ਵੱਖ ਤਰ੍ਹਾਂ ਦੀਆਂ ਵਸਤਾਂ, ਫ਼ਲ-ਫਰੂਟ ਤੇ ਸ਼ਾਨਦਾਰ ਲੰਚ ਦਾ ਪ੍ਰਬੰਧ ਕੀਤਾ ਗਿਆ ਸੀ।


# ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ

ਪਿਛਲੇ 15 ਸਾਲਾਂ ਤੋਂ ਤੁਹਾਡੀ ਸੇਵਾ ਵਿਚ

ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ

SAME DAY ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ ।

ਹੁਣ ਅਸੀਂ DPF Cleaning ਅਤੇ Baking ਵੀ ਕਰਦੇ ਹਾਂ।

STOCKTON ਵਿੱਚ ਪੰਜਾਬੀ ਭਰਾਂਵਾਂ ਦੀ ਇੱਕੋ ਇੱਕ ALIGNMENT SHOP
• 3 Axle Alignment $199
• Trailer Alignment $150


**Grand Opening**
**Special Price for Truck Wash**

ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205

Ph: 209.982.9996
FAX: 209.982.9997
www.globalmultiservices.com info@globalmultiservices.com

## REPAIR SHOP
ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 500+ ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।
TEL: 209.547.9210
FAX: 209.547.9211

## REGISTRATION SERVICES
ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।
TEL: 209.982.9996
FAX: 209.982.9997










# Matrimonials

## ਲੜਕੇ ਦੀ ਲੋੜ ਹੈ

Saini Sikh family from USA seeking a suitable match for their Canadian citizen girl 35, 5'4''. Divorced with one eight year old son. She has done M.Com, MBA and currently working as a General accountant at USA based organization. Seeking a Sikh Punjabi boy. Please contact us at: 248-982-2036.

---

Looking for a USA Citizen match for Ramdasia Sikh girl, 1988 born, 5'9", divorcee and has one child living with. She belongs to Punjab (Ludhiana). She has completed her nursing associate in India, currently working in India. Please whatApp biodata and recent picture at 262-960-7366.

19-22

## ਲੜਕੀ ਦੀ ਲੋੜ ਹੈ

Seeking an educated and professional match (American citizen or Permanent Resident) for a 1992-born Punjab boy (Ramdasia and others), 5'8". Education: B.Tech, MBA (IIT Delhi), MS in Business Analytics (University of Colorado). Currently working as a Business Analyst in Chicago, USA; H1B picked recently. Belongs to a well-educated and reputed family. Caste no bar. Please contact at +91-7589242016 (WhatsApp) and +1-7204996020.

26-29

Ravidasia Sikh family looking for a suitable match for their US Green card holder, son, 31, 6'3" tall. He is a certified nursing assisant and now running his own trucking business. He is currently residing in Franklin,Wisconsin. He is earning 150k to 200k annually. Preffered a girls in the USA. If interested, please contact: +91-95014-52552 (Whatsapp)

25-28

Seeking Amritdhari (dastar wearing/ready to wear) and educated girl for issueless, innocent divorcee Gursikh boy, well settled in the US. 37 years old, 5' -11" tall, MS degree holder, works as Engineering Manager. Green card petition approved in 2016. Homeowner in San Francisco, Bay Area, California since 2021. Please contact us at +1-510-399-4085 or +91-98993-79442 (Whatsapp) or E-Mail at: cjsingh55@gmail.com

24-27

Thind family looking for a suitable match for their US Born 27, 5'4" Son. He is a software engineer & lives in Chicago. He is vegetarian, does not smoke, no drinking. Looking for a vegetarian, family type girl with height 5 or 5'2" inches. Please contact us at: +1-630-201-5714

23-26

Jatt Sikh family looking for a suitable match for their US citizen, son, 25, 5'10" tall, holding a degree in Chemical Engineering from UT, Austin-TX. He is currently working in San Francisco. He belongs to a well-settled, respected Jatt Sikh family in the USA. He is the only child with no siblings. if interested, please contact: 501-580-7305 or email: sarabjitb27@gmail.com

23-26

Ramgharia Sikh Turbaned boy 33, 5'8" , MEng Western University Canada, Working as Senior Software Engineer in Toronto Canada, Looking for a professionally qualified girl living in Canada or US. Email: dev.kirat@gmail.com Ph +1 (313) 718-0178

19-26

Jatt Sikh family seeking a match for their son, born in America. He is 22 years old, 6ft tall and wears a Turban. He did study in computer science and working as a Software Engineer. He has property both in America and India. Seeking a nice girl that enjoys family and lives in USA. He has no siblings. Please contact us at: 206-208-4064 or E-Mail at gursikhjatt@gmail.com

---

Ramgarhia Family seeks a suitable match for their USA Born and Raised 30 year 5'6.5" Gursikh Boy, PhD. Girl should be Gursikh and educated. Caste no bar. If you are interested please call us at 224-422-4773.

---

Jatt Sikh SF Bay Area family seeking bride for their USA born Son 24, 5'10". Our Son wears a turban and keeps his hair. He has a BS and MS in Computer Science and is well settled in his profession. Beyond education, girl must have a joint family-oriented mindset with good moral family values. Please Contact ph: 510 861 6491 or email: pgrrealty@gmail.com

# ਇਰਾਨ ’ਚੋਂ ਸਾਰੇ ਭਾਰਤੀਆਂ ਨੂੰ ਸੁਰੱਖਿਅਤ ਕੱਢਿਆ ਜਾ ਰਿਹੈ: ਦੂਤਾਵਾਸ

**ਤਹਿਰਾਨ:** ਇਰਾਨ ਤੇ ਇਜ਼ਰਾਈਲ ‘ਚ ਜਾਰੀ ਸੰਘਰਸ਼ ਵਿਚਾਲੇ ਭਾਰਤ ਇਰਾਨ ‘ਚੋਂ ਆਪਣੇ ਸਾਰੇ ਨਾਗਰਿਕਾਂ ਨੂੰ ਕੱਢ ਰਿਹਾ ਹੈ। ਇੱਥੇ ਸਥਿਤ ਭਾਰਤੀ ਦੂਤਘਰ ਨੇ ਅੱਜ ਐਕਸ ‘ਤੇ ਪੋਸਟ ‘ਚ ਐਮਰਜੈਂਸੀ ਸੰਪਰਕ ਨੰਬਰ ਤੇ ਟੈਲੀਗ੍ਰਾਮ ਚੈਨਲ ਦਾ ਲਿੰਕ ਮੁਹੱਈਆ ਕੀਤਾ ਹੈ। ਪੋਸਟ ‘ਚ ਕਿਹਾ ਗਿਆ ਹੈ ਕਿ ਭਾਰਤੀ ਦੂਤਘਰ ਇਰਾਨ ‘ਚੋਂ ਸਾਰੇ ਭਾਰਤੀ ਨਾਗਰਿਕਾਂ ਨੂੰ ਕੱਢ ਰਿਹਾ ਹੈ। ਇੱਕ ਹੋਰ ਪੋਸਟ ‘ਚ ਦੂਤਘਰ ਨੇ ਕਿਹਾ ਕਿ ਉਹ ਨੇਪਾਲ ਤੇ ਸ੍ਰੀਲੰਕਾ ਦੇ ਨਾਗਰਿਕਾਂ ਨੂੰ ਕੱਢਣ ਦੀ ਕੋਸ਼ਿਸ਼ ਕਰ ਰਿਹਾ ਹੈ। ਇਸ ‘ਚ ਕਿਹਾ ਗਿਆ ਹੈ ਕਿ ਨੇਪਾਲ ਤੇ ਸ੍ਰੀਲੰਕਾ ਦੀਆਂ ਸਰਕਾਰਾਂ ਦੀ ਮੰਗ ‘ਤੇ ਇਨ੍ਹਾਂ ਦੇਸ਼ਾਂ ਦੇ ਨਾਗਰਿਕਾਂ ਨੂੰ ਕੱਢਣ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਪੋਸਟ ‘ਚ ਨੇਪਾਲ ਤੇ ਸ੍ਰੀਲੰਕਾ ਦੇ ਨਾਗਰਿਕਾਂ ਲਈ ਦੂਤਘਰ ਦੇ ਟੈਲੀਗ੍ਰਾਮ ਚੈਨਲ ਜਾਂ ਐਮਰਜੈਂਸੀ ਨੰਬਰ ‘ਤੇ ਸੰਪਰਕ ਕਰਨ ਲਈ ਕਿਹਾ ਗਿਆ ਹੈ।



# ਵਿਆਹ ਦਾ ਪ੍ਰਸਤਾਵ ਠੁਕਰਾਉਣ ’ਤੇ 2 ਭੈਣਾਂ ’ਤੇ ਗੋਲੀਬਾਰੀ




**ਚੰਡੀਗੜ੍ਹ:** ਹਰਿਆਣਾ ਦੇ ਜੀਂਦ ਜ਼ਿਲ੍ਹੇ ‘ਚ ਇਕ ਵਿਅਕਤੀ ਨੇ 2 ਭੈਣਾਂ ‘ਤੇ ਉਸ ਸਮੇਂ ਗੋਲੀਬਾਰੀ ਕੀਤੀ, ਜਦੋਂ ਉਨ੍ਹਾਂ ਦੇ ਮਾਪਿਆਂ ਨੇ ਕਥਿਤ ਤੌਰ ‘ਤੇ ਦੋਸ਼ੀ ਦਾ ਉਨ੍ਹਾਂ ‘ਚੋਂ ਇਕ ਨਾਲ ਵਿਆਹ ਕਰਵਾਉਣ ਦਾ ਪ੍ਰਸਤਾਵ ਠੁਕਰਾ ਦਿੱਤਾ। ਪੁਲਿਸ ਨੇ ਕਿਹਾ ਕਿ ਸ਼ੀਨੂ (25) ਅਤੇ ਰਿਤੂ (23) ਘਰ ਵਾਪਸ ਆ ਰਹੀਆਂ ਸਨ, ਜਦੋਂ ਦੋਸ਼ੀ ਸੁਨੀਲ ਨੇ ਬੀਤੀ ਸ਼ਾਮ ਪਿੱਲੂ ਖੇੜਾ ਪਿੰਡ ਵਿਖੇ ਇਕ ਰੇਲਵੇ ਬੈਰੀਅਰ ਦੇ ਨੇੜੇ ਉਨ੍ਹਾਂ ‘ਤੇ ਗੋਲੀਬਾਰੀ ਕੀਤੀ। ਦੋਵਾਂ ਭੈਣਾ ਨੂੰ ਸਿਵਲ ਹਸਪਤਾਲ ਲਿਜਾਇਆ ਗਿਆ, ਜਿਥੋਂ ਉਨ੍ਹਾਂ ਨੂੰ ਪੀ. ਜੀ. ਆਈ. ਐਮ.ਐਸ., ਰੋਹਤਕ ਰੈਫਰ ਕਰ ਦਿੱਤਾ ਗਿਆ। ਡੀ.ਐਸ.ਪੀ. (ਸਫੀਦੋਂ) ਗੌਰਵ ਸ਼ਰਮਾ ਨੇ ਕਿਹਾ ਕਿ ਸੁਨੀਲ ਫ਼ਰਾਰ ਹੈ ਤੇ ਉਸਦੇ ਵਿਰੁੱਧ ਭਾਰਤੀ ਨਿਆ ਸੰਹਿਤਾ (ਬੀ.ਐਨ.ਐਸ.) ਦੀਆਂ ਸੰਬੰਧਿਤ ਧਾਰਾਵਾਂ ਤਹਿਤ ਮਾਮਲਾ ਦਰਜ ਕੀਤਾ ਗਿਆ ਹੈ। ਸੁਨੀਲ ਰਿਤੂ ਨਾਲ ਵਿਆਹ ਕਰਵਾਉਣਾ ਚਾਹੁੰਦਾ ਸੀ ਪਰ ਪਰਿਵਾਰਕ ਮੈਂਬਰ ਇਸ ਦੇ ਵਿਰੁੱਧ ਸਨ । ਅਧਿਕਾਰੀ ਨੇ ਕਿਹਾ ਕਿ ਇਨਕਾਰ ਕਰਨ ਤੋਂ ਗੁੱਸੇ ‘ਚ ਆ ਕੇ ਉਸ ਨੇ ਦੋਵੇਂ ਭੈਣਾਂ ‘ਤੇ ਗੋਲੀਆਂ ਚਲਾ ਦਿੱਤੀ।

# ਹਨੀਮੂਨ ਹੱਤਿਆ ਦੇ ਦੋਸ਼ੀਆਂ ਨੂੰ 13 ਦਿਨਾਂ ਲਈ ਜੇਲ੍ਹ ਭੇਜਿਆ



**ਸ਼ਿਲਾਂਗ:** ਇਥੋਂ ਦੀ ਇਕ ਸਥਾਨਕ ਅਦਾਲਤ ਨੇ ਇੰਦੌਰ ਦੇ ਕਾਰੋਬਾਰੀ ਰਾਜਾ ਰਘੂਵੰਸ਼ੀ ਦੀ ਹੱਤਿਆ ਦੇ ਮਾਮਲੇ ‘ਚ ਸੋਨਮ ਰਘੂਵੰਸ਼ੀ ਤੇ ਉਸ ਦੇ ਕਥਿਤ ਪ੍ਰੇਮੀ ਰਾਜ ਨੂੰ 13 ਦਿਨਾਂ ਦੀ ਨਿਆਂਇਕ ਹਿਰਾਸਤ ‘ਚ ਭੇਜ ਦਿੱਤਾ ਹੈ। ਅਧਿਕਾਰੀਆਂ ਨੇ ਕਿਹਾ ਕਿ ਦੋਵਾਂ ਮੁੱਖ ਮੁਲਜ਼ਮਾਂ ਦੀ ਪੁਲਿਸ ਹਿਰਾਸਤ ਸਨਿਚਰਵਾਰ ਨੂੰ ਖ਼ਤਮ ਹੋ ਗਈ ਅਤੇ ਮਾਮਲੇ ਦੀ ਜਾਂਚ ਕਰ ਰਹੀ ਵਿਸ਼ੇਸ਼ ਜਾਂਚ ਟੀਮ ਨੇ ਰਿਮਾਂਡ ਦੀ ਮੰਗ ਨਹੀਂ ਕੀਤੀ। ਜ਼ਿਕਰਯੋਗ ਹੈ ਕਿ ਰਘੂਵੰਸ਼ੀ ਤੇ ਉਸ ਦੀ ਪਤਨੀ 23 ਮਈ ਨੂੰ ਮੇਘਾਲਿਆ ‘ਚ ਹਨੀਮੂਨ ਮਨਾਉਂਦੇ ਸਮੇਂ ਲਾਪਤਾ ਹੋ ਗਏ ਸਨ ਅਤੇ ਰਾਜ ਦੀ ਲਾਸ਼ 2 ਜੂਨ ਨੂੰ ਇਕ ਖੱਡ ‘ਚੋਂ ਮਿਲੀ ਸੀ। ਇਸ ਮਾਮਲੇ ‘ਚ ਰਘੂਵੰਸ਼ੀ ਦੀ ਪਤਨੀ ਸੋਨਮ ‘ਤੇ ਉਸ ਦੇ ਪ੍ਰੇਮੀ ਰਾਜ ਤੇ ਹੱਤਿਆ ‘ਚ ਸ਼ਾਮਿਲ ਹੋਰਨਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ।

# ਪਤਨੀ ਦਾ ਵਿਆਹ ‘ਪ੍ਰੇਮੀ’ ਨਾਲ ਕਰਵਾਇਆ

**ਗੋਂਡਾ (ਉਤਰ ਪ੍ਰਦੇਸ਼):** ਉੱਤਰ ਪ੍ਰਦੇਸ਼ ਦੇ ਗੋਂਡਾ ਜ਼ਿਲ੍ਹੇ ਵਿੱਚ ਵਿਅਕਤੀ ਨੇ ਆਪਣੀ ਪਤਨੀ ਦਾ ਵਿਆਹ ਸਥਾਨਕ ਮੰਦਰ ‘ਚ ਕਿਸੇ ਹੋਰ ਨਾਲ ਕਰਵਾ ਦਿੱਤਾ। ਸਥਾਨਕ ਲੋਕਾਂ ਅਨੁਸਾਰ ਹਰੀਸ਼ਚੰਦਰ (42) ਨੇ ਆਪਣੀ ਪਤਨੀ ਕਰਿਸ਼ਮਾ (36) ਨੂੰ ਸ਼ਿਵਰਾਜ ਚੌਹਾਨ ਨਾਲ ਭਜ ਲਿਆ ਸੀ। ਇਸ ਮਗਰੋਂ ਭਾਈਚਾਰਕ ਮੀਟਿੰਗ ਹੋਈ ਪਰ ਕੋਈ ਹੱਲ ਨਾ ਨਿਕਲਿਆ। ਵੀਰਵਾਰ ਸ਼ਾਮ ਨੂੰ ਹਰੀਸ਼ਚੰਦਰ, ਕਰਿਸ਼ਮਾ ਨੂੰ ਮੰਦਰ ਲੈ ਗਿਆ ਅਤੇ ਉਸ ਦੇ ਵਾਲਾਂ ਤੋਂ ਸਿੰਧੂਰ ਸਾਫ਼ ਕਰਕੇ ਪੁਜਾਰੀ ਦੀ ਮੌਜੂਦਗੀ ਵਿੱਚ ਜੈਮਾਲਾ ਪਵਾ ਕੇ ਸ਼ਿਵਰਾਜ ਨਾਲ ਉਸ ਦਾ ਵਿਆਹ ਕਰਵਾ ਦਿੱਤਾ। ਕਰਿਸ਼ਮਾ ਨੇ ਕਿਹਾ ਕਿ ਇਹ ਸਭ ਉਸ ਨਾਲ ਜ਼ਬਰਦਸਤੀ ਕੀਤਾ ਗਿਆ। ਕਰਿਸ਼ਮਾ ਨੇ ਕਿਹਾ ਕਿ ਉਸ ਦਾ ਆਪਣੇ ਪਤੀ ਨਾਲ ਝਗੜਾ ਸੀ ਪਰ ਉਸ ਦਾ ਸ਼ਿਵਰਾਜ ਨਾਲ ਕੋਈ ਪ੍ਰੇਮ ਸਬੰਧ ਨਹੀਂ ਹੈ। ਜਾਣਕਾਰੀ ਅਨੁਸਾਰ ਹਰੀਸ਼ਚੰਦਰ ਤੇ ਕਰਿਸ਼ਮਾ ਦੇ ਵਿਆਹ ਨੂੰ 15 ਸਾਲ ਹੋ ਗਏ ਸਨ ਅਤੇ ਉਨ੍ਹਾਂ ਦੇ ਦੋ ਬੱਚੇ ਵੀ ਸਨ।



# ਈਡੀ ਦੇ ਸੰਮਨ ’ਤੇ ਮੁੜ ਪੇਸ਼ ਨਹੀਂ ਹੋਏ ਵਾਡਰਾ

**ਨਵੀਂ ਦਿੱਲੀ:** ਕਾਂਗਰਸੀ ਸੰਸਦ ਮੈਂਬਰ ਪ੍ਰਿਯੰਕਾ ਗਾਂਧੀ ਵਾਡਰਾ ਦੇ ਕਾਰੋਬਾਰੀ ਪਤੀ ਰੌਬਰਟ ਵਾਡਰਾ ਬ੍ਰਿਟੇਨ ਦੇ ਹਥਿਆਰ ਡੀਲਰ ਸੰਜੇ ਭੰਡਾਰੀ ਨਾਲ ਜੁੜੇ ਮਨੀ ਲਾਂਡਰਿੰਗ ਮਾਮਲੇ ਵਿਚ ਦੂਜੀ ਵਾਰੀ ਈਡੀ ਸਾਹਮਣੇ ਪੇਸ਼ ਨਹੀਂ ਹੋਏ। ਵਾਡਰਾ ਦੀ ਵਕੀਲ ਸੁਮਨ ਜੋਤੀ ਖੇਤਾਨ ਨੇ ਕਿਹਾ ਕਿ ਉਨ੍ਹਾਂ ਦੇ ਮੁੱਵਕਿਲ ਆਪਣੀ ਧੀ ਦੇ ਗ੍ਰੈਜੂਏਸ਼ਨ ਸਮਾਰੋਹ ਵਿਚ ਸ਼ਾਮਲ ਹੋਣ ਲਈ ਅਦਾਲਤ ਦੀ ਪਹਿਲਾਂ ਦਿੱਤੀ ਇਜਾਜ਼ਤ ਨਾਲ ਵਿਦੇਸ਼ ਯਾਤਰਾ ਕਰ ਰਹੇ ਹਨ। 10 ਜੂਨ ਨੂੰ ਈਡੀ ਸਾਹਮਣੇ ਹਾਜ਼ਰ ਨਾ ਹੋਣ ਤੋਂ ਬਾਅਦ ਉਨ੍ਹਾਂ ਨੂੰ ਮੰਗਲਵਾਰ (17 ਜੂਨ) ਨੂੰ ਪੇਸ਼ ਹੋਣ ਲਈ ਕਿਹਾ ਗਿਆ ਸੀ। ਹੁਣ ਈਡੀ ਵਾਡਰਾ ਦੇ ਜਵਾਬ ਦੀ ਜਾਂਚ ਕਰਨ ਤੋਂ ਬਾਅਦ ਉਨ੍ਹਾਂ ਨੂੰ ਨਵੀਂ ਤਰੀਕ ਜਾਰੀ ਕਰ ਸਕਦੀ ਹੈ।



# ਨਾਇਜੀਰੀਆ ਦੇ ਰੈਸਟੋਰੈਂਟ ’ਤੇ ਫਿਦਾਈਨ ਹਮਲੇ ’ਚ 10 ਹਲਾਕ

**ਅਬੂਜਾ:** ਨਾਇਜੀਰੀਆ ਦੇ ਉੱਤਰੀ ਸੂਬੇ ਬੋਰਨੋ ਦੇ ਰੈਸਟੋਰੈਂਟ ‘ਚ ਕੀਤੇ ਆਤਮਘਾਤੀ ਹਮਲੇ ‘ਚ ਘੱਟੋ-ਘੱਟ 10 ਵਿਅਕਤੀ ਹਲਾਕ ਹੋ ਗਏ ਜਦਕਿ ਤੇ ਕਈ ਜ਼ਖ਼ਮੀ ਹੋਏ ਹਨ। ਪੁਲੀਸ ਦੇ ਤਰਜਮਾਨ ਨੇ ਕਿਹਾ ਕਿ ਇਹ ਧਮਾਕਾ ਸ਼ੁੱਕਰਵਾਰ ਦੇਰ ਰਾਤ ਕੋਂਡੁਗਾ ਇਲਾਕੇ ‘ਚ ਹੋਇਆ। ਹਾਲੇ ਤੱਕ ਕਿਸੇ ਵੀ ਨੇ ਇਸ ਹਮਲੇ ਦੀ ਜ਼ਿੰਮੇਵਾਰੀ ਨਹੀਂ ਲਈ ਹੈ ਪਰ ਨਾਇਜੀਰੀਆ ਦਾ ਉੱਤਰ-ਪੂਰਬੀ ਇਲਾਕਾ ਬੋਕੋ ਹਰਮ ਤੇ ਉਸ ਤੋਂ ਵੱਖ ਹੋਏ ਇਸਲਾਮਕ ਸਟੇਟ ਵੈਸਟ ਅਫਰੀਕਾ ਪ੍ਰੋਵਿੰਸ ਦੇ ਇਸਲਾਮੀ ਦਹਿਸ਼ਤਗਰਦਾਂ ਦੇ ਹਮਲਿਆਂ ਦੀ ਮਾਰ ਹੇਠ ਹੈ। ਨਾਇਜੀਰੀਆ ਦੇ ਸਥਾਨਕ ਜੇਹਾਦੀ ਗੁੱਟ ਬੋਕੋ ਹਰਮ ਨੇ ਪੱਛਮੀ ਸਿੱਖਿਆ ਦੇ ਵਿਰੋਧ ਅਤੇ ਇਸਲਾਮੀ ਕਾਨੂੰਨ ਦਾ ਆਪਣਾ ਕੱਟੜ ਰੂਪ ਲਾਗੂ ਕਰਨ ਲਈ 2009 ‘ਚ ਹਥਿਆਰ ਚੁੱਕ ਲਏ ਸਨ। ਇਹ ਸੰਘਰਸ਼ ਨਾਇਜੀਰੀਆ ਦੇ ਉੱਤਰ ਵੱਲ ਨਾਲ ਲੱਗੇ ਇਲਾਕਿਆਂ ‘ਚ ਵੀ ਫੈਲ ਗਿਆ ਹੈ।



# ਉਮਰ ਅਬਦੁੱਲਾ ਦੇ ਪਾਣੀ ਬਾਰੇ ਬਿਆਨ ’ਤੇ ਪੰਜਾਬ ਭਾਜਪਾ ਨੂੰ ਇਤਰਾਜ਼



**ਚੰਡੀਗੜ੍ਹ:** ਭਾਰਤੀ ਜਨਤਾ ਪਾਰਟੀ (ਭਾਜਪਾ) ਪੰਜਾਬ ਦੇ ਸੂਬਾ ਮੀਡੀਆ ਮੁਖੀ ਵਿਨੀਤ ਜੋਸ਼ੀ ਨੇ ਕਿਹਾ ਕਿ ਜੰਮੂ-ਕਸ਼ਮੀਰ ਦੇ ਮੁੱਖ ਮੰਤਰੀ ਉਮਰ ਅਬਦੁੱਲਾ ਦਾ ਹਾਲੀਆ ਬਿਆਨ, ਜਿਸ ਵਿਚ ਪਾਕਿਸਤਾਨ ਨਾਲ ਸਿੰਧੂ ਪਾਣੀ ਸੰਧੀ ਦੀ ਸਮਾਪਤੀ ਤੋਂ ਬਾਅਦ ਵਾਧੂ ਪਾਣੀ ਨੂੰ ਪੰਜਾਬ, ਰਾਜਸਥਾਨ ਅਤੇ ਹਰਿਆਣਾ ਵਰਗੇ ਉੱਤਰੀ ਰਾਜਾਂ ਵੱਲ ਮੋੜਨ ਨੂੰ ਲੈ ਕੇ ਕੇਂਦਰ ਸਰਕਾਰ ਦੇ ਪ੍ਰਸਤਾਵ ਦਾ ਵਿਰੋਧ ਕੀਤਾ ਗਿਆ ਹੈ, ਜੋ ਕਿ ਬੇਹੱਦ ਸੰਵੇਦਨਹੀਣ ਹੈ। ਉਨ੍ਹਾਂ ਕਿਹਾ ਕਿ ਇਹ ਪੰਜਾਬ ਦਾ ਅਪਮਾਨ ਹੈ, ਜਿਸ ਨੇ ਭਾਰਤ ਦੀ ਖਾਦ ਸੁਰੱਖਿਆ ਸੁਨਿਸ਼ਚਿਤ ਕਰਨ ਵਿਚ ਨਿਸ਼ਕਾਮ ਭਾਵ ਨਾਲ ਮਹੱਤਵਪੂਰਨ ਭੂਮਿਕਾ ਨਿਭਾਈ ਹੈ, ਖ਼ਾਸ ਕਰਕੇ ਕਣਕ ਅਤੇ ਚਾਵਲ ਦੇ ਉਤਪਾਦਨ ਵਿਚ ਆਪਣੇ ਬੇਮਿਸਾਲ ਯੋਗਦਾਨ ਨਾਲ।

# ਨੇਪਾਲ ਵਿਚ ਸੜਕ ਹਾਦਸੇ ’ਚ ਸੱਤ ਹਲਾਕ, 25 ਜ਼ਖ਼ਮੀ

**ਕਾਠਮੰਡੂ:** ਨੇਪਾਲ ਦੇ ਬਾਗਮਤੀ ਵਿੱਚ ਅੱਜ ਇਲੈਕਟ੍ਰਿਕ ਵਾਹਨ ਨਾਲ ਬੱਸ ਟਕਰਾਉਣ ਕਾਰਨ ਘੱਟੋ-ਘੱਟ ਸੱਤ ਵਿਅਕਤੀਆਂ ਦੀ ਮੌਤ ਹੋ ਗਈ, ਜਦਕਿ 25 ਹੋਰ ਜ਼ਖ਼ਮੀ ਹੋ ਗਏ। ਪੁਲੀਸ ਨੇ ਦੱਸਿਆ ਕਿ ਧਨਗੜ੍ਹੀ ਤੋਂ ਕਾਕਰਭਿੱਟਾ ਜਾ ਰਹੀ ਬੱਸ ਸਵੇਰੇ 10:15 ਵਜੇ ਦੇ ਕਰੀਬ ਚਿਤਵਨ ਜ਼ਿਲ੍ਹੇ ਵਿੱਚ ਪੂਰਬੀ-ਪੱਛਮੀ ਹਾਈਵੇਅ ‘ਤੇ ਇਲੈਕਟ੍ਰਿਕ ਵਾਹਨ ਨਾਲ ਟਕਰਾਅ ਗਈ। ਪੁਲੀਸ ਨੇ ਦੱਸਿਆ ਕਿ ਜ਼ਖ਼ਮੀਆਂ ਨੂੰ ਇਲਾਜ ਲਈ ਵੱਖ-ਵੱਖ ਹਸਪਤਾਲਾਂ ‘ਚ ਦਾਖਲ ਕਰਵਾਇਆ ਗਿਆ, ਜਿੱਥੇ ਕੁਝ ਦੀ ਹਾਲਤ ਗੰਭੀਰ ਦੱਸੀ ਜਾ ਰਹੀ। ਹਾਦਸੇ ਮਗਰੋਂ ਨੁਕਸਾਨੇ ਦੋਵਾਂ ਵਾਹਨਾਂ ਕਾਰਨ ਹਾਈਵੇਅ ‘ਤੇ ਆਵਾਜਾਈ ‘ਚ ਰੁਕਾਵਟ ਆਈ। ਪੁਲੀਸ ਇਨ੍ਹਾਂ ਨੂੰ ਹਟਾ ਕੇ ਆਵਾਜਾਈ ਮੁੜ ਸੁਚਾਰੂ ਢੰਗ ਨਾਲ ਚਲਾਉਣ ਦੀ ਕੋਸ਼ਿਸ਼ ਕਰ ਰਹੀ ਹੈ। ਚਿਤਵਨ ਪੁਲੀਸ ਦੇ ਤਰਜਮਾਨਰਬਿੰਦਰ ਖਨਾਲ ਨੇ ਕਿਹਾ ਕਿ ਘਟਨਾ ਦੀ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ।

# ਸਭ ਤੋਂ ਵੱਧ ਆਈ.ਕਿਊ. ਵਾਲੇ ਲੋਕਾਂ ’ਚੋਂ ਕੇਰਲ ਪਹਿਲੇ ਅਤੇ ਪੰਜਾਬ 7ਵੇਂ ਸਥਾਨ ’ਤੇ

**ਨਵੀਂ ਦਿੱਲੀ:** ਜਦੋਂ ਇੰਟੈਲੀਜੈਂਸ ਦੀ ਗੱਲ ਕੀਤੀ ਜਾਵੇ ਤਾਂ ਇਹ ਸਿਰਫ਼ ਟੈਸਟਾਂ ‘ਚ ਚੰਗੇ ਅੰਕ ਪ੍ਰਾਪਤ ਕਰਨ ਜਾਂ ਪ੍ਰੀਖਿਆਵਾਂ ਪਾਸ ਕਰਨ ਬਾਰੇ ਨਹੀਂ ਹੈ। ਇਹ ਆਲੋਚਨਾਤਮਕ ਸੋਚ, ਸਮੱਸਿਆਵਾਂ ਹੱਲ ਕਰਨ, ਰਚਨਾਤਮਕਤਾ, ਅਨੁਕੂਲ ਹੋਣ ਤੇ ਸਿੱਖਣ ਦੀ ਯੋਗਤਾ ਬਾਰੇ ਵੀ ਹੈ, ਜਦੋਂਕਿ ਆਈ.ਕਿਊ. (ਇੰਟੈਲੀਜੈਂਸ ਕੋਸ਼ੈਂਟ) ਨੂੰ ਮਾਪਣ ਨਾਲ ਬੋਧਾਤਮਕ ਯੋਗਤਾਵਾਂ ਦੀ ਝਲਕ ਮਿਲਦੀ ਹੈ। ਐਸ.ਜੇ.ਵੀ.ਪੀ.ਐਮ. ਸਿੱਖਿਆ ਪੋਰਟਲ ਨੇ ਭਾਰਤ ਦੇ ਉਨ੍ਹਾਂ ਸੂਬਿਆਂ ਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਦੀ ਜਾਣਕਾਰੀ ਨੂੰ ਸਾਂਝਾ ਕੀਤਾ, ਜੋ ਵਰਤਮਾਨ ‘ਚ ਸਭ ਤੋਂ ਵੱਧ ਔਸਤ ਆਈ.ਕਿਊ. ਪੱਧਰਾਂ ਨਾਲ ਮੋਹਰੀ ਹਨ। ਇਸਦੇ ਅਨੁਸਾਰ ਸਭ ਤੋਂ ਵੱਧ ਆਈ.ਕਿਊ. ਵਾਲਾ ਸੂਬਾ ਕੇਰਲ ਹੈ। ਜਿਥੋਂ ਦੇ ਵਸਨੀਕਾਂ ਦੀ ਔਸਤ ਆਈ.ਕਿਊ.110-112 ਹੈ। ਇਸ ਦੀ ਸਾਖਰਤਾ ਦਰ ਵੀ ਸਭ ਤੋਂ ਵੱਧ ਹੈ। ਹਰ ਕੋਨੇ ‘ਚ ਲਾਇਬ੍ਰੇਰੀਆਂ, ਮਜ਼ਬੂਤ ਜ਼ਮੀਨੀ ਪੱਧਰ ਦੀਆਂ ਪਹਿਲਕਦਮੀਆਂ ਅਤੇ ਬਚਪਨ ਦੀ ਸਿੱਖਿਆ ਨੇ ਕੇਰਲ ਦੀ ਬੌਧਿਕ ਤਰੱਕੀ ‘ਚ ਯੋਗਦਾਨ ਪਾਇਆ ਹੈ। ਕੇਰਲ ਤੋਂ ਬਾਅਦ ਦਿੱਲੀ ਦਾ ਸਥਾਨ ਆਉਂਦਾ ਹੈ। ਦਿੱਲੀ ‘ਚ ਲੋਕਾਂ ਦਾ ਔਸਤ ਆਈ.ਕਿਊ. ਪੱਧਰ 106-109 ਦੇ ਵਿਚਕਾਰ ਹੈ। ਤਾਮਿਲਨਾਡੂ ਤੀਜੇ ਸਥਾਨ ‘ਤੇ ਹੈ। ਮਹਾਰਾਸ਼ਟਰ ਚੌਥੇ ਸਥਾਨ ‘ਤੇ ਹੈ ਅਤੇ ਕਰਨਾਟਕ ਪੰਜਵੇਂ ਸਥਾਨ ‘ਤੇ ਹੈ। ਇਸ ਤੋਂ ਬਾਅਦ ਉੱਤਰ ਪ੍ਰਦੇਸ਼ ਹੈ, ਜਿਥੇ ਲੋਕਾਂ ਦਾ ਔਸਤ ਆਈ.ਕਿਊ. 99 ਹੈ। ਪੰਜਾਬ 7ਵੇਂ - ਸਥਾਨ ‘ਤੇ ਹੈ ਅਤੇ ਫਿਰ ਚੰਡੀਗੜ੍ਹ,8ਵੇਂ ਗੁਜਰਾਤ 9ਵੇਂ ਸਥਾਨ ‘ਤੇ ਹੈ, ਜਦੋਂ ਕਿ । ਬਿਹਾਰ, 96 ਦੇ ਔਸਤ ਆਈ.ਕਿਊ. ਨਾਲ, ਦਸਵੇਂ ਸਥਾਨ ‘ਤੇ ਹੈ।



# ਯੋਗ ਵਿਸ਼ਵ ਨੂੰ ਸ਼ਾਂਤੀ, ਸਿਹਤ ਅਤੇ ਏਕਤਾ ਵਲ ਲੈ ਜਾਵੇਗਾ: ਮੋਦੀ

**ਵਿਸ਼ਾਖਾਪਟਨਮ:** ਦੁਨੀਆ 'ਚ ਇਸ ਸਮੇਂ ਕਈ ਦੇਸ਼ਾਂ ਵਿਚਾਲੇ ਸੰਘਰਸ਼ ਚੱਲ ਰਿਹਾ ਹੈ। ਰੂਸ-ਯੂਕਰੇਨ ਹੋਵੇ ਜਾਂ ਇਜ਼ਰਾਈ-ਫਲਸਤੀਨ ਤੇ ਹੁਣ ਈਰਾਨ। ਗੜਬੜੀ ਤੇ ਅਸਥਿਰਤਾ ਦਾ ਦੌਰ ਨਜ਼ਰ ਆ ਰਿਹਾ ਹੈ। ਅਜਿਹੇ ਸਮੇਂ 'ਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਆਂਧਰ ਪ੍ਰਦੇਸ਼ ਦੇ ਵਿਸ਼ਾਖਾਪਟਨਮ 'ਚ ਸਮੁੰਦਰ ਤੱਟ ਤੋਂ ਯੋਗ ਜ਼ਰੀਏ ਸ਼ਾਂਤੀ ਦੇ ਰਸਤੇ 'ਤੇ ਚੱਲਣ ਦੀ ਅਪੀਲ ਕੀਤੀ ਹੈ। ਸ਼ਨਿਚਰਵਾਰ ਨੂੰ ਵਿਸ਼ਵ ਯੋਗ ਦਿਵਸ 'ਤੇ ਆਰ.ਕੇ ਬੀਚ ਤੋਂ ਭੋਗਪੁਰਮ ਦੇ ਬੀਚ ਤੱਕ 26 ਕਿਲੋਮੀਟਰ ਦੇ ਕਾਰੀਡੋਰ 'ਤੇ ਤਿੰਨ ਲੱਖ ਲੋਕਾਂ ਦੀ ਮੌਜੂਦਗੀ 'ਚ ਪੀਐੱਮ ਮੋਦੀ ਨੇ ਯੋਗ ਕੀਤਾ। ਇਸ ਦੌਰਾਨ ਉਨ੍ਹਾਂ ਨੇ ਯੋਗ ਨੂੰ ਜਨ ਅੰਦੋਰਨ ਬਣਾਉਣ ਦਾ ਸੱਦਾ ਦਿੱਤਾ ਜਿਹੜਾ ਦੁਨੀਆ ਨੂੰ ਸ਼ਾਂਤੀ, ਸਿਹਤ ਤੇ ਏਕਤਾ ਵੱਲ ਲੈ ਜਾਏ।

ਪੀ.ਐੱਮ. ਨੇ ਆਪਣੇ ਸੰਬੋਧਨ 'ਚ ਕਿਹਾ ਕਿ ਬਦਕਿਸਮਤੀ ਨਾਲ ਅੱਜ ਪੂਰੀ ਦੁਨੀਆ ਕਿਸੇ ਨਾ ਕਿਸੇ ਤਣਾਅ ਤੋਂ ਲੰਘ ਰਹੀ ਹੈ। ਕਿੰਨੇ ਹੀ ਇਲਾਕਿਆਂ 'ਚ ਗੜਬੜੀ ਤੇ ਅਸਥਿਰਤਾ ਵੱਧ ਰਹੀ ਹੈ। ਅਜਿਹੇ 'ਚ ਯੋਗ ਨਾਲ ਸਾਨੂੰ ਸ਼ਾਂਤੀ ਦੀ ਦਿਸ਼ਾ ਮਿਲਦੀ ਹੈ। ਯੋਗ ਇਕ ਅਜਿਹਾ ਪਾਜ਼ ਬਟਨ ਹੈ, ਜਿਸਦੀ ਜ਼ਰੂਰਤ ਮਨੁੱਖਤਾ ਨੂੰ ਹੈ। ਉਨ੍ਹਾਂ ਨੇ ਇਸ ਯੋਗ ਦਿਵਸ ਨੂੰ ਮਨੁੱਖਤਾ ਲਈ ਯੋਗ 2.0 ਵਾਂਗ ਮਨਾਉਣ ਦੀ ਅਪੀਲ ਕੀਤੀ, ਤਾਂ ਜੋ ਇਹ ਦੇਸ਼ ਹਰ ਸਮਾਜ ਯੋਗ ਨੂੰ ਜੀਵਨਸ਼ੈਲੀ ਤੇ ਲੋਕ ਨੀਤੀ ਦਾ ਹਿੱਸਾ ਬਣਾਏ। ਯੋਗ ਦੁਨੀਆ ਨੂੰ ਤਕਰਾਰ ਤੋਂ ਸਹਿਯੋਗ ਤੇ ਤਣਾਅ ਤੋਂ ਹੱਲ ਵੱਲ ਲੈ ਜਾਏ। ਮੋਦੀ ਨੇ ਕਿਹਾ ਕਿ ਯੋਗ ਦਾ ਅਰਥ ਹੈ ਜੁੜਨਾ। ਇਹ ਦੇਖਣਾ ਸੁੱਖਦਾਈ ਹੈ ਕਿ ਕਿਵੇਂ ਯੋਗ ਨੇ ਇਕ ਦਹਾਕੇ 'ਚ ਪੂਰੀ ਦੁਨੀਆ ਨੂੰ ਜੋੜਿਆ ਹੋਇਆ ਹੈ। ਸਾਲ 2014 'ਚ ਸੰਯੁਕਤ ਰਾਸ਼ਟਰ 'ਚ ਭਾਰਤ ਨੇ ਪ੍ਰਸਤਾਵ ਰੱਖਿਆ ਸੀ ਕਿ 21 ਜੂਨ ਨੂੰ ਵਿਸ਼ਵ ਯੋਗ ਦਿਵਸ ਵਜੋਂ ਮਾਨਤਾ ਮਿਲੇ। ਤਾਂ ਹੀ ਘੱਟੋ-ਘੱਟ ਸਮੇਂ 'ਚ 175 ਦੇਸ਼ ਸਾਡੇ ਨਾਲ ਖੜ੍ਹੇ ਹੋਏ। ਅਜਿਹੀ ਇਕਜੁੱਟਤਾ, ਅਜਿਹਾ ਸਮਰਥਨ ਸਾਧਾਰਨ ਘਟਨਾ ਨਹੀਂ ਹੈ। ਇਹ ਮਨੁੱਖਤਾ ਦੇ ਭਲੇ ਲਈ ਸਾਰੇ ਦੇਸ਼ਾਂ ਦੀ ਸਮੂਹਿਕ ਕੋਸ਼ਿਸ਼ ਸੀ। ਅੱਜ 11 ਸਾਲ ਬਾਅਦ ਯੋਗ ਕਰੋੜਾਂ ਲੋਕਾਂ ਦੀ ਜੀਵਨਸ਼ੈਲੀ ਦਾ ਹਿੱਸਾ ਬਣ ਚੁੱਕਾ ਹੈ। ਮੈਨੂੰ ਮਾਣ ਹੁੰਦਾ ਹੈ ਜਦੋਂ ਮੈਂ ਦੇਖਦਾ ਹਾਂ ਕਿ ਸਾਡੇ ਦਿਵਿਆਂਗ ਸਾਥੀ ਬਰੇਲ ਲਿਪੀ 'ਚ ਯੋਗ ਸ਼ਾਸਤਰ ਪੜ੍ਹਦੇ ਹਨ। ਵਿਗਿਆਨੀ ਪੁਲਾੜ 'ਚ ਯੋਗ ਕਰਦੇ ਹਨ। ਪਿੰਡ-ਪਿੰਡ 'ਚ ਨੌਜਵਾਨ ਸਾਥੀ ਓਲੰਪੀਆਡ 'ਚ ਹਿੱਸਾ ਲੈਂਦੇ ਹਨ। ਭਾਵੇਂ ਓਪੇਰਾ ਹਾਊਸ ਦੀਆਂ ਪੌੜ੍ਹੀਆਂ ਹੋਣ ਜਾਂ ਐਵਰੈਸਟ ਦੀ ਚੋਟੀ, ਜਾਂ ਫਿਰ ਸਮੁੰਦਰ ਦਾ ਵਿਸਥਾਰ ਹੋਵੇ। ਹਰ ਥਾਂ ਤੋਂ ਇਕ ਹੀ ਸੰਦੇਸ਼ ਆਉਂਦਾ ਹੈ, ਯੋਗ ਸਾਰਿਆਂ ਦਾ ਹੈ ਤੇ ਸਾਰਿਆਂ ਲਈ ਹੈ। ਯੋਗ ਹੱਦਾਂ, ਪਿਛੋਕੜ, ਉਮਰ ਤੇ ਯੋਗਤਾ ਤੋਂ ਪਰੇ ਹੈ। ਉਨ੍ਹਾਂ ਨੇ ਆਂਧਰ ਪ੍ਰਦੇਸ਼ ਦੇ ਮੁੱਖ ਮੰਤਰੀ ਚੰਦਰਬਾਬੂ ਨਾਇਡ, ਉਪ ਮੁੱਖ ਮੰਤਰੀ ਪਵਨ ਕਲਿਆਣ ਤੇ ਆਈਟੀ ਮੰਤਰੀ ਨਾਰਾ ਲੋਕੇਸ਼ ਦੀ ਪ੍ਰਸੰਸਾ ਵੀ ਕੀਤੀ।






## ਮੁੜ ਮੋਟਾਪੇ ਵੱਲ ਦਿਵਾਇਆ ਧਿਆਨ

ਪੀ.ਐੱਮ. ਨੇ ਮੋਟਾਪੇ ਵੱਲ ਲੋਕਾਂ ਦਾ ਮੁੜ ਧਿਆਨ ਆਕਰਸ਼ਿਤ ਕੀਤਾ। ਕਿਹਾ ਕਿ ਮੋਟਾਪਾ ਪੂਰੀ ਦੁਨੀਆ ਲਈ ਚੁਣੌਤੀ ਹੈ। ਮਨ ਕੀ ਬਾਤ 'ਚ ਵੀ ਇਸ 'ਤੇ ਵਿਸਥਾਰ ਨਾਲ ਚਰਚਾ ਕੀਤੀ ਸੀ। ਇਸਦੇ ਲਈ ਆਪਣੇ ਖਾਣ-ਪੀਣ 'ਚ 10 ਫ਼ੀਸਦੀ ਤੇਲ ਘੱਟ ਕਰਨ ਦਾ ਸੱਦਾ ਦਿੱਤਾ ਸੀ। ਮੈਂ ਦੁਨੀਆ ਭਰ ਦੇ ਲੋਕਾਂ ਨੂੰ ਇਸ ਚੁਣੌਤੀ ਨਾਲ ਜੁੜੀ ਦੀ ਅਪੀਲ ਕਰਦਾ ਹਾਂ। ਸਾਰੇ ਲੋਕ ਖਾਣੇ 'ਚ 10 ਫ਼ੀਸਦੀ ਤੇਲ ਘੱਟ ਕਰਨ। ਇਹੀ ਬਿਹਤਰ ਫਿਟਨੈੱਟ ਦੀ ਜੜੀ ਬੂਟੀ ਹੈ।

## ਯੋਗ 'ਤੇ ਖੋਜ ਲਈ ਏਮਜ਼ ਦੀ ਸ਼ਲਾਘਾ

ਯੋਗ ਦੇ ਵਿਗਿਆਨ ਨੂੰ ਆਧੁਨਿਕ ਮੈਡੀਕਲ ਵਿਧੀ 'ਚ ਥਾਂ ਮਿਲੇ, ਇਹ ਸਾਡੀ ਕੋਸ਼ਿਸ਼ ਹੈ। ਦਿੱਲੀ ਸਥਿਤ ਏਮਜ਼ ਨੇ ਬਹੁਤ ਚੰਗਾ ਕੰਮ ਕਰ ਕੇ ਦਿਖਾਇਆ ਹੈ। ਏਮਜ਼ ਦੀ ਖੋਜ 'ਚ ਸਾਹਮਣੇ ਆਇਆ ਹੈ ਕਿ ਯੋਗ ਦਿਲ ਦੀਆਂ ਬਿਮਾਰੀਆਂ ਤੇ ਨਿਊਰੋ ਨਾਲ ਜੁੜੀਆਂ ਬਿਮਾਰੀਆਂ ਦੇ ਇਲਾਜ 'ਚ ਸਹਾਇਕ ਹੈ।ਇਹ ਔਰਤਾਂ ਦੀ ਸਿਹਤ ਨਾਲ ਜੁੜੀਆਂ ਸਮੱਸਿਆਵਾਂ ਨੂੰ ਵੀ ਦੂਰ ਕਰਨ 'ਚ ਕਾਰਗਰ ਹੈ। ਇਸਦੀ ਮਾਨਸਿਕ ਸਿਹਤ 'ਚ ਅਹਿਮ ਭੂਮਿਕਾ ਹੈ। ਨੈਸ਼ਨਲ ਹੈਲਥ ਮਿਸ਼ਨ ਦੇ ਜ਼ਰੀਏ ਵੀ ਯੋਗ ਤੇ ਵੈਲਨੈੱਸ ਦੇ ਮੰਤਰ ਨੂੰ ਅੱਗੇ ਵਧਾਇਆ ਜਾ ਰਿਹਾ ਹੈ।

# ਦੁਨੀਆ ਦਾ ਸਭ ਤੋਂ ਵੱਡਾ ਗੈਰ ਪ੍ਰਮਾਣੂ ਬੰਬ ਹੈ 'ਬੰਕਰ ਬਸਟਰ'




**ਨਵੀਂ ਦਿੱਲੀ:** ਜੀਬੀਯੂ-57 ਬੰਬ ਨੂੰ ਦੁਨੀਆ ਦਾ ਸਭ ਤੋਂ ਵੱਡਾ 'ਬੰਕਰ ਬਸਟਰ' ਬੰਬ ਕਿਹਾ ਜਾਂਦਾ ਹੈ। ਇਹ ਬੰਬ ਸਿਰਫ਼ ਅਮਰੀਕਾ ਕੋਲ ਹੀ ਹੈ। ਸਟੀਕ ਨਿਸ਼ਾਨਾ ਲਗਾਉਣ ਵਾਲਾ ਲਗਭਗ 13 ਹਜ਼ਾਰ 600 ਕਿੱਲੋਗ੍ਰਾਮ ਭਾਰ ਵਾਲਾ ਇਹ ਬੰਬ ਮਜ਼ਬੂਤ ਬੰਕਰਾਂ ਦੇ ਨਾਲ-ਨਾਲ ਸੁਰੰਗਾਂ ਨੂੰ ਤਹਿਸ-ਨਹਿਸ ਕਰਨ ਦੀ ਸਮਰੱਥਾ ਰੱਖਦਾ ਹੈ। 6 ਮੀਟਰ ਲੰਬਾ ਇਹ ਬੰਬ ਫਟਣ ਤੋਂ ਪਹਿਲਾਂ ਸਤ੍ਹਾ ਤੋਂ ਲਗਭਗ 61 ਮੀਟਰ ਹੇਠਾਂ ਪ੍ਰਵੇਸ਼ ਕਰਨ ਦੇ ਸਮਰੱਥ ਹੈ, ਜਿਸ ਰਾਹੀਂ ਇਕ ਤੋਂ ਬਾਅਦ ਇਕ ਕਈ ਬੰਬ ਸੁੱਟੇ ਜਾ ਸਕਦੇ ਹਨ, ਜਿਸ ਨਾਲ ਹਰੇਕ ਧਮਾਕੇ ਨਾਲ ਬੰਬ ਹੋਰ ਜ਼ਿਆਦਾ ਡੂੰਘਾਈ ਤੱਕ ਡ੍ਰਿਲ ਕਰ ਸਕਦਾ ਹੈ। ਇਸ ਨੂੰ ਬੋਇੰਗ ਕੰਪਨੀ ਨੇ ਬਣਾਇਆ ਹੈ ਅਤੇ ਇਸ ਦੀ ਵਰਤੋਂ ਕਦੇ ਵੀ ਯੁੱਧ 'ਚ ਨਹੀਂ ਕੀਤੀ ਗਈ ਹੈ। ਇਹ 'ਮੈਸਿਵ ਆਰਡਨੈੱਸ ਏਅਰ ਬਲਾਸਟ' (ਐਮ.ਓ.ਏ.ਬੀ.) ਨਾਲੋਂ ਵਧੇਰੇ ਸ਼ਕਤੀਸ਼ਾਲੀ ਬੰਬ ਹੈ। ਐਮ.ਓ.ਏ.ਬੀ. 9 ਹਜ਼ਾਰ 800 ਕਿੱਲੋਗ੍ਰਾਮ ਭਾਰ ਵਾਲਾ ਇਕ ਬੰਬ ਹੈ, ਜਿਸ ਨੂੰ 'ਮਦਰ ਆਫ਼ ਆਲ ਬਾਂਬਰਸ' ਦੇ ਨਾਂਅ ਨਾਲ ਜਾਣਿਆ ਜਾਂਦਾ ਹੈ। ਇਸ ਦੀ ਵਰਤੋਂ ਅਫ਼ਗਾਨਿਸਤਾਨ 'ਚ ਜੰਗ ਦੌਰਾਨ ਕੀਤੀ ਗਈ ਸੀ।

# ਤਾਪ ਘਰ ਲਹਿਰਾ ਮੁਹੱਬਤ ਤੇ ਰੋਪੜ ਦੇ 1-1 ਯੂਨਿਟ ਦਾ ਬਿਜਲੀ ਉਤਪਾਦਨ ਠੱਪ

**ਲਹਿਰਾ ਮੁਹੱਬਤ (ਬਠਿੰਡਾ):** ਹੁੰਮਸ ਭਰੀ ਗਰਮੀ ਤੇ ਝੋਨੇ ਦੀ ਲਵਾਈ ਕਾਰਨ ਸੂਬੇ ਭਰ ਵਿਚ ਬਿਜਲੀ ਦੀ ਮੰਗ ਸ਼ਾਮ ਨੂੰ 12475 ਮੈਗਾਵਾਟ ਸੀ, ਸਵੇਰੇ 9.45 ਵਜੇ ਸਰਕਾਰੀ ਖੇਤਰ ਦੇ ਗੁਰੂ ਹਰਿਗੋਬਿੰਦ ਤਾਪ ਬਿਜਲੀ ਘਰ ਲਹਿਰਾ ਮੁਹੱਬਤ ਦੇ 4 ਯੂਨਿਟਾਂ 'ਚੋਂ ਸਟੇਜ 2 ਦਾ 4 ਨੰਬਰ ਯੂਨਿਟ ਬੋਆਇਲਰ ਵਿਚ ਲੀਕੇਜ ਕਾਰਨ ਬਿਜਲੀ ਉਤਪਾਦਨ ਠੱਪ ਹੋ ਗਿਆ।

ਹੁਣ 3 ਯੂਨਿਟ 512 ਮੈਗਾਵਾਟ ਬਿਜਲੀ ਉਤਪਾਦਨ ਕਰ ਰਹੇ ਹਨ। ਦੂਜੇ ਪਾਸੇ ਗੁਰੂ ਗੋਬਿੰਦ ਸਿੰਘ ਸੁਪਰ ਤਾਪ ਬਿਜਲੀ ਘਰ ਰੋਪੜ ਦਾ ਇਕ ਯੂਨਿਟ ਤਕਨੀਕੀ ਖ਼ਰਾਬੀ ਕਾਰਨ ਬੰਦ ਪਿਆ ਹੈ, ਜਿਸ ਦੇ 3 ਯੂਨਿਟ 434 ਮੈਗਾਵਾਟ ਬਿਜਲੀ ਪੈਦਾ ਕਰ ਰਹੇ ਹਨ। ਇਸ ਤੋਂ ਇਲਾਵਾ ਗੁਰੂ ਅੰਗਦ ਦੇਵ ਤਾਪ ਘਰ ਗੋਇੰਦਵਾਲ ਦੇ 2 ਯੂਨਿਟਾਂ ਨੂੰ ਮਿਲਾ ਕੇ 1269 ਮੈਗਾਵਾਟ ਬਿਜਲੀ ਪੈਦਾ ਹੋ ਰਹੀ ਸੀ।

ਪਾਵਰਕਾਮ ਦੇ ਪਣ ਬਿਜਲੀ ਘਰਾਂ ਤੋਂ 866 ਮੈਗਾਵਾਟ, ਸੋਲਰ ਤੇ ਨਾਨ ਸੋਲਰ 53 ਮੈਗਾਵਾਟ ਤੇ ਨਿੱਜੀ ਖੇਤਰ ਦੇ ਤਾਪ ਘਰ ਰੋਪੜ ਤੇ ਰਾਜਪੁਰਾ ਦੇ 5 ਯੂਨਿਟਾਂ ਦਾ ਉਤਪਾਦਨ 2075 ਸੀ। ਅੱਜ ਦੀ ਮੰਗ ਨੂੰ ਪੂਰਾ ਕਰਨ ਲਈ ਪਾਵਰਕਾਮ ਨੂੰ 8518 ਮੈਗਾਵਾਟ ਬਿਜਲੀ ਬੈਂਕਿੰਗ ਪ੍ਰਣਾਲੀ ਤੇ ਬਾਹਰੀ ਸਰੋਤਾਂ ਤੋਂ ਪ੍ਰਾਪਤ ਕਰਕੇ ਪੂਰੀ ਕਰਨੀ ਪਈ।

ਜ਼ਿਕਰਯੋਗ ਹੈ ਕਿ ਪੰਜਾਬ ਦਾ ਆਪਣਾ ਬਿਜਲੀ ਉਤਪਾਦਨ 3974 ਹੀ ਸੀ।



# ਕੇਦਾਰਨਾਥ ਲਈ ਸਤੰਬਰ ਤੋਂ ਸ਼ੁਰੂ ਹੋਵੇਗੀ ਹੈਲੀ ਸੇਵਾ

**ਰੁਦਰਪ੍ਰਯਾਗ:** ਕੇਦਾਰਨਾਥ ਧਾਮ ਦੇ ਦਰਸ਼ਨ ਹੈਲੀ ਸੇਵਾ ਰਾਹੀਂ ਕਰਨ ਵਾਲੇ ਤੀਰਥਯਾਤਰੀਆਂ ਨੂੰ ਹੁਣ ਇਸ ਲਈ ਸਤੰਬਰ ਦਾ ਇੰਤਜ਼ਾਰ ਕਰਨਾ ਪਵੇਗਾ। ਧਾਮ ਲਈ ਦੂਜੇ ਪੜਾਏ ਦੀ ਹੈਲੀ ਸੇਵਾ ਹੁਣ ਸਤੰਬਰ ਤੋਂ ਸ਼ੁਰੂ ਹੋਵੇਗੀ। ਪਹਿਲੇ ਪੜਾਅ ਦੀ ਹੈਲੀ ਸੇਵਾ 22 ਜੂਨ ਤੱਕ ਸੰਚਾਲਤ ਕੀਤੀ ਜਾਣੀ ਸੀ ਪਰ ਕੇਦਾਰਨਾਥ ਥਾਮ ਲਈ ਉਡਾਣ ਭਰਨ ਵਾਲੀਆਂ ਸਾਰੀਆਂ ਅੱਠ ਕੰਪਨੀਆਂ ਦੋ ਦਿਨ ਪਹਿਲਾਂ ਹੀ ਮੁੜ ਗਈਆਂ ਹਨ। ਸ਼ਨਿੱਚਰਵਾਰ ਨੂੰ ਹੈਲੀ ਕੰਪਨੀਆਂ ਨੇ ਬਿਸਤਰਾ ਬੰਨ੍ਹਦਿਆਂ ਦਿੱਲੀ ਲਈ ਉਡਾਣ ਭਰੀ। ਹਾਲਾਂਕਿ ਕੇਦਾਰਨਾਥ ਧਾਮ ਲਈ 22 ਜੂਨ ਤੱਕ ਹੈਲੀ ਕੰਪਨੀਆਂ ਦੇ ਟਿਕਟ ਬੁੱਕ ਕੀਤੇ ਗਏ ਸੀ, ਪਰ ਪਿਛਲੇ ਸੱਤ ਦਿਨਾਂ ਵਿਚ ਇਕ ਵੀ ਉਡਾਣ ਨਾ ਹੋਣ ਕਾਰਨ ਸੱਤ ਹਜ਼ਾਰ ਤੋਂ ਵੱਧ ਟਿਕਟ ਕੈਂਸਲ ਕੀਤੇ ਗਏ। 15 ਜੂਨ ਨੂੰ ਗੌਰੀਕੁੰਡ ਖਰਕ ਦੇ ਕੋਲ ਸੇਵਾਵਾਂ 'ਤੇ ਪੂਰੀ ਤਰ੍ਹਾਂ ਰੋਕ ਲਗਾ ਦਿੱਤੀ ਸੀ। 17 ਜੂਨ ਤੋਂ ਹੈਲੀ ਸੇਵਾਵਾਂ ਸ਼ੁਰੂ ਕਰਨ ਦਾ ਐਲਾਨ ਤਾਂ ਕੀਤਾ ਗਿਆ, ਮੌਸਮ ਰੁਕਾਵਟ ਬਣ ਗਿਆ। ਅਗਲੇ ਤਿੰਨ ਦਿਨ ਕਿਸੇ ਵੀ ਕੰਪਨੀ ਦੀ ਹੈਲੀ ਸੇਵਾ ਉਡਾਣ ਨਹੀਂ ਭਰ ਸਕੀ। ਵਿਚਾਲੇ ਇਕ ਦਿਨ ਸਾਫ ਮੌਸਮ ਤੋਂ ਬਾਅਦ ਵੀ ਕੰਪਨੀਆਂ ਨੇ ਜੋਖਮ ਨਹੀਂ ਲਿਆ।




# ਏਅਰ ਇੰਡੀਆ ਦੇ ਯਾਤਰੀਆਂ ਵਲੋਂ ਹੰਗਾਮਾ

**ਪਟਨਾ:** ਏਅਰ ਇੰਡੀਆ ਐਕਸਪ੍ਰੈੱਸ ਦੀ ਬੈਂਗਲੁਰੂ ਅਤੇ ਚੇਨਈ ਦੀਆਂ ਦੋ ਉਡਾਣਾਂ ਦੇ ਯਾਤਰੀਆਂ ਦਾ ਸਮਾਨ ਸ਼ਨਿੱਚਰਵਾਰ ਨੂੰ ਪਟਨਾ ਏਅਰਪੋਰਟ 'ਤੇ ਨਾਲ ਨਹੀਂ ਆਇਆ। ਇਸ ਦੇ ਬਾਅਦ ਯਾਤਰੀਆਂ ਨੇ ਜ਼ਬਰਦਸਤ ਹੰਗਾਮਾ ਕੀਤਾ। ਸੀਆਈਐੱਸਐੱਫ ਦੇ ਜਵਾਨਾਂ ਨੇ ਕਿਸੇ ਵੀ ਤਰ੍ਹਾਂ ਯਾਤਰੀਆਂ ਨੂੰ ਸਮਝਾ ਕੇ ਹੰਗਾਮੇ ਨੂੰ ਸ਼ਾਂਤ ਕੀਤਾ। ਇਸ ਤੋਂ ਬਾਅਦ ਜਹਾਜ਼ ਕੰਪਨੀ ਦੇ ਅਧਿਕਾਰੀਆਂ ਨੇ ਯਾਤਰੀਆਂ ਤੋਂ ਮਾਫੀ ਮੰਗੀ ਤੇ ਭਰੋਸਾ ਦਿੱਤਾ ਕਿ ਉਨ੍ਹਾਂ ਦਾ ਸਮਾਨ ਘਰ ਪਹੁੰਚ ਜਾਵੇਗਾ। ਉਸੇ ਤਰ੍ਹਾਂ, ਹੰਗਾਮੇ ਦੇ ਕਾਰਨ ਜਿਨ੍ਹਾਂ ਯਾਤਰੀਆਂ ਦੀ ਕਨੈਕਟਿੰਗ ਉਡਾਣ ਛੁੱਟ ਗਈ ਹੈ, ਉਨ੍ਹਾਂ ਨੂੰ ਦੂਜੇ ਜਹਾਜ਼ ਰਾਹੀਂ ਮੰਜ਼ਲ ਤੱਕ ਭੇਜਿਆ ਜਾਵੇਗਾ। ਉੱਥੇ ਉਨ੍ਹਾਂ ਦੇ ਬੈਗ ਵੀ ਪਹੁੰਚਾਏ ਜਾਣਗੇ। ਅਧਿਕਾਰੀਆਂ ਨੇ ਯਾਤਰੀਆਂ ਨੂੰ ਬੈਗ ਨਾ ਆਉਣ ਦਾ ਕਾਰਨ 'ਟੋਲ ਪੈਨਲਟੀ' ਦੱਸਿਆ। ਇਸ ਦਾ ਮਤਲਬ ਹੈ ਕਿ ਹਵਾ ਦਾ ਦਬਾਅ ਜ਼ਿਆਦਾ ਹੋਣ ਦੇ ਕਾਰਨ ਜਹਾਜ਼ ਦੇ ਵਜ਼ਨ ਦੇ ਕਾਰਨ ਉਡਾਣ ਅਤੇ ਲੈਂਡਿੰਗ 'ਚ ਸਮੱਸਿਆ ਆ ਸਕਦੀ ਹੈ। ਇਹੀ ਸਬੱਬ ਸੀ ਕਿ ਬੈਗ (ਸ਼ਮਾਨ) ਛੱਡ ਦਿੱਤੇ ਗਏ ਸਨ। ਸ਼ਨਿੱਚਰਵਾਰ ਸਵੇਰੇ ਬੈਂਗਲੁਰੂ ਤੋਂ ਪਟਨਾ ਦੀ ਉਡਾਣ ਲੈਂਡ ਕਰ ਗਈ ਸੀ। ਇਸ ਦੇ ਬਾਅਦ ਚੇਨਈ ਦੀ ਉਡਾਣ ਪਟਨਾ ਪਹੁੰਚੀ। ਦੋਹਾਂ ਜਹਾਜ਼ਾਂ ਨਾਲ 180 ਯਾਤਰੀ ਪਟਨਾ ਏਅਰਪੋਰਟ ਉੱਤਰ ਗਏ ਸਨ। ਬੈਂਗਲੁਰੂ ਦੇ ਯਾਤਰੀਆਂ ਨੂੰ ਸਾਮਾਨ ਲਈ ਬੈਲਟ ਨੰਬਰ ਚਾਰ ਅਤੇ ਚੇਨਈ ਦੇ ਯਾਤਰੀਆਂ ਨੂੰ ਬੈਲਟ ਨੰਬਰ ਤਿੰਨ 'ਤੇ ਭੇਜਿਆ ਗਿਆ ਸੀ। ਜਹਾਜ਼ ਦੇ ਅੰਦਰ ਹੀ ਇਸ ਦਾ ਐਲਾਨ ਕੀਤਾ ਗਿਆ ਸੀ। ਯਾਤਰੀ ਕਾਫੀ ਦੇਰ ਤੱਕ ਉਡੀਕ ਕਰਦੇ ਰਹੇ ਪਰ ਸਾਮਾਨ ਨਹੀਂ ਮਿਲਿਆ। ਉਸ ਤੋਂ ਬਾਅਦ ਯਾਤਰੀ ਜਹਾਜ਼ ਕੰਪਨੀ ਦੇ ਕਾਊਂਟਰ 'ਤੇ ਗਏ, ਤਾਂ ਉਨ੍ਹਾਂ ਨੂੰ ਦੱਸਿਆ ਗਿਆ ਕਿ ਸਾਮਾਨ ਦੂਜੇ ਜਹਾਜ਼ ਨਾਲ ਆਏਗਾ। ਇਹ ਸੁਣ ਕੇ ਯਾਤਰੀਆਂ ਨੇ ਕਾਊਂਟਰ 'ਤੇ ਹੰਗਾਮਾ ਕਰਨਾ ਸ਼ੁਰੂ ਕਰ ਦਿੱਤਾ। ਜਹਾਜ਼ ਕੰਪਨੀ ਦੇ ਅਧਿਕਾਰੀ ਸਾਹਮਣੇ ਨਹੀਂ ਆ ਰਹੇ ਸਨ। ਇਸ ਨਾਲ ਯਾਤਰੀਆਂ ਨੂੰ ਗੁੱਸਾ ਆ ਗਿਆ। ਸੀਆਈਐੱਸਐੱਫ ਦੇ ਜਵਾਨਾਂ ਤੇ ਯਾਤਰੀਆਂ ਦਰਮਿਆਨ ਬਹਿਸ ਸ਼ੁਰੂ ਹੋ ਗਈ।




## ਅਮਰੀਕਾ ਵਲੋਂ ਭਾਰਤੀ ਹਵਾਈ ਖੇਤਰ ਦੀ ਵਰਤੋਂ ਦੇ ਦਾਅਵੇ ਝੂਠੇ: ਭਾਰਤ

**ਨਵੀਂ ਦਿੱਲੀ:** ਭਾਰਤ ਨੇ ਕੁਝ ਸੋਸ਼ਲ ਮੀਡੀਆ ਹੈਂਡਲਾਂ ਦੇ ਉਨ੍ਹਾਂ ਜਾਅਲੀ ਦਾਅਵਿਆਂ ਨੂੰ ਖਾਰਜ ਕਰ ਦਿੱਤਾ ਕਿ ਅਮਰੀਕੀ ਲੜਾਕੂ ਜਹਾਜ਼ਾਂ ਨੇ ਈਰਾਨ ਵਿਰੁੱਧ ਹਮਲੇ ਲਈ ਭਾਰਤੀ ਹਵਾਈ ਖੇਤਰ ਦੀ ਵਰਤੋਂ ਕੀਤੀ ਸੀ। ਸੂਚਨਾ ਅਤੇ ਪ੍ਰਸਾਰਣ ਮੰਤਰਾਲੇ ਦੇ ਅਧੀਨ ਕੰਮ ਕਰਨ ਵਾਲੀ ਪ੍ਰੈੱਸ ਇਨਫਰਮੇਸ਼ਨ ਬਿਊਰੋ ਦੀ ਫੈਕਟ ਚੈੱਕ ਯੂਨਿਟ ਨੇ ਕਿਹਾ ਕਿ ਅਮਰੀਕਾ ਵਲੋਂ ਆਪ੍ਰੇਸ਼ਨ 'ਮਿਡਨਾਈਟ ਹੈਮਰ' ਦੌਰਾਨ ਭਾਰਤੀ ਹਵਾਈ ਖੇਤਰ ਦੀ ਵਰਤੋਂ ਨਹੀਂ ਕੀਤੀ ਗਈ ਸੀ ਅਤੇ ਇਹ ਦਾਅਵੇ ਕੋਰਾ ਝੂਠ ਹਨ।



**Punjab Times**
**Established in 2000**
**25th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com
**Founder Editor:**
Amolak Singh Jammu
**Managing Editor**
Jaspreet Kaur
**Editor**
Lakhvinder S. Johal
**Astt. Editor**
Amrit Pal Kaur

**Photographer**
Kamaljit Singh Virdi
Ph. 847-502-2703
**Our Columnists**
Gurbakhsh Singh Bhandal
Buta Singh
Tarlochan Singh Dupalpur
**Corrspondents**
**California**
Ashok Bhaura
**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ ਸਾਲਾਨਾ ਚੰਦਾ: 130 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰ ਵਿਚ ਕੀਤੇ ਗਏ ਦਾਅਵੇ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵੇ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claim made in the advertisement published in Punjab Times.

**All disputes subject to Chicago jurisdiction.**

# ਸ਼ਸ਼ੀ ਥਰੂਰ ਵਲੋਂ ਪ੍ਰਧਾਨ ਮੰਤਰੀ ਮੋਦੀ ਦੀ ਸ਼ਲਾਘਾ



**ਨਵੀਂ ਦਿੱਲੀ:** ਕਾਂਗਰਸ ਸੰਸਦ ਮੈਂਬਰ ਸ਼ਸ਼ੀ ਥਰੂਰ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਊਰਜਾ, ਉਨ੍ਹਾਂ ਦੀ ਬਹੁਪੱਖੀ ਸ਼ਖਸੀਅਤ ਤੇ ਸ਼ਮੂਲੀਅਤ ਦੀ ਇੱਛਾ ਵਿਸ਼ਵ ਪੱਧਰ 'ਤੇ ਭਾਰਤ ਲਈ ਇਕ ਮਹੱਤਵਪੂਰਨ ਸੰਪਤੀ ਬਣੀ ਹੋਈ ਹੈ ਪਰ ਇਸਨੂੰ ਹੋਰ ਸਹਿਯੋਗ ਤੇ ਸਮਰਥਨ ਦੀ ਲੋੜ ਹੈ। ਉਨ੍ਹਾਂ ਦੀਆਂ ਟਿੱਪਣੀਆਂ ਇਕ ਵਾਰ ਫਿਰ ਕਾਂਗਰਸ ਨੂੰ ਅਸਹਿਜ ਸਥਿਤੀ 'ਚ ਪਾ ਸਕਦੀਆਂ ਹਨ ਤੇ ਪਾਰਟੀ ਲੀਡਰਸ਼ਿਪ ਨਾਲ ਉਨ੍ਹਾਂ ਦੇ ਸੰਬੰਧਾਂ 'ਚ ਦਰਾਰ ਨੂੰ ਹੋਰ ਡੂੰਘਾ ਕਰ ਸਕਦੀਆਂ ਹਨ। ਥਰੂਰ ਵੱਲੋਂ ਪ੍ਰਧਾਨ ਮੰਤਰੀ ਦੀ ਪ੍ਰਸ਼ੰਸਾ ਅਜਿਹੇ ਸਮੇਂ 'ਚ ਕੀਤੀ ਗਈ ਹੈ ਜਦੋਂ ਕਾਂਗਰਸ ਵਿਦੇਸ਼ ਨੀਤੀ ਨੂੰ ਲੈ ਕੇ ਮੋਦੀ ਸਰਕਾਰ 'ਤੇ ਲਗਾਤਾਰ ਹਮਲਾ ਕਰ ਰਹੀ ਹੈ ਤੇ ਦੋਸ਼ ਲਗਾ ਰਹੀ ਹੈ ਕਿ ਭਾਰਤੀ ਕੂਟਨੀਤੀ ਢਹਿ ਗਈ ਹੈ ਅਤੇ ਦੇਸ਼ ਵਿਸ਼ਵ ਪੱਧਰ 'ਤੇ ਅਲੱਗ-ਥਲੱਗ ਹੋ ਗਿਆ ਹੈ। ਪਹਿਲਗਾਮ ਹਮਲੇ ਤੋਂ ਬਾਅਦ, ਥਰੂਰ ਭਾਰਤ-ਪਾਕਿ ਟਕਰਾਅ ਅਤੇ ਕੂਟਨੀਤਕ ਪਹੁੰਚ 'ਤੇ ਟਿੱਪਣੀਆਂ ਕਰ ਰਹੇ ਹਨ ਜੋ ਕਾਂਗਰਸ ਦੇ ਸਟੈਂਡ ਤੋਂ ਵੱਖ ਹਨ। ਉਨ੍ਹਾਂ. ਦੀ ਅਕਸਰ ਆਪਣੀ ਪਾਰਟੀ ਵੱਲੋਂ ਆਲੋਚਨਾ ਕੀਤੀ ਜਾਂਦੀ ਹੈ ਤੇ ਕਾਂਗਰਸ ਨੇਤਾਵਾਂ ਵੱਲੋਂ ਉਨ੍ਹਾਂ ਦੇ ਸਟੈਂਡ ਲਈ ਉਨ੍ਹਾਂ 'ਤੇ ਨਿਸ਼ਾਨਾ ਸਾਧਿਆ ਜਾਂਦਾ ਹੈ।

# ਕੈਨੇਡੀਅਨ ਲੈਂਡਫਿਲ ਵਿਚ ਮਿਲੇ ਅਵਸ਼ੇਸ਼ ਭਾਰਤੀ ਮੂਲ ਦੀ ਔਰਤ ਦੇ: ਪੁਲਿਸ



**ਓਟਾਵਾ:** ਮਈ ਵਿਚ ਇੱਕ ਕੈਨੇਡੀਅਨ ਲੈਂਡਫਿਲ ਵਿਚ ਮਿਲੇ ਅਵਸ਼ੇਸ਼ ਇੱਕ ਭਾਰਤੀ ਮੂਲ ਦੀ ਔਰਤ ਦੇ ਹਨ ਜੋ ਪਿਛਲੇ ਸਾਲ ਲਾਪਤਾ ਹੋ ਗਈ ਸੀ, ਤੇ ਉਸਦੇ ਸਾਥੀ 'ਤੇ ਕਤਲ ਦਾ ਦੋਸ਼ ਲਗਾਇਆ ਗਿਆ ਹੈ। ਹੈਮਿਲਟਨ ਪੁਲਿਸ ਨੇ ਇੱਕ ਬਿਆਨ ਵਿਚ ਕਿਹਾ ਕਿ 40 ਸਾਲਾ ਸ਼ਾਲਿਨੀ ਸਿੰਘ ਦੇ ਪਰਿਵਾਰ ਨੇ 10 ਦਸੰਬਰ, 2024 ਨੂੰ ਲਾਪਤਾ ਹੋਣ ਦੀ ਰਿਪੋਰਟ ਦਿੱਤੀ ਸੀ। ਇੱਕ ਮਾਨਸਿਕ ਸਿਹਤ ਸੰਭਾਲ ਕਰਮਚਾਰੀ, ਸ਼ਾਲਿਨੀ ਸਿੰਘ ਨੇ ਆਖਰੀ ਵਾਰ 4 ਦਸੰਬਰ ਨੂੰ ਆਪਣੇ ਪਰਿਵਾਰ ਨਾਲ ਗੱਲ ਕੀਤੀ ਸੀ ਤੇ ਉਸ ਤੋਂ ਦੋ ਦਿਨ ਪਹਿਲਾਂ ਹੈਮਿਲਟਨ ਸ਼ਹਿਰ ਵਿਚ ਉਸਨੂੰ ਆਪਣੇ ਅਪਾਰਟਮੈਂਟ ਵਿਚ ਦਾਖਲ ਹੁੰਦੇ ਹੋਏ ਦੇਖਿਆ ਗਿਆ ਸੀ । ਲੈਂਡਫਿਲ. ਦੀ ਪਛਾਣ ਕਰਨ ਤੋਂ ਬਾਅਦ ਜਿੱਥੇ ਇਮਾਰਤ ਵਿਚੋਂ ਕੂੜਾ ਨਿਪਟਾਇਆ ਜਾਂਦਾ ਹੈ, ਪੁਲਿਸ ਨੇ 21 ਮਈ ਨੂੰ ਉੱਥੇ ਅੰਸ਼ਕ ਮਨੁੱਖੀ ਅਵਸ਼ੇਸ਼ ਲੱਭੇ। ਸੈਂਟਰ ਆਫ਼ ਫੋਰੈਂਸਿਕ ਸਾਇੰਸਜ਼ ਵਿਖੇ ਡੀ.ਐਨ.ਏ. ਟੈਸਟਿੰਗ ਨੇ ਪਿਛਲੇ ਹਫ਼ਤੇ ਪੁਸ਼ਟੀ ਕੀਤੀ ਕਿ ਪੁਲਿਸ ਦੁਆਰਾ ਬਰਾਮਦ ਕੀਤੇ ਗਏ ਅਵਸ਼ੇਸ਼ ਸ਼ਾਲਿਨੀ ਦੇ ਸਨ। ਇਨ੍ਹਾਂ ਨਤੀਜਿਆਂ ਤੇ ਜਾਂਚ ਦੌਰਾਨ ਇਕੱਠੇ ਕੀਤੇ ਗਏ ਸਬੂਤਾਂ ਦੇ ਆਧਾਰ 'ਤੇ, ਬਰਲਿੰਗਟਨ ਦੀ 42 ਸਾਲਾ ਜੈਫਰੀ ਸਮਿਥ ਨੂੰ ਪਿਛਲੇ ਸ਼ੁੱਕਰਵਾਰ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ । ਬਿਆਨ ਅਨੁਸਾਰ, ਸਮਿਥ, ਜੋ ਕਿ ਸ਼ਾਲਿਨੀ ਸਿੰਘ ਦੀ ਮੌਤ ਸਮੇਂ ਉਸਦੀ ਕਾਮਨ-ਲਾਅ ਪਾਰਟਨਰ ਸੀ, 'ਤੇ ਦੂਜੇ ਦਰਜੇ ਦੇ ਕਤਲ ਦਾ ਦੋਸ਼ ਲਗਾਇਆ ਗਿਆ ਹੈ।

## ਪਹਿਲਗਾਮ ਅੱਤਵਾਦੀ ਹਮਲੇ ਦੇ 2 ਦੋਸ਼ੀਆਂ ਦਾ 5 ਦਿਨ ਦਾ ਰਿਮਾਂਡ

**ਜੰਮੂ:** ਅਧਿਕਾਰੀਆਂ ਨੇ ਦੱਸਿਆ ਕਿ ਇਕ ਸਥਾਨਕ ਅਦਾਲਤ ਨੇ ਰਾਸ਼ਟਰੀ ਜਾਂਚ ਏਜੰਸੀ ਨੂੰ ਅਪ੍ਰੈਲ 'ਚ ਹੋਏ ਘਾਤਕ ਪਹਿਲਗਾਮ ਅੱਤਵਾਦੀ ਹਮਲੇ ਪਿੱਛੇ ਪਾਕਿਸਤਾਨੀ ਅੱਤਵਾਦੀਆਂ ਨੂੰ ਪਨਾਹ ਦੇਣ ਦੇ ਦੋਸ਼ 'ਚ ਗ੍ਰਿਫ਼ਤਾਰ ਕੀਤੇ ਗਏ 2 ਮੁਲਜ਼ਮਾਂ ਦਾ 5 ਦਿਨ ਦਾ ਰਿਮਾਂਡ ਦਿੱਤਾ ਹੈ। 2 ਵਿਅਕਤੀਆਂ- ਬਟਕੋਟ, ਪਹਿਲਗਾਮ ਤੋਂ ਪਰਵੇਜ਼ ਅਹਿਮਦ ਜੋਥਰ ਤੇ ਹਿੱਲ ਪਾਰਕ, ਪਹਿਲਗਾਮ ਦੇ ਬਸ਼ੀਰ ਅਹਿਮਦ ਜੋਥਰ ਨੂੰ ਐਨ.ਆਈ.ਏ. ਨੇ ਬੀਤੇ ਦਿਨ ਗ੍ਰਿਫ਼ਤਾਰ ਕੀਤਾ ਸੀ। ਐਨ.ਆਈ.ਏ. ਦੇ ਅਨੁਸਾਰ ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮਾਂ ਨੇ ਹਮਲੇ 'ਚ ਸ਼ਾਮਿਲ 3 ਹਥਿਆਰਬੰਦ ਅੱਤਵਾਦੀਆਂ ਦੀ ਪਛਾਣ ਦਾ ਖੁਲਾਸਾ ਕੀਤਾ ਹੈ ਤੇ ਇਹ ਵੀ ਪੁਸ਼ਟੀ ਕੀਤੀ ਕਿ ਉਹ ਪਾਬੰਦੀਸ਼ੁਦਾ ਅੱਤਵਾਦੀ ਸੰਗਠਨ ਲਸ਼ਕਰ-ਏ-ਤਾਇਬਾ ਨਾਲ ਜੁੜੇ ਪਾਕਿਸਤਾਨੀ ਨਾਗਰਿਕ ਸਨ।

## ਲੁਧਿਆਣਾ ਪੱਛਮੀ...

**(ਪਹਿਲੇ ਸਫ਼ੇ ਦਾ ਬਾਕੀ)**

ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਪਰਉਪਕਾਰ ਸਿੰਘ ਘੁੰਮਣ ਪੂਰੀ ਗਿਣਤੀ ਦੌਰਾ ਮੁਕਾਬਲੇ ਦੇ ਨੇੜੇ-ਤੇੜੇ ਵੀ ਦਿਖਾਈ ਦਿੱਤੇ। ਚੋਣ ਕਮਿਸ਼ਨ ਦੇ ਅਧਿਕਾਰੀਆਂ ਵੱਲੋਂ ਸੰਜੀਵ ਅਰੋੜਾਂ ਨੂੰ ਜੇਤੂ ਐਲਾਨੇ ਜਾਣ ਤੋਂ ਬਾਅਦ ਉਹ ਆਪਣੇ ਦਫ਼ਤਰ ਤੋਂ ਆਪਣੀ ਪਾਰਟੀ ਪੰਜਾਬ ਪ੍ਰਧਾਨ ਤੇ ਕੈਬਨਿਟ ਮੰਤਰੀ ਅਮਨ ਅਰੋੜਾ ਨਾਲ ਵੋਟਾਂ ਦੀ ਗਿਣਤੀ ਵਾਲੀ ਥਾਂ 'ਤੇ ਪੁੱਜੇ। ਇੱਥੇ ਉਨ੍ਹਾਂ ਨੇ ਆਰ.ਓ ਕੋਲੋਂ ਜਿੱਤ ਦਾ ਸਰਟੀਫਿਕੇਟ ਹਾਸਲ ਕੀਤਾ। ਉਨ੍ਹਾਂ ਨਾਲ ਕੈਬਨਿਟ ਮੰਤਰੀ ਹਰਦੀਪ ਸਿੰਘ ਮੁੰਡੀਆਂ, ਵਿਧਾਇਕ ਦਲਜੀਤ ਸਿੰਘ ਭੋਲਾ ਗਰੇਵਾਲ, ਵਿਧਾਇਕ ਕੁਲਵੰਤ ਸਿੰਘ ਸਿੱਧੂ, ਨਗਰ ਸੁਧਾਰ ਟਰੱਸਟ ਦੇ ਚੇਅਰਮੈਨ ਤਰਸੇ ਸਿੰਘ ਭਿੰਡਰ, ਵਪਾਰ ਮੰਡਲ ਦੇ ਰਾਜ ਕੁਮਾਰ ਅਗਰਵਾਲ ਵੀ ਸਨ। ਇਸ ਜ਼ਿਮਨੀ ਚੋਣ 'ਚ ਕੁੱਲ 14 ਉਮੀਦਵਾਰ ਚੋਣ ਮੈਦਾਨ 'ਚ ਸਨ। 'ਆਪ', ਕਾਂਗਰਸ, ਭਾਜ ਤੇ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰਾਂ ਤੋਂ ਇਲਾਵਾ 10 ਹੋਰ ਉਮੀਦਾਵਾਂ ਨੇ ਆਪਣ ਕਿਸਮਤ ਆਜ਼ਮਾਈ ਸੀ। ਘੁੰਮਣ ਤੋਂ ਇਲਾਵਾ ਬਾਕੀ 10 ਉਮੀਦਵਾਰਾਂ ਦੀਆਂ ਜ਼ਮਾਨਤ ਵੀ ਜ਼ਬਤ ਹੋ ਗਈਆਂ। ਨੋਟਾ ਨੂੰ 793 ਵੋਟਾਂ ਪਈਆਂ।

**(ਪਹਿਲੇ ਸਫ਼ੇ ਦਾ ਬਾਕੀ)**

## ਇਜ਼ਰਾਈਲ ਅਤੇ ਈਰਾਨ ਵਿੱਚਕਾਰ...

ਸੀ, ਜੋ ਸਾਲਾਂ ਤੱਕ ਚੱਲ ਸਕਦਾ ਸੀ ਅਤੇ ਪੂਰੇ ਮਧ-ਪੂਰਬ ਨੂੰ ਤਬਾਹ ਕਰ ਸਕਦਾ ਸੀ। ਪਰ ਐਸਾ ਨਹੀਂ ਹੋਇਆ ਅਤੇ ਹੁਣ ਕਦੇ ਵੀ ਅਜਿਹਾ ਨਹੀਂ ਹੋਵੇਗਾ। ਖੁਦਾ ਇਜ਼ਰਾਈਲ ਨੂੰ ਅਸ਼ੀਰਵਾਦ ਦੇਵੇ, ਇਰਾਨ ਨੂੰ ਅਸ਼ੀਰਵਾਦ ਦੇਵੇ, ਮੱਧ ਪੂਰਬ ਨੂੰ ਅਸ਼ੀਰਵਾਦ ਦੇਵੇ, ਅਮਰੀਕਾ ਨੂੰ ਆਸ਼ੀਰਵਾਦ ਦੇਵੇ ਅਤੇ ਸਾਰੀ ਦੁਨੀਆਂ ਨੂੰ ਅਸ਼ੀਰਵਾਦ ਦੇਵੇ''।

ਇਸ ਤੋਂ ਪਹਿਲਾਂ ਉਸਨੇ ਅਚਨਚੇਤ ਭਾਰਤ ਅਤੇ ਪਾਕਿਸਤਾਨ ਦੀ ਚਾਰ ਦਿਨਾਂ ਦੀ ਜੰਗ ਬਾਰੇ ਵੀ ਸੀਜ਼ ਫਾਇਰ ਐਲਾਨ ਕਰ ਦਿੱਤਾ ਸੀ ਅਤੇ ਕਿਹਾ ਸੀ ਕਿ ਦੋਵੇਂ ਦੇਸ਼ ਸਹਿਮਤ ਹੋ ਗਏ ਹਨ। ਇੱਥੇ ਵੀ ਉਹਨੇ ਇੱਕ ਰੈਫਰੀ ਦੀ ਭੂਮਿਕਾ ਵਾਂਗ ਵੀ ਦੋਵਾਂ ਦੇਸ਼ਾਂ ਦੇ ਯੁੱਧ ਸਮਾਪਤ ਹੋਣ ਦੀ ਘੋਸ਼ਣਾ ਕੀਤੀ ਹੈ। ਇਹਦੇ ਵਿੱਚ ਉਹਨੇ ਆਪਣਾ ਕੋਈ ਜ਼ਿਕਰ ਨਹੀਂ ਕੀਤਾ ਕਿ ਅਸੀਂ ਵੀ ਈਰਾਨ ਉਤੇ ਵੱਡੇ ਹਮਲੇ ਕੀਤੇ, ਦੁਨੀਆ ਦੇ ਹੁਣ ਤੱਕ ਦੇ ਸਭ ਤੋਂ ਵੱਡੇ ਬੰਬ ਈਰਾਨ ਉਤੇ ਸੁੱਟੇ । ਲੇਕਿਨ ਉਸ ਨੇ ਕਿਹਾ ਹੁਣ ਇਹ ਅੱਗੇ ਤੋਂ ਕਦੇ ਨਹੀਂ ਹੋਏਗਾ। ਉਹ ਇਹ ਵੀ ਐਲਾਨ ਕਰ ਰਿਹਾ ਕਿ ਅੱਗੇ ਤੋਂ ਹੁਣ ਇਹ ਯੁੱਧ ਨਹੀਂ ਹੋਵੇਗਾ।

### ਇਸ ਐਲਾਨ ਤੋਂ ਪਹਿਲਾਂ ਦੇ ਘਟਨਾਕ੍ਰਮ ਅਨੁਸਾਰ

ਤਹਿਰਾਨ ਦੀ ਜਿਸ ਏਵਿਨ ਜੇਲ੍ਹ ਦੇ ਮੁੱਖ ਦੁਆਰ 'ਤੇ ਇਜ਼ਰਾਈਲ ਨੇ ਹਵਾਈ ਹਮਲਾ ਕਰ ਕੇ ਉਸ ਨੂੰ ਨੁਕਸਾਨ ਪਹੁੰਚਾਇਆ ਹੈ ਉਹ ਸਰਕਾਰ ਵਿਰੋਧੀ ਅੰਦੋਲਨਕਾਰੀਆਂ ਨੂੰ ਕੈਦ ਕਰ ਕੇ, ਉਨ੍ਹਾਂ 'ਤੇ ਤਸ਼ੱਦਦ ਲਈ ਬਦਨਾਮ ਹੈ। ਇਸ ਵਿਚ 1979 ਦੀ ਇਸਲਾਮਿਕ ਕ੍ਰਾਂਤੀ ਦੌਰਾਨ ਗ੍ਰਿਫ਼ਤਾਰ ਕੀਤੇ ਗਏ ਬਹੁਤ ਸਾਰੇ ਲੋਕਾਂ ਨੂੰ ਦਹਾਕਿਆਂ ਤੱਕ ਰੱਖਿਆ ਗਿਆ ਸੀ। ਇਜ਼ਰਾਈਲੀ ਜਹਾਜ਼ਾਂ ਨੇ ਰੈਵੇਲਿਊਸ਼ਨਰੀ ਗਾਰਡ ਕਮਾਂਡ ਸੈਂਟਰ ਨੂੰ ਵੀ ਨਿਸ਼ਾਨਾ ਬਣਾਇਆ। ਇਹ ਸੈਂਟਰ ਈਰਾਨ ਦੀ ਅੰਦਰੂਨੀ ਸੁਰੱਖਿਆ ਲਈ ਜ਼ਿੰਮੇਦਾਰ ਬਲ ਦਾ ਪ੍ਰਮੁੱਖ ਟਿਕਾਣਾ ਹੈ। ਇਜ਼ਰਾਈਲ ਨੇ ਤਹਿਰਾਨ ਦੇ ਇਕ ਬਿਜਲੀ ਘਰ ਨੂੰ ਵੀ ਨਿਸ਼ਾਨਾ ਬਣਾਇਆ ਹੈ, ਜਿਸ ਵਜ੍ਹਾ ਨਾਲ ਈਰਾਨੀ ਰਾਜਧਾਨੀ ਦੇ ਕਈ ਇਲਾਕਿਆਂ ਦੀ ਬਿਜਲੀ ਸਪਲਾਈ ਪ੍ਰਭਾਵਿਤ ਹੋ ਗਈ। ਫੋਰਡੋ ਨੂੰ ਕੋਮ ਨਾਲ ਜੋੜਨ ਵਾਲੀ ਮੁੱਖ ਸੜਕ ਅਤੇ ਕੁਝ ਹੋਰ ਮਾਰਗਾਂ ਨੂੰ ਇਜ਼ਰਾਈਲ ਨੇ ਹਮਲੇ ਨਾਲ ਤਬਾਹ ਕਰ ਦਿੱਤਾ ਹੈ। ਈਰਾਨ 'ਤੇ ਇਹ ਹਮਲੇ 50 ਤੋਂ ਵੱਧ ਇਜ਼ਰਾਇਲੀ ਲੜਾਕੂ ਜਹਾਜ਼ਾਂ ਨੇ ਅੰਜਾਮ ਦਿੱਤੇ। ਇਜ਼ਰਾਈਲ ਦੇ ਰੱਖਿਆ ਮੰਤਰੀ ਇਜ਼ਰਾਈਲ ਕਾਟਜ ਨੇ ਕਿਹਾ ਹੈ ਕਿ ਫ਼ੌਜ ਹੁਣ ਈਰਾਨ ਦੀ ਉਸ ਸਰਕਾਰੀ ਮਸ਼ੀਨਰੀ ਨੂੰ ਨਿਸ਼ਾਨਾ ਬਣਾ ਰਹੀ ਹੈ, ਜੋ ਇਜ਼ਰਾਈਲ ਵਿਰੋਧੀ ਸਰਗਰਮੀਆਂ ਅਤੇ ਆਮ ਲੋਕਾਂ ਖ਼ਿਲਾਫ਼ ਕੰਮ ਕਰਦੀ ਹੈ। ਇਜ਼ਰਾਈਲ 'ਤੇ ਈਰਾਨ ਦੇ ਹਮਲੇ ਵੀ ਜਾਰੀ ਹਨ। ਐਤਵਾਰ ਨੂੰ ਅਮਰੀਕਾ ਦੇ ਹਮਲੇ ਤੋਂ ਬਾਅਦ ਈਰਾਨ ਦੇ ਨਿਸ਼ਾਨੇ 'ਤੇ ਇਜ਼ਰਾਈਲ ਦੀ ਰਾਜਧਾਨੀ ਤਲ ਅਵੀਵ, ਹਾਈਫਾ ਅਤੇ ਹੋਰ ਪ੍ਰਮੁੱਖ ਸ਼ਹਿਰ ਸਨ।

## ਈਰਾਨ 'ਚ ਖਮੈਨੀ ਦੇ ਜਾਨਸ਼ੀਨ ਦੀ ਖੋਜ ਸ਼ੁਰੂ

**ਦੁਬਈ:** ਈਰਾਨ ਦੇ ਸਰਬਉੱਚ ਆਗੂ ਅਯਾਤੁੱਲਾ ਅਲੀ ਖਮੈਨੀ ਦੇ ਜਾਨਸ਼ੀਨ ਦੀ ਖੋਜ ਦੀ ਪ੍ਰਕਿਰਿਆ ਤੇਜ਼ ਹੋ ਗਈ ਹੈ। ਖਮੈਨੀ ਨੇ ਆਪਣੇ ਉਤਰਾਧਿਕਾਰੀ ਦੀ ਪਛਾਣ ਲਈ ਦੋ ਸਾਲ ਪਹਿਲਾਂ ਵੱਡੇ ਮੌਲਵੀਆਂ ਦੀ ਤਿੰਨ ਮੈਂਬਰੀ ਕਮੇਟੀ ਦਾ ਗਠਨ ਕੀਤਾ ਸੀ। ਜਾਣਕਾਰੀ ਰੱਖਣ ਵਾਲੇ ਪੰਜ ਸਰੋਤਾਂ ਨੇ ਦੱਸਿਆ ਕਿ ਇਜ਼ਰਾਇਲੀ ਹਮਲੇ ਅਤੇ ਖਮੈਨੀ ਦੀ ਹੱਤਿਆ ਦੀ ਧਮਕੀ ਵਿਚਾਲੇ ਇਸ ਕਮੇਟੀ ਨੇ ਆਪਣੀ ਯੋਜਨਾ ਨੂੰ ਤੇਜ਼ ਕੀਤਾ ਹੈ।



ਈਰਾਨੀ ਸਰੋਤਾਂ ਨੇ ਦੱਸਿਆ ਕਿ 86 ਸਾਲਾ ਖਮੈਨੀ ਨੂੰ ਨਿਯਮਤ ਤੌਰ 'ਤੇ ਗੱਲਬਾਤ ਬਾਰੇ ਜਾਣਕਾਰੀ ਦਿੱਤੀ ਜਾ ਰਹੀ ਹੈ। ਸਰੋਤਾਂ' ਅਨੁਸਾਰ, ਜੇ ਖਮੈਨੀ ਦੀ ਹੱਤਿਆ ਹੁੰਦੀ ਹੈ, ਤਾਂ ਸਰਕਾਰ ਸਥਿਰਤਾ ਅਤੇ ਨਿਰੰਤਰਤਾ ਦਾ ਸੰਕੇਤ ਦੇਣ ਲਈ ਤੁਰੰਤ ਉਨ੍ਹਾਂ ਦੇ ਉਤਰਾਧਿਕਾਰੀ ਦਾ ਨਾਂ ਐਲਾਨਣ ਦੀ ਕੋਸ਼ਿਸ਼ ਕਰੇਗੀ। ਜਾਨਸ਼ੀਨ ਲਈ ਦੋ ਮੋਹਰੀ ਉਮੀਦਵਾਰ ਸਾਹਮਣੇ ਆਏ ਹਨ।

ਖਮੈਨੀ ਦੇ 56 ਸਾਲਾ ਪੁੱਤਰ ਮੋਜਤਬਾ, ਜਿਨ੍ਹਾਂ ਨੂੰ ਲੰਬੇ ਸਮੇਂ ਤੋਂ ਆਪਣੇ ਪਿਤਾ ਦੇ ਬਦਲ ਵਜੋਂ ਦੇਖਿਆ ਜਾਂਦਾ ਰਿਹਾ ਹੈ ਅਤੇ ਦੂਜੇ ਹਨ ਇਸਲਾਮੀ ਕ੍ਰਾਂਤੀ ਦੇ ਜਨਕ ਦੇ ਪੋਤੇ 53 ਸਾਲਾ ਹਸਨ ਖਮੈਨੀ। ਸਮਾਜਿਕ ਅਤੇ ਰਾਜਨੀਤਿਕ ਪਾਬੰਦੀਆਂ ਵਿਚ ਢਿੱਲ ਦੇਣ ਦੇ ਸਮਰਥਕ ਸੁਧਾਰਵਾਦੀ ਗੁੱਟ ਦੇ ਨੇੜਲੇ ਸਹਿਯੋਗੀ ਖਮੈਨੀ ਨੂੰ ਆਪਣੇ ਵੰਸ਼ ਦੇ ਕਾਰਨ ਸਿਖਰਲੇ ਮੌਲਵੀਆਂ ਅਤੇ ਰਿਵੋਲਿਊਸ਼ਨਰੀ ਗਾਰਡਜ਼ ਵਿਚ ਆਦਰ ਪ੍ਰਾਪਤ ਹੈ। ਇਜ਼ਰਾਈਲ ਅਤੇ ਅਮਰੀਕਾ ਦੇ ਨਾਲ ਸੰਘਰਸ਼ ਦੇ ਵਿਚਕਾਰ ਖਮੈਨੀ ਇਕ ਗੰਭੀਰ ਉਮੀਦਵਾਰ ਵਜੋਂ ਸਾਹਮਣੇ ਆਏ ਹਨ ਕਿਉਂਕਿ ਉਹ ਮੋਜਤਬਾ ਖਮੈਨੀ ਦੀ ਤੁਲਨਾ ਵਿਚ ਅੰਤਰਰਾਸ਼ਟਰੀ ਅਤੇ ਘਰੇਲੂ ਪੱਧਰ 'ਤੇ ਵੱਧ ਸਵੀਕਾਰਯੋਗ ਬਦਲ ਹੋ ਸਕਦੇ ਹਨ। ਇਸ ਦੇ ਵਿਰੁੱਧ, ਮੋਜਤਬਾ ਖਮੈਨੀ ਆਪਣੇ ਪਿਤਾ ਦੀਆਂ ਕਠੋਰ ਨੀਤੀਆਂ ਦਾ ਪਾਲਣ ਕਰਦੇ ਹਨ।

## ਜਿੱਤ ਦਾ ਮਤਲਬ, ਲੋਕ ਸਾਡੇ ਕੰਮ ਤੋਂ ਖ਼ੁਸ਼: ਭਗਵੰਤ ਮਾਨ

ਸੰਜੀਵ ਅਰੋੜਾ ਦੀ ਜਿੱਤ ਦੀ ਸੂਚਨਾ ਮਿਲਦਿਆਂ ਹੀ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਨੇ ਆਪਣੇ ਐਕਸ ਅਕਾਊਂਟ 'ਤੇ ਸੰਜੀਵ ਅਰੋੜਾ ਨਾਲ ਆਪਣੀ ਤਸਵੀਰ ਸਾਂਝੀ ਕਰਦਿਆਂ ਜਿੱਤ ਲਈ ਵਧਾਈਆਂ ਦਿੱਤੀਆਂ। ਉਨ੍ਹਾਂ ਲਿਖਿਆ ਕਿ ਵੱਡੀ ਲੀਡ ਨਾਲ ਮਿਲੀ ਜਿੱਤ ਦਰਸਾਉਂਦੀ ਹੈ ਕਿ ਸੂਬੇ ਦੇ ਲੋਕ ਸਾਡੀ ਸਰਕਾਰ ਦੇ ਕੰਮਾਂ ਤੋਂ ਬੇਹੱਦ ਖੁਸ਼ ਹਨ। ਅਸੀ ਪੰਜਾਬ ਦੀ ਤਰੱਕੀ ਤੇ ਖੁਸ਼ਹਾਲੀ ਲਈ ਦਿਨ-ਰਾਤ ਬਿਨਾਂ ਭੇਦਭਾਵ ਤੇ ਈਮਾਨਦਾਰੀ ਨਾਲ ਕੰਮ ਕਰ ਰਹੇ ਹਾਂ। ਉਨ੍ਹਾਂ ਅੱਗੇ ਲਿਖਿਆ ਕਿ ਜ਼ਿਮਨੀ ਚੋਣ ਦੌਰਾਨ ਪੰਜਾਬੀਆਂ ਨਾਲ ਕੀਤੇ ਹਰ ਇੱਕ ਵਾਅਦੇ ਨੂੰ ਅਸੀਂ ਪਹਿਲ ਦੇ ਆਧਾਰ 'ਤੇ ਪੂਰਾ ਕਰਾਂਗੇ। ਸੰਜੀਵ ਅਰੋੜਾ ਨੂੰ ਬਹੁਤ ਬਹੁਤ ਮੁਬਾਰਕਾਂ।



## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਜਸਬੀਰ ਕੌਰ ਢਿੱਲੋਂ
ਡਾ. ਇਨਕਲਾਬੀ ਥਾਂਦੀ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਹਰਜੀਤ ਸਿੰਘ ਸਾਹੀ

ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਪਰਮਿੰਦਰ ਸਿੰਘ ਵਾਲੀਆ
ਡਾ. ਹਰਗੁਰਮੁਖਪਾਲ ਸਿੰਘ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ

ਡਾ. ਗੁਰਚਰਨ ਸਿੰਘ ਗਰੇਵਾਲ
ਗੁਰਦੇਵ ਸਿੰਘ ਜੌੜਾ
ਮਨਦੀਪ ਸਿੰਘ ਭੂਰਾ
ਗੁਲਜ਼ਾਰ ਸਿੰਘ ਮੁਲਤਾਨੀ
ਅਵਤਾਰ ਸਿੰਘ ਸਪਰਿੰਗਫੀਲਡ
ਗੁਰਵੀਰ ਸਿੰਘ ਗਿੱਲ
ਜਸਕਰਨ ਸਿੰਘ ਧਾਲੀਵਾਲ
ਅਮਰੀਕ ਸਿੰਘ (ਅਮਰ ਕਾਰਪੇਟ)

ਅੰਮ੍ਰਿਤਪਾਲ ਸਿੰਘ ਸੰਘਾ
ਭੁਪਿੰਦਰ ਸਿੰਘ ਧਾਲੀਵਾਲ
ਹਰਵਿੰਦਰਪਾਲ ਸਿੰਘ ਲੈਲ
ਜਗਜੀਤ ਸਿੰਘ ਢੀਂਡਸਾ
ਸੁਖਮੇਲ ਸਿੰਘ ਅਟਵਾਲ
ਮੁਖਤਿਆਰ ਸਿੰਘ (ਹੈਪੀ ਹੀਰ)
ਆਗਿਆਪਾਲ ਸਿੰਘ ਬਾਠ
ਪਰਮਵੀਰ ਸਿੰਘ ਬੈਂਸ
ਅਮੋਲਕ ਸਿੰਘ ਗਾਖਲ
ਜਸਵਿੰਦਰ ਸਿੰਘ (ਜੱਸੀ) ਗਿੱਲ

# ਅਮਰੀਕਾ ’ਚ ਮੁਨੀਰ ਨੂੰ ਆਪਣਿਆਂ ਨੇ ਹੀ ਕੀਤਾ ਬੇਇੱਜ਼ਤ

**ਵਾਸ਼ਿੰਗਟਨ:** ਪਾਕਿਸਤਾਨੀ ਫ਼ੌਜ ਦੇ ਮੁਖੀ ਫੀਲਡ ਮਾਰਸ਼ਲ ਆਸਿਮ ਮੁਨੀਰ ਨੂੰ ਅਮਰੀਕਾ ਦੇ ਦੌਰੇ ਦੌਰਾਨ ਉਸ ਸਮੇਂ ਭਾਰੀ ਸ਼ਰਮਿੰਦਗੀ ਦਾ ਸਾਹਮਣਾ ਕਰਨਾ ਪਿਆ ਜਦੋਂ ਦਰਜਨਾਂ ਪਾਕਿਸਤਾਨੀ ਪਰਵਾਸੀਆਂ ਨੇ ਵਾਸ਼ਿੰਗਟਨ ਦੀਆਂ ਸੜਕਾਂ ‘ਤੇ ਉਨ੍ਹਾਂ ਖ਼ਿਲਾਫ਼ ਜ਼ੋਰਦਾਰ ਮੁਜ਼ਾਹਰਾ ਕੀਤਾ। ਇਕ ਪ੍ਰੋਗਰਾਮ ‘ਚ ਮੁਨੀਰ ਦਾ ਸਵਾਗਤ ਕੀਤੇ ਜਾਣ ਦੌਰਾਨ ਮੁਜ਼ਾਹਰਾਕਾਰੀਆਂ ਨੇ ਉਨ੍ਹਾਂ ਨੂੰ ਖੁੱਲ੍ਹੇ ਤੌਰ ‘ਤੇ ‘ਇਸਲਾਮਾਬਾਦ ਦੇ ਕਾਤਲ ਅਤੇ ‘ਪਾਕਿਸਤਾਨੀਆਂ ਦੇ ਕਾਤਲ’ ਕਹਿ ਕੇ ਨਾਅਰੇ ਲਗਾਏ। ਜਿਉਂ ਹੀ ਉਨ੍ਹਾਂ ਦਾ ਕਾਫ਼ਲਾ ਰਾਜਧਾਨੀ ਵਾਸ਼ਿੰਗਟਨ ਵਿਚ ਇਕ ਹੋਟਲ ਦੇ ਬਾਹਰ ਪੁੱਜਾ, ਉੱਥੇ ਪਹਿਲਾਂ ਤੋਂ ਹੀ ਮੌਜੂਦ ਮੁਜ਼ਾਹਰਾਕਾਰੀਆਂ ਨੇ ਗਾਲ੍ਹਾਂ ਕੱਢਣੀਆਂ ਸ਼ੁਰੂ ਕਰ ਦਿੱਤੀਆਂ।




ਮੁਨੀਰ ਖ਼ਿਲਾਫ਼ ਵਿਰੋਧ-ਮੁਜ਼ਾਹਰੇ ਦੇ ਵੀਡੀਓ ਇੰਟਰਨੈੱਟ ਮੀਡੀਆ ‘ਤੇ ਵਾਇਰਲ ਹੋ ਰਹੇ ਹਨ। ਖ਼ੁਦ ਨੂੰ ‘ਦਿ ਅਲਾਇੰਸ ਆਰਗੇਨਾਈਜ਼ੇਸ਼ਨ ਦੀ ਕਾਰਜਕਾਰੀ ਡਾਇਰੈਕਟਰ ਦੱਸਣ ਵਾਲੀ ਐਕਸ ਯੂਜ਼ਰ ਨਾਜ਼ੀਆ ਇਮਤਿਆਜ਼ ਹੁਸੈਨ ਨੇ ਕਿਹਾ ਕਿ ਉਹ ‘ਪਾਕਿਸਤਾਨ ਦੇ ਤਾਨਾਸ਼ਾਹ ਖ਼ਿਲਾਫ਼ ਵਿਰੋਧ ਕਰ ਰਹੇ ਹਨ। ਉਨ੍ਹਾਂ ਨੇ ਉਨ੍ਹਾਂ ਲੋਕਾਂ ਦੀ ਆਲੋਚਨਾ ਕੀਤੀ ਜਿਹੜੇ ‘ਫਾਸੀਵਾਦ ਦੇ ਸਮਰਥਨ ਵਿਚ ਸਾਹਮਣੇ ਆਏ।’ ਐਕਸ ‘ਤੇ ਵੀਡੀਓ ਸ਼ੇਅਰ ਕਰਦਿਆਂ ਹੁਸੈਨ ਨੇ ਲਿਖਿਆ, ‘ਅਸੀਂ ਇੱਥੇ ਪਾਕਿਸਤਾਨ ਦੇ ਅਪਰਾਧਕ ਤਾਨਾਸ਼ਾਹ ਦਾ ਵਿਰੋਧ ਕਰਨ ਆਏ ਹਾਂ। ਫਾਸੀਵਾਦ ਦੇ ਸਮਰਥਨ ‘ਚ ਸਾਹਮਣੇ ਆਉਣ ਵਾਲੇ ਹਰ ਵਿਅਕਤੀ ਨੂੰ ਸ਼ਰਮ ਆਉਣੀ ਚਾਹੀਦੀ ਹੈ- ਤੁਸੀਂ ਨਾ ਸਿਰਫ਼ ਲੋਕਤੰਤਰ ਨੂੰ ਧੋਖਾ ਦਿੱਤਾ ਸਗੋਂ ਲੱਖਾਂ ਲੋਕਾਂ ਦੇ ਦਰਦ ਨੂੰ ਵੀ ਕੁਰੇਦਿਆ ਹੈ।’

ਜ਼ਿਕਰਯੋਗ ਹੈ ਕਿ ਪਿਛਲੇ ਕਈ ਦਿਨਾਂ ਤੋਂ ਇਹ ਖਬਰ ਆ ਰਹੀ ਸੀ ਕਿ ਅਮਰੀਕਾ ਨੇ ਆਪਣੇ ਫ਼ੌਜ ਦਿਵਸ ਮੌਕੇ ਮੁਨੀਰ ਨੂੰ ਵੀ ਸੱਦਾ ਭੇਜਿਆ ਹੈ। ਉੱਧਰ, ਵ੍ਹਾਈਟ ਹਾਊਸ ਨੇ ਉਨ੍ਹਾਂ ਖਬਰਾਂ ਦਾ ਖੰਡਨ ਕਰ ਦਿੱਤਾ ਜਿਨ੍ਹਾਂ ਵਿਚ ਕਿਹਾ ਗਿਆ ਸੀ ਕਿ ਪਾਕਿਸਤਾਨ ਦੇ ਫ਼ੌਜ ਮੁਖੀ ਨੂੰ ਵਾਸ਼ਿੰਗਟਨ ਡੀਸੀ ਵਿਚ ਫ਼ੌਜੀ ਪਰੇਡ ‘ਚ ਸੱਦਾ ਦਿੱਤਾ ਗਿਆ ਹੈ।

ਦਰਅਸਲ ਮੁਜ਼ਾਹਰਾਕਾਰੀਆਂ ਦੀ ਨਾਰਾਜ਼ਗੀ ਦੀ ਸਭ ਤੋਂ ਵੱਡੀ ਵਜ੍ਹਾ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਹਨ ਜਿਨ੍ਹਾਂ ਨੂੰ ਨਵਾਜ਼ ਸ਼ਰੀਫ ਦੀ ਸਰਕਾਰ ਨੇ ਕਈ ਮਹੀਨਿਆਂ ਤੋਂ ਜੇਲ੍ਹ ਵਿਚ ਬੰਦ ਕਰ ਕੇ ਰੱਖਿਆ ਹੈ। ਇਮਰਾਨ ਦੀ ਪਾਰਟੀ ਪਾਕਿਸਤਾਨ ਤਹਿਰੀਕ- ਏ-ਇਨਸਾਫ (ਪੀਟੀਆਈ) ਦੀ ਅਮਰੀਕਾ ਸ਼ਾਖਾ ਨੇ ਮੁਨੀਰ ਖ਼ਿਲਾਫ਼ ਪ੍ਰਦਰਸ਼ਨ ਵਾਲੇ ਵੀਡੀਓ ਨੂੰ ਐਕਸ ‘ਤੇ ਦੁਬਾਰਾ ਸ਼ੇਅਰ ਕੀਤਾ।ਪਾਕਿਸਤਾਨੀ-ਅਮਰੀਕੀਆਂ ਨੇ ਫੋਰ ਸੀਜ਼ਨਸ ਹੋਟਲ ਦੇ ਬਾਹਰ ਮੁਨੀਰ ਖ਼ਿਲਾਫ਼ ਜ਼ੋਰਦਾਰ ਨਾਅਰੇਬਾਜ਼ੀ ਕੀਤੀ।

ਐਕਸ ‘ਤੇ ਵੀਡੀਓ ਸ਼ਅਰ ਕਰਦਿਆਂ ਪੀਟੀਆਈ ਨੇ ਕਿਹਾ, ‘ਵਾਸ਼ਿੰਗਟਨ ਡੀਸੀ ਵਿਚ ਹੋਟਲ ਦੇ ਬਾਹਰ ਵਿਰੋਧ ਵਿਚ ਪਾਕਿਸਤਾਨੀ-ਅਮਰੀਕੀ ਮੁਨੀਰ ਨੂੰ ਪਾਕਿਸਤਾਨ ਦੇ ਲੋਕਾਂ ਖ਼ਿਲਾਫ਼ ਕੀਤੇ ਗਏ ਅਪਰਾਧਾਂ ਦੀ ਯਾਦ ਦਿਵਾ ਰਹੇ ਹਨ।’ ਵੀਡੀਓ ਵਿਚ ਇਕ ਸਕ੍ਰੀਨ ਦਿਖਾਈ ਦਿੱਤੀ ਗਈ ਜਿਸ ‘ਤੇ ਮੁਨੀਰ ਦੀ ਤਸਵੀਰ ਦੇ ਨਾਲ ਲਿਖਿਆ ਸੀ, ‘ਸਮੂਹਿਕ ਹੱਤਿਆਰਾ ਆਸਿਮ ਮੁਨੀਰ’, ‘ਬੰਦੂਕਾਂ ਬੋਲਦੀਆਂ ਹਨ ਤਾਂ ਲੋਕਤੰਤਰ ਦੀ ਮੌਤ ਹੋ ਜਾਂਦੀ ਹੈ’ ਅਤੇ ‘ਆਸਿਮ ਮੁਨੀਰ, ਤੇਰਾ ਸਮਾਂ ਖਤਮ ਹੋ ਗਿਆ ਹੈ। ਪਾਕਿਸਤਾਨ ਉਠ ਖੜ੍ਹਾ ਹੋਵੇਗਾ’। ਮੁਜ਼ਾਹਰਾਕਾਰੀਆਂ ਨੇ ਫ਼ੌਜ ਮੁਖੀ ਨੂੰ ਗਾਲ੍ਹਾਂ ਕੱਢੀਆਂ ਅਤੇ ਇਸਲਾਮਾਬਾਦ ਦੇ ਕਾਤਲ ਵਰਗੇ ਨਾਅਰਿਆਂ ਨਾਲ ਵਾਸ਼ਿੰਗਟਨ ‘ਚ ਉਸਦਾ ਭਾਰੀ ਵਿਰੋਧ ਕੀਤਾ।

# ਜੀ-7 ਮੱਧ-ਪੂਰਬ ਵਿਚ ਤਣਾਅ ਘੱਟ ਕਰਨ ਦੇ ਯਤਨਾਂ ਲਈ ਵਚਨਬੱਧ

**ਕਨਾਨਾਸਕਿਸ:** ਕੈਨੇਡਾ ਦੇ ਕਨਾਨਾਸਕਿਸ ‘ਚ ਹੋਏ ਜੀ-7 ਸਿਖਰ ਸੰਮੇਲਨ ਨੂੰ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਵਿਚਾਲੇ ਹੀ ਛੱਡ ਕੇ ਵਾਪਸ ਸਵਦੇਸ਼ ਪਰਤ ਜਾਣ ਤੋਂ ਬਾਅਦ ਜੀ-7 ਦੇ ਛੇ ਆਗੂਆਂ ਨੇ ਮੰਗਲਵਾਰ ਨੂੰ ਬੈਠਕ ਦੇ ਆਖ਼ਰੀ ਦਿਨ ਕਈ ਉੱਚ ਪੱਧਰੀ ਬੈਠਕਾਂ ਕੀਤੀਆਂ। ਇਸ ਦੌਰਾਨ ਇਹ ਦਿਖਾਉਣ ਦੀ ਕੋਸ਼ਿਸ਼ ਕੀਤੀ ਗਈ ਕਿ ਟਰੰਪ ਦੇ ਅਚਾਨਕ ਚਲੇ ਜਾਣ ਦੇ ਬਾਵਜੂਦ ਧਨੀ ਦੇਸ਼ਾਂ ਦੇ ਇਸ ਗਰੁੱਪ ਕੋਲ ਹਾਲੇ ਵੀ ਦੁਨੀਆ ਦੀਆਂ ਘਟਨਾਵਾਂ ਨੂੰ ਆਕਾਰ ਦੇਣ ਦੀ ਤਾਕਤ ਹੈ। ਉਨ੍ਹਾਂ ਨੇ ਇਜ਼ਰਾਈਲ ਦੇ ਆਤਮ-ਰੱਖਿਆ ਦੇ ਅਧਿਕਾਰ ਦਾ ਸਮਰਥਨ ਕਰਦੇ ਹੋਏ ਪੱਛਮੀ ਏਸ਼ੀਆ ‘ਚ ਸ਼ਾਂਤੀ ਤੇ ਸਥਿਰਤਾ ਲਈ ਵਚਨਬੱਧਤਾ ਦੁਹਰਾਈ ਅਤੇ ਈਰਾਨ ਨੂੰ ਖੇਤਰ ਵਿਚ ਅਸਥਿਰਤਾ ਤੇ ਅੱਤਵਾਦ ਦਾ ਮੁੱਖ ਸਰੋਤ ਦੱਸਿਆ।ਜੀ-7 ਦੇਸ਼ਾਂ ਦੇ ਆਗੂਆਂ ਨੇ ਇਜ਼ਰਾਈਲ ਤੇ ਈਰਾਨ ਵਿਚਾਲੇ ਵੱਧ ਰਹੀ ਤਣਾਅਪੂਰਨ ਸਥਿਤੀ ਨੂੰ ਦੇਖਦੇ ਹੋਏ ਸਾਂਝਾ ਬਿਆਨ ਜਾਰੀ ਕੀਤਾ ਜਿਸ ਵਿਚ ਖੇਤਰੀ ਤਣਾਅ ਦਰਮਿਆਨ ਨਾਗਰਿਕਾਂ ਦੀ ਸੁਰੱਖਿਆ ਦੇ ਮਹੱਤਵ ‘ਤੇ ਵਿਸ਼ੇਸ਼ ਜ਼ੋਰ ਦਿੱਤਾ ਗਿਆ। ਆਗੂਆਂ ਨੇ ਉਮੀਦ ਪ੍ਰਗਟਾਈ ਕਿ ਗਾਜ਼ਾ ਵਿਚ ਜੰਗਬੰਦੀ ਕਰਵਾਉਣ ਦੇ ਯਤਨਾਂ ਸਮੇਤ ਈਰਾਨ ਸੰਕਟ ਨੂੰ ਹੱਲ ਕਰਨ ਵਿਚ ਪੱਛਮੀ ਏਸ਼ੀਆ ਵਿਚ ਵਿਆਪਕ ਦੁਸ਼ਮਣੀ ਘੱਟ ਕਰਨ ‘ਚ ਮਦਦ ਮਿਲ ਸਕਦੀ ਹੈ।

### ਰੂਸ ਨੂੰ ਜੀ-8 ’ਚੋਂ ਬਾਹਰ ਕੱਢਣਾ ਗ਼ਲਤੀ

ਕੈਮਲਿਨ ਦੇ ਬੁਲਾਰੇ ਦਿਮਿੱਤਰੀ ਪੇਸਕੋਵ ਨੇ ਕਿਹਾ ਕਿ ਟਰੰਪ ਦਾ ਇਹ ਕਹਿਣਾ ਸਹੀ ਹੈ ਕਿ 2014 ਵਿਚ ਰੂਸ ਨੂੰ ਜੀ-8 ‘ਚੋਂ ਬਾਹਰ ਕੱਢਣਾ ਇਕ ਵੱਡੀ ਗ਼ਲਤੀ ਸੀ। ਪਰ ਜੀ-7 ਹੁਣ ਰੂਸ ਲਈ ਮਹੱਤਵਪੂਰਨ ਨਹੀਂ ਰਹਿ ਗਿਆ ਅਤੇ ਹੁਣ ਇਹ ਬੇਕਾਰ ਲੱਗਦਾ ਹੈ। ਟਰੰਪ ਨੇ ਸੋਮਵਾਰ ਨੂੰ ਕਿਹਾ ਸੀ ਕਿ 2014 ਵਿਚ ਯੂਕਰੇਨ ਤੋਂ ਕ੍ਰਿਮੀਆ ਨੂੰ ਆਪਣੇ ਕਬਜ਼ੇ ਵਿਚ ਲੈਣ ਤੋਂ ਬਾਅਦ ਰੂਸ ਨੂੰ ਬਾਹਰ ਕੱਢਣਾ ਜੀ-8 ਦੀ ਵੱਡੀ ਗ਼ਲਤੀ ਸੀ। ਜੇਕਰ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨੂੰ ਜੀ-8 ਦੇ ਆਗੂਆਂ ਦੇ ਕਲੱਬ ‘ਚੋਂ ਬਾਹਰ ਨਾ ਕੱਢਿਆ ਜਾਂਦਾ ਤਾਂ ਰੂਸ 2022 ਵਿਚ ਯੂਕਰੇਨ ‘ਤੇ ਹਮਲਾ ਨਾ ਕਰਦਾ।




### ਮੱਧ-ਪੂਰਬ ‘ਚ ਤਣਾਅ ਘੱਟ ਕਰਨ ਦਾ ਦਿੱਤਾ ਸੱਦਾ

ਫਰਾਂਸ ਦੇ ਰਾਸ਼ਟਰਪਤੀ ਇਮੈਨੁਅਲ ਮੈਕਰੋਂ ਨੇ ਇਜ਼ਰਾਈਲ ਤੇ ਈਰਾਨ ਵਿਚਾਲੇ ਸੰਘਰਸ਼ ਨੂੰ ਘੱਟ ਕਰਨ ਦੀ ਤੁਰੰਤ ਲੋੜ ‘ਤੇ ਜ਼ੋਰ ਦਿੱਤਾ। ਨਾਲ ਹੀ ਈਰਾਨ ਦੇ ਪਰਮਾਣੂ ਪ੍ਰੋਗਰਾਮ ‘ਤੇ ਗੱਲਬਾਤ ਮੁੜ ਸ਼ੁਰੂ ਕਰਨ ਦਾ ਵੀ ਸੱਦਾ ਦਿੱਤਾ। ਜੀ-7 ਸੰਮੇਲਨ ਵਿਚ ਮੈਕਰੋਂ ਨੇ ਡੋਨਾਲਡ ਟਰੰਪ, ਬ੍ਰਿਟੇਨ ਦੇ ਪ੍ਰਧਾਨ ਮੰਤਰੀ ਕੀਅਰ ਸਟਾਰਮਰ ਤੇ ਕੈਨੇਡਾ ਦੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਸਮੇਤ ਕਈ ਆਲਮੀ ਆਗੂਆਂ ਨਾਲ ਮੁਲਾਕਾਤ ਕੀਤੀ। ਉਨ੍ਹਾਂ ਦੀ ਗੱਲਬਾਤ ਮੱਧ-ਪੂਰਬ ਵਿਚ ਅਸਥਿਰ ਸਥਿਤੀ, ਯੂਕਰੇਨ ‘ਚ ਯੁੱਧ ਅਤੇ ਰੱਖਿਆ, ਊਰਜਾ ਤੇ ਏਆਈ ਵਰਗੇ ਰਣਨੀਤਕ ਖੇਤਰਾਂ ‘ਤੇ ਦੁਵੱਲਾ ਸਹਿਯੋਗ ਵਧਾਉਣ ‘ਤੇ ਕੇਂਦਰਿਤ ਸੀ।

### ਬ੍ਰਿਟੇਨ ਨੇ ਰੂਸ ’ਤੇ ਲਾਈਆਂ ਨਵੀਆਂ ਪਾਬੰਦੀਆਂ

ਬ੍ਰਿਟੇਨ ਨੇ ਮੰਗਲਵਾਰ ਨੂੰ ਯੂਕਰੇਨ ਵਿਚ ਯੁੱਧ ਨੂੰ ਲੈ ਕੇ ਰੂਸ ਖ਼ਿਲਾਫ਼ ਨਵੀਆਂ ਪਾਬੰਦੀਆਂ ਦਾ ਐਲਾਨ ਕੀਤਾ। ਸਰਕਾਰੀ ਵੈੱਬਸਾਈਟ ‘ਤੇ ਪੋਸਟ ਕੀਤੇ ਗਏ ਇਕ ਨੋਟਿਸ ਵਿਚ ਕਿਹਾ ਗਿਆ ਹੈ ਕਿ ਬ੍ਰਿਟੇਨ ਦੀਆਂ ਨਵੀਆਂ ਪਾਬੰਦੀਆਂ ਵਿਚ ਚਾਰ ਵਿਅਕਤੀ, ਛੇ ਸੰਸਥਾਵਾਂ ਤੇ 20 ਜਹਾਜ਼ ਸ਼ਾਮਲ ਹਨ, ਜਿਨ੍ਹਾਂ ਵਿਚ ਤੇਲ ਟੈਂਕਰ, ਮਰੀਨ ਕੰਪਨੀਆਂ ਤੇ ਰੂਸ ਨੂੰ ਵਿਸ਼ੇਸ਼ ਤੌਰ ‘ਤੇ ਇਲੈਕਟ੍ਰਾਨਿਕ ਸਾਮਾਨ ਦੇ ਸਪਲਾਇਰ ਸ਼ਾਮਲ ਹਨ। ਜ਼ਿਕਰਯੋਗ ਹੈ ਕਿ ਬ੍ਰਿਟੇਨ ਨੇ 2022 ਵਿਚ ਯੂਕਰੇਨ ‘ਤੇ ਹਮਲੇ ਤੋਂ ਬਾਅਦ ਰੂਸ ਖ਼ਿਲਾਫ਼ ਪਾਬੰਦੀਆਂ ਤਹਿਤ ਪਹਿਲਾਂ ਹੀ 2300 ਤੋਂ ਵੱਧ ਵਿਅਕਤੀਆਂ, ਸੰਸਥਾਵਾਂ ਅਤੇ ਜਹਾਜ਼ਾਂ ‘ਤੇ ਪਾਬੰਦੀਆਂ ਲਗਾਈਆਂ ਹਨ।

# ਮੁਨੀਰ ਸੰਭਾਲਣਗੇ ਪਾਕਿ ’ਚ ਟਰੰਪ ਪਰਿਵਾਰ ਦੇ ਕ੍ਰਿਪਟੋ ਕਾਰੋਬਾਰ ਦੀ ਜ਼ਿੰਮੇਵਾਰੀ

## ਪ੍ਰਧਾਨ ਮੰਤਰੀ ਸ਼ਰੀਫ਼ ਦੇ ਪੁੱਤਰਾਂ ਦਾ ਰਹੇਗਾ ਵੱਡਾ ਹਿੱਸਾ

**ਅੰਮ੍ਰਿਤਸਰ:** ਪਾਕਿਸਤਾਨ ਕ੍ਰਿਪਟੋ ਕੌਂਸਲ ਨੇ ਪਾਕਿ ਦੇ 17 ਹਜ਼ਾਰ ਕਰੋੜ ਰੁਪਏ ਦੇ ਕ੍ਰਿਪਟੋ ਕਾਰੋਬਾਰ ਲਈ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਪਰਿਵਾਰ ਦੇ ਦਬਦਬੇ ਵਾਲੇ ਵਰਲਡ ਲਿਬਰਟੀ ਫਾਈਨੈਂਸ਼ੀਅਲ (ਡਬਲਿਊ. ਐੱਲ. ਐੱਫ.) ਨਾਲ ਇਕ ਸਮਝੌਤੇ ‘ਤੇ ਹਸਤਾਖ਼ਰ ਕੀਤੇ ਹਨ। ਡਬਲਿਊ. ਐੱਲ. ਐੱਫ. ‘ਚ ਟਰੰਪ ਪਰਿਵਾਰ ਦੀ 60 ਫ਼ੀਸਦੀ ਤੋਂ ਜ਼ਿਆਦਾ ਹਿੱਸੇਦਾਰੀ ਹੈ। ਦੱਸਣਯੋਗ ਹੈ ਕਿ ਕ੍ਰਿਪਟੋ ਕਰੰਸੀ ਇਕ ਡਿਜ਼ੀਟਲ ਮੁਦਰਾ ਹੈ ਜੋ ਕੰਪਿਊਟਰ ਨੈੱਟਵਰਕਾਂ ‘ਤੇ ਐਕਸਚੇਂਜ ਦੇ ਮਾਧਿਅਮ ਵਜੋਂ ਕੰਮ ਕਰਨ ਲਈ ਤਿਆਰ ਕੀਤੀ ਗਈ ਹੈ। ਇਹ ਮੁਦਰਾ ਕਿਸੇ ਕੇਂਦਰੀ ਅਥਾਰਿਟੀ ਜਾਂ ਸਰਕਾਰ ਜਾਂ ਬੈਂਕ ਦੁਆਰਾ ਜਾਰੀ ਨਹੀਂ ਕੀਤੀ ਜਾਂਦੀ। ਜਾਣਕਾਰੀ ਅਨੁਸਾਰ ਡਬਲਿਊ. ਐੱਲ. ਐੱਫ. ‘ਚ ਟਰੰਪ ਦੇ ਸਭ ਤੋਂ ਵੱਡੇ ਪੁੱਤਰ ਟਰੰਪ ਜੂਨੀਅਰ ਦੀ 25 ਫ਼ੀਸਦੀ ਹਿੱਸੇਦਾਰੀ ਹੈ। ਉਹ ਪਾਕਿ ‘ਚ ਕ੍ਰਿਪਟੋ ਕਾਰੋਬਾਰ ਦੀ ਅਗਵਾਈ ਕਰੇਗਾ, ਜਦਕਿ ਉਸ ਦੇ ਦੂਜੇ ਪੁੱਤਰ ਏਰਿਕ ਟਰੰਪ ਦੀ 15 ਫੀਸਦੀ ਹਿੱਸੇਦਾਰੀ ਹੈ ਅਤੇ ਉਹ ਪਾਕਿ ‘ਚ ਕ੍ਰਿਪਟੋ ਕਾਰੋਬਾਰ ਦੀ ਨਿਯਮਤ ਤੌਰ ‘ਤੇ ਨਿਗਰਾਨੀ ਕਰੇਗਾ। ਟਰੰਪ ਦੀ ਧੀ ਇਵਾਂਕਾ ਦਾ ਪਤੀ ਜੈਰੇਡ ਕੁਸ਼ਨਰ ਵੀ ਇਸ ਕਾਰੋਬਾਰ ‘ਚ ਵਿਸ਼ੇਸ਼ ਭੂਮਿਕਾ ਨਿਭਾਵੇਗਾ।

**ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ਼ ਦਾ ਵੱਡਾ ਪੁੱਤਰ ਸਲਮਾਨ ਸ਼ਰੀਫ਼ ਜੋ ਕਿ ਪਾਕਿ ‘ਚ ਸੋਲਰ ਪੈਨਲਾਂ ਦਾ ਸਭ ਤੋਂ ਵੱਡਾ ਆਯਾਤਕ ਅਤੇ ਛੋਟਾ ਪੁੱਤਰ ਹੁਸੈਨ ਨਵਾਜ਼ ਜੋ ਕਿ ਲਾਹੌਰ ‘ਚ ਕ੍ਰਿਪਟੋ ਦਫ਼ਤਰ ਵਿਚ ਭਾਈਵਾਲ ਹੈ।**



ਦੂਜੇ ਪਾਸੇ, ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ਼ ਦਾ ਵੱਡਾ ਪੁੱਤਰ ਸਲਮਾਨ ਸ਼ਰੀਫ਼ ਜੋ ਕਿ ਪਾਕਿ ‘ਚ ਸੋਲਰ ਪੈਨਲਾਂ ਦਾ ਸਭ ਤੋਂ ਵੱਡਾ ਆਯਾਤਕ ਅਤੇ ਛੋਟਾ ਪੁੱਤਰ ਹੁਸੈਨ ਨਵਾਜ਼ ਜੋ ਕਿ ਲਾਹੌਰ ‘ਚ ਕ੍ਰਿਪਟੋ ਦਫ਼ਤਰ ਵਿਚ ਭਾਈਵਾਲ ਹੈ, ਉਹ ਦੋਵੇਂ ਯੂ. ਏ. ਈ. ਅਤੇ ਯੂ. ਕੇ. ਤੋਂ ਡਿਜੀਟਲ ਵਿੱਤ ਅਤੇ ਕੌਮਾਂਤਰੀ ਲੈਣ-ਦੇਣ ਦੀ ਦੇਖਭਾਲ ਕਰਨਗੇ। ਦੱਸਿਆ ਜਾ ਰਿਹਾ ਹੈ ਕਿ ਪਾਕਿ ਦੇ ਫ਼ੌਜ ਮੁਖੀ ਫੀਲਡ ਮਾਰਸ਼ਲ ਜਨਰਲ ਆਸਿਮ ਮੁਨੀਰ ਪਾਕਿ ‘ਚ ਟਰੰਪ ਦੇ ਪਰਿਵਾਰ ਦੇ ਕ੍ਰਿਪਟੋ ਕਾਰੋਬਾਰ ਦੀ ਮੁੱਖ ਜ਼ਿੰਮੇਵਾਰੀ ਸੰਭਾਲਣਗੇ। ਉਨ੍ਹਾਂ ਨੂੰ ਹਾਲ ਹੀ ‘ਚ ਟਰੰਪ ਨੇ ਕ੍ਰਿਪਟੋ ਸੌਦੇ ਨੂੰ ਅੰਤਿਮ ਰੂਪ ਦੇਣ ਲਈ ਡਿਨਰ ਡਿਪਲੋਮੇਸੀ ਦੇ ਹਿੱਸੇ ਵਜੋਂ ਵਾਈਟ ਹਾਊਸ ‘ਚ ਸੱਦਾ ਦਿੱਤਾ। ਸੀ। ਦਾਅਵਾ ਕੀਤਾ ਜਾ ਰਿਹਾ ਹੈ ਕਿ ਟਰੰਪ ਪਰਿਵਾਰ ਅਗਲੇ ਦੋ ਸਾਲਾਂ ‘ਚ ਪਾਕਿ ਵਿਚ ਕ੍ਰਿਪਟੋ ਕਾਰੋਬਾਰ ਨੂੰ ਦੁੱਗਣਾ ਕਰਕੇ 34 ਹਜ਼ਾਰ ਕਰੋੜ ਰੁਪਏ ਕਰਨ ਦੀ ਤਿਆਰੀ ਕਰ ਰਿਹਾ ਹੈ ।

# ਸਿੰਧੂ ਜਲ ਸੰਧੀ ਬਹਾਲ ਨਹੀਂ ਕਰੇਗਾ ਭਾਰਤ: ਅਮਿਤ ਸ਼ਾਹ

**ਨਵੀਂ ਦਿੱਲੀ:** ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਕਿਹਾ ਹੈ ਕਿ ਭਾਰਤ, ਪਾਕਿਸਤਾਨ ਨਾਲ ਸਿੰਧੂ ਜਲ ਸੰਧੀ ਬਹਾਲ ਨਹੀਂ ਕਰੇਗਾ। ਗ੍ਰਹਿ ਮੰਤਰੀ ਦੀ ਇਸ ਟਿੱਪਣੀ ਮਗਰੋਂ ਦੋਵਾਂ ਮੁਲਕਾਂ 'ਚ ਸ਼ਬਦੀ ਜੰਗ ਛਿੜ ਗਈ ਹੈ। ਸ਼ਾਹ ਨੇ ਅੰਗਰੇਜ਼ੀ ਅਖਬਾਰ ਨਾਲ ਇੰਟਰਵਿਊ 'ਚ ਕਿਹਾ ਕਿ ਭਾਰਤ, ਪਾਕਿਸਤਾਨ ਨਾਲ ਸਿੰਧੂ ਜਲ ਸੰਧੀ ਬਹਾਲ ਨਹੀਂ ਕਰੇਗਾ ਅਤੇ ਗੁਆਂਢੀ ਮੁਲਕ ਨੂੰ ਜਾਣ ਵਾਲੇ ਪਾਣੀ ਨਾਲ ਘਰੇਲੂ ਲੋੜਾਂ ਪੂਰੀਆਂ ਕੀਤੀਆਂ ਜਾਣਗੀਆਂ। ਦੂਜੇ ਪਾਸੇ ਪਾਕਿਸਤਾਨ ਨੇ ਇਸ ਬਿਆਨ ਨੂੰ ਗ਼ੈਰਜ਼ਿੰਮੇਵਾਰਾਨਾ ਡੇ ਕੌਮਾਂਤਰੀ ਮਰਿਆਦਾ ਦੀ ਉਲੰਘਣਾ ਕਰਾਰ ਦਿੱਤਾ ਹੈ। ਦੱਸਣਯੋਗ ਹੈ ਕਿ ਪਹਿਲਗਾਮ ਦਹਿਸ਼ਤੀ ਹਮਲੇ 'ਚ 26ਵਿਅਕਤੀਆਂ ਦੀ ਮੌਤ ਮਗਰੋਂ ਭਾਰਤ ਨੇ 1960 ਦੀ ਸੰਧੀ ਜਲ ਸੰਧੀ ਮੁਅੱਤਲ ਕਰ ਦਿੱਤੀ ਸੀ। ਸ਼ਾਹ ਨੇ ਕਿਹਾ, ''ਨਹੀਂ, ਇਹ (ਸਿੰਧੂ ਜਲ ਸੰਧੀ) ਬਹਾਲ ਨਹੀਂ ਕੀਤੀ ਜਾਵੇਗੀ। ਅਸੀਂ ਨਹਿਰ ਬਣਾ ਕੇ ਪਾਕਿਸਤਾਨ ਵੱਲ ਜਾਂਦਾ ਪਾਣੀ ਰਾਜਸਥਾਨ ਲਿਜਾਵਾਂਗੇ। ਪਾਕਿਸਤਾਨ ਪਾਣੀ ਨੂੰ ਤਰਸੇਗਾ, ਜੋ ਉਸ ਨੂੰ ਗਲਤ ਤਰੀਕੇ ਨਾਲ ਮਿਲ ਰਿਹਾ ਹੈ।''



ਦੂਜੇ ਪਾਸੇ ਪਾਕਿਸਤਾਨ ਦੇ ਵਿਦੇਸ਼ ਮੰਤਰਾਲੇ ਦੇ ਤਰਜਮਾਨ ਨੇ ਬਿਆਨ 'ਚ ਕਿਹਾ, ''ਇਹ ਬਿਆਨ ਕੌਮਾਂਤਰੀ ਸਮਝੌਤਿਆਂ ਦੀ ਮਰਿਆਦਾ ਦੀ ਉਲੰਘਣਾ ਨੂੰ ਦਰਸਾਉਂਦਾ ਹੈ। ਸਿੰਧੂ ਜਲ ਸੰਧੀ ਕੋਈ ਰਾਜਨੀਤਕ ਸਮਝੌਤਾ ਨਹੀਂ ਹੈ, ਬਲਕਿ ਇਹ ਇੱਕ ਕੌਮਾਂਤਰੀ ਸੰਧੀ ਹੈ, ਜਿਸ ਵਿੱਚ ਇਕਪਾਸੜ ਕਾਰਵਾਈ ਲਈ ਕੋਈ ਵਿਵਸਥਾ ਨਹੀਂ ਹੈ। ਸੰਧੀ ਨੂੰ ਮੁਲਤਵੀ ਰੱਖਣ ਦਾ ਭਾਰਤ ਦਾ . ਗ਼ੈਰਕਾਨੂੰਨੀ ਬਿਆਨ ਕੌਮਾਂਤਰੀ ਕਾਨੂੰਨ, ਸੰਧੀ ਦੇ ਪ੍ਰਬੰਧਾਂ ਅੰਤਰ-ਦੇਸ਼ੀ ਸਬੰਧਾਂ ਨੂੰ ਕੰਟਰੋਲ ਕਰਨ ਵਾਲੇ ਬੁਨਿਆਦੀ ਸਿਧਾਂਤਾਂ ਦੀ ਸਪੱਸ਼ਟ ਉਲੰਘਣਾ ਹੈ।'' ਬਿਆਨ ਮੁਤਾਬਕ, ''ਅਜਿਹਾ ਵਿਵਹਾਰ ਲਾਪ੍ਰਵਾਹੀ ਵਾਲੀ ਤੇ ਖ਼ਤਰਨਾਕ ਮਿਸਾਲ ਹੈ, ਜੋ ਕੌਮਾਂਤਰੀ ਸਮਝੌਤਿਆਂ ਦੀ ਭਰੋਸੇਯੋਗਤਾ ਨੂੰ ਖੋਖਲਾ ਕਰਦੀ ਹੈ ਅਤੇ ਇਕ ਅਜਿਹੇ ਰਾਜ ਦੀ ਭਰੋਸਯੋਗਤਾ ਬਾਰੇ ਗੰਭੀਰ ਸਵਾਲ ਖੜ੍ਹਾ ਕਰਦੀ ਹੈ, ਜੋ ਖੁੱਲ੍ਹੇ ਤੌਰ 'ਤੇ ਆਪਣੇ ਕਾਨੂੰਨੀ ਫਰਜ਼ ਪੂਰੇ ਕਰਨ ਤੋਂ ਇਨਕਾਰ ਕਰਦਾ ਹੈ।''

ਪਾਕਿਸਤਾਨੀ ਵਿਦੇਸ਼ ਮੰਤਰਾਲੇ ਦੇ ਤਰਜਮਾਨ ਨੇ ਬਿਆਨ 'ਚ ਕਿਹਾ, ''ਰਾਜਨੀਤਕ ਉਦੇਸ਼ਾਂ ਲਈ ਪਾਣੀ ਨੂੰ ਹਥਿਆਰ ਵਰਤਣਾ ਗ਼ੈਰਜ਼ਿੰਮੇਵਾਰਾਨਾ ਕਾਰਵਾਈ ਹੈ। ਭਾਰਤ ਨੂੰ ਤੁਰੰਤ ਆਪਣਾ ਇੱਕਪਾਸੜ ਤੇ ਗ਼ੈਰ ਕਾਨੂੰਨੀ ਰੁਖ਼ ਬਦਲਣਾ ਚਾਹੀਦਾ ਹੈ।

# ਜਸੂਸੀ ਦੇ ਦੋਸ਼ ਵਿਚ ਫੌਜੀ ਗ੍ਰਿਫ਼ਤਾਰ

**ਅੰਮ੍ਰਿਤਸਰ:** ਦਿਹਾਤੀ ਪੁਲਿਸ ਨੇ ਭਾਰਤੀ ਫੌਜ ਦੇ ਇੱਕ ਜਵਾਨ ਅਤੇ ਉਸਦੇ ਸਹਿਯੋਗੀ ਨੂੰ ਫੌਜ ਨਾਲ ਸਬੰਧਤ ਸੰਵੇਦਨਸ਼ੀਲ ਡੇਟਾ ਪਾਕਿਸਤਾਨ ਦੀ ਇੰਟਰ-ਸਰਵਿਸਿਜ਼ ਇੰਟੈਲੀਜੈਂਸ (ਆਈ.ਐਸ.ਆਈ.) ਨੂੰ ਲੀਕ ਕਰਨ ਸ਼ੱਕ ਵਿੱਚ ਗ੍ਰਿਫਤਾਰ ਕੀਤਾ ਹੈ। ਇਹ ਜਾਣਕਾਰੀ ਡੀ ਜੀ ਪੀ ਗੌਰਵ ਯਾਦਵ ਨੇ ਚੰਡੀਗੜ੍ਹ ਤੋਂ ਦਿੱਤੀ।

ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮਾਂ ਦੀ ਪਛਾਣ ਗੁਰਪ੍ਰੀਤ ਸਿੰਘ ਉਰਫ਼ ਗੋਪੀ ਫੌਜੀ ਵਾਸੀ ਧਾਰੀਵਾਲ, ਅੰਮ੍ਰਿਤਸਰ,ਜੋ ਮੌਜੂਦਾ ਸਮੇਂ ਭਾਰਤੀ ਫੌਜ ਦੇ ਜਵਾਨ ਵਜੋਂ ਜੰਮੂ ਵਿਖੇ ਤਾਇਨਾਤ ਹੈ ਅਤੇ ਉਸਦੇ ਸਾਥੀ ਸਾਹਿਲ ਮਸੀਹ ਉਰਫ਼ ਸ਼ਾਲੀ, ਜੋ ਕਿ ਅੰਮ੍ਰਿਤਸਰ ਦੇ ਧਾਰੀਵਾਲ ਦਾ ਰਹਿਣ ਵਾਲਾ ਹੈ, ਵਜੋਂ ਹੋਈ ਹੈ।

ਡੀਜੀਪੀ ਗੌਰਵ ਯਾਦਵ ਨੇ ਦੱਸਿਆ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਿਆ ਹੈ ਕਿ ਗੁਰਪ੍ਰੀਤ ਸਿੰਘ ਪਾਕਿਸਤਾਨੀ ਆਈ.ਐਸ.ਆਈ. ਦੇ ਕਾਰਕੁੰਨਾਂ ਨਾਲ ਸਿੱਧੇ ਸੰਪਰਕ ਵਿੱਚ ਸੀ ਅਤੇ ਇਹ ਸ਼ੱਕ ਹੈ ਕਿ ਉਹ ਪੈੱਨ ਡਰਾਈਵ ਰਾਹੀਂ ਸੰਵੇਦਨਸ਼ੀਲ ਅਤੇ ਖੁਫ਼ੀਆ ਜਾਣਕਾਰੀ ਸਾਂਝੀ ਕਰਦਾ ਸੀ। ਉਨ੍ਹਾਂ ਅੱਗੇ ਕਿਹਾ ਕਿ ਇਸ ਮਾਮਲੇ ਵਿੱਚ ਸ਼ਾਮਲ ਮੁੱਖ ਆਈ.ਐਸ.ਆਈ. ਹੈਂਡਲਰ ਦੀ ਪਛਾਣ ਰਾਣਾ ਜਾਵੇਦ ਵਜੋਂ ਹੋਈ ਹੈ। ਉਨ੍ਹਾਂ ਕਿਹਾ ਕਿ ਜਾਸੂਸੀ-ਦਹਿਸ਼ਤਗਰਦੀ ਦੇ ਵਿਆਪਕ ਨੈੱਟਵਰਕ ਨੂੰ ਜੜ੍ਹੋਂ ਤਬਾਹ ਕਰਨ ਅਤੇ ਇਸ ਮਾਮਲੇ ਵਿੱਚ ਸਾਰੇ ਸਹਿਯੋਗੀਆਂ ਦੀ ਪਛਾਣ ਕਰਨ ਵਾਸਤੇ ਹੋਰ ਜਾਂਚ ਕੀਤੀ ਜਾ ਰਹੀ ਹੈ।ਹੋਰ ਵੇਰਵੇ ਸਾਂਝੇ ਕਰਦਿਆਂ ਸੀਨੀਅਰ ਸੁਪਰਡੈਂਟ ਆਫ਼ ਪੁਲਿਸ (ਐਸ.ਐਸ.ਪੀ.) ਅੰਮ੍ਰਿਤਸਰ ਦਿਹਾਤੀ ਮਨਿੰਦਰ ਸਿੰਘ ਨੇ ਕਿਹਾ ਕਿ ਮੁਲਜ਼ਮ ਗੁਰਪ੍ਰੀਤ ਸਿੰਘ ਉਰਫ਼ ਗੋਪੀ ਫੌਜੀ 2016 ਵਿੱਚ ਫੌਜ ਵਿੱਚ ਭਰਤੀ ਹੋਇਆ ਸੀ ਅਤੇ ਇਹ ਖ਼ਦਸ਼ਾ ਹੈ ਕਿ ਉਸਨੇ ਆਪਣੇ ਆਹੁਦੇ ਦੀ ਦੁਰਵਰਤੋਂ ਕਰਦਿਆਂ ਪੈੱਨ ਡਰਾਈਵ ਅਤੇ ਡਿਸਕਾਂ ਰਾਹੀਂ ਫੌਜ ਦੀ ਖੁਫ਼ੀਆ ਜਾਣਕਾਰੀ ਜੁਟਾਈ ਅਤੇ ਪਾਕਿਸਤਾਨ ਆਈ ਐਸ ਆਈ ਨੂੰ ਲੀਕ ਕੀਤੀ।



ਉਨ੍ਹਾਂ ਕਿਹਾ ਕਿ ਜਾਸੂਸੀ ਨੈੱਟਵਰਕ ਨੂੰ ਕਥਿਤ ਤੌਰ 'ਤੇ ਧਾਰੀਵਾਲ ਦੇ ਇੱਕ ਦੁਬਈ-ਅਧਾਰਤ ਨਸ਼ਾ ਤਸਕਰ, ਅਰਜਨ ਨੇ ਪੰਜ ਮਹੀਨੇ ਪਹਿਲਾਂ ਗੁਰਪ੍ਰੀਤ ਨੂੰ ਆਈਐਸਆਈ ਦੇ ਕਾਰਕੁਨਾਂ ਨਾਲ ਰੂਬਰੂ ਕਰਵਾਇਆ ਸੀ। ਉਨ੍ਹਾਂ ਦੱਸਿਆ ਕਿ ਕਿ ਉਸ ਸਮੇਂ ਤੋਂ, ਗੁਰਪ੍ਰੀਤ ਪਹਿਲਾਂ ਤੋਂ ਨਿਰਧਾਰਤ ਡਰਾਪ ਥਾਵਾਂ ਦੀ ਵਰਤੋਂ ਕਰਕੇ ਆਈਐਸਆਈ ਨੂੰ ਫੌਜ ਦਾ ਸੰਵੇਦਨਸ਼ੀਲ ਡੇਟਾ ਸਰਗਰਮੀ ਨਾਲ ਭੇਜਣ ਕਰਨ ਵਿੱਚ ਜੁਟਿਆ ਸੀ। ਐਸਐਸਪੀ ਨੇ ਕਿਹਾ ਕਿ ਇਸ ਜਾਸੂਸੀ ਗਤੀਵਿਧੀ ਨੂੰ ਅੰਜਾਮ ਦੇਣ ਬਦਲੇ, ਦੋਸ਼ੀ ਗੁਰਪ੍ਰੀਤ ਨੂੰ ਬੜੇ ਗੁੰਝਲਦਾਰ ਨੈੱਟਵਰਕ ਰਾਹੀਂ ਇਵਜ਼ਾਨਾ ਮਿਲ ਰਿਹਾ ਸੀ,ਜਿਸ ਵਿੱਚ ਦੋਸਤਾਂ, ਰਿਸ਼ਤੇਦਾਰਾਂ ਅਤੇ ਵਿਦੇਸ਼ੀ ਸਹਿਯੋਗੀਆਂ ਦੇ ਬੈਂਕ ਖਾਤਿਆਂ ਨੂੰ ਵਰਤਿਆ ਜਾਂਦਾ ਸੀ ਤਾਂ ਜੋ ਇਸ ਗਤੀਵਿਧੀ ਦਾ ਕਿਸੇ ਨੂੰ ਨਾ ਪਤਾ ਲੱਗੇ। ਖੁਫੀਆ ਇਤਲਾਹ 'ਤੇ ਕਾਰਵਾਈ ਕਰਦਿਆਂ ਪੁਲਿਸ ਟੀਮਾਂ ਨੇ ਗੁਰਪ੍ਰੀਤ ਅਤੇ ਉਸਦੇ ਸਾਥੀ ਸਾਹਿਲ ਮਸੀਹ ਨੂੰ ਉਦੋਂ ਗ੍ਰਿਫ਼ਤਾਰ ਕਰ ਲਿਆ ਜਦੋਂ ਉਹ ਹੋਰ ਸੰਵੇਦਨਸ਼ੀਲ ਡੇਟਾ ਲੀਕ ਕਰਨ ਦੀ ਤਾਕ ਵਿੱਚ ਸਨ। ਉਨ੍ਹਾਂ ਕਿਹਾ ਕਿ ਵਿਆਪਕ ਗਠਜੋੜ ਦਾ ਪਰਦਾਫਾਸ਼ ਕਰਨ ਅਤੇ ਹੋਰ ਸਾਜ਼ਿਸ਼ਕਾਰਾਂ ਦੀ ਪਛਾਣ ਕਰਨ ਲਈ ਅਗਲੇਰੀ ਜਾਂਚ ਜਾਰੀ ਹੈ। ਇਸ ਸਬੰਧੀ ਅੰਮ੍ਰਿਤਸਰ ਦਿਹਾਤੀ ਦੇ ਪੁਲਿਸ ਸਟੇਸ਼ਨ ਲੋਪੋਕੇ ਵਿਖੇ 21.06.2025 ਨੂੰ ਧਾਰਾ 3(5) ਦੇ ਤਹਿਤ ਐਫ ਆਈ ਆਰ ਨੰਬਰ 140 ਦਰਜ ਕੀਤੀ ਗਈ ਹੈ।

## ਫੈਕਟਰੀਆਂ ਨੂੰ ਤਿੰਨ ਤੋਂ ਪੰਜ ਸਾਲ ਲਈ ਮਿਲੇਗਾ ਫਾਇਰ ਸੇਫਟੀ ਸਰਟੀਫਿਕੇਟ

ਪੰਜਾਬ ਮੰਤਰੀ ਮੰਡਲ ਨੇ ਅੱਜ ਪੰਜਾਬ ਫਾਇਰ ਐਂਡ ਐਮਰਜੈਂਸੀ ਸਰਵਿਸਿਜ਼ (ਫਾਇਰ ਸੇਫਟੀ ਸਰਟੀਫਿਕੇਟ ਦੀ ਵੈਧਤਾ) ਨਿਯਮ, 2025 ਬਣਾਉਣ ਨੂੰ ਵੀ ਪ੍ਰਵਾਨਗੀ ਦੇ ਦਿੱਤੀ। ਇਸ ਨਾਲ ਫੈਕਟਰੀਆਂ ਵਿੱਚ ਪਹਿਲਾਂ ਫਾਇਰ ਸੇਫਟੀ ਸਰਟੀਫਿਕੇਟ ਹਰ ਸਾਲ ਨਵਿਊਆਉਣਾ ਪੈਂਦਾ ਸੀ, ਪਰ ਹੁਣ ਸੂਬੇ ਵਿੱਚ ਫਾਇਰ ਸੇਫਟੀ ਸਰਟੀਫਿਕੇਟ ਦੀ ਮਿਆਦ ਤਿੰਨ ਤੋਂ ਪੰਜ ਸਾਲ ਦੀ ਕਰ ਦਿੱਤੀ ਜਾਵੇਗੀ। ਕੈਬਨਿਟ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਇਸ ਨਾਲ ਫੈਕਟਰੀ ਮਾਲਕਾਂ ਦੀ ਖੱਜਲ-ਖੁਆਰੀ ਘਟੇਗੀ।

# ਮਜੀਠੀਆ ਮੇਰੀ ਫ਼ਿਕਰ ਛੱਡ ਕੇ ਸੁਖਬੀਰ ਦੀਆਂ ਸੱਟਾਂ ਬਾਰੇ ਦੱਸੇ: ਮਾਨ

**ਚੰਡੀਗੜ੍ਹ:** ਪੰਜਾਬ ਵਿੱਚ ਵਿਰੋਧੀ ਧਿਰਾਂ ਵੱਲੋਂ ਪਿਛਲੇ ਲੰਬੇ ਸਮੇਂ ਤੋਂ ਮੁੱਖ ਮੰਤਰੀ ਭਗਵੰਤ ਮਾਨ 'ਤੇ ਲਗਾਤਾਰ ਸੇਧੇ ਜਾ ਰਹੇ ਨਿਸ਼ਾਨਿਆਂ ਤੋਂ ਬਾਅਦ ਅੱਜ ਮਾਨ ਨੇ ਮੋੜਵਾਂ ਜਵਾਬ ਦਿੱਤਾ ਹੈ। ਇਸ ਦੌਰਾਨ ਉਨ੍ਹਾਂ ਸ਼੍ਰੋਮਣੀ ਅਕਾਲੀ ਦਲ ਦੇ ਆਗੂ ਬਿਕਰਮ ਸਿੰਘ ਮਜੀਠੀਆ 'ਤੇ ਸ਼ਬਦੀ ਵਾਰ ਕੀਤੇ। ਉਨ੍ਹਾਂ ਮਜੀਠੀਆ ਪਰਿਵਾਰ 'ਤੇ ਜਨਰਲ ਡਾਇਰ ਨੂੰ ਡਿਨਰ ਕਰਵਾਉਣ ਅਤੇ ਸਿਰੋਪਾਓ ਭੇਟ ਕਰਨ ਦੇ ਦੋਸ਼ ਵੀ ਲਾਏ। ਉਨ੍ਹਾਂ ਚੰਡੀਗੜ੍ਹ ਦੇ ਮਿਉਂਸੀਪਲ ਭਵਨ ਵਿੱਚ ਨੌਜਵਾਨਾਂ ਨੂੰ ਨਿਯੁਕਤੀ ਪੱਤਰ ਵੰਡ ਸਮਾਗਮ ਨੂੰ ਸੰਬੋਧਨ ਕਰਦਿਆਂ ਕਿਹਾ, 'ਵਿਰੋਧੀ ਧਿਰ ਦੇ ਆਗੂਆਂ ਨੇ ਕਦੇ ਪੰਜਾਬ ਦੇ ਹਿੱਤ 'ਚ ਗੱਲ ਤਾਂ ਨਹੀਂ ਕੀਤੀ, ਪਰ ਉਹ ਰੋਜ਼ ਸਵੇਰੇ ਉੱਠਕੇ ਮੇਰੇ 'ਤੇ ਹਮਲੇ ਜ਼ਰੂਰ ਕਰਨ ਲੱਗ ਜਾਂਦੇ ਹਨ। ਉਨ੍ਹਾਂ ਕਿਹਾ, 'ਮੈਂ -ਕਿਸੇ ਹਸਪਤਾਲ ਵਿੱਚ ਜਾਣਕਾਰ ਦਾ ਹਾਲ ਪੁੱਛਣ ਵੀ ਚਲਾ ਜਾਵਾਂ ਤਾਂ ਬਿਕਰਮ ਸਿੰਘ ਮਜੀਠੀਆ ਵੱਲੋਂ ਮੇਰੀ ਸਿਹਤ ਨੂੰ ਲੈ ਕੇ ਤਰ੍ਹਾਂ-ਤਰ੍ਹਾਂ ਦੀਆਂ ਗੱਲਾਂ ਕਰਨੀਆਂ ਸ਼ੁਰੂ ਕਰ ਦਿੱਤੀਆਂ ਜਾਂਦੀਆਂ ਹਨ। ਉਨ੍ਹਾਂ ਕਿਹਾ ਕਿ ਮਜੀਠੀਆ ਆਪਣੇ ਜੀਜੇ ਸੁਖਬੀਰ ਬਾਦਲ ਦੀ ਸਿਹਤ ਬਾਰੇ ਵੀ ਕੁਝ ਦੱਸ ਦੇਣ ਕਿ ਉਨ੍ਹਾਂ ਦੀ ਕਦੇ ਲੱਤ ਅਤੇ ਕਦੇ ਬਾਂਹ ਟੁੱਟ ਜਾਂਦੀ ਹੈ, ਉਹ ਕਿੱਥੋਂ ਡਿੱਗੇ ਸਨ। ਉਨ੍ਹਾਂ ਕਿਹਾ, 'ਵਿਰੋਧੀ ਧਿਰਾਂ ਵੱਲੋਂ ਪਿਛਲੇ 12 ਸਾਲਾਂ ਤੋਂ ਮੇਰੇ 'ਤੇ ਦਿਨ-ਰਾਤ ਸ਼ਰਾਬ ਪੀਣ ਦੇ ਦੋਸ਼ ਲਾਏ ਜਾਂਦੇ ਹਨ, ਪਰ ਇੰਨੀ ਸ਼ਰਾਬ ਪੀਣ ਵਾਲੇ ਕਦੇ ਵੀ ਇੰਨਾ ਲੰਬਾ ਸਮਾਂ ਜਿਊਂਦੇ ਨਹੀਂ। ਵਿਰੋਧੀ ਧਿਰ ਦੇ ਆਗੂਆਂ ਨੇ ਪੰਜਾਬ ਦੀ ਭਲਾਈ ਲਈ ਗੱਲਾਂ ਕਰਨ ਦੀ ਥਾਂ ਮੇਰੇ 'ਤੇ ਨਿੱਜੀ ਹਮਲੇ ਕੀਤੇ, ਜੋ ਬਿਲਕੁਲ ਗਲਤ ਹੈ।' ਮਾਨ ਨੇ ਕਿਹਾ ਕਿ ਸੁਖਬੀਰ ਬਾਦਲ ਤੇ ਮਜੀਠੀਆ ਦੀ ਬਣਦੀ ਨਹੀਂ ਹੈ ਅਤੇ ਨਾ ਹੀ ਮਜੀਠੀਆ ਤੇ ਹਰਸਿਮਰਤ ਦੀ ਬਣਦੀ ਹੈ, ਪਰ ਮੈਂ ਇਸ ਬਾਰੇ ਕਦੇ ਕੁਝ ਨਹੀਂ ਕਿਹਾ। ਉਨ੍ਹਾਂ ਨੇ ਮਜੀਠੀਆ ਨੂੰ ਆਪਣੇ ਪਰਿਵਾਰ ਦੇ ਪਿਛੋਕੜ ਦੀ ਘੋਖ ਕਰਨ ਦੀ ਨਸੀਹਤ ਦਿੱਤੀ। ਉਨ੍ਹਾਂ ਮਜੀਠੀਆ ਪਰਿਵਾਰ 'ਤੇ ਦੋਸ਼ ਲਾਉਂਦਿਆ ਕਿਹਾ ਕਿ ਜੱਲ੍ਹਿਆਂਵਾਲਾ ਬਾਗ ਵਿੱਚ ਗੋਲੀਆਂ ਚਲਾਉਣ ਵਾਲੇ ਜਨਰਲ ਡਾਇਰ ਨੂੰ ਉਨ੍ਹਾਂ ਨੇ ਆਪਣੇ ਘਰ ਡਿਨਰ ਕਰਵਾਇਆ ਸੀ ਅਤੇ ਮਗਰੋਂ ਸਿਰੋਪਾਓ ਭੇਟ ਕਰਕੇ ਉਸ ਨੂੰ ਦੁਨੀਆ ਦਾ ਪਹਿਲਾ 'ਆਨਰੇਰੀ ਸਿੱਖ' ਬਣਾ ਦਿੱਤਾ ਸੀ। ਮੁੱਖ ਮੰਤਰੀ ਨੇ ਕਿਹਾ ਕਿ ਵਿਰੋਧੀ ਧਿਰਾਂ ਦੇ ਆਗੂ ਪੰਜਾਬ ਦੀਆਂ ਗੱਲਾਂ ਛੱਡ ਕੇ ਨਿੱਜੀ ਟਿੱਪਣੀਆਂ ਕਰਨ ਲੱਗੇ ਹੋਏ ਹਨ।




## ਸਿਆਸਤ 'ਚ ਪੈਸਾ ਨਹੀਂ, ਇੱਜ਼ਤ ਕਮਾਉਣ ਆਇਆਂ: ਮਾਨ

ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਉਹ ਰਾਜਨੀਤੀ ਵਿੱਚ ਪੈਸਾ ਕਮਾਉਣ .ਨਹੀਂ, ਸਗੋਂ ਇੱਜ਼ਤ ਕਮਾਉਣ ਆਏ ਹਨ। ਉਨਾਂ ਕਿਹਾ ਕਿ ਰਾਜਨੀਤੀ ਵਿੱਚ ਆ ਕੇ 'ਲੋਕਾਂ ਦੀ ਜਾਇਦਾਦ ਵਧਦੀ ਹੈ, ਪਰ ਮੇਰੀ ਲਗਾਤਾਰ ਘੱਟ ਰਹੀ ਹੈ। ਉਨ੍ਹਾਂ ਕਿਹਾ ਕਿ ਸਾਲ 2012 ਵਿੱਚ ਚੋਣ ਲੜਨ ਸਮੇਂ ਸਭ ਕੁਝ ਜਨਤਕ ਕਰ ਦਿੱਤਾ ਸੀ, ਪਰ ਸਾਲ 2014 ਵਿੱਚ ਦੁਬਾਰਾ ਚੋਣ ਲੜਨ 'ਤੇ ਜਾਇਦਾਦ ਪਹਿਲਾਂ ਨਾਲੋਂ ਘੱਟ ਗਈ। ਸਾਲ 2014 ਵਿੱਚ ਸੰਸਦ ਮੈਂਬਰ ਬਣਨ ਦੇ ਬਾਵਜੂਦ 2017 ਵਿੱਚ ਜਲਾਲਾਬਾਦ ਤੋਂ ਚੋਣ ਲੜਨ ਸਮੇਂ ਜਾਇਦਾਦ ਹੋਰ ਘੱਟ ਗਈ। ਇਸ ਤੋਂ ਬਾਅਦ 2019 ਵਿੱਚ ਸੰਗਰੂਰ ਤੋਂ ਦੁਬਾਰਾ ਲੜਨ 'ਤੇ ਜਾਇਦਾਦ ਹੋਰ ਘਟ ਗਈ ਅਤੇ ਹੁਣ ਸਾਲ 2022 ਵਿੱਚ ਵਿਧਾਨ ਸਭਾ ਚੋਣ ਲੜਨ ਸਮੇਂ ਜਾਇਦਾਦ ਉਸ ਤੋਂ ਵੀ ਘੱਟ ਗਈ ਹੈ।

# ਚਾਕੂ ਨਾਲ 6 ਵਾਰ ਕਰ ਕੇ ਕੀਤੀ ਗਈ ਸੀ ਸ਼ੀਤਲ ਦੀ ਹੱਤਿਆ

**ਸੋਨੀਪਤ:** ਹਰਿਆਣਵੀ ਮਾਡਲ ਸ਼ੀਤਲ ਦੀ ਹੱਤਿਆ ਚਾਕੂ ਨਾਲ 6 ਵਾਰ ਕਰ ਕੇ ਕੀਤੀ ਗਈ ਸੀ। ਉਸ ਦੀ ਮੌਤ ਗਲੇ 'ਤੇ ਚਾਕੂ ਦੇ ਡੂੰਘੇ ਜ਼ਖ਼ਮ ਕਾਰਨ ਹੋਈ ਪਰ ਉਸ ਦੇ ਗੁੱਟ ਤੇ ਛਾਤੀ 'ਤੇ ਵੀ ਚਾਕੂ ਦੇ ਡੂੰਘੇ ਜ਼ਖ਼ਮ ਮਿਲੇ ਹਨ। ਖਾਨਪੁਰ ਕਲਾਂ ਸਥਿਤ ਬੀਪੀਐੱਸ ਮਹਿਲਾ ਮੈਡੀਕਲ ਕਾਲਜ ਦੇ ਹਸਪਤਾਲ 'ਚ ਸੋਮਵਾਰ ਸ਼ਾਮ ਨੂੰ ਚਾਰ ਡਾਕਟਰਾਂ ਦੇ ਬੋਰਡ ਨੇ ਸ਼ੀਤਲ ਦੀ ਲਾਸ਼ ਦਾ ਪੋਸਟਮਾਰਟਮ ਕੀਤਾ। ਪਾਣੀਪਤ ਦੀ ਸਤ ਕਰਤਾਰ ਕਾਲੋਨੀ ਦੀ ਰਹਿਣ ਵਾਲੀ ਹਰਿਆਣਵੀ ਮਾਡਲ ਸ਼ੀਤਲ ਕਈ ਸਾਲਾਂ ਤੋਂ ਆਪਣੇ ਪਤੀ ਤੋਂ ਅਲੱਗ ਰਹਿ ਰਹੀ ਸੀ ਤੇ ਆਪਣੇ ਦੋਸਤ ਸੁਨੀਲ ਨਾਲ ਸੰਪਰਕ ਵਿਚ ਸੀ। ਐਤਵਾਰ ਰਾਤ ਸ਼ੀਤਲ ਦੀ ਲਾਸ਼ ਖਰਖੋਦਾ ਦੇ ਪਿੰਡ ਖਾਂਡਾ ਤੇ ਝਰੋਠੀ ਦਰਮਿਆਨ ਐੱਨ ਸੀ ਆਰ ਵਾਟਰ ਚੈਨਲ ਤੋਂ ਮਿਲੀ ਸੀ। ਪੁਲਿਸ ਨੇ ਸ਼ੀਤਲ ਦੇ ਦੋਸਤ ਸੁਨੀਲ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਸੁਨੀਲ ਨੇ ਪੁਲਿਸ ਸਾਹਮਣੇ ਮੰਨਿਆ ਕਿ ਉਸ ਨੇ ਹੀ ਸ਼ੀਤਲ ਦੀ ਚਾਕੂ ਮਾਰ ਕੇ ਹੱਤਿਆ ਕੀਤੀ ਹੈ। ਸੁਨੀਲ ਨੇ ਲਾਸ਼ ਟਿਕਾਣੇ ਲਗਾਉਣ ਲਈ ਉਸ ਨੂੰ ਕਾਰ ਵਿਚ ਰੱਖ ਕੇ ਪਾਣੀਪਤ 'ਚ ਨਹਿਰ ਵਿਚ ਸੁੱਟ ਦਿੱਤਾ। ਕਾਰ ਨਹਿਰ ਵਿਚ ਡਿੱਗਦੀ ਦੇਖ ਕੇ ਲੋਕਾਂ ਨੇ ਸੁਨੀਲ ਨੂੰ ਬਚਾਅ ਲਿਆ ਪਰ ਇਸ ਦੌਰਾਨ ਸ਼ੀਤਲ ਦੀ ਲਾਸ਼ ਕਾਰ ਸਣੇ ਨਹਿਰ ਵਿਚ ਹੀ ਰੁੜ੍ਹ ਗਈ। ਲਾਸ਼ ਬਾਅਦ ਵਿਚ ਖਰਖੌਦਾ ਨੇੜੇ ਮਿਲੀ। ਜਾਂਚ ਅਧਿਕਾਰੀ ਅਨਿਲ ਸ਼ਰਮਾ ਨੇ ਦੱਸਿਆ ਕਿ ਡਾਕਟਰਾਂ ਨੇ ਜ਼ਖ਼ਮਾਂ ਬਾਰੇ ਜਾਣਕਾਰੀ ਦਿੱਤੀ ਹੈ। ਵੀਰਵਾਰ ਤੱਕ ਪੋਸਟਮਾਰਟਮ ਰਿਪੋਰਟ ਮਿਲਣ ਦੀ ਉਮੀਦ ਹੈ।



# ਭਾਰਤ ਨੇ ਮੈਨੂੰ ਅਗਵਾ ਕਰਨ ਦੀ ਸਾਜ਼ਿਸ਼ ਰਚੀ: ਚੋਕਸੀ

**ਲੰਡਨ:** ਭਗੋੜੇ ਹੀਰਾ ਕਾਰੋਬਾਰੀ ਮੇਹੁਲ ਚੋਕਸੀ ਨੇ ਭਾਰਤ ਤੇ ਪੰਜ ਲੋਕਾਂ 'ਤੇ ਐਂਟੀਗੁਆ 'ਚ ਆਪਣੇ ਅਗਵਾ ਕਰਨ ਦੀ ਸਾਜ਼ਿਸ਼ ਰਚਣ ਦਾ ਦੋਸ਼ ਲਗਾਇਆ ਹੈ। ਉਸਦਾ ਕਹਿਣਾ ਹੈ ਕਿ ਧੋਖਾਧੜੀ ਦੇ ਦੋਸ਼ਾਂ ਦੇ ਸਿਲਸਿਲੇ 'ਚ ਭਾਰਤ ਸਰਕਾਰ ਉਸਨੂੰ ਸਵਦੇਸ਼ ਲਿਆਉਣਾ ਚਾਹੁੰਦੀ ਹੈ। ਉਸਦੇ ਵਕੀਲਾਂ ਨੇ ਸੋਮਵਾਰ ਨੂੰ ਲੰਡਨ ਹਾਈ ਕੋਰਟ ਨੂੰ ਕਿਹਾ ਕਿ ਉਸਨੂੰ ਅਗਵਾ ਕਰਨ ਲਈ ਸਿਰਫ਼ ਭਾਰਤ ਕੋਲ ਇੱਛਾ ਤੇ ਵਸ਼ਿਾ ਹੈ। ਜਦਕਿ ਭਾਰਤ ਸਰਕਾਰ ਦੇ ਵਕੀਲ ਹਰੀਸ਼ ਸਾਲਵੇ ਨੇ ਅਦਾਲਤ 'ਚ ਦਾਖਲ ਆਪਣੇ ਦਸਤਾਵੇਜ਼ 'ਚ ਕਿਹਾ ਕਿ ਇਸ ਗੱਲ ਦਾ ਕੋਈ ਸਬੂਤ ਨਹੀਂ ਹੈ ਭਾਰਤ ਦਾ ਇਸ ਕਥਿਤ ਘਟਨਾ ਨਾਲ ਕੋਈ ਲੈਣਾ-ਦੇਣਾ ਹੈ। ਉਨ੍ਹਾਂ ਕਿਹਾ ਕਿ ਇਹ ਦਾਅਵਾ ਮੁੱਖ ਤੌਰ 'ਤੇ ਭਾਰਤ ਨੂੰ ਸ਼ਰਮਸਾਰ ਕਰਨ ਤੇ ਹਵਾਲਗੀ ਤੋਂ ਬਚਣ ਦੀ ਕੋਸ਼ਿਸ਼ ਦੇ ਇਰਾਦੇ ਨਾਲ ਕੀਤਾ ਜਾ ਰਿਹਾ ਹੈ।



# ਆਸ਼ੂ ਨੇ ਕਾਰਜਕਾਰੀ ਪ੍ਰਧਾਨ ਦੇ ਅਹੁਦੇ ਤੋਂ ਦਿੱਤਾ ਅਸਤੀਫ਼ਾ



**ਲੁਧਿਆਣਾ:** ਵਿਧਾਨ ਸਭਾ ਹਲਕਾ ਲੁਧਿਆਣਾ ਪੱਛਮੀ ਦੀ ਜ਼ਿਮਨੀ ਚੋਣ 'ਚ ਮਿਲੀ ਹਾਰ ਦੀ ਜ਼ਿੰਮੇਵਾਰੀ ਲੈਂਦਿਆਂ ਕਾਂਗਰਸ ਦੇ ਉਮੀਦਵਾਰ ਭਾਰਤ ਭੂਸ਼ਣ ਆਸ਼ੂ ਨੇ ਪੰਜਾਬ ਪ੍ਰਦੇਸ਼ ਕਾਂਗਰਸ ਦੇ ਕਾਰਜਕਾਰੀ ਪ੍ਰਧਾਨ ਦੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ ਹੈ। ਆਸ਼ੂ ਮੁਤਾਬਕ ਉਨ੍ਹਾਂ ਨੇ ਆਪਣਾ ਅਸਤੀਫ਼ਾ ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਤੇ ਮੈਂਬਰ ਲੋਕ ਸਭਾ ਅਮਰਿੰਦਰ ਸਿੰਘ ਰਾਜਾ ਵੜਿੰਗ ਨੂੰ ਭੇਜ ਦਿੱਤਾ ਹੈ। ਇਹ ਵੀ ਪਤਾ ਲੱਗਾ ਹੈ ਕਿ ਪੰਜਾਬ ਪ੍ਰਦੇਸ਼ ਕਾਂਗਰਸ ਨੇ ਆਸ਼ੂ ਦੀ ਹਾਰ ਤੇ ਹਾਰ ਦੇ ਕਾਰਨਾਂ ਬਾਰੇ ਪਾਰਟੀ ਹਾਈਕਮਾਂਡ ਜਾਣੂ ਕਰਵਾ ਦਿੱਤਾ ਹੈ। ਪਾਰਟੀ ਆਸ਼ੂ ਦੀ ਹਾਰ ਪਿੱਛੇ ਵੱਡੇ ਆਗੂਆਂ ਖਾਸਕਰ ਲੁਧਿਆਣਾ ਤੋਂ ਐਮਪੀ ਅਮਰਿੰਦਰ ਸਿੰਘ ਰਾਜਾ ਵੜਿੰਗ ਦੀ ਗੈਰ-ਹਾਜ਼ਰੀ ਨੂੰ ਸਭ ਤੋਂ ਵੱਡਾ ਕਾਰਨ ਮੰਨਦੀ ਹੈ। ਪਾਰਟੀ ਹਾਈਕਮਾਂਡ ਵੱਲੋਂ ਪਾਰਟੀ ਦੀ ਉਪ ਚੋਣ 'ਚ ਹਾਰ ਦਾ ਮੰਥਨ ਕਰਨ ਲਈ ਛੇਤੀ ਹੀ ਮੀਟਿੰਗ ਬੁਲਾਉਣ ਦਾ ਵੀ ਫ਼ੈਸਲਾ ਕੀਤਾ ਹੈ, ਜਿਸ ਦੀ ਤਰੀਕ ਦਾ ਐਲਾਨ ਛੇਤੀ ਹੋਵੇਗਾ।

## ਸਰਕਾਰੀ ਮਸ਼ੀਨਰੀ ਨਾਲ ਲੜੇ: ਵੜਿੰਗ




ਕਾਂਗਰਸ ਦੇ ਸੂਬਾ ਪ੍ਰਧਾਨ ਤੇ ਲੁਧਿਆਣਾ ਦੇ ਸੰਸਦ ਮੈਂਬਰ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਕਿਹਾ ਕਿ ਮੈਂ ਇਹ ਸਵੀਕਾਰ ਕਰਦਾ ਹਾਂ ਕਿ ਲੁਧਿਆਣਾ ਪੱਛਮੀ 'ਚ ਕਾਂਗਰਸ ਦੇ ਵਰਕਰਾਂ ਨੇ ਸਰਕਾਰ ਦੀ ਪੂਰੀ ਮਸ਼ੀਨਰੀ ਖ਼ਿਲਾਫ਼ ਲੜਾਈ ਲੜੀ। ਇਹ ਇਕ ਜ਼ਿਮਨੀ ਚੋਣ ਸੀ। ਸਾਡੀ ਲੜਾਈ 2027 ਤੱਕ ਜਾਰੀ ਰਹੇਗੀ, ਜਦੋਂ ਤੱਕ ਉਹ ਸਹੀ ਨਤੀਜੇ 'ਤੇ ਨਾ ਪੁੱਜ ਜਾਵੇ। ਮੈਨੂੰ ਉਮੀਦ ਹੈ ਕਿ ਅਸੀਂ ਚੰਗਾ ਕਰਾਂਗੇ।

# 'ਆਪ' ਨੇ ਚੋਣ ਜਿੱਤਣ ਲਈ ਸਰਕਾਰੀ ਮਸ਼ੀਨਰੀ ਦੀ ਕੀਤੀ ਦੁਰਵਰਤੋਂ: ਜੀਵਨ ਗੁਪਤਾ



**ਲੁਧਿਆਣਾ:** ਹਲਕਾ ਵਿਧਾਨ ਸਭਾ ਜ਼ਿਮਨੀ ਚੋਣ ਦੇ ਭਾਜਪਾ ਉਮੀਦਵਾਰ ਜੀਵਨ ਗੁਪਤਾ ਵਲੋਂ 'ਆਪ' ਸਰਕਾਰ 'ਤੇ ਉਕਤ ਜ਼ਿਮਨੀ ਚੋਣ ਜਿੱਤਣ ਲਈ ਸਰਕਾਰੀ ਮਸ਼ੀਨਰੀ ਦੀ ਦੁਰਵਰਤੋਂ ਕਰਨ ਦੇ ਦੋਸ਼ ਲਗਾਏ ਗਏ ਹਨ। ਭਾਜਪਾ ਦੇ ਦੁੱਗਰੀ ਸਥਿਤ ਸਥਾਨਕ ਦਫ਼ਤਰ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਜੀਵਨ ਗੁਪਤਾ ਨੇ ਕਿਹਾ ਕਿ 'ਆਪ' ਸਰਕਾਰ ਵਲੋਂ ਉਕਤ ਚੋਣ ਜਿੱਤਣ ਲਈ ਸਰਕਾਰੀ ਮਸ਼ੀਨਰੀ ਦੀ ਖੁੱਲ੍ਹ ਕੇ ਦੁਰਵਰਤੋਂ ਕੀਤੀ ਗਈ। ਉਨ੍ਹਾਂ ਕਿਹਾ ਕਿ ਕੁੱਝ ਥਾਵਾਂ 'ਤੇ ਵੋਟ ਫ਼ੀਸਦੀ ਬਹੁਤ ਘੱਟ ਸੀ ਅਤੇ ਕੁੱਝ ਥਾਵਾਂ 'ਤੇ ਵੋਟ ਫ਼ੀਸਦੀ 65 ਤੋਂ 70 ਫ਼ੀਸਦੀ ਸੀ। ਗੁਪਤਾ ਨੇ ਕਿਹਾ ਕਿ ਇਕ ਬੂਥ 'ਤੇ ਸਿਰਫ਼ 465 ਵੋਟਾਂ ਪਈਆਂ, ਜਿਸ ਵਿਚ 'ਆਪ' ਨੂੰ ਲਗਭਗ 412 ਵੋਟਾਂ ਮਿਲੀਆਂ। ਗੁਪਤਾ ਨੇ ਕਿਹਾ ਕਿ ਜ਼ਿਮਨੀ ਚੋਣਾਂ ਜਿੱਤਣ ਤੋਂ ਬਾਅਦ ਅੱਜ 'ਆਪ' ਮੰਤਰੀ ਅਤੇ ਨੁਮਾਇੰਦੇ ਆਪਣੀ ਪਿੱਠ ਥਾਪੜ ਰਹੇ ਹਨ, ਪਰ ਉਹ ਜਾਣਦੇ ਹਨ ਕਿ ਪਿਛਲੇ ਤਿੰਨ ਸਾਲਾਂ ਵਿਚ ਪੰਜਾਬ 'ਚ ਕੋਈ ਵਿਕਾਸ ਨਹੀਂ ਹੋਇਆ ਹੈ। ਉਨ੍ਹਾਂ ਨੇ ਸਰਕਾਰੀ ਮਸ਼ੀਨਰੀ ਦੀ ਦੁਰਵਰਤੋਂ ਕਰਕੇ ਇਹ ਚੋਣ ਜਿੱਤੀ ਹੈ। ਉਨ੍ਹਾਂ ਕਿਹਾ ਕਿ ਸਾਡਾ ਸੰਕਲਪ ਨਵਾਂ ਪੰਜਾਬ ਬਣਾਉਣ ਦਾ ਹੈ। 'ਨਵਾਂ ਪੰਜਾਬ ਭਾਜਪਾ ਨਾਲ' ਸੰਕਲਪ ਨੂੰ ਪੂਰਾ ਕਰਨ ਲਈ ਉਹ ਲੋਕਾਂ ਵਿਚ ਜਾਣਗੇ ਅਤੇ ਪੱਛਮੀ ਵਿਧਾਨ ਸਭਾ ਦੀ ਤਰੱਕੀ ਲਈ ਦਿਨ ਰਾਤ ਕੰਮ ਕਰਨਗੇ। ਉਨ੍ਹਾਂ ਕਿਹਾ ਕਿ 2027 ਵਿਚ ਭਾਜਪਾ ਪੰਜਾਬ ਵਿਚ ਡਬਲ ਇੰਜਨ ਸਰਕਾਰ ਬਣਾਏਗੀ। ਇਸ ਮੌਕੇ ਜ਼ਿਲ੍ਹਾ ਭਾਜਪਾ ਦੇ ਸੂਬਾ ਜਨਰਲ ਸਕੱਤਰ ਅਨਿਲ ਸਰੀਨ, ਜ਼ਿਲ੍ਹਾ ਪ੍ਰਧਾਨ ਰਜਨੀਸ਼ ਧੀਮਾਨ, ਜਨਰਲ ਸਕੱਤਰ ਨਰਿੰਦਰ ਸਿੰਘ ਮੱਲ੍ਹੀ, ਯਸ਼ਪਾਲ ਜਨੋਤਰਾ, ਉਪ ਪ੍ਰਧਾਨ ਮਹੇਸ਼ ਸ਼ਰਮਾ, ਹਰਸ਼ ਸ਼ਰਮਾ, ਪ੍ਰੈੱਸ ਸਕੱਤਰ ਡਾ. ਸਤੀਸ਼ ਕੁਮਾਰ, ਵਿਸ਼ਾਲ ਗੁਲਾਟੀ ਮੌਜੂਦ ਸਨ।

## ਭਾਜਪਾ ਇਕਜੁੱਟਤਾ ਨਾਲ ਲੜੀ: ਜਾਖੜ



ਭਾਜਪਾ ਦੇ ਸੂਬਾ ਪ੍ਰਧਾਨ ਸੁਨੀਲ ਜਾਖੜ ਨੇ ਕਿਹਾ ਲੁਧਿਆਣਾ ਜ਼ਿਮਨੀ ਚੋਣ 'ਚ ਭਾਜਪਾ ਇਕਜੁੱਟਤਾ ਨਾਲ ਲੜੀ। ਪਾਰਟੀ ਨੂੰ ਮਿਲੀਆਂ ਵੋਟਾਂ ਇਸ ਗੱਲ ਦੇ ਸੰਕੇਤ ਹਨ ਕਿ ਪੰਜਾਬ ਦੇ ਲੋਕ ਹੁਣ ਕੋਈ ਠੋਸ ਬਦਲਾਅ ਵਾਂਗ ਦੇਖ ਰਹੇ ਹਨ। ਇਸ ਲਈ 2027 ਲਈ ਅਸੀਂ ਯੋਜਨਾਬਧ ਕੰਮ ਸ਼ੁਰੂ ਕਰਾਂਗੇ। ਆਮ ਆਦਮੀ ਪਾਰਟੀ ਪੂਰੀ ਸਰਕਾਰੀ ਮਸ਼ੀਨਰੀ ਲਗਾ ਕੇ ਵੀ ਮਾਮੂਲੀ ਫ਼ਰਕ ਨਾਲ ਚੋਣ ਜਿੱਤ ਸਕੀ।

# ਪੰਜਾਬ ਕੈਬਨਿਟ 'ਚ ਫੇਰਬਦਲ ਤੈਅ



**ਚੰਡੀਗੜ੍ਹ:** ਜ਼ਿਮਨੀ ਚੋਣ 'ਚ ਆਮ ਆਦਮੀ ਪਾਰਟੀ ਦੇ ਉਮੀਦਵਾਰ ਦੀ ਜਿੱਤ ਤੋਂ ਬਾਅਦ ਪੰਜਾਬ ਮੰਤਰੀ ਮੰਡਲ 'ਚ ਫੇਰਬਦਲ ਦੀ ਸੰਭਾਵਨਾ ਤੇਜ਼ ਹੋ ਗਈ ਹੈ। ਲੁਧਿਆਣਾ ਪੱਛਮੀ ਸੀਟ 'ਤੇ ਪ੍ਰਚਾਰ ਕਰਦਿਆਂ ਮੁੱਖ ਮੰਤਰੀ ਭਗਵੰਤ ਮਾਨ ਤੇ ਪਾਰਟੀ ਮੁਖੀ ਅਰਵਿੰਦ ਕੇਜਰੀਵਾਲ ਨੇ ਸੰਜੀਵ ਅਰੋੜਾ ਦੀ ਜਿੱਤ ਤੋਂ ਬਾਅਦ ਉਨ੍ਹਾਂ ਨੂੰ ਮੰਤਰੀ ਬਣਾਉਣ ਦਾ ਵਾਅਦਾ ਕੀਤਾ ਸੀ।

### ਜਲਦ ਉੱਠੇਗਾ ਪਰਦਾ, ਕਿਸ ਮੰਤਰੀ ਦੀ ਹੋਵੇਗੀ ਛੁੱਟੀ

ਸੂਤਰ ਦੱਸਦੇ ਹਨ ਕਿ ਅਰੋੜਾ 28 ਜੂਨ ਤੋਂ ਪਹਿਲਾਂ ਪਹਿਲਾਂ ਬਤੌਰ ਵਿਧਾਇਕ ਸਹੁੰ ਚੁੱਕ ਸਕਦੇ ਹਨ ਤਾਂ ਇਸ ਮਹੀਨੇ ਵਿਚ ਹੀ ਮੰਤਰੀ ਮੰਡਲ ਵਿਚ ਫੇਰਬਦਲ ਹੋ ਸਕਦਾ ਹੈ। ਜੇਕਰ ਅਜਿਹਾ ਨਹੀਂ ਹੁੰਦਾ ਤਾਂ ਜੁਲਾਈ ਦੇ ਪਹਿਲੇ ਹਫ਼ਤੇ ਵਿਚ ਮਾਨ ਕੈਬਨਿਟ ਵਿਚ ਵੱਡਾ ਬਦਲਾਅ ਹੋ ਸਕਦਾ ਹੈ। ਕਿਹੜੇ ਮੰਤਰੀ ਦੀ ਛੁੱਟੀ ਹੋਵੇਗੀ ਜਾਂ ਕਿਹੜੇ ਮੰਤਰੀ ਦਾ ਵਿਭਾਗ ਬਦਲਿਆ ਜਾਵੇਗਾ ਇਹ ਅਜੇ ਸਮੇਂ ਦੇ ਗਰਭ ਵਿਚ ਹੈ, ਪਰ ਸਕੱਤਰੇਤ ਦੇ ਗਲਿਆਰਿਆਂ ਵਿਚ ਮੰਤਰੀਆਂ, ਉਚ ਅਧਿਕਾਰੀਆਂ ਅਤੇ ਮੁਲਾਜ਼ਮਾਂ ਨੇ ਕਨਸੋਆਂ ਲੈਣੀਆਂ ਸ਼ੁਰੂ ਕਰ ਦਿੱਤੀਆਂ ਹਨ।

# ਮੈਂ ਨਹੀਂ ਜਾਵਾਂਗਾ ਰਾਜ ਸਭਾ: ਕੇਜਰੀਵਾਲ



**ਨਵੀਂ ਦਿੱਲੀ:** ਦਿੱਲੀ ਦੇ ਸਾਬਕਾ ਮੁੱਖ ਮੰਤਰੀ ਤੇ ਆਮ ਆਦਮੀ ਪਾਰਟੀ ਦੇ ਮੁਖੀ ਅਰਵਿੰਦ ਕੇਜਰੀਵਾਲ ਨੇ ਚੋਣਾਂ ਤੋਂ ਪਹਿਲਾਂ ਲਗਾਈਆਂ ਜਾ ਰਹੀਆਂ ਕਿਆਸ ਅਰਾਈਆਂ ਨੂੰ ਵਿਰਾਮ ਦਿੰਦਿਆਂ ਕਿਹਾ ਹੈ ਕਿ ਉਹ ਰਾਜ ਸਭਾ 'ਚ ਨਹੀਂ ਜਾ ਰਹੇ। ਅਰਵਿੰਦ ਕੇਜਰੀਵਾਲ ਤੇ ਪੰਜਾਬ 'ਚ 'ਆਪ' ਦੇ ਇੰਚਾਰਜ ਮਨੀਸ਼ ਸਿਸੋਦੀਆ ਨੇ ਜ਼ਿਮਨੀ ਚੋਣ 'ਚ ਜਿੱਤ ਲਈ ਸੰਜੀਵ ਅਰੋੜਾ ਨੂੰ ਵਧਾਈ ਦਿੱਤੀ ਹੈ।

ਦਿੱਲੀ 'ਚ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਉਹ ਰਾਜਸਭਾ ਨਹੀਂ ਜਾ ਰਹੇ। ਉਨ੍ਹਾਂ ਕਿਹਾ ਕਿ ਰਾਜ ਸਭਾ ਕਿਸ ਨੂੰ ਭੇਜਣਾ ਹੈ, ਇਹ ਫ਼ੈਸਲਾ ਪਾਰਟੀ ਦੀ ਸਿਆਸੀ ਮਾਮਲਿਆਂ ਬਾਰੇ ਕਮੇਟੀ ਕਰੇਗੀ। ਉਨ੍ਹਾਂ ਕਿਹਾ ਕਿ ਪੰਜਾਬ ਤੇ ਗੁਜਰਾਤ 'ਚ ਵਿਧਾਨ ਸਭਾ ਚੋਣਾਂ 'ਚ ਆਪ ਨੇ ਪਹਿਲਾਂ ਦੇ ਮੁਕਾਬਲੇ ਦੁੱਗਣੇ ਫ਼ਰਕ ਨਾਲ ਜਿੱਤ ਹਾਸਲ ਕੀਤੀ ਹੈ। ਇਸ ਤੋਂ ਸਪਸ਼ਟ ਹੈ ਕਿ ਪੰਜਾਬ 'ਚ ਆਪ ਸਰਕਾਰ ਤੋਂ ਲੋਕ ਖ਼ੁਸ਼ ਹਨ ਜਦਕਿ ਗੁਜਰਾਤ 'ਚ ਭਾਜਪਾ ਤੋਂ ਨਾਰਾਜ਼ ਹਨ। ਗੁਜਰਾਤ 'ਚ ਅਗਲੀ ਵਿਧਾਨ ਸਭਾ ਚੋਣ ਭਾਜਪਾ ਤੇ ਆਪ ਦੇ ਵਿਚਕਾਰ ਹੋਵੇਗੀ। ਜ਼ਿਕਰਯੋਗ ਹੈ ਕਿ ਚੋਣ ਨਤੀਜੇ ਆਉਣ ਤੋਂ ਪਹਿਲਾਂ ਸਿਆਸੀ ਹਲਕਿਆਂ 'ਚ ਚਰਚਾ ਸੀ ਕਿ ਸੰਜੀਵ ਅਰੋੜਾ ਦੇ ਜਿੱਤਣ ਤੋਂ ਬਾਅਦ ਜਦੋਂ ਉਹ ਰਾਜ ਸਭਾ ਸੀਟ ਛੱਡਣਗੇ ਤਾਂ ਉਨ੍ਹਾਂ ਦੀ ਥਾਂ ਦਿੱਲੀ ਦੇ ਸਾਬਕਾ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਰਾਜ ਸਭਾ 'ਚ ਭੇਜਿਆ ਜਾ ਸਕਦਾ ਹੈ। ਆਖ਼ਰੀ ਦਿਨਾਂ ਤੱਕ ਇਹ ਮੰਨਿਆ ਜਾਂਦਾ ਰਿਹਾ ਸੀ ਕਿ ਕੇਜਰੀਵਾਲ ਰਾਜ ਸਭਾ ਜਾਣਗੇ।ਹੁਣ ਇਹ ਤਾਂ ਤੈਅ ਹੈ ਕਿ ਜਿੱਤ ਤੋਂ ਬਾਅਦ ਸੰਜੀਵ ਅਰੋੜਾ ਨੂੰ ਰਾਜ ਸਭਾ ਦੀ ਸੀਟ ਛੱਡਣੀ ਪਵੇਗੀ। ਪਰ ਅਰਵਿੰਦ ਕੇਜਰੀਵਾਲ ਦੇ ਰਾਜ ਸਭਾ ਜਾਣ ਤੋਂ ਇਨਕਾਰ ਕਰਨ ਤੋਂ ਬਾਅਦ ਹੁਣ ਕਿਸ ਨੂੰ ਰਾਜ ਸਭਾ ਭੇਜਿਆ ਜਾਵੇਗਾ, ਇਹ ਸਵਾਲ ਹੈ। ਕੇਜਰੀਵਾਲ ਤੋਂ ਇਲਾਵਾ ਲੰਬੇ ਸਮੇਂ ਤੋਂ ਦਿੱਲੀ ਦੇ ਸਾਬਕਾ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਜਾਂ ਸਾਬਕਾ ਮੰਤਰੀ ਸਤੇਂਦਰ ਜੈਨ ਨੂੰ ਵੀ ਰਾਜ ਸਭਾ 'ਚ ਭੇਜੇ ਜਾਣ ਦੀ ਚਰਚਾ ਰਹੀ ਹੈ।

## ਅਮਨ ਅਰੋੜਾ ਨੇ ਪਾਰਟੀ ਵਰਕਰਾਂ ਦਾ ਕੀਤਾ ਧੰਨਵਾਦ

ਆਪ ਪੰਜਾਬ ਦੇ ਪ੍ਰਧਾਨ ਅਮਨ ਅਰੋੜਾ ਨੇ ਜ਼ਿਮਨੀ ਚੋਣ 'ਚ ਜਿੱਤ ਤੋਂ ਬਾਅਦ ਪਾਰਟੀ ਦੇ ਵਰਕਰਾਂ ਦਾ ਧੰਨਵਾਦ ਕੀਤਾ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਮਿਹਨਤ ਤੇ ਸਮਪਰਣ ਨਾਲ ਹੀ ਏਨੀ



ਵੱਡੀ ਜਿੱਤ ਮਿਲੀ ਹੈ। ਉਨ੍ਹਾਂ ਨੇ ਸੰਜੀਵ ਅਰੋੜਾ ਨੂੰ ਵੀ ਜਿੱਤ ਦੀ ਵਧਾਈ ਦਿੱਤੀ ਤੇ ਕਿਹਾ ਕਿ ਮੈਨੂੰ ਪੂਰਾ ਭਰੋਸਾ ਹੈ ਕਿ ਉਹ ਲੁਧਿਆਣਾ ਦੇ ਵਿਕਾਸ ਨੂੰ ਨਵੀਂ ਰਫ਼ਤਾਰ ਦੇਣਗੇ ਤੇ ਹਲਕੇ ਦੇ ਸਾਰੇ ਪੈਂਡਿੰਗ ਕੰਮਾਂ ਨੂੰ ਪਹਿਲ ਦੇ ਆਧਾਰ 'ਤੇ ਪੂਰਾ ਕਰਨਗੇ।

# ਕਤਰ 'ਚ ਭਾਰਤੀ ਮਿਸ਼ਨ ਵਲੋਂ ਭਾਈਚਾਰੇ ਨੂੰ ਘਰਾਂ ਦੇ ਅੰਦਰ ਰਹਿਣ ਦੀ ਸਲਾਹ



**ਦੋਹਾ:** ਕਤਰ 'ਚ ਭਾਰਤੀ ਦੂਤਘਰ ਨੇ ਸੋਮਵਾਰ ਨੂੰ ਇਕ ਸਲਾਹ ਜਾਰੀ ਕਰਕੇ ਸਾਵਧਾਨੀ ਵਰਤਣ ਦੀ ਅਪੀਲ ਕੀਤੀ ਹੈ ਤੇ ਦੇਸ਼ 'ਚ ਇਕ ਅਮਰੀਕੀ ਫ਼ੌਜੀ ਟਿਕਾਣੇ 'ਤੇ ਈਰਾਨ ਦੇ ਹਮਲੇ ਤੋਂ ਬਾਅਦ ਭਾਰਤੀ ਨਾਗਰਿਕਾਂ ਨੂੰ ਘਰ ਦੇ ਅੰਦਰ ਰਹਿਣ ਦੀ ਸਲਾਹ ਦਿੱਤੀ ਹੈ। ਮੀਡੀਆ ਰਿਪੋਰਟਾਂ ਅਨੁਸਾਰ ਈਰਾਨ ਨੇ ਕਤਰ 'ਚ ਅਮਰੀਕਾ ਦੇ ਅਲ ਉਦੈਦ ਫ਼ੌਜੀ ਟਿਕਾਣੇ 'ਤੇ ਹਮਲਾ ਕਰਨ ਲਈ ਕਈ ਮਿਜ਼ਾਈਲਾਂ ਦੀ ਵਰਤੋਂ ਕੀਤੀ। ਦੂਤਘਰ ਨੇ ਐਕਸ 'ਤੇ ਇਕ ਪੋਸਟ 'ਚ ਕਿਹਾ ਕਿ ਚੱਲ ਰਹੀ ਸਥਿਤੀ ਦੇ ਮੱਦੇਨਜ਼ਰ, ਕਤਰ 'ਚ ਭਾਰਤੀ ਭਾਈਚਾਰੇ ਨੂੰ ਸਾਵਧਾਨ ਰਹਿਣ ਅਤੇ ਘਰ ਦੇ ਅੰਦਰ ਰਹਿਣ ਦੀ ਅਪੀਲ ਕੀਤੀ ਜਾਂਦੀ ਹੈ। ਇਸ 'ਚ ਅੱਗੇ ਕਿਹਾ ਗਿਆ ਹੈ ਕਿ ਕ੍ਰਿਪਾ ਕਰਕੇ ਸ਼ਾਂਤ ਰਹੋ ਅਤੇ ਕਤਰ ਦੇ ਅਧਿਕਾਰੀਆਂ ਦੁਆਰਾ ਪ੍ਰਦਾਨ ਕੀਤੀਆਂ ਗਈਆਂ ਸਥਾਨਕ ਖ਼ਬਰਾਂ, ਨਿਰਦੇਸ਼ਾਂ ਅਤੇ ਮਾਰਗਦਰਸ਼ਨ ਦੀ ਪਾਲਣਾ ਕਰੋ।


# ਪੰਜਾਬ ਦੇ ਲੋਕਾਂ ਨੇ ਮੁੜ ਨਕਾਰਿਆ ਸੁਖਬੀਰ ਸਿੰਘ ਬਾਦਲ: ਰੱਖੜਾ



**ਪਟਿਆਲਾ:** ਸੁਧਾਰ ਲਹਿਰ ਦੇ ਆਗੂ ਸੁਰਜੀਤ ਸਿੰਘ ਰੱਖੜਾ ਨੇ ਕਿਹਾ ਕਿ ਲੁਧਿਆਣਾ ਪੱਛਮੀ ਦੇ ਜ਼ਿਮਨੀ ਚੋਣ ਨਤੀਜੇ 'ਚ ਸੁਖਬੀਰ ਸਿੰਘ ਬਾਦਲ ਦੇ ਧੜੇ ਨੇ ਆਪਣੀ ਜ਼ਮਾਨਤ ਜ਼ਬਤ ਕਰਾ ਲਈ ਹੈ। ਇਹ ਪਹਿਲੀ ਵਾਰ ਨਹੀਂ ਹੋਇਆ, ਸੰਗਰੂਰ ਜ਼ਿਮਨੀ ਚੋਣ 'ਚ ਵੀ ਸੁਖਬੀਰ ਦੇ ਆਪਹੁਦਰੇ ਤਾਨਾਸ਼ਾਹੀ ਵਾਲੇ ਫ਼ੈਸਲਿਆਂ ਨੇ ਪੰਜਾਬ ਤੇ ਪੰਥ ਨੂੰ ਧੱਕਾ ਲਾਇਆ ਹੈ। ਆਪਣੇ ਤਾਨਾਸ਼ਾਹੀ ਰਵੱਈਏ ਕਾਰਨ ਸੁਖਬੀਰ ਨੇ ਬੰਦੀ ਸਿੰਘਾਂ ਅਤੇ ਉਨ੍ਹਾਂ ਦੇ ਪਰਿਵਾਰ ਨੂੰ ਵੀ ਨੀਵਾਂ ਕੀਤਾ ਹੈ। ਸੁਰਜੀਤ ਸਿੰਘ ਰੱਖੜਾ ਨੇ ਕਿਹਾ ਕਿ ਨਾਵ ਰੇ ਲੇਵਾਂ ਤੇ 2017, 2019, 2022, 2024 ਵਿਧਾਨ ਸਭਾ ਚੋਣਾਂ ਵਿਚ ਸਪਸ਼ਟ ਸੁਨੇਹਾ ਦਿੱਤਾ ਹੈ ਕਿ ਸੁਖਬੀਰ ਸਿੰਘ ਬਾਦਲ ਸਾਨੂੰ ਮਨਜ਼ੂਰ ਨਹੀ, ਪੰਜਾਬ ਦੀਆਂ ਕੰਧਾਂ 'ਤੇ ਸਾਫ਼ ਲਿਖਿਆ ਪੂਰੀ ਦੁਨੀਆਂ ਪੜ੍ਹ ਰਹੀ ਹੈ ਕਿ ਸੁਖਬੀਰ ਨਕਾਰਿਆ ਜਾ ਚੁੱਕਾ ਹੈ।

# ਗੁਜਰਾਤ 'ਚ ਇਕ ਸੀਟ 'ਆਪ' ਤੇ ਇਕ ਭਾਜਪਾ ਨੂੰ ਮਿਲੀ

## ਕੇਰਲ 'ਚ ਕਾਂਗਰਸ ਅਤੇ ਬੰਗਾਲ 'ਚ ਟੀ.ਐਮ.ਸੀ. ਜਿੱਤੀ



**ਨਵੀਂ ਦਿੱਲੀ:** ਚਾਰ ਰਾਜਾਂ ਦੀਆਂ 5 ਵਿਧਾਨ ਸਭਾ ਸੀਟਾਂ 'ਤੇ ਹੋਈਆਂ ਜ਼ਿਮਨੀ ਚੋਣਾਂ ਦੇ ਨਤੀਜੇ ਆ ਗਏ ਹਨ। ਪੰਜਾਬ ਦੀ ਲੁਧਿਆਣਾ ਪੱਛਮੀ ਜ਼ਿਮਨੀ ਚੋਣ 'ਚ 'ਆਪ' ਨੂੰ ਜਿੱਤ ਮਿਲੀ ਹੈ, ਜਿੱਥੇ ਸੰਜੀਵ ਅਰੋੜਾ ਨੇ ਕਾਂਗਰਸ ਦੇ ਭਾਰਤ ਭੂਸ਼ਣ ਆਸ਼ੂ ਨੂੰ ਹਰਾਇਆ ਹੈ। ਗੁਜਰਾਤ ਦੀ ਕਾਡੀ ਸੀਟ ਤੋਂ ਭਾਜਪਾ ਉਮੀਦਵਾਰ ਰਾਜੇਂਦਰ ਚਾਵੜਾ ਨੇ ਜਿੱਤ ਪ੍ਰਾਪਤ ਕੀਤੀ। ਉਨ੍ਹਾਂ ਕਾਂਗਰਸ ਦੇ ਰਮੇਸ਼ ਚਾਵੜਾ ਨੂੰ ਹਰਾਇਆ। 'ਆਪ' ਦੇ ਗੋਪਾਲ ਇਟਾਲੀਆ ਨੇ ਵਿਸਾਵਦਰ ਜਿੱਤਿਆ। ਭਾਜਪਾ ਦੀ ਕੀਰਤੀ ਪਟੇਲ ਦੂਜੇ ਸਥਾਨ 'ਤੇ ਰਹੀ। ਕੇਰਲ 'ਚ ਕਾਂਗਰਸ ਦੇ ਯੂ.ਡੀ.ਐਫ. ਉਮੀਦਵਾਰ ਆਰਿਦਾਨ ਸ਼ੌਕਤ ਨੇ ਜਿੱਤ ਪ੍ਰਾਪਤ ਕੀਤੀ। ਉਨ੍ਹਾਂ ਸੀ.ਪੀ.ਆਈ.ਐਮ. ਦੇ ਐਮ. ਸਵਰਾਜ ਨੂੰ ਹਰਾਇਆ। ਟੀ.ਐਮ.ਸੀ. ਉਮੀਦਵਾਰ ਅਲੀਫਾ ਅਹਿਮਦ ਨੇ ਪੱਛਮੀ ਬੰਗਾਲ ਦੀ ਕਾਲੀਗੰਜ ਸੀਟ ਜਿੱਤੀ। ਉਨ੍ਹਾਂ ਭਾਜਪਾ ਦੇ ਆਸ਼ੀਸ਼ ਘੋਸ਼ ਨੂੰ ਹਰਾਇਆ। ਇਨ੍ਹਾਂ ਸਾਰੀਆਂ ਪੰਜ ਸੀਟਾਂ 'ਤੇ ਵੋਟਿੰਗ 19 ਜੂਨ ਨੂੰ ਹੋਈ ਸੀ।

ਪੰਜਾਬ ਟਾਈਮਜ਼

*28 ਜੂਨ, ਸ਼ਨਿਚਰਵਾਰ*

# ਜ਼ਿਮਨੀ ਚੋਣ ਦੇ ਸਬਕ

*ਲੁਧਿਆਣਾ ਪੱਛਮੀ ਵਿਧਾਨ ਸਭਾ ਹਲਕੇ ਦੀ ਜ਼ਿਮਨੀ ਚੋਣ ਵਿਚ ਆਮ ਆਦਮੀ ਪਾਰਟੀ ਦੀ ਜਿੱਤ ਦੇ, ਪੰਜਾਬ ਦੇ ਭਵਿੱਖ ਦੀ ਰਾਜਨੀਤੀ ਲਈ ਕੀ ਅਰਥ ਹਨ? ਇਹ ਸਵਾਲ ਬਹੁਤ ਗਹਿਰਾ ਹੋ ਗਿਆ ਹੈ। ਸੰਨ 2027 ਵਿਚ ਹੋਣ ਵਾਲੀਆਂ ਵਿਧਾਨ ਸਭਾ ਦੀਆਂ ਆਮ ਚੋਣਾਂ ਦੇ ਸੰਦਰਭ ਵਿਚ ਵੇਖਿਆ ਜਾਵੇ ਤਾਂ ਮਹਿਜ਼ ਡੇਢ ਸਾਲ ਦਾ ਸਮਾਂ ਹਾਲਾਤ ਨੂੰ ਕਿਸ ਪਾਸੇ ਲੈ ਕੇ ਜਾਵੇਗਾ, ਇਹ ਕਿਆਫੇ ਲੱਗਣੇ ਹੁਣ ਤੋਂ ਹੀ ਸ਼ੁਰੂ ਹੋ ਗਏ ਹਨ। ਇਸ ਉਪ ਚੋਣ ਨੂੰ ਪਾਰਟੀਆਂ ਦੇ ਭਵਿੱਖ ਦੀ ਨਜ਼ਰ ਤੋਂ ਵੀ ਵੇਖਿਆ ਜਾ ਰਿਹਾ ਹੈ। ਸੂਬੇ ਵਿਚ ਆਉਂਦੀਆਂ ਵਿਧਾਨ ਸਭਾ ਚੋਣਾਂ ਲਈ ਆਮ ਆਦਮੀ ਪਾਰਟੀ ਤੋਂ ਇਲਾਵਾ ਕਾਂਗਰਸ, ਭਾਜਪਾ ਅਤੇ ਸ਼੍ਰੋਮਣੀ ਅਕਾਲੀ ਦਲ ਸਮੇਤ ਸਾਰੀਆਂ ਰਾਜਨੀਤਕ ਪਾਰਟੀਆਂ ਆਪਣੇ ਪਰ ਤੋਲਦੀਆਂ ਨਜ਼ਰ ਆਉਣ ਲੱਗੀਆਂ ਹਨ। ਆਮ ਆਦਮੀ ਪਾਰਟੀ ਨੇ ਜਿਸ ਹਾਲਾਤ ਵਿਚ ਇਹ ਚੋਣ ਜਿੱਤੀ ਹੈ, ਇਸ ਲਈ ਜੋ ਹੀਲੇ ਵਸੀਲੇ ਕੀਤੇ ਗਏ ਹਨ, ਉਸ ਬਾਰੇ ਵਿਰੋਧੀ ਪਾਰਟੀਆਂ ਕਈ ਤਰ੍ਹਾਂ ਦੇ ਸਵਾਲ ਖੜ੍ਹੇ ਕਰ ਰਹੀਆਂ ਹਨ। ਪਰ ਆਪਣੀ ਪੀੜ੍ਹੀ ਹੇਠ ਸੋਟਾ ਫੇਰਨ ਲਈ ਕੋਈ ਵੀ ਤਿਆਰ ਨਹੀਂ ਹੈ। ਆਮ ਆਦਮੀ ਪਾਰਟੀ ਲਈ ਇਸ ਚੋਣ ਨੂੰ ਜਿੱਤਣਾ ਇੱਜ਼ਤ ਦਾ ਸਵਾਲ ਬਣਿਆ ਨਜ਼ਰ ਆਉਂਦਾ ਸੀ, ਇਸੇ ਲਈ ਹੀ ਕੇਜਰੀਵਾਲ ਸਮੇਤ ਦਿੱਲੀ ਦੀ ਲੀਡਰਸ਼ਿਪ ਦੇ ਨਾਲ-ਨਾਲ ਪੰਜਾਬ ਦੀ ਲੀਡਰਸ਼ਿਪ ਵੀ ਪੂਰੇ ਤਾਣ ਨਾਲ ਮੈਦਾਨ ਵਿਚ ਉੱਤਰੀ ਹੋਈ ਸੀ।*

*ਲੁਧਿਆਣਾ ਪੱਛਮੀ ਦੀ ਇਸ ਸੀਟ ਤੋਂ ਸਮੇਂ-ਸਮੇਂ ਕਾਂਗਰਸ ਤੇ ਭਾਜਪਾ-ਅਕਾਲੀ ਦਲ ਗੱਠਜੋੜ ਦੇ ਉਮੀਦਵਾਰ ਵੀ ਜਿੱਤਾਂ ਪ੍ਰਾਪਤ ਕਰਦੇ ਰਹੇ ਹਨ। ਇਸ ਵਾਰ ਵੀ ਕਾਂਗਰਸ ਮੁਕਾਬਲੇ ਦੀ ਪਾਰਟੀ ਬਣ ਕੇ ਇਹ ਚੋਣ ਲੜ ਰਹੀ ਸੀ, ਪਰ ਇਸ ਦੌਰਾਨ ਕਾਂਗਰਸ ਦੇ ਉਮੀਦਵਾਰ ਸਮੇਤ ਇਸ ਪਾਰਟੀ ਦੇ ਹੋਰ ਆਗੂਆਂ ਨੇ ਜਿਸ ਤਰ੍ਹਾਂ ਆਪਣੀ ਫੁੱਟ ਦਾ ਮੁਜ਼ਾਹਰਾ ਕੀਤਾ, ਉਸ ਨਾਲ ਇਹ ਜ਼ਰੂਰ ਜਾਪਣ ਲੱਗਾ ਸੀ ਕਿ ਪਾਰਟੀ ਦੀ ਅੰਦਰੂਨੀ ਖਿੱਚੋਤਾਣ ਇਸ ਦੀਆਂ ਤਣੀਆਂ ਨੂੰ ਕਮਜ਼ੋਰ ਕਰ ਸਕਦੀ ਹੈ। ਭਾਜਪਾ ਵੀ ਪੰਜਾਬ ਵਿਚ ਆਪਣੀ ਸਰਕਾਰ ਬਣਾਉਣ ਲਈ ਆਪਣੀ ਠੋਸ ਜ਼ਮੀਨ ਤਲਾਸ਼ਣ ਵਿਚ ਜੁਟੀ ਹੋਈ ਹੈ, ਪਰ ਉਸ ਵਲੋਂ ਇਸ ਚੋਣ ਤੋਂ ਪਹਿਲਾਂ ਪ੍ਰਗਟਾਈ ਗਈ ਬੇਧਿਆਨੀ ਤੋਂ ਇਹ ਪ੍ਰਭਾਵ ਜ਼ਰੂਰ ਮਿਲਦਾ ਸੀ ਕਿ ਸ਼ਾਇਦ ਉਹ ਆਪਣੇ ਕੁਝ ਕਾਰਨਾਂ ਕਰਕੇ ਪੂਰੇ ਜ਼ੋਰ ਨਾਲ ਚੋਣ ਮੈਦਾਨ ਵਿਚ ਉਤਰਨਾ ਨਹੀਂ ਸੀ ਚਾਹੁੰਦੀ। ਭਾਜਪਾ ਨੇ ਆਪਣਾ ਉਮੀਦਵਾਰ ਉਤਾਰਨ ਵਿਚ ਵੀ ਕਾਫੀ ਦੇਰ ਲਗਾਈ ਸੀ। ਪਰ ਚੋਣ ਪ੍ਰਚਾਰ ਦੇ ਸਮੇਂ ਦੌਰਾਨ ਉਸ ਨੇ ਆਪਣੀ ਪੂਰੀ ਵਾਹ ਲਾਉਣ ਦਾ ਯਤਨ ਜ਼ਰੂਰ ਕੀਤਾ। ਸੁਖਬੀਰ ਸਿੰਘ ਬਾਦਲ ਦੀ ਅਗਵਾਈ ਵਿਚ ਅਕਾਲੀ ਦਲ (ਬ) ਨੇ ਵੀ ਇਸ ਵਾਰ ਇਹ ਉਪ-ਚੋਣ ਲੜਨਾ ਜ਼ਰੂਰੀ ਸਮਝਿਆ, ਭਾਵੇਂ ਕਿ ਪਿਛਲੇ ਸਮੇਂ ਵਿਚ ਹੋਈਆਂ ਚਾਰ ਉਪ ਚੋਣਾਂ ਵਿਚ ਇਸ ਪਾਰਟੀ ਨੇ ਆਪਣੇ ਉਮੀਦਵਾਰ ਮੈਦਾਨ ਵਿਚ ਨਹੀਂ ਸਨ ਉਤਾਰੇ, ਪਰ ਪਾਰਟੀ ਨੇ ਇਸ ਵਾਰ ਚੰਗੇ ਉਮੀਦਵਾਰ ਦੀ ਚੋਣ ਕੀਤੀ ਸੀ। ਸੁਖਬੀਰ ਸਿੰਘ ਬਾਦਲ ਨੇ ਆਪ ਪੂਰੀ ਦਿਲਚਸਪੀ ਲੈ ਕੇ ਚੋਣ ਪ੍ਰਚਾਰ ਵੀ ਕੀਤਾ, ਪਰ ਇਸ ਵਾਰ ਵੀ ਉਸ ਨੂੰ ਵੱਡੀ ਨਿਰਾਸ਼ਾ ਦਾ ਮੂੰਹ ਹੀ ਵੇਖਣਾ ਪਿਆ। ਵੋਟਰਾਂ ਨੇ ਇਸ ਪਾਰਟੀ ਲਈ ਕੋਈ ਉਤਸ਼ਾਹ ਨਹੀਂ ਦਿਖਾਇਆ ਅਤੇ ਉਮੀਦ ਨਾਲੋਂ ਘੱਟ ਫ਼ੀਸਦੀ ਵੋਟਾਂ ਪਈਆਂ। ਲੁਧਿਆਣਾ ਪੱਛਮੀ ਦੇ ਚੋਣ ਨਤੀਜੇ ਬਿਨਾਂ ਸ਼ੱਕ ਸੂਬੇ ਦੀਆਂ ਸਾਰੀਆਂ ਵੱਡੀਆਂ ਪਾਰਟੀਆਂ ਨੂੰ ਭਵਿੱਖ ਲਈ ਮੁੜ ਯੋਜਨਾਬੰਦੀ ਕਰਨ ਲਈ ਪ੍ਰੇਰਿਤ ਕਰਦੇ ਜਾਪਦੇ ਹਨ।*

*'ਆਪ' ਦੀ ਜਿੱਤ ਨੇ ਉਸ ਦੀ ਜ਼ਿੰਮੇਵਾਰੀ ਵਿਚ ਹੋਰ ਵਾਧਾ ਕੀਤਾ ਹੈ, ਕਿਉਂਕਿ ਉਹ ਇਸ ਸਮੇਂ ਭਾਰੀ ਬਹੁਮਤ ਨਾਲ ਸੂਬੇ ਦਾ ਪ੍ਰਸ਼ਾਸਨ ਚਲਾ ਰਹੀ ਹੈ। ਕੌਮੀ ਪਾਰਟੀ ਕਾਂਗਰਸ ਨੇ ਵੀ ਆਉਂਦੀਆਂ ਚੋਣਾਂ 'ਤੇ ਆਸਾਂ ਲਗਾਈਆਂ ਹੋਈਆਂ ਹਨ, ਪਰ ਇਸ ਪਾਰਟੀ ਵਿਚ ਪਹਿਲਾਂ ਵੀ ਅਤੇ ਹੁਣ ਵੀ ਜ਼ਾਬਤੇ ਦੀ ਘਾਟ ਰੜਕਦੀ ਰਹੀ ਹੈ, ਜੋ ਭਵਿੱਖ ਵਿਚ ਇਸ ਲਈ ਹੋਰ ਖ਼ਤਰਨਾਕ ਸਾਬਿਤ ਹੋ ਸਕਦੀ ਹੈ। ਭਾਜਪਾ ਆਪਣੇ ਬਲਬੂਤੇ 'ਤੇ ਸੂਬੇ ਦੀਆਂ ਅਗਲੀਆਂ ਚੋਣਾਂ ਦੀ ਤਿਆਰੀ ਕਰ ਰਹੀ ਹੈ। ਇਸ ਨੂੰ ਇਸ ਰਸਤੇ 'ਤੇ ਪੈਣ ਲਈ ਸਖ਼ਤ ਮਿਹਨਤ ਕਰਨ ਦੀ ਜ਼ਰੂਰਤ ਹੋਵੇਗੀ। ਅਕਾਲੀ ਦਲ (ਬ) ਇਸ ਸੂਬੇ 'ਤੇ ਆਪਣਾ ਅਧਿਕਾਰ ਜ਼ਰੂਰ ਸਮਝਦਾ ਰਿਹਾ ਹੈ, ਪਰ ਲਗਦਾ ਹੈ ਕਿ ਹੁਣ ਇਹ ਅਧਿਕਾਰ ਉਸ ਤੋਂ ਖੁੱਸ ਗਿਆ ਹੈ, ਜਿਸ ਨੂੰ ਮੁੜ ਬਹਾਲ ਕਰਨ ਲਈ ਇਸ ਨੂੰ ਉਨ੍ਹਾਂ ਪਰੰਪਰਾਵਾਂ 'ਤੇ ਤੁਰਨ ਦੀ ਜ਼ਰੂਰਤ ਹੋਵੇਗੀ, ਜਿਨ੍ਹਾਂ ਨੇ ਕਦੇ ਇਸ ਪਾਰਟੀ ਨੂੰ ਸ਼ਕਤੀ ਬਖ਼ਸ਼ੀ ਸੀ ਅਤੇ ਮਾਣਯੋਗ ਵੀ ਬਣਾਇਆ ਸੀ। ਕੀ ਇਹ ਪਾਰਟੀ ਮੁੜ ਉਨ੍ਹਾਂ ਪਰੰਪਰਾਵਾਂ 'ਤੇ ਚਲਦੀ ਹੋਈ ਆਪਣਾ ਪੁਰਾਣਾ ਰੁਤਬਾ ਬਹਾਲ ਕਰਨ ਵਿਚ ਸਫ਼ਲ ਹੋ ਸਕੇਗੀ? ਹਾਲ ਦੀ ਘੜੀ ਤਾਂ ਇਸ ਗੱਲ 'ਤੇ ਸਵਾਲੀਆ ਨਿਸ਼ਾਨ ਲੱਗਿਆ ਨਜ਼ਰ ਆਉਂਦਾ ਹੈ। ਜਿਥੋਂ ਤੱਕ ਪੰਜਾਬ ਵਿਚ ਸੱਤਾਧਾਰੀ ਆਮ ਆਦਮੀ ਪਾਰਟੀ ਦਾ ਸੰਬੰਧ ਹੈ, ਆਉਂਦਾ ਡੇਢ ਸਾਲ ਦਾ ਸਮਾਂ ਪਾਰਟੀ ਤੇ ਸੂਬਾ ਸਰਕਾਰ ਲਈ ਚੁਣੌਤੀਆਂ ਭਰਪੂਰ ਹੋਵੇਗਾ, ਜਿਨ੍ਹਾਂ ਦੇ ਮੇਚ ਦਾ ਹੋ ਕੇ ਚੱਲਣ ਲਈ ਇਸ ਨੂੰ ਨਿਰਸਵਾਰਥ ਹੋ ਕੇ ਸੂਬੇ ਦੇ ਲੋਕਾਂ ਦੇ ਹਿਤਾਂ ਲਈ ਸਖ਼ਤ ਮਿਹਨਤ ਕਰਨ ਦੀ ਜ਼ਰੂਰਤ ਹੋਵੇਗੀ। ਸਿਰਫ਼ ਐਲਾਨਾਂ ਨਾਲ, ਨਿਰੇ ਪ੍ਰਚਾਰ ਨਾਲ, ਫੋਕੇ ਨਾਅਰਿਆਂ ਨਾਲ, ਕਾਠ ਦੀ ਹਾਂਡੀ ਵਾਰ-ਵਾਰ ਨਹੀਂ ਚੜ੍ਹਦੀ ਹੁੰਦੀ। ਪੰਜਾਬ ਦੀ ਜ਼ਮੀਨੀ ਹਕੀਕਤ ਨੂੰ ਸਮਝ ਕੇ ਅੱਗੇ ਵਧਣ ਦਾ ਸਬਕ ਹੀ ਇਸ ਚੋਣ ਦਾ ਸਬਕ ਹੋ ਸਕਦਾ ਹੈ। ਜਿਹੜੀ ਪਾਰਟੀ ਇਸ ਹਕੀਕਤ ਨੂੰ ਸਮਝ ਲਵੇਗੀ, ਉਹ 2027 ਜਿੱਤ ਲਵੇਗੀ।*

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਜ਼ਮਾਨਤ ਜ਼ਬਤ ਪਾਰਟੀ?*

*ਆਸ ਜਿੱਤ ਦੀ ਆਸ਼ੂ ਨੂੰ ਬਹੁਤ ਹੈ ਸੀ, ਉਸਨੂੰ ਕਾਟੋ-ਕ਼ਲੇਸ ਨੇ ਮਾਰਿਆ ਈ।*
*ਬਿੱਟੂ-ਕਿਆਂ ਨੇ ਵੱਟ 'ਤੇ ਜਿੱਤ ਸਮਝੀ, ਜਗਾਹ 'ਤੀਸਰੇ' ਜਾ ਖਲ੍ਹਾਰਿਆ ਈ।*
*ਫੜਨਾ 'ਝਾੜੂ' ਮੈਂ ਛੱਡ ਕੇ ਕਮਲ-ਪੰਜਾ, ਹੈ ਲੁਧਿਆਣੇ ਨੇ ਇਉਂ ਵਿਚਾਰਿਆ ਈ।*
*'ਤਖਤ ਸਾਹਿਬ' ਤੋਂ ਹੋਏ ਭਗੌੜਿਆਂ ਨੂੰ, ਸਿੱਖ ਵੋਟਰਾਂ ਨੇ ਫਿਰ ਦੁਰਕਾਰਿਆ ਈ।*
*ਹੋਈ ਜਾ ਰਹੀਆਂ ਜ਼ਬਤ ਜ਼ਮਾਨਤਾਂ ਜੀ, ਦੇਖੋ ਹਾਲ ਕੀ ਦਲ ਦੀ ਸਿਨੀਆਰਟੀ ਦਾ*
*ਬਾਦਲ ਦਲੀਆਂ ਨੂੰ ਟਿੱਚਰਾਂ ਕਰਨ ਲੋਕੀਂ, ਨਾਮ ਰੱਖ ਲਉ 'ਜੇ.ਜੇ.ਪੀ' ਪਾਰਟੀ ਦਾ!*

# ਸਰਕਾਰ ਦੇ ਦਾਅਵੇ, ਭਾਰਤੀ ਕਿਸਾਨਾਂ ਦੀ ਸਥਿਤੀ





ਗੁਰਮੀਤ ਸਿੰਘ ਪਲਾਹੀ
ਫੋਨ: 98158-02070

ਕੇਂਦਰ ਸਰਕਾਰ ਨੇ ਦਾਅਵਾ ਕੀਤਾ ਹੈ ਕਿ ਖੇਤੀ ਖੇਤਰ ਮਜ਼ਬੂਤ ਹੈ, ਪਰ ਸਵਾਲ ਉੱਠ ਰਿਹਾ ਹੈ ਕਿ ਕੀ ਦੇਸ਼ ਦੇ ਕਿਸਾਨ ਦਾ ਜੀਵਨ ਮਜ਼ਬੂਤ ਹੈ?

ਨਾਵਾਰਡ ਦੀ 2021-22 ਦੀ ਰਿਪੋਰਟ ਪੜ੍ਹੋ, ਜੋ ਸਪੱਸ਼ਟ ਕਹਿੰਦੀ ਹੈ ਕਿ ਲਗਭਗ 55 ਫ਼ੀਸਦੀ ਖੇਤੀ ਪਰਿਵਾਰ ਕਰਜ਼ੇ ਦੇ ਬੋਝ ਥੱਲੇ ਦੱਬੇ ਹੋਏ ਹਨ। ਹਰ ਪਰਿਵਾਰ 'ਤੇ ਔਸਤਨ ਬਕਾਇਆ ਕਰਜ਼ਾ 9,1231 ਰੁਪਏ ਹੈ।

3 ਫਰਵਰੀ 2025 ਨੂੰ ਲੋਕ ਸਭਾ ਵਿਚ ਸਰਕਾਰ ਦਾ ਦਿੱਤਾ ਬਿਆਨ ਸਪੱਸ਼ਟ ਕਰਦਾ ਹੈ ਕਿ 13.08 ਕਰੋੜ ਕਿਸਾਨਾਂ ਨੇ ਵਪਾਰਕ ਬੈਂਕਾਂ ਤੋਂ 27,67,346 ਕਰੋੜ ਰੁਪਏ ਕਰਜ਼ਾ ਲਿਆ ਹੈ, ਜਦਕਿ 3.34 ਕਰੋੜ ਕਿਸਾਨਾਂ ਨੇ ਸਹਿਕਾਰੀ ਬੈਂਕਾਂ ਤੋਂ 2,65,419 ਕਰੋੜ ਰੁਪਏ ਅਤੇ 2.31 ਕਰੋੜ ਕਿਸਾਨਾਂ ਨੇ ਖੇਤੀ ਪੇਂਡੂ ਬੈਂਕਾਂ ਤੋਂ 3,19,881 ਕਰੋੜ ਰੁਪਏ ਦਾ ਕਰਜ਼ਾ ਲਿਆ ਹੋਇਆ ਹੈ।

ਪ੍ਰਧਾਨ ਮੰਤਰੀ ਕਿਸਾਨ ਯੋਜਨਾ ਅਧੀਨ ਦੇਸ਼ ਦੀ ਕੇਂਦਰ ਸਰਕਾਰ ਲਗਾਤਾਰ ਢੰਡੋਰਾ ਪਿੱਟਦੀ ਹੈ ਕਿ ਦੇਸ਼ ਦੇ ਕਿਸਾਨਾਂ ਨੂੰ ਪ੍ਰਤੀ ਤਿਮਾਹੀ ਕਿਸਾਨ ਸਨਮਾਨ ਰਾਸ਼ੀ ਦਿੰਦੀ ਹੈ, ਜੋ ਪ੍ਰਤੀ ਸਾਲ 6000 ਰੁਪਏ ਹੈ। ਅੰਕੜੇ ਦਸਦੇ ਹਨ ਕਿ 2022 ਦੀ ਪਹਿਲੀ ਤਿਮਾਹੀ (ਅਪ੍ਰੈਲ-ਜੁਲਾਈ) 'ਚ ਇਸ ਸਕੀਮ ਅਧੀਨ 10.47 ਕਰੋੜ ਕਿਸਾਨ ਰਜਿਸਟਰਡ ਸਨ। ਸਾਲ 2023 'ਚ ਘੱਟਕੇ ਇਹ ਗਿਣਤੀ 8.1 ਕਰੋੜ ਰਹਿ ਗਈ । ਇਨ੍ਹਾਂ 8.1 ਕਰੋੜ ਲੋਕਾਂ ਨੂੰ 15ਵੀਂ ਕਿਸ਼ਤ ਦਿੱਤੀ ਗਈ। ਪਰ ਸਰਕਾਰ ਦੇ ਅੰਕੜਿਆਂ ਤੇ ਦਾਅਵਿਆਂ 'ਚ ਵੱਡੀਆਂ ਤਰੁੱਟੀਆਂ ਦੀ ਝਲਕ ਪੈਂਦੀ ਹੈ, ਜਦੋਂ ਸਰਕਾਰ ਕਹਿੰਦੀ ਹੈ ਕਿ 19ਵੀਂ ਕਿਸ਼ਤ ਜੋ ਫਰਵਰੀ 2025 'ਚ ਦਿੱਤੀ ਗਈ , ਉਸ ਵਿਚ ਇਹ ਗਿਣਤੀ 9.8 ਕਰੋੜ ਹੋ ਗਈ। ਇਹ ਕਿਵੇਂ ਵਾਪਰਦਾ ਹੈ? ਕੀ ਇਹ ਅੰਕੜਿਆਂ ਦੀ ਖੇਡ ਨਹੀਂ ਹੈ?

ਪਰ ਇਸ ਵਿੱਚ ਵੀ ਹੈਰਾਨੀ ਦੀ ਗੱਲ ਇਹ ਹੈ ਕਿ ਜਿਹੜੇ ਕਿਸਾਨ ਭਾੜੇ 'ਤੇ ਖੇਤੀ ਕਰਦੇ ਹਨ, ਇਸ ਯੋਜਨਾ ਅਧੀਨ ਲਾਹਾ ਲੈਣ ਦੇ ਪਾਤਰ ਨਹੀਂ ਹਨ। ਕੀ ਇਹ ਬੇਇਨਸਾਫੀ ਨਹੀਂ ਹੈ?

ਕੇਂਦਰ ਸਰਕਾਰ ਦੀਆਂ ਸਕੀਮਾਂ ਕਹਿਣ ਲਈ ਤਾਂ ਕਿਸਾਨ ਹਿਤੈਸ਼ੀ ਹਨ, ਪਰ ਕਈ ਹਾਲਤਾਂ 'ਚ ਇਹ ਕਿਸਾਨਾਂ ਦੀ ਲੁੱਟ ਦਾ ਸਾਧਨ ਬਣੀਆਂ। ਉਦਾਹਰਨ ਪ੍ਰਧਾਨ ਮੰਤਰੀ ਫ਼ਸਲ ਬੀਮਾ ਯੋਜਨਾ ਹੈ। ਭਾਵੇਂ ਕਿ ਇਸ ਸਕੀਮ ਨੂੰ ਕਈ ਸੂਬਾ ਸਰਕਾਰਾਂ ਨੇ ਪ੍ਰਵਾਨ ਨਹੀ ਕੀਤਾ ਅਤੇ ਆਪਣੇ ਸੂਬਿਆਂ 'ਚ ਲਾਗੂ ਨਹੀਂ ਕੀਤਾ, ਪਰ ਜਿਥੇ ਲਾਗੂ ਕੀਤਾ ਗਿਆ, ਉਥੇ ਭਾਰੀ ਭਰਕਮ ਬੀਮਾ ਦੇਣ ਬਾਅਦ, ਜਦੋਂ ਫ਼ਸਲਾਂ ਦੇ ਖਰਾਬ ਹੋਣ 'ਤੇ ਕਲੇਮ ਪੇਸ਼ ਕੀਤੇ, ਤਾਂ 2019-20 ਵਿਚ ਇਹ 87 ਫ਼ੀਸਦੀ ਕਲੇਮ ਮਿਲੇ ਜਦਕਿ 2023-24 'ਚ ਇਹ ਕਲੇਮ 56 ਫ਼ੀਸਦੀ ਪਾਸ ਕੀਤੇ ਗਏ, ਕਿਉਂਕਿ ਪ੍ਰਾਈਵੇਟ ਬੀਮਾ ਕੰਪਨੀਆਂ ਨੂੰ ਇਸ ਬੀਮਾ 'ਚ ਸ਼ਾਮਿਲ ਕਰਨ ਦੀ ਮਨਜ਼ੂਰੀ ਮੌਜੂਦਾ ਸਰਕਾਰ ਵੱਲੋਂ ਦੇ ਦਿੱਤੀ ਗਈ। ਇੰਜ ਇਹ ਯੋਜਨਾ ਅਸਲ 'ਚ ਜਬਰਨ ਵਸੂਲੀ ਯੋਜਨਾ ਬਣ ਗਈ, ਜਿਸ ਨਾਲ ਕਿਸਾਨਾਂ ਨੂੰ ਫ਼ਾਇਦਾ ਘੱਟ, ਪਰ ਨੁਕਸਾਨ ਵੱਧ ਹੋ ਰਿਹਾ ਹੈ।

ਮਗਨਰੇਗਾ ਵਰਗੀ ਮਹੱਤਵਪੂਰਨ ਸਮਾਜਿਕ ਸੁਰੱਖਿਆ ਯੋਜਨਾ ਦਾ ਮੌਜੂਦਾ ਸਰਕਾਰ ਨੇ ਲੱਕ ਤੋੜ ਕੇ ਰੱਖ ਦਿੱਤਾ ਹੈ। 1.5 ਕਰੋੜ ਤੋਂ ਜਿਆਦਾ ਜੌਬ ਕਾਰਡ ਰੱਦ ਕਰ ਦਿੱਤੇ ਗਏ ਹਨ। ਕੰਮ ਜਿਹੜਾ ਪ੍ਰਤੀ 100 ਦਿਨਾਂ ਲਈ ਦੇਣਾ ਸੀ, ਉਹ ਮਸਾਂ 51 ਦਿਨ ਤੱਕ ਦਿੱਤਾ ਜਾ ਸਕਿਆ। ਇਸ ਵਿਚ ਛੋਟੇ ਕਿਸਾਨਾਂ ਨੂੰ ਕੁਝ ਦਿਨਾਂ ਦਾ ਰੁਜ਼ਗਾਰ ਮਿਲਦਾ ਸੀ। ਹੁਣ ਇਹ ਪੇਂਡੂ ਖੇਤਰ ਵਾਲੀ ਵਿਸ਼ੇਸ਼ ਯੋਜਨਾ, ਪੈਸਿਆਂ ਦੀ, ਘਾਟ ਵਾਲੀ ਯੋਜਨਾ ਬਣ ਕੇ ਰਹਿ ਗਈ ਹੈ। ਮੌਜੂਦਾ ਸਰਕਾਰ 'ਕਿਸਾਨ ਵਿਰੋਧੀ ਸਰਕਾਰ' ਵਜੋਂ ਜਾਣੀ ਜਾਣ ਲੱਗ ਪਈ ਹੈ, ਕਿਉਂਕਿ ਉਸ ਦਾ ਦੇਸ਼ ਦੇ ਮਹੱਤਵਪੂਰਨ ਵਰਗ ਕਿਸਾਨਾਂ ਦੀ ਭਲਾਈ ਵੱਲ ਉਤਨਾ ਧਿਆਨ ਨਹੀਂ ਹੈ, ਜਿਤਨਾ ਧਿਆਨ ਦੇਸ਼ ਦੇ ਅਰਥਚਾਰੇ ਨੂੰ ਮਜ਼ਬੂਤ ਕਰਨ ਵਾਲੇ ਇਸ ਵਰਗ ਨੂੰ ਦਿੱਤੇ ਜਾਣ ਦੀ ਲੋੜ ਹੈ। ਸਗੋਂ ਉਲਟਾ ਕਿਸਾਨ ਵਿਰੋਧੀ ਸਰਕਾਰੀ ਸੋਚ ਉਸ ਵੇਲੇ ਵੇਖਣ ਨੂੰ ਮਿਲੀ, ਜਦੋਂ ਕਿਸਾਨਾਂ ਵਿਰੋਧੀ ਤਿੰਨ ਕਾਲੇ ਕਾਨੂੰਨ ਪਾਸ ਕਰ ਦਿੱਤੇ ਗਏ, ਜਿਸ ਵਿਚ ਕਿਸਾਨਾਂ ਦੀ ਜ਼ਮੀਨ ਖੋਹੇ ਜਾਣ ਦੀ ਸਾਜਿਸ਼ ਦੀ ਝਲਕ ਸਪਸ਼ਟ ਨਜ਼ਰੀ ਪੈਂਦੀ ਸੀ।

ਦੇਸ਼ ਦੀ ਕੁੱਲ ਕਾਮਾ ਗਿਣਤੀ ਵਿੱਚ 45.76 ਫ਼ੀਸਦੀ ਕਾਮੇ ਕਿਸਾਨ ਹਨ, ਜਿਹੜੇ ਖੇਤੀ ਖੇਤਰ ਅਤੇ ਖੇਤੀ ਨਾਲ ਸੰਬੰਧਤ ਧੰਦਿਆਂ 'ਚ ਲੱਗੇ ਹੋਏ ਹਨ। ਇਨ੍ਹਾਂ ਕਿਸਾਨਾਂ ਵਿੱਚੋਂ 86 ਫ਼ੀਸਦੀ ਕਿਸਾਨ ਛੋਟੇ ਅਤੇ ਛੋਟੇ ਮੱਧ ਵਰਗੀ ਕਿਸਾਨ ਹਨ, ਜਿਨ੍ਹਾਂ ਕੋਲ ਇੱਕ ਹੈਕਟੇਅਰ (2.5 ਏਕੜ) ਜ਼ਮੀਨ ਤੋਂ ਵੀ ਘੱਟ ਦੀ ਮਾਲਕੀ ਹੈ। ਇਸੇ ਕਰਕੇ ਦੇਸ਼ 'ਚ ਬਹੁਤੇ ਕਿਸਾਨ ਗਰੀਬੀ ਰੇਖਾ ਤੋਂ ਹੇਠ ਰਹਿੰਦੇ ਹਨ। ਵੱਡੀ ਮਿਹਨਤ ਕਰਨ ਦੇ ਬਾਵਜੂਦ ਵੀ ਫਸਲਾਂ ਲਈ ਪੂਰੀ ਕੀਮਤ ਨਾ ਮਿਲਣਾ ਇੱਕ ਕਾਰਨ ਹੈ। ਬੀਜਾਂ, ਖਾਦਾਂ ਦੀ ਵੱਧਦੀ ਕੀਮਤ, ਪਾਣੀ ਦੀ ਘਾਟ ਬੇਮੌਸਮੀ ਬਰਸਾਤ ਅਤੇ ਕਈ ਹੋਰ ਕਾਰਨਾਂ ਕਰਕੇ ਕਿਸਾਨ ਘਾਟੇ ਦੀ ਖੇਤੀ ਕਰਨ 'ਤੇ ਮਜ਼ਬੂਰ ਹੈ। ਖੇਤੀ ਲਈ ਪੂਰਾ ਪਰਿਵਾਰ ਮਿਹਨਤ ਕਰਦਾ ਹੈ, ਪਰ ਉਸ ਦੀ ਮਜ਼ਦੂਰੀ ਤੱਕ ਵੀ ਉਸ ਨੂੰ ਨਹੀਂ ਮਿਲਦੀ। ਕਿਸਾਨ ਜੱਥੇਬੰਦੀਆਂ ਫ਼ਸਲਾਂ ਦੀ ਘੱਟੋ-ਘੱਟ ਕੀਮਤ ਅਤੇ ਡਾ. ਸਵਾਮੀਨਾਥਨ ਦੀ ਰਿਪੋਰਟ ਲਾਗੂ ਕਰਨ ਦੀ ਮੰਗ ਕਰਦੀਆਂ ਹਨ, ਜਿਸ ਅਧੀਨ ਉਨ੍ਹਾਂ ਨੂੰ ਫ਼ਸਲ ਉਤੇ ਲਾਗਤ ਉਪਰ 50 ਫ਼ੀਸਦੀ ਮਜ਼ਦੂਰੀ ਦਿੱਤੇ ਜਾਣ ਦਾ ਪ੍ਰਵਾਧਾਨ ਹੈ, ਪਰ ਸਰਕਾਰ ਵੱਲੋਂ ਇਸ ਜਾਇਜ਼ ਮੰਗ ਵੱਲ 'ਤੱਕਿਆ' ਵੀ ਨਹੀਂ ਜਾ ਰਿਹਾ। ਇਹੋ ਜਿਹੇ ਹਾਲਾਤਾਂ ਵਿਚ ਕਿਸਾਨਾਂ ਦੀ ਆਰਥਿਕ ਸਥਿਤੀ ਸੁਧਾਰਨ ਦੀ ਗੁੰਜਾਇਸ਼ ਹੀ ਨਹੀਂ ਬਚਦੀ। ਇਹ ਹਾਲਾਤ ਚੁਣੌਤੀਪੂਰਨ ਹਨ।

ਪ੍ਰਧਾਨ ਮੰਤਰੀ ਦੀ ਇੱਕ ਯੋਜਨਾ ਤਹਿਤ ਸਰਕਾਰ ਨੇ ਕਿਸਾਨਾਂ ਨੂੰ ਕਰਜ਼ਾ ਦੇਣ ਲਈ ਸੀਮਾ 5 ਲੱਖ ਰੁਪਏ ਕਰ ਦਿੱਤੀ ਹੈ, ਕਿਸਾਨਾਂ ਨੂੰ ਆਤਮ ਨਿਰਭਰਤਾ ਵਧਾਉਣ ਲਈ ਦਾਲਾਂ ਅਤੇ ਕਪਾਹ ਦੀ ਖੇਤੀ ਵੱਲ ਪ੍ਰੇਰਿਤ ਕਰਨ ਦਾ ਯਤਨ ਹੋ ਰਿਹਾ ਹੈ, ਪਰ ਛੋਟੇ ਮੱਧ ਵਰਗੀ ਕਿਸਾਨਾਂ ਦੇ ਹਾਲਤ ਸੁਧਾਰ ਨਹੀਂ ਰਹੇ। ਕਿਸਾਨ ਦੀ ਸਥਿਤੀ ਵਿਸ਼ਵ ਦੇ ਕਿਸਾਨਾਂ ਦੀ ਸਥਿਤੀ ਨਾਲੋਂ ਅਤਿਅੰਤ ਕਮਜ਼ੋਰ ਹੈ, ਕਿਉਂਕਿ ਆਮ ਕਿਸਾਨ ਦੀ ਪਹੁੰਚ 'ਚ ਨਾ ਤਾਂ ਆਧੁਨਿਕ ਸੰਦ ਹਨ ਅਤ ਨਾ ਹੀ ਮੰਡੀ ਤੱਕ ਜਾਇਜ਼ ਪਹੁੰਚ। ਜਿਸ ਕਾਰਨ ਉਹ ਬੁਰੀ ਤਰ੍ਹਾਂ ਲੁਟਿਆ ਜਾ ਰਿਹਾ ਹੈ ।

> ***ਆੜਤੀਆਂ ਵੱਲੋਂ ਕਿਸਾਨ ਦੀ ਆਪਣੀ ਫ਼ਸਲ ਲਈ ਵੱਡੇ ਵਿਆਜ਼ 'ਤੇ ਕਰਜ਼ਾ ਲੈਣ ਤੋਂ ਸ਼ੁਰੂ ਹੋਈ ਲੁੱਟ, ਮੰਡੀ ਤੱਕ ਪਹੁੰਚਦਿਆਂ ਹੋਰ ਵੀ ਵਧਦੀ ਹੈ, ਜਿਥੇ ਉਸਦੀਆਂ ਫ਼ਸਲਾਂ ਲਈ ਘੱਟੋ-ਘੱਟ ਸਮਰਥਨ ਮੁੱਲ ਦੀ ਕੋਈ ਕਾਨੂੰਨੀ ਗਰੰਟੀ ਨਹੀਂ ਹੈ। ਉਹ ਫਸਲਾਂ, ਸਬਜ਼ੀਆਂ, ਫਲ, ਜੋ ਉਹ ਮਿਹਨਤ ਨਾਲ ਉਗਾਉਂਦਾ ਹੈ, ਉਨ੍ਹਾਂ ਫ਼ਸਲਾਂ ਵੱਟੇ ਮਿਲਦੀ ਰਾਸ਼ੀ ਕਈ ਵੇਰ ਇੰਨੀ ਘੱਟ ਹੁੰਦੀ ਹੈ ਕਿ ਉਸ ਨੂੰ ਆਲੂ, ਟਮਾਟਰਾਂ, ਵਰਗੀਆਂ ਸਬਜ਼ੀਆਂ ਦੇ ਢੇਰ ਸੜਕਾਂ 'ਤੇ ਸੁੱਟਣੇ ਪੈਂਦੇ ਹਨ।***

ਆੜਤੀਆਂ ਵੱਲੋਂ ਕਿਸਾਨ ਦੀ ਆਪਣੀ ਫ਼ਸਲ ਲਈ ਵੱਡੇ ਵਿਆਜ਼ 'ਤੇ ਕਰਜ਼ਾ ਲੈਣ ਤੋਂ ਸ਼ੁਰੂ ਹੋਈ ਲੁੱਟ, ਮੰਡੀ ਤੱਕ ਪਹੁੰਚਦਿਆਂ ਹੋਰ ਵੀ ਵਧਦੀ ਹੈ, ਜਿਥੇ ਉਸਦੀਆਂ ਫ਼ਸਲਾਂ ਲਈ ਘੱਟੋ-ਘੱਟ ਸਮਰਥਨ ਮੁੱਲ ਦੀ ਕੋਈ ਕਾਨੂੰਨੀ ਗਰੰਟੀ ਨਹੀਂ ਹੈ। ਉਹ ਫਸਲਾਂ, ਸਬਜ਼ੀਆਂ, ਫਲ, ਜੋ ਉਹ ਮਿਹਨਤ ਨਾਲ ਉਗਾਉਂਦਾ ਹੈ, ਉਨ੍ਹਾਂ ਫ਼ਸਲਾਂ ਵੱਟੇ ਮਿਲਦੀ ਰਾਸ਼ੀ ਕਈ ਵੇਰ ਇੰਨੀ ਘੱਟ ਹੁੰਦੀ ਹੈ ਕਿ ਉਸ ਨੂੰ ਆਲੂ, ਟਮਾਟਰਾਂ, ਵਰਗੀਆਂ ਸਬਜ਼ੀਆਂ ਦੇ ਢੇਰ ਸੜਕਾਂ 'ਤੇ ਸੁੱਟਣੇ ਪੈਂਦੇ ਹਨ। ਆਰਥਿਕ ਸਥਿਤੀ ਇਹ ਬਣਦੀ ਹੈ ਕਿ ਉਸਨੂੰ ਆਪਣੀ ਜੀਵਨ-ਲੀਲਾ ਖ਼ਤਮ ਕਰਨ ਦੇ ਹਾਲਾਤ ਤੱਕ ਬਣ ਜਾਂਦੇ ਹਨ। ਕਿਸਾਨਾਂ ਦੀ ਖ਼ੁਦਕੁਸ਼ੀ ਦੀਆਂ ਨਿੱਤ ਪ੍ਰਤੀ ਦੀਆਂ ਖ਼ਬਰਾਂ ਦੂਜੇ ਕਿਸਾਨਾਂ ਨੂੰ ਪ੍ਰੇਸ਼ਾਨ ਕਰਦੀਆਂ ਹਨ, ਜੋ ਘਰੇਲੂ ਹਾਲਤਾਂ ਅਤੇ ਮਾੜੀ ਆਰਥਿਕ ਹਾਲਾਤ ਕਾਰਨ ਪਹਿਲਾਂ ਹੀ ਮਾਨਸਿਕ ਤੌਰ 'ਤੇ ਪ੍ਰੇਸ਼ਾਨ ਹੁੰਦੇ ਹਨ।

ਕਿਸਾਨ ਦੀ ਜ਼ਿੰਦਗੀ ਜ਼ਮੀਨ, ਮੌਸਮ ਅਤੇ ਰੁੱਤਾਂ ਦੁਆਲੇ ਘੁੰਮਦੀ ਹੈ। ਉਹ ਕੁਦਰਤ ਨਾਲ ਹਰ ਪਲ ਵਾ-ਬਸਤਾ ਹੈ, ਕਿਉਂਕਿ ਉਹ ਹੀ ਉਸਨੂੰ ਖੁਸ਼ੀਆਂ ਦਿੰਦੀ ਹੈ ਅਤੇ ਉਹ ਹੀ ਉਹਦਾ ਜੀਵਨ ਜੀਊਣਾ ਦੁੱਭਰ ਕਰਦੀ ਹੈ। ਖੇਤੀ ਨਾਲ ਜਦੋਂ ਤੋਂ ਖਾਦਾਂ, ਕੀਟਨਾਸ਼ਕਾਂ, ਰਾਹੀ ਖਿਲਵਾੜ ਸ਼ੁਰੂ ਹੋਇਆ ਹੈ, ਕਿਸਾਨ ਦੀ ਜ਼ਿੰਦਗੀ ਹੋਰ ਵੀ ਔਖੀ ਤੇ ਚੁਣੌਤੀਆਂ ਭਰਪੂਰ ਹੋਈ ਹੈ। ਧਰਤੀ ਰਸਾਇਣਿਕ ਖਾਦਾਂ, ਕੀਟਨਾਸ਼ਕਾਂ ਅਤੇ ਪਾਣੀ ਦੀ ਘਾਟ ਕਾਰਨ ਬੰਜ਼ਰ ਬਣਦੀ ਜਾ ਰਹੀ ਹੈ ਅਤੇ ਖੇਤੀ ਯੋਗ ਜ਼ਮੀਨ ਘੱਟ ਰਹੀ ਹੈ। ਖੇਤੀ ਯੋਗ ਭੂਮੀ ਜਿਥੇ ਭੈੜੀਆਂ ਮੌਸਮੀ ਹਾਲਾਤਾਂ ਦਾ ਸ਼ਿਕਾਰ ਹੋ ਰਹੀ ਹੈ, ਉਥੇ ਕਾਰਪੋਰੇਟ ਸੈਕਟਰ ਅਤੇ ਸਰਕਾਰ ਰਲ ਕੇ, ਬੁਨਿਆਦੀ ਢਾਂਚੇ ਦੀ ਮਜ਼ਬੂਤੀ ਦੇ ਨਾਮ ਉਤੇ ਇਸ ਨੂੰ ਕਿਸਾਨਾਂ ਤੋਂ ਹਥਿਆ ਰਹੇ ਹਨ, ਜਿਸ ਨਾਲ ਕਿਸਾਨਾਂ ਦੀਆਂ ਸਮੱਸਿਆਵਾਂ ਹੋਰ ਵੀ ਵਧ ਰਹੀਆਂ ਹਨ। ਵੱਡੀ ਗਿਣਤੀ ਕਿਸਾਨ ਖੇਤੀ ਤੋਂ ਵਾਂਝੇ ਕੀਤੇ ਜਾ ਰਹੇ ਹਨ।

ਭਾਰਤ ਵਿਸ਼ਵ ਦੇ ਤਿੰਨ ਇਹੋ ਜਿਹੇ ਦੇਸ਼ਾਂ 'ਚ ਸ਼ਾਮਲ ਹੈ, ਜਿਥੇ ਕਿਸਾਨ ਕਣਕ, ਚਾਵਲ, ਦਾਲਾਂ, ਫਲ, ਕਪਾਹ ਪੈਦਾ ਕਰਦੇ ਹਨ। ਇਥੇ ਪ੍ਰਤੀ ਹੈਕਟੇਅਰ ਫ਼ਸਲਾਂ ਦੀ ਪੈਦਾਵਾਰ ਵਿਸ਼ਵ ਪੱਧਰ 'ਤੇ ਘੱਟ ਹੈ, ਹਾਲਾਂਕਿ ਭਾਰਤ ਚੰਗੀ ਉਪਜਾਊ ਧਰਤੀ ਲਈ ਜਾਣਿਆ ਜਾਂਦਾ ਹੈ।

ਐਡੀ ਵੱਡੀ ਆਬਾਦੀ ਲਈ, ਜੋ ਵਿਸ਼ਵ ਦੀ ਗਿਣਤੀ ਵਿਚ ਪਹਿਲੇ ਨੰਬਰ ਦੀ ਆਬਾਦੀ ਹੈ, ਭਾਰਤ ਦਾ ਕਿਸਾਨ ਖੁਰਾਕ ਪੈਦਾ ਕਰਦਾ ਹੈ, ਪਰ ਆਪ ਭੁਖਿਆਂ ਸੌਂਦਾ ਹੈ ਅਤੇ ਭੈੜੀਆਂ ਸਥਿਤੀਆਂ 'ਚ ਜੀਵਨ ਬਸਰ ਕਰਦਾ ਹੈ। ਸਰਕਾਰ ਦੀ ਕਿਸਾਨਾਂ ਪ੍ਰਤੀ ਬੇਰੁਖੀ ਰੜਕਦੀ ਹੈ। ਸੰਘਰਸ਼ਮਈ ਕਿਸਾਨ ਜ਼ਿੰਦਗੀ, ਲੋੜਾਂ ਅਤੇ ਥੋੜਾਂ ਕਾਰਨ ਕਈ ਹਾਲਾਤਾਂ 'ਚ ਕਰੁਨਾਮਈ ਬਣ ਜਾਂਦੀ ਹੈ, ਜਦੋਂ ਉਸਦੇ ਪਰਿਵਾਰ ਨੂੰ ਸਿੱਖਿਆ, ਸਿਹਤ ਸਹੂਲਤਾਂ ਦੀ ਘਾਟ ਰਹਿੰਦੀ ਹੈ।

ਸਮੁੱਚੇ ਦੇਸ਼ ਵਿਚ ਕਿਸਾਨ ਆਪਣੇ ਹੱਕਾਂ ਪ੍ਰਤੀ ਜਾਗਰੂਕ ਹੁੰਦਿਆਂ ਸੰਘਰਸ਼ ਕਰ ਰਹੇ ਹਨ। ਉਨ੍ਹਾਂ ਦੇ ਹਾਲਾਤ ਸੁਧਾਰਨ ਲਈ ਬੁਨਿਆਦੀ ਢਾਂਚੇ ਦੇ ਪਸਾਰੇ ਲਈ ਅਤੇ ਪਾਣੀ-ਪ੍ਰਬੰਧਨ ਅਤੇ ਸਿੰਚਾਈ ਯੋਜਨਾਵਾਂ ਦੇ ਸੁਧਾਰ ਦੀ ਤਾਂ ਲੋੜ ਹੈ ਹੀ, ਉਸਦੇ ਜੀਵਨ ਨੂੰ ਸੁਖਾਲਾ ਬਣਾਉਣ ਲਈ ਸਮਾਜਿਕ ਸੁਰੱਖਿਆ ਦੇਣਾ ਵੀ ਜ਼ਰੂਰੀ ਹੈ।

# ਸਭ ਤੋਂ ਵੱਡਾ ਖ਼ਤਰਾ ਇਰਾਨ ਦਾ 'ਪ੍ਰਮਾਣੂ ਪ੍ਰੋਗਰਾਮ' ਜਾਂ ਅਮਰੀਕਨ ਸਲਤਨਤ ਦਾ ਪਸਾਰਵਾਦ

**ਟਰੰਪ ਸਰਕਾਰ ਵੱਲੋਂ ਇਰਾਨ ਵਿਰੁੱਧ ਜੰਗ ਵਿਚ ਸ਼ਾਮਲ ਹੋਣ ਨੂੰ ਹਰੀ ਝੰਡੀ ਦਿੱਤੇ ਜਾਣ ਨਾਲ ਮੱਧ ਪੂਰਬ ਦੇ ਹਾਲਾਤ ਹੋਰ ਵੀ ਭਿਆਨਕ ਹੋ ਗਏ ਹਨ। ਅਮਰੀਕਾ 'ਸ਼ਾਂਤੀ ਦਾ ਮਸੀਹਾ' ਬਣ ਕੇ ਇਹ ਸਭ ਕਿਉਂ ਕਰਦਾ ਆ ਰਿਹਾ ਹੈ? ਸੱਚੀਂ-ਮੁੱਚੀਂ ਸੰਸਾਰ ਅਮਨ ਲਈ ਜਾਂ ਕਿਸੇ ਹੋਰ ਮਕਸਦ ਲਈ? ਇਨ੍ਹਾਂ ਸਵਾਲਾਂ ਦੀ ਚਰਚਾ ਸਾਡੇ ਕਾਲਮਨਵੀਸ ਬੂਟਾ ਸਿੰਘ ਮਹਿਮੂਦਪੁਰ ਵੱਲੋਂ ਇਸ ਲੰਮੀ ਟਿੱਪਣੀ ਵਿਚ ਕੀਤੀ ਗਈ ਹੈ।-ਸੰਪਾਦਕ॥**






ਲੰਘੀ 22 ਜੂਨ ਨੂੰ ਸਵੇਰੇ ਅਮਰੀਕਾ ਨੇ ਆਪਣੇ ਸਭ ਤੋਂ ਸ਼ਕਤੀਸ਼ਾਲੀ ਬੰਕਰ ਬਸਟਰ ਬੀ32 ਬੰਬਰਾਂ ਨਾਲ ਇਰਾਨ ਦੇ ਤਿੰਨ ਪ੍ਰਮਾਣੂ ਕੇਂਦਰਾਂ ਉੱਪਰ ਹਮਲਾ ਕਰ ਦਿੱਤਾ। ਹੁਣ ਉਸ ਹਮਲੇ ਵਿਚ ਟਰੰਪ ਸਰਕਾਰ ਦੀ ਡੂੰਘੀ ਸਾਜ਼ਿਸ਼ ਖੁੱਲ੍ਹ ਕੇ ਸਾਹਮਣੇ ਆ ਗਈ ਜਿਸ ਦੀ ਸ਼ੁਰੂਆਤ ਇਜ਼ਰਾਇਲ ਵੱਲੋਂ 13 ਜੂਨ ਨੂੰ ਬਿਨਾਂ ਕਿਸੇ ਭੜਕਾਹਟ ਦੇ ਅਚਾਨਕ ਹਮਲਾ ਕਰਕੇ ਇਰਾਨ ਦੇ ਚੋਟੀ ਦੇ ਫ਼ੌਜੀ ਅਧਿਕਾਰੀਆਂ ਅਤੇ ਪ੍ਰਮਾਣੂ ਵਿਗਿਆਨੀਆਂ ਨੂੰ ਕਤਲ ਕਰਨ ਅਤੇ ਇਰਾਨ ਦੀਆਂ ਦਰਜਨਾਂ ਮਹੱਤਵਪੂਰਨ ਥਾਵਾਂ ਨੂੰ ਨਿਸ਼ਾਨਾ ਬਣਾਉਣ ਨਾਲ ਹੋਈ ਸੀ। ਆਖ਼ਿਰਕਾਰ ਟਰੰਪ ਦੀ ਅਗਵਾਈ ਹੇਠ ਅਮਰੀਕਨ ਸਰਕਾਰ ਮਖੌਟਾ

ਬੂਟਾ ਸਿੰਘ ਮਹਿਮੂਦਪੁਰ

ਲਾਹ ਕੇ ਉਸ ਨਹੱਕੀ ਜੰਗ ਵਿਚ ਸ਼ਾਮਲ ਹੋ ਗਈ ਹੈ ਜੋ ਇਜ਼ਰਾਇਲ ਨੂੰ ਸ਼ਿਸ਼ਕੇਰ ਕੇ ਇਰਾਨ ਉੱਪਰ ਥੋਪੀ ਗਈ। ਇਸ ਨਾਲ ਅਮਰੀਕਨ ਸਟੇਟ ਦਾ ਮੁਲਕਾਂ ਦੀ ਪ੍ਰਭੂਸੱਤਾ ਵਿਰੋਧੀ ਸਾਮਰਾਜੀ ਧਾੜਵੀ ਚਿਹਰਾ ਇਕ ਵਾਰ ਫਿਰ ਜੱਗ ਜ਼ਾਹਿਰ ਹੋ ਗਿਆ ਹੈ।

ਅਮਰੀਕਾ ਦੀ ਸਾਮਰਾਜੀ ਸਲਤਨਤ ਦੇ ਪਸਾਰੇ ਦੀ ਨੀਤੀ ਬਾਰੇ ਵਿਦੇਸ਼ ਨੀਤੀ ਮਾਹਰ ਸਟੀਫਨ ਕਿੰਜ਼ਰ ਲਿਖਦੇ ਹਨ, 'ਸਭ ਤੋਂ ਪਹਿਲਾਂ, ਸੰਯੁਕਤ ਰਾਜ ਅਮਰੀਕਾ ਨੇ ਉੱਤਰੀ ਅਮਰੀਕਾ ਵਿਚ ਇਕ ਮਹਾਦੀਪੀ ਸਾਮਰਾਜ ਬਣਾਇਆ, ਜਿਸ ਲਈ ਮੂਲਵਾਸੀ ਲੋਕਾਂ ਨੂੰ ਹਟਾ ਕੇ ਅਤੇ ਮੈਕਸੀਕੋ ਦਾ ਵੱਡਾ ਹਿੱਸਾ ਹਥਿਆ ਕੇ ਇਸ ਨੂੰ ਅੰਜਾਮ ਦਿੱਤਾ ਗਿਆ। ਫਿਰ, 1898 ਤੋਂ ਬਾਅਦ ਦੇ ਦੌਰ ਵਿਚ, ਅਸੀਂ ਸਮੁੰਦਰ ਪਾਰ ਸਾਮਰਾਜ ਬਣ ਗਏ। ਅਤੇ ਆਖ਼ਿਰਕਾਰ, ਦੂਜੇ ਵਿਸ਼ਵ ਯੁੱਧ ਤੋਂ ਬਾਅਦ, ਇਕ ਆਲਮੀ ਸਾਮਰਾਜ ਬਣ ਗਏ।'

ਇਜ਼ਰਾਇਲ ਨੂੰ ਅਮਰੀਕਨ ਸਾਮਰਾਜ ਵੱਲੋਂ ਹਰ ਤਰ੍ਹਾਂ ਦੀ ਮੱਦਦ ਅਤੇ ਥਾਪੜੇ ਦਾ ਲੰਮਾ ਇਤਿਹਾਸ ਹੈ। ਅੰਦਾਜ਼ਾ ਇਹ ਹੈ ਕਿ 1970ਵਿਆਂ ਤੋਂ ਲੈ ਕੇ ਅਮਰੀਕਾ ਵੱਲੋਂ ਇਜ਼ਰਾਇਲ ਨੂੰ 34000 ਕਰੋੜ ਡਾਲਰ ਸਹਾਇਤਾ ਦਿੱਤੀ ਗਈ ਹੈ। ਇਸ 'ਸਹਾਇਤਾ' ਦੀ ਜ਼ਿਆਦਾਤਰ ਰਕਮ ਬਦਲਵੇਂ ਰੂਪ 'ਚ ਉਨ੍ਹਾਂ ਅਮਰੀਕਨ ਕੰਪਨੀਆਂ ਦੀਆਂ ਤਿਜੌਰੀਆਂ ਵਿਚ ਵਾਪਸ ਆ ਜਾਂਦੀ ਹੈ ਜੋ ਇਜ਼ਰਾਇਲ ਨੂੰ ਅਮਰੀਕਾ ਦਾ ਵਿਕਸਤ ਜੰਗੀ ਸਾਜ਼ੋ-ਸਮਾਨ ਮੁਹੱਈਆ ਕਰਾਉਂਦੀਆਂ ਹਨ।

21ਵੀਂ ਸਦੀ ਵਿਚ ਇਹ ਨੀਤੀ ਪਹਿਲਾਂ ਨਾਲੋਂ ਵੀ ਜ਼ਿਆਦਾ ਹਮਲਾਵਰ ਹੋ ਗਈ ਹੈ। ਇਨ੍ਹਾਂ ਨੂੰ ਜਚਣਹਾਰ ਬਣਾਉਣ ਲਈ ਝੂਠ ਘੜਨ, ਫਿਰ ਇਸ ਝੂਠ ਨੂੰ ਧਾੜਵੀ ਹਮਲਿਆਂ ਅਤੇ ਇਸ ਜ਼ਰੀਏ ਆਪਣੇ ਘਿਨਾਉਣੇ ਸਾਮਰਾਜੀ ਮਨਸੂਬਿਆਂ ਨੂੰ ਅੰਜਾਮ ਦੇਣ ਦਾ ਅਤਿਅੰਤ ਸਪਸ਼ਟ ਪੈਟਰਨ ਹੈ। ਜਿਸ ਮੁਲਕ ਦੇ ਹੁਕਮਰਾਨ ਅਮਰੀਕਨ ਸਾਮਰਾਜ ਨਾਲੋਂ ਕਿਸੇ ਵੀ ਰੂਪ 'ਚ ਤੋੜ-ਵਿਛੋੜਾ ਕਰਦੇ ਹਨ ਜਾਂ ਕਿਸੇ ਤਰ੍ਹਾਂ ਦਾ ਸੁਤੰਤਰ ਰਸਤਾ ਅਖ਼ਤਿਆਰ ਕਰਨ ਦੀ ਜੁਰਅਤ ਕਰਦੇ ਹਨ, ਉਨ੍ਹਾਂ ਉੱਪਰ ਅਮਰੀਕਨ ਹੁਕਮਰਾਨ ਜੰਗਾਂ ਥੋਪ ਦਿੰਦੇ ਹਨ। ਜਿਨ੍ਹਾਂ ਹਕੂਮਤਾਂ ਵੱਲੋਂ ਭਵਿੱਖ ਵਿਚ ਚੁਣੌਤੀ ਬਣਨ ਦੀ ਸੰਭਾਵਨਾ ਹੈ, ਉਸ ਸੰਭਾਵਨਾ ਨੂੰ ਖ਼ਤਮ ਕਰਨ ਦੀ ਪੇਸ਼ਬੰਦੀ ਵਜੋਂ ਹਮਲੇ ਅਮਰੀਕਨ ਦਸਤੂਰ ਹੈ।

ਇਹ ਅਮਲ ਬਹੁਤ ਸਿਲਸਿਲੇਵਾਰ ਤਰੀਕੇ ਨਾਲ ਚਲਾਇਆ ਜਾਂਦਾ ਹੈ। ਪਹਿਲਾਂ ਅਮਰੀਕਨ ਹੁਕਮਰਾਨ ਨਿਸ਼ਾਨੇ ਬਣਾਏ ਜਾਣ ਵਾਲੇ ਮੁਲਕ ਦੀ ਸਰਕਾਰ ਅੱਗੇ ਖ਼ਾਸ ਮੰਗਾਂ ਰੱਖ ਕੇ ਉਨ੍ਹਾਂ ਨੂੰ ਪੂਰਾ ਕਰਨ ਲਈ ਕਹਿੰਦੇ ਹਨ ਅਤੇ ਨਿਸ਼ਚਿਤ ਸਮੇਂ ਲਈ ਉਨ੍ਹਾਂ ਨੂੰ ਗੱਲਬਾਤ ਵਿਚ ਉਲਝਾਈ ਰੱਖਦੇ ਹਨ। ਉਹ ਖ਼ਤਰੇ ਦਾ ਕੋਈ ਝੂਠਾ ਬਿਰਤਾਂਤ ਘੜਦੇ ਹਨ ਜਾਂ ਕਿਸੇ ਮਾਮੂਲੀ ਗੱਲ ਨੂੰ ਵਧਾ-ਚੜ੍ਹਾ ਕੇ ਪੇਸ਼ ਕਰਦੇ ਹਨ। ਗੱਲਬਾਤ ਨੂੰ ਸਿਰਫ਼ ਦਿਖਾਵੇ ਵਾਸਤੇ ਵਰਤਿਆ ਜਾਂਦਾ ਹੈ। ਗੱਲ-ਬਾਤ ਦੌਰਾਨ ਨਵੀਆਂ-ਨਵੀਆਂ ਤੇ ਨਵਾਜਬ ਮੰਗਾਂ ਲਗਾਤਾਰ ਜੋੜਦੇ ਰਹਿੰਦੇ ਹਨ। ਜਦ ਸਾਰੇ ਪੱਖ ਵਿਚਾਰ ਕੇ ਜੰਗ ਦੀ ਤਿਆਰੀ ਮੁਕੰਮਲ ਹੋ ਜਾਂਦੀ ਹੈ ਤਾਂ ਉਸ ਮੁਲਕ ਉੱਪਰ ਅਚਾਨਕ ਹਮਲਾ ਕਰ ਦਿੱਤਾ ਜਾਂਦਾ ਹੈ। ਇਸ ਵਰਤਾਰੇ ਨੂੰ ਸਮਝਣ ਲਈ 21ਵੀਂ ਸਦੀ ਦੀਆਂ ਕੁਝ ਮਿਸਾਲਾਂ ਲਈਆਂ ਜਾ ਸਕਦੀਆਂ ਹਨ।

2003 'ਚ ਅਮਰੀਕਾ ਨੇ ਇਰਾਕ 'ਤੇ ਹਮਲਾ ਕਰਨ ਲਈ ਇਹ ਝੂਠਾ ਦਾਅਵਾ ਕੀਤਾ ਕਿ ਇਰਾਕ ਕੋਲ ਵਿਸ਼ਾਲ ਤਬਾਹੀ ਮਚਾਉਣ ਵਾਲੇ ਹਥਿਆਰ (ਡਬਲਯੂ.ਐਮ.ਡੀਜ਼) ਹਨ, ਜਿਨ੍ਹਾਂ ਵਿਚ ਪਰਮਾਣੂ ਹਥਿਆਰ ਵੀ ਸ਼ਾਮਲ ਹਨ। ਇਹ ਦਾਅਵਾ ਸੰਯੁਕਤ ਰਾਸ਼ਟਰ ਵਿਚ ਅਮਰੀਕੀ ਵਿਦੇਸ਼ ਮੰਤਰੀ ਕੋਲਿਨ ਪਾਵੇਲ ਵੱਲੋਂ ਨਕਸ਼ਿਆਂ ਅਤੇ ਕਥਿਤ ਸਬੂਤਾਂ ਦੇ ਨਾਲ ਕੀਤਾ ਗਿਆ। ਇਸਦਾ ਨਾ ਸੰਯੁਕਤ ਰਾਸ਼ਟਰ ਅਤੇ ਅਮਰੀਕੀ ਜਾਂਚ-ਕਰਤਾਵਾਂ ਨੂੰ ਜੰਗ ਤੋਂ ਪਹਿਲਾਂ ਅਜਿਹਾ ਕੋਈ ਸਬੂਤ ਮਿਲਿਆ ਅਤੇ ਨਾ ਜੰਗ ਤੋਂ ਪਿੱਛੋਂ।

ਜੰਗ ਵਿੱਢੇ ਜਾਣ ਤੋਂ ਐਨ ਪਹਿਲਾਂ ਇਰਾਕ ਨੇ ਅਮਰੀਕੀ ਮੰਗਾਂ ਮੰਨ ਲਈਆਂ ਸਨ ਅਤੇ ਹਥਿਆਰ ਨਿਰੀਖਕਾਂ ਨੂੰ ਆਪਣੇ ਫ਼ੌਜੀ ਟਿਕਾਣਿਆਂ ਸਮੇਤ ਹਰ ਥਾਂ ਦੀ ਜਾਂਚ ਦੀ ਇਜਾਜ਼ਤ ਦੇਣੀ ਚਾਹੀ। ਪਰ ਅਮਰੀਕਾ ਨੇ ਆਪਣੀਆਂ ਮੰਗਾਂ ਬਦਲ ਦਿੱਤੀਆਂ— ਹੁਣ ਉਨ੍ਹਾਂ ਨੇ ਮੰਗ ਕਰਨੀ ਸ਼ੁਰੂ ਕਰ ਦਿੱਤੀ ਕਿ ਇਰਾਕੀ ਫ਼ੌਜ ਅਮਰੀਕੀ/ਨਾਟੋ ਫ਼ੌਜੀ ਕਬਜ਼ੇ ਨੂੰ ਸਵੀਕਾਰ ਕਰੇ। ਦੂਜੇ ਸ਼ਬਦਾਂ 'ਚ, ਇਰਾਕੀ ਫ਼ੌਜ ਬਿਨਾਂ ਸ਼ਰਤ ਅਮਰੀਕੀ ਫ਼ੌਜ ਅੱਗੇ ਗੋਡੇ ਟੇਕ ਦੇਵੇ।

ਤਬਾਹੀ ਦੇ ਹਥਿਆਰ ਤਾਂ ਸਿਰਫ਼ ਬਹਾਨਾ ਸਨ। ਇਰਾਕ ਯੁੱਧ ਕਦੇ ਵੀ ਅਜਿਹੇ ਹਥਿਆਰਾਂ ਬਾਰੇ ਨਹੀਂ ਸੀ। ਇਹ ਸ਼ੁਰੂ ਤੋਂ ਹੀ ਉਥੋਂ ਦੀ ਨਾਬਰ ਹਕੂਮਤ ਨੂੰ ਬਦਲਣ ਲਈ ਸੀ— 'ਸੁਰੱਖਿਆ' ਦੇ ਝੂਠੇ ਬਹਾਨੇ ਇਕਤਰਫ਼ਾ ਫ਼ੌਜੀ ਹਮਲਾ। ਅਸਲ ਨਿਸ਼ਾਨਾ ਸੀ ਇਰਾਕ ਵਿਚ ਹਕੂਮਤ ਦਾ ਤਖ਼ਤਾ ਪਲਟਣਾ, ਸਦਾਮ ਹੁਸੈਨ ਨੂੰ ਹਟਾਉਣਾ ਅਤੇ ਉਸ ਦੀ ਸਿਆਸੀ ਪਾਰਟੀ ਨੂੰ ਤੋੜਨਾ।

ਜ਼ਰਾ ਦੇਖੋ, ਇਰਾਨ ਦੇ ਮਾਮਲੇ 'ਚ ਕੀ ਕੀਤਾ ਗਿਆ? 2024 ਦੇ ਅਖ਼ੀਰ 'ਚ ਸੀਰੀਆ ਦੀ ਅਸਦ ਹਕੂਮਤ ਖ਼ਤਮ ਹੋ ਜਾਣ ਅਤੇ ਇੱਧਰ ਟਰੰਪ ਦੇ ਮੁੜ ਸੱਤਾ ਵਿਚ ਆਉਣ ਤੋਂ ਬਾਅਦ ਅਮਰੀਕਾ ਨੇ ਇਰਾਨ ਨੂੰ ਇਹ ਵਿਸ਼ਵਾਸ ਦਿਵਾਉਣ ਲਈ ਗੱਲਬਾਤ ਦੀ ਚਾਲ ਖੇਡੀ ਕਿ ਜੰਗ ਨੂੰ ਟਾਲਣ ਲਈ ਸਮਝੌਤਾ ਹੋ ਸਕਦਾ ਹੈ। ਜਦੋਂ ਇਰਾਨ ਨੇ ਇਹ ਮੰਨ ਲਿਆ ਕਿ ਉਸ ਕੋਲ ਕੋਈ ਪ੍ਰਮਾਣੂ ਬੰਬ ਨਹੀਂ ਹੈ ਅਤੇ ਨਾ ਹੀ ਉਹ ਭਵਿੱਖ ਵਿਚ ਅਜਿਹਾ ਕੁਝ ਬਣਾਏਗਾ, ਤਾਂ ਅਮਰੀਕਾ ਨੇ ਗੱਲਬਾਤ ਦੀਆਂ ਨਵੀਆਂ ਸ਼ਰਤਾਂ ਥੋਪ ਦਿੱਤੀਆਂ। ਹੁਣ ਮੰਗ ਕਰਨੀ ਸ਼ੁਰੂ ਕਰ ਦਿੱਤੀ ਕਿ ਇਰਾਨ ਆਪਣੇ ਫ਼ੌਜੀ ਟਿਕਾਣੇ ਅਮਰੀਕੀ ਅਤੇ ਇਜ਼ਰਾਈਲੀ ਨਿਰੀਖਣ ਲਈ ਖੋਲ੍ਹੇ ਅਤੇ ਆਪਣਾ ਸਾਰਾ ਯੂਰੇਨੀਅਮ ਭੰਡਾਰ ਉਨ੍ਹਾਂ ਨੂੰ ਸੌਂਪ ਦੇਵੇ।

ਇਰਾਨ ਨੇ ਆਪਣੇ ਸਿਵਲ ਪ੍ਰਮਾਣੂ ਬਿਜਲੀ ਉਤਪਾਦਨ ਨੂੰ ਚਲਾਉਣ ਲਈ ਜ਼ਰੂਰੀ ਯੂਰੇਨੀਅਮ ਨੂੰ ਛੱਡ ਕੇ ਬਾਕੀ ਸਾਰਾ ਰੂਸ ਦੇ ਜ਼ਰੀਏ ਅੰਤਰਰਾਸ਼ਟਰੀ ਕੰਟਰੋਲ ਦੇ ਹਵਾਲੇ ਕਰਨ ਦੀ ਪੇਸ਼ਕਸ਼ ਕੀਤੀ, ਪਰ ਅਮਰੀਕਾ ਨੇ ਜ਼ਿੱਦ ਕੀਤੀ ਕਿ ਸਾਰਾ ਯੂਰੇਨੀਅਮ ਉਨ੍ਹਾਂ ਦੇ ਹਵਾਲੇ ਕੀਤਾ ਜਾਵੇ, ਜਿਸਦਾ ਭਾਵ ਸੀ ਕਿ ਇਰਾਨ ਆਪਣੇ ਪਰਮਾਣੂ ਬਿਜਲੀਘਰ ਬੰਦ ਕਰੇ। ਇਹ ਨੋਟ ਕਰਨਾ ਜ਼ਰੂਰੀ ਹੈ ਕਿ ਟਰੰਪ ਨੇ ਜਨਤਕ ਤੌਰ 'ਤੇ ਕਿਹਾ ਕਿ 15 ਜੂਨ ਨੂੰ ਹੋਣ ਵਾਲੀ ਗੱਲਬਾਤ ਵਿਚ ਸਮਝੌਤਾ ਲੱਗਭੱਗ ਤੈਅ ਹੈ, ਉਸ ਤੋਂ 48 ਘੰਟੇ ਦੇ ਅੰਦਰ ਹੀ 13 ਜੂਨ ਨੂੰ ਇਜ਼ਰਾਇਲ ਨੇ ਅਚਾਨਕ ਹਮਲਾ ਕਰ ਦਿੱਤਾ। ਇਸਦਾ ਸਪਸ਼ਟ ਉਦੇਸ਼ ਗੱਲਬਾਤ ਦਾ ਭੋਗ ਪਾਉਣਾ ਸੀ। ਇਰਾਨ ਦੀ ਹਵਾਈ ਰੱਖਿਆ ਪ੍ਰਣਾਲੀ ਨੂੰ ਭਾਰੀ ਨੁਕਸਾਨ ਪਹੁੰਚਾਇਆ ਗਿਆ ਅਤੇ ਫ਼ੌਜੀ ਟਿਕਾਣਿਆਂ, ਬਿਜਲੀਘਰਾਂ, ਇੱਥੋਂ ਤੱਕ ਕਿ ਪ੍ਰਮਾਣੂ ਥਾਵਾਂ ਉੱਤੇ ਵੀ ਹਮਲੇ ਕੀਤੇ ਗਏ। ਇਸ ਨਾਲ ਰੇਡੀਏਸ਼ਨ ਦਾ ਰਿਸਾਅ ਹੋਇਆ ਜੋ ਕਿ ਅੰਤਰਰਾਸ਼ਟਰੀ ਕਾਨੂੰਨ ਦੇ ਤਹਿਤ ਜੰਗੀ ਜੁਰਮ ਹੈ। ਇਸਦੇ ਨਾਲ ਹੀ ਗਿਣ-ਮਿੱਥ ਕੇ ਆਹਲਾ ਫ਼ੌਜੀ ਅਧਿਕਾਰੀਆਂ, ਸਿਵਲ ਵਿਗਿਆਨੀਆਂ ਅਤੇ ਸਰਕਾਰੀ ਨੁਮਾਇੰਦਿਆਂ ਨੂੰ ਕਤਲ ਕੀਤਾ ਗਿਆ। ਪਹਿਲਾਂ ਗਾਜ਼ਾ ਅਤੇ ਲਿਬਨਾਨ ਵਿਚ ਵੀ ਇਹੀ 'ਡਿਕੈਪੀਟੇਸ਼ਨ ਸਟ੍ਰੈਟਿਜੀ' ਵਰਤੀ ਗਈ ਸੀ। 'ਦੁਸ਼ਮਣ' ਫ਼ੌਜੀ ਤਾਕਤ ਉੱਪਰ ਸਿੱਧਾ ਹਮਲਾ ਕਰਨ ਦੀ ਬਜਾਏ ਧੋਖੇ ਨਾਲ ਉਨ੍ਹਾਂ ਦੀ ਲੀਡਰਸ਼ਿਪ ਅਤੇ ਫ਼ੌਜੀ ਕਮਾਨ ਨੂੰ ਖ਼ਤਮ ਕਰੋ।

ਇਹ ਸਭ ਇਰਾਕ ਯੁੱਧ (2003) ਵਾਲੀ ਯੁੱਧਨੀਤੀ ਦਾ ਦੁਹਰਾਓ" ਹੀ ਸੀ— ਪਹਿਲਾਂ ਝੂਠੇ ਬਹਾਨੇ ਘੜ ਕੇ ਜੰਗ ਦਾ ਮਾਹੌਲ ਬਣਾਉਣਾ, ਫਿਰ ਗੱਲਬਾਤ ਵਿਚ ਨਵੀਆਂ-ਨਵੀਆਂ ਸ਼ਰਤਾਂ ਸ਼ਾਮਲ ਕਰਦੇ ਜਾਣਾ ਅਤੇ ਆਖ਼ਿਰਕਾਰ ਤਬਾਹੀ ਮਚਾਉਣ ਵਾਲਾ ਹਵਾਈ ਹਮਲਾ ਕਰਕੇ ਮੁਲਕ ਦੀ ਆਰਥਿਕਤਾ ਨੂੰ ਅਪਾਹਜ ਕਰ ਦੇਣਾ; ਰਾਜਨੀਤਕ ਅਸਥਿਰਤਾ ਫੈਲਾ ਕੇ ਸਰਕਾਰ ਬਦਲਣਾ। ਅਮਰੀਕਾ ਵੱਲੋਂ 'ਗੱਲਬਾਤ ਦਾ ਉਦੇਸ਼' ਕਦੇ ਵੀ ਸਮਝੌਤਾ ਕਰਨਾ ਨਹੀਂ ਹੁੰਦਾ- ਇਹ ਜੰਗੀ ਤਿਆਰੀ ਲਈ ਸਮਾਂ ਲੈਣ ਲਈ ਹੁੰਦਾ ਹੈ। ਜਦੋਂ ਜੰਗ ਥੋਪਣ 'ਤੇ ਤੁਲੇ ਅਮਰੀਕਨ ਹੁਕਮਰਾਨਾਂ ਨੂੰ ਝੂਠੇ ਬਹਾਨੇ ਕਾਫ਼ੀ ਨਹੀਂ ਜਾਪਦੇ ਤਾਂ 'ਝੂਠੇ ਹਮਲੇ' (ਫਾਲਸ ਫਲੈਗ ਓਪਰੇਸ਼ਨ) ਕਰਵਾਏ ਜਾਂਦੇ ਹਨ। ਵੀਅਤਨਾਮ, ਗਰੇਨਾਡਾ, ਪਨਾਮਾ, ਇਰਾਕ ਅਤੇ ਸੀਰੀਆ ਬਾਰੇ ਝੂਠੇ ਇਲਜ਼ਾਮ ਘੜੇ ਗਏ ਤਾਂ ਜੋ ਪੜ੍ਹਨ-ਸੁਣਨ ਵਾਲੇ ਨੂੰ ਲੱਗੇ ਕਿ ਅਮਰੀਕਾ ਨੇ ਹਮਲਾ ਕਰਕੇ ਸਹੀ ਕੰਮ ਕੀਤਾ ਹੈ।

ਯੂਕਰੇਨ ਸੰਕਟ ਵਿਚ ਵੀ ਅਮਰੀਕਨ ਯੁੱਧਨੀਤੀ ਵਰਤੀ ਗਈ ਪਰ ਵੱਖਰੇ ਤਰੀਕੇ ਨਾਲ। 2014 'ਚ ਅਮਰੀਕਾ ਦੀ ਮੱਦਦ ਨਾਲ ਯੂਕਰੇਨ ਵਿਚ ਤਖ਼ਤਾ ਪਲਟ ਹੋਇਆ, ਜਿਸ ਤੋਂ ਬਾਅਦ ਰੂਸ ਨੇ ਕ੍ਰਾਈਮੀਆ 'ਤੇ ਕਬਜ਼ਾ ਕਰ ਲਿਆ ਤਾਂ ਜੋ ਨਾਟੋ ਨੂੰ ਕਾਲੇ ਸਮੁੰਦਰ 'ਤੇ ਕਬਜ਼ਾ ਕਰਨ ਤੋਂ ਰੋਕਿਆ ਜਾ ਸਕੇ। 2015 ਦੇ ਮਿੰਸਕ ਸਮਝੌਤੇ ਬਾਰੇ, ਜਿਸ ਦੀ ਜ਼ਾਮਨੀ ਜਰਮਨੀ ਅਤੇ ਫਰਾਂਸ ਨੇ ਦਿੱਤੀ ਸੀ, ਬਾਅਦ ਵਿਚ ਮਰਕਲ ਅਤੇ ਹੋਲੈਂਡੇ ਨੇ ਖ਼ੁਦ ਕਬੂਲਿਆ ਕਿ ਇਹ ਰੂਸ ਨੂੰ ਠੱਗਣ ਦੀ ਚਾਲ ਸੀ, ਤਾਂ ਜੋ ਯੂਕਰੇਨ ਨੂੰ ਜੰਗ ਲਈ ਤਿਆਰ ਕੀਤਾ ਜਾ ਸਕੇ। ਅਮਰੀਕਾ ਨੇ 2015 'ਚ ਹੀ ਯੂਕਰੇਨ ਰਾਹੀਂ ਰੂਸ ਨਾਲ ਜੰਗ ਦੀ ਯੋਜਨਾ ਬਣਾ ਲਈ ਸੀ, ਪਰ ਟਰੰਪ ਦੇ ਸੱਤਾ ਵਿਚ ਆਉਣ ਤੋਂ ਬਾਅਦ ਇਹ ਯੋਜਨਾ ਰੋਕ ਲਈ ਗਈ। ਜਦੋਂ 2021 ਚ ਬਾਇਡਨ ਰਾਸ਼ਟਰਪਤੀ ਬਣਿਆ ਤਾਂ ਇਹ ਯੋਜਨਾ ਅਮਲ 'ਚ ਲਿਆਉਣੀ ਸ਼ੁਰੂ ਕਰ ਦਿੱਤੀ ਗਈ। ਯੂਕਰੇਨ ਨੂੰ ਹਥਿਆਰ ਅਤੇ ਫ਼ੌਜੀ ਸਿਖਲਾਈ ਦਿੱਤੀ ਜਾਣ ਲੱਗੀ। ਫਰਵਰੀ 2022 'ਚ ਰੂਸ ਨੇ ਯੂਕਰੇਨ ਦੇ ਸੰਭਾਵਿਤ ਹਮਲੇ ਤੋਂ ਪਹਿਲਾਂ ਖ਼ੁਦ ਹੀ ਹਮਲਾ ਕਰ ਦਿੱਤਾ, ਜਿਸ ਤੋਂ ਬਾਅਦ ਇਸਤਾਂਬੁਲ ਵਿਚ ਮੁੱਢਲਾ ਸ਼ਾਂਤੀ ਸਮਝੌਤਾ ਹੋਇਆ, ਪਰ ਨਾਟੋ ਗੱਠਜੋੜ ਨੇ ਯੂਕਰੇਨ ਨੂੰ ਉਸਨੂੰ ਰੱਦ ਕਰਨ ਅਤੇ ਜੰਗ ਜਾਰੀ ਰੱਖਣ ਲਈ ਮਨਾ ਲਿਆ।

ਇਰਾਕ ਅਤੇ ਇਰਾਨ ਵਾਂਗ, ਇੱਥੇ ਵੀ ਗੱਲਬਾਤ ਦਾ ਮਕਸਦ ਕਦੇ ਵੀ ਸੱਚਮੁੱਚ ਸਮਝੌਤਾ ਕਰਨਾ ਨਹੀਂ ਸੀ, ਸਗੋਂ ਰੂਸ ਨੂੰ ਧੋਖੇ ਵਿਚ ਰੱਖ ਕੇ ਯੂਕਰੇਨ ਨੂੰ ਜੰਗ ਲਈ ਤਿਆਰ ਕਰਨਾ ਸੀ। ਅਮਰੀਕਾ ਦਾ ਅਸਲ ਉਦੇਸ਼ ਤਾਂ ਰੂਸ ਵਿਚ ਹਕੂਮਤ ਬਦਲਣਾ ਸੀ— ਆਰਥਕ ਪਾਬੰਦੀਆਂ ਅਤੇ ਜੰਗ ਰਾਹੀਂ ਪੁਤਿਨ ਨੂੰ ਪਾਸੇ ਕਰਨਾ। 2015 ਅਤੇ 2022 ਦੀਆਂ ਗੱਲਬਾਤ ਸਿਰਫ਼ ਸਮਾਂ ਲੈਣ ਦੀ ਚਾਲ ਸੀ। ਰੂਸੀ ਸਾਮਰਾਜੀ ਹੁਕਮਰਾਨ ਵੀ ਇਹ ਚਾਲਾਂ ਬਖ਼ੂਬੀ ਸਮਝਦੇ ਹਨ ਅਤੇ ਉਹ ਯੂਕਰੇਨ ਨੂੰ ਅਮਰੀਕਾ ਦਾ ਸਥਾਨਕ ਫ਼ੌਜੀ ਅੱਡਾ ਬਣਨ ਤੋਂ ਰੋਕਣ ਦੀ ਕੋਸ਼ਿਸ਼ 'ਚ ਹਨ। ਜਿੱਥੋਂ ਤੱਕ ਯੂਕਰੇਨ ਦਾ ਸਵਾਲ ਹੈ, ਉਸ ਨੂੰ ਯੁੱਧ ਰਾਹੀਂ ਤਬਾਹ ਕਰਕੇ ਆਰਥਕ ਤੌਰ 'ਤੇ ਬੁਰੀ ਤਰ੍ਹਾਂ ਆਪਣਾ ਮੁਹਤਾਜ ਬਣਾ ਲਿਆ ਅਤੇ ਸਭ ਤੋਂ ਵੱਡੀ ਗੱਲ ਇਹ ਹੈ ਕਿ ਕਰਜ਼ੇ ਦੇ ਬਹਾਨੇ ਉਸਦੇ ਵਡਮੁੱਲੇ ਖਣਿਜ ਭੰਡਾਰ ਹਥਿਆ ਲਏ ਗਏ।

ਲਿਹਾਜ਼ਾ, ਇਰਾਨ ਉੱਪਰ ਹਮਲੇ ਦੀ ਕੋਈ ਵੀ ਵਾਜਬੀਅਤ ਨਹੀਂ ਬਣਦੀ। ਇਰਾਨ ਦੀ ਆਜ਼ਾਦੀ ਅਤੇ ਪ੍ਰਭੂਸੱਤਾ ਵਿਰੁੱਧ ਟਰੰਪ ਸਰਕਾਰ ਦਾ ਇਹ ਹਮਲਾ ਅੰਤਰਰਾਸ਼ਟਰੀ ਕਾਇਦੇ-ਕਾਨੂੰਨਾਂ ਦੀ ਖੁੱਲ੍ਹੀ ਉਲੰਘਣਾ ਹੈ। ਇਰਾਨ ਦੀ ਹਕੂਮਤ ਨੇ ਸਪਸ਼ਟ ਕਿਹਾ ਹੈ ਕਿ ਉਹ ਇਸ ਹਮਲੇ ਅੱਗੇ ਨਹੀਂ ਝੁਕਣਗੇ। ਪੈਰ-ਪੈਰ 'ਤੇ ਬਿਆਨ ਬਦਲਣ ਵਾਲੇ ਸਾਮਰਾਜੀ ਠੱਗ ਟਰੰਪ ਲਈ ਇਹ ਬੇਸ਼ਰਮੀ ਕੋਈ ਖ਼ਾਸ ਗੱਲ ਨਹੀਂ ਹੈ। 2024 ਦੀਆਂ ਚੋਣਾਂ ਦੌਰਾਨ 21ਵੀਂ ਸਦੀ ਵਿਚ ਅਮਰੀਕਾ ਦੀਆਂ 'ਅਮੁੱਕ ਜੰਗਾਂ' ਨੂੰ ਬੰਦ ਕਰਨ ਦੇ ਵਾਅਦੇ ਕਰਨ ਵਾਲੇ ਨੇ ਸੱਤਾ ਵਿਚ ਆ ਕੇ ਛੇ ਮਹੀਨਿਆਂ ਦੇ ਅੰਦਰ ਹੀ ਇਰਾਨ ਵਿਰੁੱਧ ਇਕ ਹੋਰ 'ਅਮੁੱਕ' ਜੰਗ ਛੇੜ ਦਿੱਤੀ ਹੈ। ਜੰਗਾਂ ਦੇ ਇਤਿਹਾਸ ਤੋਂ ਵਾਕਫ਼ ਜਾਗਰੂਕ ਲੋਕ ਜਾਣਦੇ ਹਨ ਕਿ ਦੂਜੀ ਸੰਸਾਰ ਜੰਗ ਤੋਂ ਬਾਅਦ ਅਮਰੀਕਾ ਕਿਸ ਤਰ੍ਹਾਂ ਦੁਨੀਆ ਦੇ ਵੱਖ-ਵੱਖ ਮੁਲਕਾਂ ਵਿਰੁੱਧ ਲਗਾਤਾਰ ਧਾੜਵੀ ਹਮਲੇ ਅਤੇ ਨਹੱਕੀਆਂ ਜੰਗਾਂ ਚਲਾ ਰਿਹਾ ਹੈ।

ਇਸ ਗੱਠਜੋੜ ਨੇ ਫ਼ਲਸਤੀਨੀ ਲੋਕਾਂ ਦੀ ਨਸਲਕੁਸ਼ੀ ਕਰਨ ਦੇ ਪਸਾਰਵਾਦੀ ਇਰਾਦੇ ਨਾਲ ਅਕਤੂਬਰ 2023 ਤੋਂ ਲੈ ਕੇ ਗਾਜ਼ਾ ਅਤੇ ਹੋਰ ਸੰਘਣੀ ਵਸੋਂ ਵਾਲੇ ਖੇਤਰਾਂ ਉੱਪਰ ਲਗਾਤਾਰ ਬਾਰੂਦ ਦੀ ਵਾਛੜ ਕਰਕੇ ਪੂਰੇ ਖੇਤਰ ਹੀ ਮਲਬੇ ਦੇ ਢੇਰ ਬਣਾ ਦਿੱਤੇ ਹਨ ਅਤੇ ਨਾਕਾਬੰਦੀ ਰਾਹੀਂ ਬਣਾਏ ਭੁੱਖਮਰੀ ਦੇ ਹਾਲਾਤ ਹੋਰ ਵੀ ਭਿਆਨਕਤਾ ਨਾਲ ਫ਼ਲਸਤੀਨੀਆਂ ਨੂੰ ਮੌਤ ਦੇ ਮੂੰਹ ਵਿਚ ਧੱਕ ਰਹੇ ਹਨ। ਇਸ ਨਸਲਕੁਸ਼ੀ ਵਿਚ ਅਮਰੀਕਨ ਸਟੇਟ ਦੀ ਸੂਤਰਧਾਰ ਵਾਲੀ ਭੂਮਿਕਾ ਜੱਗ ਜ਼ਾਹਿਰ ਹੈ। ਹੁਣ ਇਸਦਾ ਵਿਸਤਾਰ ਕਰਕੇ ਇਰਾਨ ਨੂੰ ਅਮੁੱਕ ਜੰਗ ਵਿਚ ਲਪੇਟ ਲਿਆ ਗਿਆ ਹੈ। ਪਿਛਲੇ ਦੋ ਹਫ਼ਤਿਆਂ ਤੋਂ ਅਮਰੀਕੀ-ਇਜ਼ਰਾਈਲੀ ਗੱਠਜੋੜ ਨੇ ਪੂਰੇ ਮੱਧ ਪੂਰਬ ਨੂੰ ਯੁੱਧ ਦਾ ਮੈਦਾਨ ਬਣਾਇਆ ਹੋਇਆ ਹੈ। ਟਰੰਪ ਸਰਕਾਰ ਨੇ ਗਿਣੀ-ਮਿੱਥੀ ਯੋਜਨਾ ਤਹਿਤ ਇਰਾਨ ਨਾਲ ਪ੍ਰਮਾਣੂ ਸਮਝੌਤੇ ਬਾਰੇ ਗੱਲਬਾਤ ਕਰਨ ਦਾ ਜਾਲ ਵਿਛਾਇਆ ਅਤੇ ਇਰਾਨ ਦੀ ਫ਼ੌਜੀ ਲੀਡਰਸ਼ਿਪ ਤੇ ਪ੍ਰਮਾਣੂ ਵਿਗਿਆਨੀਆਂ ਦੀ ਲੋਕੇਸ਼ਨ ਦੀ ਸੂਹ ਦੇ ਕੇ ਨੇਤਨਯਾਹੂ ਦਹਿਸ਼ਤਗਰਦ ਗੈਂਗ ਨੂੰ ਉਨ੍ਹਾਂ ਦਾ ਸਫ਼ਾਇਆ ਕਰਨ ਦੀ ਹਰੀ ਝੰਡੀ ਦੇ ਦਿੱਤੀ। ਅਮਰੀਕਨ ਸਾਮਰਾਜੀਏ ਇਜ਼ਰਾਈਲੀ ਦਹਿਸ਼ਤਗਰਦ ਸਟੇਟ ਦੀ ਇਰਾਨ ਉੱਪਰ ਹਮਲਾ ਕਰਨ ਦੀ ਜਿਸ ਮੰਗ ਨੂੰ ਵੱਖ-ਵੱਖ ਕਾਰਨਾਂ ਕਰਕੇ ਟਾਲ ਰਹੇ ਸਨ, ਉਸ ਨੂੰ ਹੁਣ ਅੰਜਾਮ ਦੇ ਦਿੱਤਾ ਗਿਆ।

ਪੱਛਮੀ ਮੀਡੀਆ ਅਤੇ ਪੱਛਮ ਦੇ ਆਗੂ ਇਸ ਨੂੰ ਇਜ਼ਰਾਇਲ ਦੀ 'ਸਵੈਰੱਖਿਆ' ਲਈ ਸ਼ੁਰੂ ਕੀਤੀ ਜੰਗ ਦੱਸ ਕੇ ਇਸ ਦੀ ਹਮਾਇਤ ਕਰ ਰਹੇ ਹਨ। ਪ੍ਰਮਾਣੂ ਖ਼ਤਰਾ ਇਰਾਨ ਤੋਂ ਹੈ, ਜਿਸਨੇ ਪ੍ਰਮਾਣੂ ਅਪ੍ਰਸਾਰ ਸਮਝੌਤੇ 'ਤੇ ਦਸਤਖ਼ਤ ਕੀਤੇ ਹੋਏ ਹਨ ਜਾਂ ਅਮਰੀਕਾ ਦੇ ਲਠੈਤ ਇਜ਼ਰਾਇਲ ਤੋਂ, ਜਿਸਨੇ ਇਸ ਸਮਝੌਤੇ ਉੱਪਰ ਦਸਖ਼ਤ ਨਹੀਂ ਕੀਤੇ ਹੋਏ? ਦਰਅਸਲ, ਅਜਿਹੀ ਕੋਈ ਭੜਕਾਹਟ ਬਿਲਕੁਲ ਨਹੀਂ ਸੀ ਜਿਸ ਕਾਰਨ ਇਜ਼ਰਾਇਲ ਨੂੰ ਹਮਲਾ ਕਰਨਾ ਪੈਂਦਾ। ਉਨ੍ਹਾਂ ਕੋਲ ਹਮਲੇ ਦਾ ਕਾਰਨ ਗਿਣਾਉਣ ਲਈ ਸਿਰਫ਼ ਇਰਾਨ ਦੇ ਪਰਮਾਣੂ ਪ੍ਰੋਗਰਾਮ ਬਾਰੇ ਬੇਬੁਨਿਆਦ ਦਾਅਵੇ ਸਨ, ਜਿਨ੍ਹਾਂ ਨੂੰ ਖ਼ੁਦ ਅਮਰੀਕੀ ਖ਼ੁਫ਼ੀਆ ਏਜੰਸੀਆਂ ਅਤੇ ਅੰਤਰਰਾਸ਼ਟਰੀ ਪਰਮਾਣੂ ਊਰਜਾ ਏਜੰਸੀ (ਇਓਓਏ) ਵਾਰ-ਵਾਰ ਖਾਰਜ ਕਰ ਚੁੱਕੀਆਂ ਹਨ। ਹਮਲੇ ਦੇ ਸਮੇਂ, ਇਰਾਨ ਅਮਰੀਕਾ ਨਾਲ ਕੂਟਨੀਤਕ ਗੱਲ-ਬਾਤ ਕਰ ਰਿਹਾ ਸੀ, ਇਹ ਤੱਥ ਵੀ ਇਜ਼ਰਾਈਲ ਦੇ ਹਮਲੇ ਦੀ ਦਲੀਲ ਨੂੰ ਝੂਠ ਸਾਬਤ ਕਰਦਾ ਹੈ।

ਇਜ਼ਰਾਈਲ ਦੀਆਂ ਹਮਲਾਵਰ ਕਾਰਵਾਈਆਂ ਦਾ ਅਸਲ ਮਕਸਦ ਸਪਸ਼ਟ ਹੈ: ਮੱਧ ਪੂਰਬ ਵਿਚ ਪਰਮਾਣੂ ਹਥਿਆਰਾਂ 'ਤੇ ਆਪਣੀ ਅਜਾਰੇਦਾਰੀ ਬਣਾਈ ਰੱਖਣਾ ਅਤੇ ਇਰਾਨ ਨੂੰ ਕਿਸੇ ਵੀ ਕਿਸਮ ਦੀ ਰੱਖਿਆਤਮਕ ਸਮਰੱਥਾ ਹਾਸਲ ਕਰਨ ਤੋਂ ਰੋਕਣਾ। ਅਮਰੀਕਾ-ਇਜ਼ਰਾਇਲ ਦਹਿਸ਼ਤਵਾਦੀ ਧੁਰੇ ਵੱਲੋਂ ਅੰਤਰਰਾਸ਼ਟਰੀ ਕਾਨੂੰਨ ਦੀ ਇਹ ਉਲੰਘਣਾ ਉਸੇ ਤਰਜ਼ ਦੀ ਹੈ ਜਿਵੇਂ 2003 ਵਿਚ ਅਮਰੀਕਾ ਦੀ ਅਗਵਾਈ 'ਚ ਨਾਟੋ ਤਾਕਤਾਂ ਵੱਲੋਂ ਇਰਾਕ ਵਿਰੁੱਧ ਹਮਲਾ ਕਰਨ ਲਈ ਉਸ ਕੋਲ 'ਵਿਆਪਕ ਤਬਾਹੀ ਦੇ ਹਥਿਆਰ' ਹੋਣ ਦਾ ਝੂਠ ਘੜਿਆ ਗਿਆ ਸੀ। ਪੱਛਮੀ ਤਾਕਤਾਂ ਦੀ ਹਮੇਸ਼ਾ ਇਹ ਖਸਲਤ ਰਹੀ ਹੈ ਕਿ ਜਿਨ੍ਹਾਂ ਅੰਤਰਰਾਸ਼ਟਰੀ ਕਾਇਦੇ-ਕਾਨੂੰਨਾਂ ਦੇ ਇਹ ਦਾਅਵੇ ਕਰਦੀਆਂ ਹਨ, ਆਪਣੇ ਹੀ ਬਣਾਏ ਇਨ੍ਹਾਂ ਕਾਇਦੇ-ਕਾਨੂੰਨਾਂ ਨੂੰ ਤਿਲਾਂਜਲੀ ਦੇ ਕੇ ਅਮਰੀਕਨ-ਇਜ਼ਰਾਈਲੀ ਹਮਲਾਵਰ ਜੰਗਾਂ ਦਾ ਝੂਠੀਆਂ ਦਲੀਲਾਂ ਘੜ ਕੇ ਸਾਥ ਦਿੰਦੀਆਂ ਹਨ।

ਤਤਕਾਲੀ ਫ਼ੌਜੀ ਟੀਚਿਆਂ ਤੋਂ ਪਾਰ, ਇਹ ਹਮਲਾ ਇਕ ਵਿਆਪਕ ਭੂ-ਰਾਜਨੀਤਕ ਏਜੰਡੇ ਨਾਲ ਜੁੜਿਆ ਹੋਇਆ ਹੈ। ਅਮਰੀਕਨ ਸਾਮਰਾਜੀਏ ਅਤੇ ਨੇਤਨਯਾਹੂ ਦੀ ਅਗਵਾਈ ਹੇਠਲੀ ਉਨ੍ਹਾਂ ਦੀ ਜੋਟੀਦਾਰ ਦਹਿਸ਼ਤਵਾਦੀ ਇਜ਼ਰਾਇਲੀ ਹੁਕਮਰਾਨ ਜੁੰਡਲੀ, ਲੰਬੇ ਸਮੇਂ ਤੋਂ ਇਰਾਨ ਵਿਚ ਸੱਤਾ ਬਦਲਣਾ ਚਾਹੁੰਦੇ ਸਨ। ਉਹ ਚਾਹੁੰਦੇ ਹਨ ਕਿ ਕਿਸੇ ਤਰੀਕੇ ਨਾਲ ਉਸ ਮੁਲਕ ਵਿਚ ਅਫਰਾ-ਤਫ਼ਰੀ ਅਤੇ ਤਬਾਹੀ ਮਚਾ ਕੇ ਮੌਜੂਦਾ ਹਕੂਮਤ ਦਾ ਤਖ਼ਤਾ ਪਲਟ ਕੇ ਈਰਾਨੀ ਲੋਕਾਂ ਉੱਪਰ ਆਪਣੀ ਪਿੱਠੂ ਸਰਕਾਰ ਥੋਪ ਦਿੱਤੀ ਜਾਵੇ। ਉਨ੍ਹਾਂ ਦਾ ਟੀਚਾ 'ਟਾਕਰੇ ਦੇ ਧੁਰੇ' (ਇਰਾਨ, ਹਿਜ਼ਬੁੱਲਾ, ਸੀਰੀਆ, ਅਤੇ ਹੋਰਾਂ) ਨੂੰ ਤੋੜਨਾ ਹੈ, ਜੋ ਖੇਤਰ ਵਿੱਚ ਅਮਰੀਕੀ ਅਤੇ ਇਜ਼ਰਾਈਲੀ ਦਬਦਬੇ ਦਾ ਵਿਰੋਧ ਕਰਦੇ ਹਨ।

ਕੁਲ-ਮਿਲਾ ਕੇ, ਇਹ ਨਹੱਕੀ ਜੰਗ ਸਵੈਰੱਖਿਆ ਲਈ ਨਹੀਂ ਹੈ, ਦਰਅਸਲ ਇਹ ਅਮਰੀਕਾ ਅਤੇ ਉਸ ਦੇ ਜੋਟੀਦਾਰਾਂ ਦੀ ਅਗਵਾਈ ਵਾਲਾ ਇਕ-ਧਰੁਵੀ ਵਿਸ਼ਵ ਪ੍ਰਬੰਧ ਥੋਪਣ ਲਈ ਹੈ। ਜਿਵੇਂ ਕਿ ਇਰਾਕ, ਲਿਬਨਾਨ ਅਤੇ ਗਾਜ਼ਾ ਵਿਚ ਹੋਇਆ, ਜੰਗ ਸਾਮਰਾਜਵਾਦੀ ਹਿੱਤਾਂ ਅਨੁਸਾਰ ਮੱਧ ਪੂਰਬ ਨੂੰ ਅਮਰੀਕੀ ਭੂ-ਯੁੱਧਨੀਤਕ ਜ਼ਰੂਰਤਾਂ ਅਨੁਸਾਰ ਨਵੇਂ ਸਾਂਚੇ ਵਿਚ ਢਾਲਣ ਦਾ ਮਨਭਾਉਂਦਾ ਹਥਿਆਰ ਹੈ। ਅੱਜ ਅਸੀਂ ਜੋ ਮੱਧ-ਪੂਰਬ ਵਿਚ ਦੇਖ ਰਹੇ ਹਾਂ, ਇਹ ਕੋਈ ਰੱਖਿਆਤਮਕ ਕਾਰਵਾਈ ਨਹੀਂ, ਸਗੋਂ ਘਟਦੇ ਵਿਸ਼ਵ ਪ੍ਰਭਾਵ ਵਾਲੀਆਂ ਤਾਕਤਾਂ ਦੁਆਰਾ ਮੱਧ ਪੂਰਬ ਦੀ ਆਪਣੇ ਸਾਮਰਾਜੀ ਹਿਤਾਂ ਲਈ ਭੰਨ-ਘੜ ਦਾ ਇਕ ਹੋਰ ਹਿੰਸਕ ਅਧਿਆਇ ਹੈ। ਰੂਸ ਅਤੇ ਚੀਨ ਇਸ ਸਥਿਤੀ ਨੂੰ ਆਪਣੇ ਲਾਹੇ ਲਈ ਵਰਤਣਗੇ। ਇਸ ਸਾਮਰਾਜੀ ਹੋੜ ਦਾ ਮੁੱਲ ਭਾਰਤ ਸਮੇਤ ਬਹੁਤ ਸਾਰੇ ਮੁਲਕਾਂ ਦੇ ਲੋਕਾਂ ਨੂੰ ਤੇਲ ਦੇ ਭਾਅ ਵਧਣ ਦੇ ਰੂਪ 'ਚ ਚੁਕਾਉਣਾ ਪਵੇਗਾ।

ਇਹ ਵੀ ਸਮਝ ਲੈਣਾ ਚਾਹੀਦਾ ਹੈ ਕਿ ਇਹ ਹਮਲਾ ਇਰਾਨ, ਜਾਂ ਇਸ ਤੋਂ ਅੱਗੇ ਮੱਧ-ਪੂਰਬ ਤੱਕ ਰੁਕਣ ਵਾਲਾ ਨਹੀਂ ਹੈ। ਜੇ ਇਸ ਨੂੰ ਰੋਕਿਆ ਨਹੀਂ ਜਾਂਦਾ ਤਾਂ ਇਹ ਪੂਰੀ ਦੁਨੀਆ ਨੂੰ ਵਿਆਪਕ ਤਬਾਹੀ ਦੇ ਮੂੰਹ ਧੱਕ ਸਕਦਾ ਹੈ। ਦੁਨੀਆ ਭਰ ਦੇ ਅਮਨਪਸੰਦ ਲੋਕਾਂ ਨੂੰ ਇਹ ਹਕੀਕਤ ਸਮਝਣੀ ਚਾਹੀਦੀ ਹੈ ਅਤੇ ਸੜਕਾਂ 'ਤੇ ਨਿਕਲ ਕੇ ਆਪੋ-ਆਪਣੀਆਂ ਸਰਕਾਰਾਂ ਉੱਪਰ ਦਬਾਅ ਬਣਾ ਕੇ ਉਨ੍ਹਾਂ ਨੂੰ ਘੋਰ ਪਿਛਾਖੜੀ ਅਮਰੀਕਨ-ਇਜ਼ਰਾਈਲੀ ਦਹਿਸ਼ਤਵਾਦੀ ਧੁਰੇ ਨਾਲੋਂ ਸੰਬੰਧ ਤੋੜਨ ਅਤੇ ਸਾਮਰਾਜੀ ਜੰਗਾਂ ਦਾ ਵਿਰੋਧ ਕਰਨ ਲਈ ਮਜਬੂਰ ਕਰਨਾ ਚਾਹੀਦਾ ਹੈ।

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਪਾਠ-ਭੇਦਾਂ ਬਾਰੇ ਸਰਬੱਤ ਖ਼ਾਲਸਾ ਨੂੰ ਅਪੀਲ

'ਪਾਵਨ ਸਰੂਪ ਦੀ ਛਪਾਈ ਵਿਚ ਵਾਰ-ਵਾਰ ਅਤੇ ਗੁਪਤੋ-ਗੁਪਤੀ ਪ੍ਰੈਸ-ਅਮਲੇ ਦੀ ਪੱਧਰ 'ਤੇ ਕੀਤੀਆਂ ਜਾ ਰਹੀਆਂ ਪਾਠ-ਸੁਧਾਈਆਂ ਦਾ ਸਿਖ ਸੰਗਤਾਂ ਉਤੇ ਅਣਸੁਖਾਵਾਂ ਪ੍ਰਭਾਵ ਪੈਂਦਾ ਹੈ। ਇਸ ਸਮੱਸਿਆ ਦਾ ਪੰਥ-ਪ੍ਰਵਾਣਿਤ ਸਥਾਈ ਹੱਲ ਹੋਣਾ ਚਾਹੀਦਾ ਹੈ।

...

ਹੱਥ ਲਿਖਤ ਤਕਨੀਕ ਮਗਰੋਂ ਛਾਪੇ ਦੀ ਤਕਨੀਕ ਹੋਂਦ ਵਿਚ ਆਈ ਅਤੇ ਹੁਣ ਕੰਪਿਊਟਰ ਦੀ ਤਕਨੀਕ ਪ੍ਰਚਲਤ ਹੈ।

ਜੇਕਰ ਡਾਟਾ (data) ਕੰਪਿਊਟਰ ਵਿਚ ਵੀ ਛਾਪੇ ਦੀਆਂ ਗਲਤੀਆਂ ਵਾਲਾ ਸ਼ਾਮਲ ਹੋ ਗਿਆ ਤਾਂ ਇਹ ਅਸ਼ੁੱਧੀਆਂ ਅੱਗੇ ਤੋਂ ਅੱਗੇ ਚਲਦੀਆਂ ਜਾਣਗੀਆਂ ਜਿਸ ਨਾਲ ਵੱਡੀ ਹਾਨੀ ਹੋਣ ਦੀ ਸੰਭਾਵਨਾ ਹੈ।'

**ਡਾ: ਓਅੰਕਾਰ ਸਿੰਘ (ਫੀਨਿਕਸ)**
fatehgarh1469@gmail.com

ਇਹ ਸਤਰਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਰਾਹੀਂ ਗਠਿਤ ਕੀਤੀ ਗਈ ਕਮੇਟੀ ਦੀ 26 ਮਾਰਚ 1996 ਦੀ ਅੰਤ੍ਰਿੰਗ ਰਿਪੋਰਟ ਵਿਚ ਦਰਜ ਹਨ। ਇਹ ਛੇ-ਮੈਂਬਰੀ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਗੁਰੂ ਗ੍ਰੰਥ ਸਾਹਿਬ ਜੀ ਵਿਚ ਪਾਠ-ਭੇਦਾਂ ਦੀ ਨਿਸ਼ਾਨਦੇਹੀ ਵਾਸਤੇ ਬਣਾਈ ਗਈ ਸੀ, ਜਿਸ ਦੇ ਕਨਵੀਨਰ ਗਿਆਨੀ ਜੋਗਿੰਦਰ ਸਿੰਘ ਵੇਦਾਂਤੀ ਜੀ ਸਨ। ਸ਼੍ਰੋਮਣੀ ਕਮੇਟੀ ਨੇ ਹੁਣ ਤੱਕ ਕੋਈ ਕਾਰਵਾਈ ਕਿਉਂ ਨਾ ਕੀਤੀ? 1996 ਤੋਂ 2025 ਆ ਗਿਆ, ਕੰਪਿਊਟਰ ਤਕਨੀਕ ਤਾਂ ਬਹੁਤ ਤੇਜ਼ ਰਫਤਾਰ ਨਾਲ ਚੱਲ ਰਹੀ ਹੈ। ਹਥ-ਲਿਖਤ ਤੋਂ ਛਾਪੇ ਤੱਕ, ਛਾਪੇ ਤੋਂ ਕੰਪਿਊਟਰ ਅਤੇ ਹੁਣ ਉਸ ਤੋਂ ਵੀ ਅਗਾਂਹ ਏ.ਆਈ. ਦਾ ਦੌਰ ਆ ਗਿਆ। ਹੁਣ ਦੱਸੋ ਭਲਾ ਇਹ ਅਸ਼ੁੱਧੀਆਂ ਕਦੋਂ ਦੂਰ ਹੋਣਗੀਆਂ ਅਤੇ ਕੌਣ ਕਰੇਗਾ?

ਇੱਥੇ ਇਹ ਦੱਸਣਾ ਜ਼ਰੂਰੀ ਹੈ ਕੀ ਜਿਨ੍ਹਾਂ ਅਸ਼ੁੱਧੀਆਂ ਬਾਰੇ ਵਿਚਾਰ-ਚਰਚਾ ਹੋ ਰਹੀ ਹੈ ਉਹ ਸਾਡੇ ਵਰਗੇ ਸੰਸਾਰੀ ਮਨੁੱਖਾਂ ਵੱਲੋਂ ਉਤਾਰੇ ਕਰਨ ਲੱਗਿਆਂ ਜਾਂ ਬੀੜਾਂ ਨੂੰ ਛਾਪਣ ਲੱਗਿਆਂ ਜਾਣੇ-ਅਣਜਾਣੇ ਵਿਚ ਹੋਈਆਂ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਜਿਸ ਨੂੰ ਹਰ ਸਿੱਖ, ਜਾਗਤ-ਜੋਤ ਸਤਿਗੁਰੂ ਮੰਨਦਾ ਹੈ, ਉਸ ਬਾਰੇ ਬੀਤ ਚੁੱਕੇ ਸਮੇਂ ਵਿਚ ਸਾਡੀਆਂ ਜ਼ਿੰਮੇਵਾਰ ਸੰਸਥਾਵਾਂ ਨੇ ਕੀ ਰੋਲ ਨਿਭਾਇਆ ਹੈ, ਵਰਤਮਾਨ ਵਿਚ ਅਸੀਂ ਕਿੱਥੇ ਖੜ੍ਹੇ ਹਾਂ, ਅਤੇ ਭਵਿੱਖ ਵਿਚ ਸਾਨੂੰ ਕੀ ਕਰਨਾ ਚਾਹੀਦਾ ਹੈ, ਇਸ ਬਾਰੇ ਮਸਲੇ ਨੂੰ ਸਮਝਣ ਦੀ ਕੋਸ਼ਿਸ਼ ਕਰਾਂਗੇ। ਇਹ ਬਹੁਤ ਗਹਿਰ-ਗੰਭੀਰ ਅਤੇ ਨਾਜ਼ੁਕ ਵਿਸ਼ਾ ਹੈ, ਜਿਸ ਬਾਰੇ ਹਰ ਸਿੱਖ ਦਾ ਜਾਗਰੂਕ ਹੋਣਾ ਜ਼ਰੂਰੀ ਹੈ। ਆਉ ਸੰਖੇਪ ਵਿਚ ਇਸ ਬਾਰੇ ਵਿਚਾਰ ਕਰੀਏ।

ਇਸ ਮਸਲੇ ਨੂੰ ਵਿਚਾਰਨ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਛਪੀ ਸਮੱਗਰੀ ਨੂੰ ਹੀ ਆਧਾਰ ਬਣਾਇਆ ਜਾ ਰਿਹਾ ਹੈ। ਬਾਹਰੋਂ ਕਿਸੇ ਸੰਸਥਾ, ਯੂਨੀਵਰਸਿਟੀ ਜਾਂ ਕਿਸੇ ਹੋਰ ਪੁਸਤਕ ਦਾ ਹਵਾਲਾ ਨਹੀਂ ਲਿਆ ਗਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਜਿਹੜੀਆਂ ਹੱਥ-ਲਿਖਤਾਂ ਦਾ ਹਵਾਲਾ ਦਿੱਤਾ ਜਾ ਰਿਹਾ ਹੈ ਉਹ ਵੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਛਪੀ ਸਮੱਗਰੀ ਦੀ ਪ੍ਰੋੜ੍ਹਤਾ ਲਈ ਹੀ ਦਿੱਤਾ ਜਾ ਰਿਹਾ ਹੈ।

**ਪੁਰਾਤਨ ਹੱਥ-ਲਿਖਤ ਬੀੜਾਂ ਦਾ ਹਵਾਲਾ ਅਤੇ ਇਤਿਹਾਸਕ ਪੱਖ**

ਅਸੀਂ ਜਾਣਦੇ ਹਾਂ ਕੀ ਸ੍ਰੀ ਗੁਰੂ ਅਰਜਨ ਪਾਤਸ਼ਾਹ ਜੀ ਨੇ ਰਾਮਸਰ ਦੇ ਅਸਥਾਨ 'ਤੇ ਸ੍ਰੀ ਆਦਿ ਗ੍ਰੰਥ ਸਾਹਿਬ ਦੀ ਸੰਪਾਦਨਾ ਕੀਤੀ। ਇਸ ਕਾਰਜ ਨੂੰ 1601 ਤੋਂ 1604 ਤੱਕ ਚਾਰ ਸਾਲ ਦਾ ਸਮਾਂ ਲੱਗਿਆ। ਭਾਦੋਂ ਸੁਦੀ 1 ਸੰਮਤ 1661 (ਸੰਨ 1604) ਨੂੰ ਗੁਰੂ ਅਰਜਨ ਪਾਤਸ਼ਾਹ ਜੀ ਨੇ ਆਪਣੇ ਸੀਸ 'ਤੇ ਇਸ ਬੀੜ ਨੂੰ ਲਿਜਾ ਕੇ ਸ੍ਰੀ ਦਰਬਾਰ ਸਾਹਿਬ ਵਿਖੇ ਪ੍ਰਕਾਸ਼ ਕੀਤਾ। ਬਾਅਦ ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੀ ਬਾਣੀ ਨੂੰ ਉਨ੍ਹਾਂ ਦੀ ਸ਼ਹੀਦੀ ਤੋਂ ਬਾਅਦ ਦਮਦਮਾ ਸਾਹਿਬ (ਅਨੰਦਪੁਰ ਸਾਹਿਬ) ਦੇ ਅਸਥਾਨ 'ਤੇ ਥਾਂ ਪੁਰ ਥਾਂ ਦਰਜ ਕਰ ਦਿੱਤਾ। ਵੱਖ-ਵੱਖ ਵਿਦਵਾਨਾਂ ਨੇ ਇਸ ਦੇ ਹਵਾਲੇ ਦਿੱਤੇ ਹੋਏ ਹਨ। ਇਸੇ ਨੂੰ ਦਮਦਮੀ ਬੀੜ ਕਿਹਾ ਜਾਂਦਾ ਹੈ। ਗੁਰੂ ਗੋਬਿੰਦ ਸਿੰਘ ਜੀ ਨੇ 6 ਅਕਤੂਬਰ 1708 ਈ. ਨੂੰ ਆਪਣੇ ਜੋਤੀ ਜੋਤ ਸਮਾਉਣ ਵੇਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਇਸੇ ਸਰੂਪ ਨੂੰ ਬਕਾਇਦਾ ਗੁਰਿਆਈ ਬਖਸ਼ ਦਿੱਤੀ। ਇਸ ਦਾ ਵਿਸਥਾਰ ਸਹਿਤ ਜ਼ਿਕਰ ਭੱਟ ਵਹੀ, ਤਲੌਂਡਾ ਪਰਗਨਾ ਜੀਂਦ ਨੇ ਆਪਣੀ ਵਹੀ ਵਿਚ ਕੀਤਾ ਹੈ। ਇਨ੍ਹਾਂ ਭੱਟ ਵਹੀਆਂ ਦੀ ਖੋਜ ਗਿਆਨੀ ਗਰਜਾ ਸਿੰਘ ਨੇ ਕੀਤੀ ਜੋ ਸਿੰਘ ਬਰਦਰਜ਼ ਵੱਲੋਂ ਛਾਪੀ ਗਈ ਹੈ।

ਬਦਕਿਸਮਤੀ ਨੂੰ ਹੁਣ ਸਾਡੇ ਕੋਲ਼ ਇਨ੍ਹਾਂ ਸਰੂਪਾਂ ਵਿਚੋਂ ਕੋਈ ਵੀ ਉਪਲੱਬਧ ਨਹੀਂ ਹੈ। ਇਸ ਬਾਰੇ ਅੱਗੇ ਜਾ ਕੇ ਪ੍ਰਮਾਣਾਂ ਸਹਿਤ ਵਿਸਥਾਰ ਨਾਲ ਵਿਚਾਰ ਕਰਾਂਗੇ।

ਗਿਆਨੀ ਕਿਰਪਾਲ ਸਿੰਘ ਅਨੁਸਾਰ ਪਹਿਲੋਂ ਪਹਿਲ ਤਾਂ ਗੁਰਸਿੱਖਾਂ ਨੂੰ ਗੁਰਬਾਣੀ ਦੀ ਲਿਖਾਈ, ਗੁਰਬਾਣੀ ਵਿਆਕਰਣ, ਅਤੇ ਸ਼ਬਦ-ਜੋੜਾਂ ਦਾ ਪੂਰਨ ਗਿਆਨ ਹੁੰਦਾ ਸੀ ਜਿਸ ਕਾਰਨ ਅਸ਼ੁੱਧੀਆਂ ਹੋਣ ਦੀ ਸੰਭਾਵਨਾ ਬਹੁਤ ਘੱਟ ਸੀ। ਉਸ ਦੀ ਪਰੂਫ਼ ਰੀਡਿੰਗ ਵੇਲੇ ਹਾਸ਼ੀਏ ਦੇ ਬਾਹਰ ਉਨ੍ਹਾਂ ਨੂੰ ਚਰਖੜੀ ਦਾ ਨਿਸ਼ਾਨ ਬਣਾ ਕੇ ਠੀਕ ਤਰ੍ਹਾਂ ਕਰ ਕੇ ਲਿਖ ਵੀ ਦਿੱਤਾ ਜਾਂਦਾ ਸੀ ਅਤੇ ਗਲਤੀ ਉੱਤੇ ਹੜਤਾਲ ਫੇਰ ਦਿੱਤੀ ਜਾਂਦੀ ਸੀ। ਪਰ ਸਮੇਂ ਨਾਲ ਜਿਉਂ ਜਿਉਂ ਬੀੜਾਂ ਦੀ ਮੰਗ ਵਧਣ ਲੱਗੀ ਤਾਂ ਬਹੁਤ ਸਾਰੇ ਲਿਖਾਰੀਆਂ ਨੇ ਇਸ ਨੂੰ ਆਪਣੀ ਰੋਜ਼ੀ-ਰੋਟੀ ਦਾ ਸਾਧਨ ਬਣਾ ਲਿਆ ਅਤੇ ਉਤਾਰੇ ਕਰਨ ਵੇਲੇ ਆਈਆਂ ਅਸ਼ੁੱਧੀਆਂ ਨੂੰ ਦੁਬਾਰਾ ਸੋਧਣ ਦੀ ਪਰੰਪਰਾ ਬਿਲਕੁਲ ਖ਼ਤਮ ਹੋ ਗਈ। ਇਸੇ ਕਾਰਨ ਪਾਠ-ਭੇਦਾਂ ਦੀ ਸੂਚੀ ਲੰਬੀ ਹੁੰਦੀ ਚਲੀ ਗਈ। ਵਪਾਰੀ ਬਿਰਤੀ ਕਾਰਨ ਬਹੁਤੇ ਲਿਖਾਰੀਆਂ ਵੱਲੋਂ ਸੁੰਦਰਤਾ ਵੱਲ ਵਧੇਰੇ ਧਿਆਨ ਦਿੱਤਾ ਜਾਣ ਲੱਗਾ, ਤੇ ਬਹੁਤ ਸਾਰੀਆਂ ਬੀੜਾਂ ਤਾਂ ਨਕਾਸ਼ਾਂ ਪਾਸੋਂ ਲਿਖਵਾਈਆਂ ਗਈਆਂ ਜਿਸ ਦੇ ਨਤੀਜੇ ਅੱਜ ਸਾਡੇ ਸਾਹਮਣੇ ਹਨ ਅਤੇ ਅਸੀਂ ਉਨ੍ਹਾਂ ਉੱਤੇ ਹੀ ਵਿਚਾਰ-ਚਰਚਾ ਕਰ ਰਹੇ ਹਾਂ।

ਸਮੇਂ ਸਮੇਂ ਹੱਥ ਨਾਲ ਲਿਖੀਆਂ ਗਈਆਂ ਇਨ੍ਹਾਂ ਬੀੜਾਂ ਦੇ ਹੀ ਅੱਗੋਂ ਬੇਅੰਤ ਉਤਾਰੇ ਹੁੰਦੇ ਰਹੇ, ਇਨ੍ਹਾਂ ਵਿਚ ਤਿੰਨ ਬੀੜਾਂ ਪ੍ਰਮੁੱਖ ਹਨ: ਕਰਤਾਰਪੁਰ ਸਾਹਿਬ ਵਾਲ਼ੀ ਬੀੜ, ਭਾਈ ਬੰਨੋ ਜੀ ਵਾਲ਼ੀ ਬੀੜ, ਜਿਸ ਨੂੰ ਖ਼ਾਰੀ ਬੀੜ ਵੀ ਕਿਹਾ ਜਾਂਦਾ ਹੈ, ਅਤੇ ਦਮਦਮੀ ਬੀੜ ਜਿਸ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਗੁਰਿਆਈ ਬਖਸ਼ੀ। ਇਨ੍ਹਾਂ ਵਿਚੋਂ ਕਰਤਾਰਪੁਰ ਸਾਹਿਬ ਵਾਲ਼ੀ ਮੰਨੀ ਜਾਂਦੀ ਬੀੜ ਨੂੰ ਬਹੁਤ ਲਿਖਤਾਂ ਵਿਚ ਅਧਾਰ ਬਣਾਇਆ ਗਿਆ ਅਤੇ ਉਸ ਦੇ ਬਹੁਤ ਉਤਾਰੇ ਹੋਏ। ਇਸ ਬੀੜ ਦੀ ਮੌਲਿਕਤਾ ਅਥਵਾ ਅਸਲੀਅਤ ਨੂੰ ਸਮਝਣਾ ਜ਼ਰੂਰੀ ਹੈ।


ਇਹ ਗੱਲ ਪ੍ਰਤੱਖ ਹੈ ਕਿ ਕਰਤਾਰਪੁਰੀ ਬੀੜ ਓਹ ਅਸਲ ਬੀੜ ਨਹੀਂ ਹੈ ਜਿਹੜੀ ਗੁਰੂ ਅਰਜਨ ਸਾਹਿਬ ਜੀ ਨੇ ਭਾਈ ਗੁਰਦਾਸ ਜੀ ਕੋਲ਼ੋਂ ਲਿਖਵਾਈ ਸੀ। ਇਸ ਬਾਰੇ ਡਾ. ਪਿਆਰ ਸਿੰਘ ਨੇ ਆਪਣੀ ਪੁਸਤਕ 'ਗਾਥਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਵਿਚ ਵਿਸਥਾਰ ਸਹਿਤ ਜ਼ਿਕਰ ਕੀਤਾ ਹੋਇਆ ਹੈ। ਭਾਈ ਕਾਨ੍ਹ ਸਿੰਘ ਨਾਭਾ ਦਾ ਇੱਕ ਪੱਤਰ ਵੀ, ਇਸ ਪੁਸਤਕ ਵਿਚ ਅੰਤਿਕਾ ਦੇ ਤੌਰ 'ਤੇ ਦਿੱਤਾ ਹੋਇਆ ਹੈ। ਸ੍ਰੀ ਦਰਬਾਰ ਸਾਹਿਬ ਦੇ ਗ੍ਰੰਥੀ ਗਿਆਨੀ ਜਗਤਾਰ ਸਿੰਘ ਜੀ ਜਾਚਕ ਅਤੇ ਜੀ.ਬੀ. ਸਿੰਘ ਆਦਿਕ ਹੋਰ ਵਿਦਵਾਨਾਂ ਨੇ ਵੀ ਆਪਣੀਆਂ ਪੁਸਤਕਾਂ ਵਿਚ ਇਸ ਬਾਰੇ ਜ਼ਿਕਰ ਕੀਤਾ ਹੈ। ਇਸ ਬੀੜ ਦੀਆਂ ਕੁੱਝ ਤਸਵੀਰਾਂ ਨਾਲ ਉਕਾਈਆਂ ਸਪੱਸ਼ਟ ਹੋ ਜਾਣਗੀਆਂ। ਸਭ ਤੋਂ ਪਹਿਲਾਂ ਪਰੰਪਰਾ ਅਨੁਸਾਰ ਮੰਨੀ ਜਾਂਦੀ ਕਰਤਾਰਪੁਰੀ ਬੀੜ ਦੇ ਤਤਕਰੇ ਦੀ ਤਸਵੀਰ ਵੇਖੋ: ਹਾਸ਼ੀਏ ਦੇ ਸੱਜੇ ਪਾਸੇ ਇੱਕ ਇੰਦਰਾਜ ਦਿੱਤਾ ਹੋਇਆ ਹੈ ਜਿਸ ਵਿਚ ਸ਼ਿਵਨਾਭ ਰਾਜੇ ਕੀ ਬਿਧਿ ਦਾ ਜ਼ਿਕਰ ਹੈ। ਥੱਲੇ ਇੱਕ ਹੋਰ ਇੰਦਰਾਜ ਹੈ ਜਿਸ ਵਿਚ ਰਾਗਮਾਲਾ ਤਥਾ ਸਿੰਘਲਦੀਪ ਦਾ ਜ਼ਿਕਰ ਹੈ।

ਕਿਸੇ ਵੀ ਗ੍ਰੰਥ ਦਾ ਤਤਕਰਾ ਹਮੇਸ਼ਾਂ ਬਾਅਦ ਵਿਚ ਲਿਖਿਆ ਜਾਂਦਾ ਹੈ। ਇੱਥੇ ਤਤਕਰੇ ਵਿਚ ਲਿਖੀ ਬਾਣੀ ਮੂਲ ਗ੍ਰੰਥ ਵਿਚ ਨਹੀਂ ਹੈ। ਇਵੇਂ ਹੀ ਰਵਿਦਾਸ ਜੀ ਦੇ ਸ਼ਬਦ ਤੋਂ ਬਾਦ ਮੀਰਾਂ ਬਾਈ ਦਾ ਭਜਨ ਅੰਕਿਤ ਹੈ ਜੋ ਗੁਰਬਾਣੀ ਨਹੀਂ ਹੈ।

ਆਓ ਹੁਣ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ ਵੱਲੋਂ ਕੀਤੇ ਗਏ ਸਵੈ-ਵਿਰੋਧੀ ਫੈਸਲਿਆਂ ਬਾਰੇ ਵਿਚਾਰ ਕਰੀਏ। ਕਰਤਾਰਪੁਰੀ ਬੀੜ ਨੂੰ ਸ਼੍ਰੋਮਣੀ ਕਮੇਟੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਛਪਾਈ ਲਈ ਆਧਾਰ ਮੰਨਿਆ ਸੀ। ਫਿਰ ਕਮੇਟੀ ਵਿਚ ਇਹ ਮਤਾ ਕਿਵੇਂ ਪਾਸ ਹੋ ਸਕਦਾ ਹੈ ਕਿ 1952 ਵਾਲ਼ੀ ਬੀੜ ਦੀ ਛਪਾਈ ਵੇਲੇ ਕਰਤਾਰਪੁਰੀ ਬੀੜ ਵਿਚਲੇ ਹੇਠ ਲਿਖੇ ਸ਼ਬਦਾਂ ਨੂੰ ਸੋਧ ਕੇ ਛਾਪਿਆ ਜਾਏ? ਕੀ ਗੁਰੂ ਅਰਜਨ ਪਾਤਸ਼ਾਹ ਜੀ ਅਤੇ ਭਾਈ ਗੁਰਦਾਸ ਜੀ ਨੇ ਇਨ੍ਹਾਂ ਸ਼ਬਦਾਂ ਦੀ ਸੁਧਾਈ ਵੱਲ ਕੋਈ ਧਿਆਨ ਨਹੀਂ ਸੀ ਦਿੱਤਾ? ਹੁਣ ਜ਼ਰਾ ਇਹ ਵੀ ਸਮਝਾਓ ਕਿ ਸ਼੍ਰੋਮਣੀ ਕਮੇਟੀ ਨੇ ਕਿਹੜੀ ਬੀੜ ਨੂੰ ਆਧਾਰ ਬਣਾ ਕੇ ਗ਼ਲਤੀਆਂ ਦਰੁਸਤ ਕੀਤੀਆਂ ਸਨ?

ਸੋ ਇਨ੍ਹਾਂ ਗੱਲਾਂ ਨੂੰ ਮੁੱਖ ਰੱਖਦਿਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸ਼ੁੱਧ ਸੈਂਚਾ ਤਿਆਰ ਕਰਨ ਲਈ ਵਿਦਵਾਨਾ ਵੱਲੋਂ ਚੋਣਵੀਆਂ ਭਰੋਸੇਯੋਗ ਅਤੇ ਪ੍ਰਮਾਣੀਕ 31 ਹੱਥ-ਲਿਖਤ ਬੀੜਾਂ ਨੂੰ ਆਧਾਰ ਬਣਾਇਆ ਗਿਆ ਹੈ। ਇਨ੍ਹਾਂ ਵਿਚੋਂ ਦੋ ਬਹੁਤ ਹੀ ਪ੍ਰਮਾਣੀਕ ਬੀੜਾਂ ਦੇ ਕੁੱਝ ਕੁ ਚਿੱਤਰ ਪਾਠਕਾਂ ਦੀ ਗਿਆਤ ਲਈ ਹੇਠਾਂ ਦਿੱਤੇ ਜਾ ਰਹੇ ਹਨ।




ਇਨ੍ਹਾਂ ਚਿੱਤਰਾਂ ਵਿਚ ਕੁੱਝ ਗੱਲਾਂ ਧਿਆਨ ਦੇਣ ਯੋਗ ਹਨ। ਰਾਮ ਰਾਏ ਜੀ ਵਾਲੀ ਬੀੜ ਦੇ ਤਤਕਰੇ ਦੇ ਆਰੰਭ ਵਿਚ ਸਾਲ ਦਾ ਸੰਕੇਤ, ਸੰਮਤ 1752 ਜਿਸ ਦਾ ਈਸਵੀ ਸੰਨ 1695 ਬਣਦਾ ਹੈ ਬਹੁਤ ਸਾਫ਼ ਅਤੇ ਸਪੱਸ਼ਟ ਦਿੱਤਾ ਹੋਇਆ ਹੈ। ਦੂਸਰਾ ਬਹੁਤ ਹੀ ਜ਼ਰੂਰੀ ਸੰਕੇਤ ਕਿ ਜਪੁ ਸ੍ਰੀ ਸਤਿਗੁਰੂ ਰਾਮਦਾਸ ਜੀਉ ਕਿਆ ਦਸਤਖਤਾ ਕਾ ਨਕਲ ਜਿਸ ਦਾ ਅਰਥ ਹੈ ਕਿ ਇਹ ਬੀੜ ਭਾਈ ਗੁਰਦਾਸ ਜੀ ਵਾਲ਼ੀ ਬੀੜ ਦਾ ਉਤਾਰਾ ਹੈ। ਤੀਸਰੀ ਵੱਡੀ ਗੱਲ ਇਸ ਵਿਚ ਸੰਪੂਰਨ ਮੂਲ ਮੰਤਰ ਨੂੰ ਪੂਰੀ ਤਰ੍ਹਾਂ ਸੱਜੇ ਹੱਥ ਰੱਖ ਕੇ ਲਿਖਿਆ ਗਿਆ ਹੈ ਅਤੇ ਲੰਬੀਆਂ ਲਕੀਰਾਂ ਖਿੱਚ ਕੇ ਹਾਸ਼ੀਏ ਨਾਲ ਜੋੜ ਦਿੱਤਾ ਗਿਆ ਹੈ। ਜਪੁ ਸਿਰਲੇਖ ਨੂੰ ਦੋ ਦੋ ਡੰਡੀਆਂ ਦੇ ਵਿਕਾਰ ਰੱਖ ਕੇ ਖੱਬੇ ਹੱਥ ਲਿਖਿਆ ਗਿਆ ਹੈ। ਤੀਜੀ ਤਸਵੀਰ ਵਿਚ ਮੰਗਲਾਚਰਨ ਅਤੇ ਬਾਣੀ ਦੇ ਸਿਰਲੇਖਾਂ ਦੀ ਤਰਤੀਬ ਵੇਖੀ ਜਾ ਸਕਦੀ ਹੈ। ਛੋਟਾ ਮੰਗਲਾਚਰਣ ਸੱਜੇ ਹੱਥ ਲਿਖ ਕੇ ਬਹੁਤ ਹੀ ਬਾਕਮਾਲ ਤਰੀਕੇ ਨਾਲ ਹੈਡਿੰਗ ਦਿੱਤਾ ਗਿਆ ਹੈ।

ਪਹਿਲਾਂ ਰਾਗ ਦਾ ਨਾਮ: ਰਾਗ ਆਸਾ
ਫਿਰ ਉਚਾਰਣ ਵਾਲ਼ੀ ਪਾਤਸ਼ਾਹੀ: ਮਹਲਾ 1,
ਫਿਰ ਬਾਣੀ ਦਾ ਨਾਮ: ॥ਸੋਦਰੁ॥

ਇਹੋ ਤਰਤੀਬ ਇਸ ਸਾਰੀ ਬੀੜ ਵਿਚ ਦਿੱਤੀ ਹੋਈ ਹੈ। ਇਸ ਸਮੁੱਚੀ ਬੀੜ ਵਿਚ ਕੇਵਲ ਦੋ ਹੀ ਮੰਗਲ ਦਿੱਤੇ ਗਏ ਹਨ: ਪਹਿਲਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਆਦਿ ਅਤੇ ਫਿਰ ਰਾਗਾਂ ਦੇ ਆਰੰਭ ਵਿਚ ਸੰਪੂਰਨ ਮੰਗਲ ਅਤੇ ਬਾਕੀ ਸਭ ਸਥਾਨਾਂ ਤੇ '੧ਓ ਸਤਿਗੁਰਪ੍ਰਸਾਦਿ' ਦਾ ਮੰਗਲ ਹੈ। ਇਸ ਬੀੜ ਵਿਚ ਇੱਕ ਹੋਰ ਬਹੁਤ ਹੀ ਮਹੱਤਵਪੂਰਣ ਸੰਕੇਤ ਵੀ ਦਿੱਤਾ ਹੋਇਆ ਹੈ: 'ਤੇਰਾ ਕੀਤਾ ਜਾਤੋ ਨਾਹੀ' ਸ਼ਬਦ ਤੋਂ ਬਾਅਦ ਅਤੇ ਰਾਗਮਾਲ਼ਾ ਦੇ ਇੰਦਰਾਜ ਤੋਂ ਪਹਿਲਾਂ ਲਿਖਿਆ ਹੈ ਕਿ: 'ਏਹੁ ਭੋਗੁ ਸ੍ਰੀ ਆਦ ਗਿਰੰਥ ਜੀ ਹੈ' ਅਤੇ ਮੁਖ ਤਤਕਰੇ ਦੇ ਵਿਚ ਵੀ ਰਾਗਮਾਲਾ ਦਾ ਕੋਈ ਜ਼ਿਕਰ ਨਹੀਂ। ਇਹ ਸੰਕੇਤ ਸਾਡੇ ਰਾਗਮਾ਼ਲਾ ਵਾਲ਼ੇ ਝਗੜੇ ਨੂੰ ਨਿਬੇੜਨ ਵਿਚ ਅਤਿਅੰਤ ਸਹਾਈ ਹੋ ਸਕਦਾ ਹੈ।

ਹੁਣ ਭਾਈ ਬਿਧੀ ਚੰਦ ਜੀ ਦੇ ਅਸਥਾਨ 'ਤੇ ਪਈ ਬੀੜ ਜੋ ਬਾਬਾ ਬਿੱਧੀ ਚੰਦ ਜੀ ਵੱਲੋਂ ਲਿਖੀ ਹੋਈ ਮੰਨੀ ਜਾਂਦੀ ਹੈ, ਬਾਰੇ ਗੱਲ ਕਰਾਂਗੇ। ਇਸ ਵਿਚ ਵੀ ਜਪੁਜੀ ਸਾਹਿਬ ਦੇ ਆਰੰਭ ਵਿਚ ਮੰਗਲਾਚਰਨ ਨੂੰ ਹਾਸ਼ੀਏ ਦੇ ਸੱਜੇ ਹੱਥ ਲਿਖਿਆ ਗਿਆ ਹੈ ਅਤੇ ਬਚੀ ਹੋਈ ਜਗ੍ਹਾ ਨੂੰ ਲੰਬੀ ਲਕੀਰ ਰਾਹੀਂ ਹਾਸ਼ੀਏ ਨਾਲ ਜੋੜ ਦਿੱਤਾ ਗਿਆ ਹੈ। ਇਹ ਤਰਤੀਬ ਵੀ ਭਾਈ ਰਾਮ ਰਾਇ ਜੀ ਦੀ ਬੀੜ ਵਾਲ਼ੀ ਹੀ ਹੈ। ਇਸ ਦੇ ਤਤਕਰੇ ਵਿਚ ਵੀ ਲਿਖਿਆ ਹੈ ਕਿ ਇਹ ਬੀੜ 'ਜਪੁ ਸ੍ਰੀ ਸਤਿਗੁਰੂ ਰਾਮਦਾਸ ਜੀ ਕੇ ਦਸਖ਼ਤਾ ਕਾ ਨਕਲੁ ਹੈ' ਭਾਵ ਇਹ ਵੀ ਮੂਲ ਬੀੜ ਦਾ ਉਤਾਰਾ ਹੈ। ਇਸ ਦੇ ਨਾਲ ਹੀ ਭਾਈ ਰਾਮਰਾਇ ਜੀ ਵਾਲ਼ੀ ਬੀੜ ਵਾਂਗ ਹੀ ਇਸ ਵਿਚ ਵੀ ਛੋਟੇ ਮੰਗਲਚਾਰਣ ਤੋਂ ਬਾਅਦ ਪਹਿਲਾਂ ਰਾਗ ਦਾ ਨਾਮ, ਫਿਰ ਪਾਤਸ਼ਾਹੀ ਦਾ ਨਾਮ ਅਤੇ ਫਿਰ ਬਾਣੀ ਦਾ ਸਿਰਲੇਖ 'ਸੋਦਰੁ॥' ਦਿੱਤਾ ਗਿਆ ਹੈ। ਇਵੇਂ ਹੀ ਹੋਰ ਬਹੁਤ ਸਾਰੀਆਂ ਬੀੜਾਂ ਨੂੰ ਵੀ ਘੋਖਿਆ-ਵਿਚਾਰਿਆ ਜਾ ਸਕਦਾ ਹੈ।

**ਪ੍ਰਿੰਟਿੰਗ ਤਕਨੀਕ ਦੇ ਵਿਕਾਸ ਉਪਰੰਤ ਛਪਾਈ ਵਿਚ ਆਏ ਪਾਠ-ਭੇਦ**


ਲਗਭਗ 1864 ਤੱਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਰੂਪ ਹੱਥ-ਲਿਖਤੀ ਹੀ ਰਿਹਾ। ਜਦੋਂ ਪੱਥਰ ਦੇ ਛਾਪੇਖ਼ਾਨੇ ਦਾ ਆਰੰਭ ਹੋਇਆ ਤਾਂ 1864 ਦੇ ਕਰੀਬ ਲਾਹੌਰ ਦੇ ਪ੍ਰਕਾਸ਼ਕ ਲਾਲਾ ਹਰਿਸੁਖ ਰਾਇ ਵੱਲੋਂ ਪਹਿਲੀ ਬੀੜ ਛਾਪੀ ਗਈ। ਫਿਰ 1885 ਵਿਚ ਯੰਤ੍ਰ ਗਣੇਸ਼ ਪ੍ਰਕਾਸ਼ ਲਾਹੌਰ ਵੱਲੋਂ ਪੱਥਰ ਦੇ ਛਾਪੇ ਦੀ ਬੀੜ ਛਾਪੀ ਗਈ। ਉਪਰੰਤ 1893 'ਚ ਵਿੱਦਿਆ ਪ੍ਰਕਾਸ਼ ਪ੍ਰੈਸ ਲਾਹੌਰ ਦੇ ਮਾਲਿਕ ਵਪਾਰੀ ਮੁਨਸ਼ੀ ਹਰੀ ਚੰਦ ਨੇ 1430 ਪੰਨਿਆਂ ਵਾਲ਼ੀ ਪੱਥਰ ਦੇ ਛਾਪੇ ਦੀ ਬੀੜ ਛਾਪੀ। ਇਸ ਤੋਂ ਬਾਅਦ ਭਾਈ ਚਰਨ ਸਿੰਘ ਜੀ ਸ਼ਹੀਦ ਜੋ ਹਾਸ-ਰਸ ਦੇ ਬਹੁਤ ਵੱਡੇ ਕਵੀ ਵੀ ਹੋਏ ਹਨ ਨੇ ਬੜੀ ਮਿਹਨਤ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਨੂੰ ਛਾਪਿਆ ਅਤੇ ਮਗਰੋਂ ਹੋਰ ਵੀ ਯਤਨ ਹੋਏ। 1875 ਦੇ ਲਗਭਗ ਮਾਈ ਸੇਵਾਂ ਬਜ਼ਾਰ, ਅੰਮ੍ਰਿਤਸਰ ਦੇ ਛਾਪਕਾਂ, ਭਾਈ ਚਤਰ ਸਿੰਘ - ਜੀਵਨ ਸਿੰਘ (1875), ਅਤੇ ਬਾਅਦ ਵਿਚ ਭਾਈ ਜਵਾਹਰ ਸਿੰਘ - ਕਿਰਪਾਲ ਸਿੰਘ (1920) ਵੱਲੋਂ ਇਸ ਦਾ ਵਪਾਰੀਕਰਣ ਸ਼ੁਰੂ ਹੋਇਆ। ਲਿਥੋਪ੍ਰਿੰਟਿੰਗ ਦੀ ਪ੍ਰਕਿਰਿਆ ਸ਼ੁਰੂ ਕੀਤੀ ਤਾਂ ਪਵਿੱਤਰ ਸ੍ਰੀ ਗੁਰੂ ਗ੍ਰੰਥ ਅਤੇ ਗੁਰਬਾਣੀ ਗੁਟਕਿਆਂ ਦੇ ਲਿਥੋਗ੍ਰਾਫਿਕ ਖੰਡ ਪ੍ਰਕਾਸ਼ਿਤ ਕੀਤੇ। ਸਮੇਂ ਦੇ ਬਦਲਾਅ ਨਾਲ ਟਾਈਪ ਪ੍ਰਿੰਟਿੰਗ ਵਿਚ ਛਾਪਣਾ ਸ਼ੁਰੂ ਕੀਤਾ ਗਿਆ। ਗਿਆਨੀ ਜਗਤਾਰ ਸਿੰਘ ਜਾਚਕ ਜੀ ਨੇ ਆਪਣੀ ਪੁਸਤਕ, ਪਾਠ-ਭੇਦ ਗਾਥਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 145 ਉੱਪਰ ਜ਼ਿਕਰ ਕੀਤਾ ਹੈ ਕਿ ਗੁਰਬਾਣੀ ਨੂੰ ਪਦ-ਛੇਦ ਕਰ ਕੇ ਪਦ-ਅਰਥ ਕਰਨ ਦਾ ਪਹਿਲਾ ਉਪਰਾਲਾ ਸ਼ਬਦਾਰਥੀ ਵਿਦਵਾਨਾਂ ਵੱਲੋਂ 28 ਮਈ 1936 ਵਿਚ ਆਰੰਭ ਕਰ ਕੇ 15 ਸਤੰਬਰ 1941 ਵਿਚ ਸੰਪੂਰਨ ਕੀਤਾ ਗਿਆ। ਇਹ ਪਹਿਲਾ ਅਕਾਦਮਿਕ ਉਪਰਾਲਾ ਸੀ। ਇਸ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਨੂੰ ਘਰ-ਘਰ ਪਹੁੰਚਾਉਣ ਵਿਚ ਮਦਦ ਤਾਂ ਮਿਲੀ ਪਰ ਗੁਰਬਾਣੀ ਦੀ ਸ਼ੁੱਧਤਾ ਲਈ ਕੋਈ ਮਾਪਦੰਡ ਨਹੀਂ ਵਰਤੇ ਗਏ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਵਰਕਿਆਂ ਦੀ ਬੇਅਦਬੀ ਅਤੇ ਗੈਰ-ਜ਼ਿੰਮੇਦਾਰ ਤਰੀਕੇ ਨਾਲ ਵੇਚਣ ਦੇ ਮਾਮਲੇ ਵੀ ਸਾਹਮਣੇ ਆਉਂਦੇ ਰਹੇ। ਪ੍ਰਾਈਵੇਟ ਛਾਪਕਾਂ ਵੱਲੋਂ 2006 ਵਿਚ ਅਕਾਲ ਤਖ਼ਤ ਦੇ ਹੁਕਮਨਾਮੇ ਅਤੇ ਪੰਜਾਬ ਅਸੈਂਬਲੀ ਦੇ ਮਤੇ ਮਗਰੋਂ ਇਹ ਸਿਲਸਿਲਾ ਬੰਦ ਹੋਇਆ।

ਜਦੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ ਹੋਂਦ ਵਿਚ ਆਈ ਤਾਂ ਪ੍ਰਾਈਵੇਟ ਛਾਪਕਾਂ ਦੇ ਵਪਾਰੀਕਰਣ ਅਤੇ ਅਸ਼ੁੱਧ ਛਪਾਈ 'ਤੇ ਰੋਕ ਲਗਾਉਣ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸ਼ੁੱਧ ਛਪਾਈ ਦਾ ਕਾਰਜ ਉਨ੍ਹਾਂ ਵੱਲੋਂ ਖ਼ੁਦ ਆਰੰਭ ਕਰਨ ਦਾ ਫੈਸਲਾ ਕੀਤਾ ਗਿਆ। ਇਸ ਲਈ ਉਨ੍ਹਾਂ ਨੇ ਉਸ ਸਮੇਂ ਦੇ ਸਥਾਪਿਤ ਵਿਦਵਾਨਾਂ ਦੀਆਂ ਕਮੇਟੀਆਂ ਬਣਾਈਆਂ ਜਿਨ੍ਹਾਂ ਨੇ ਕਰਤਾਰਪੁਰੀ ਬੀੜ ਅਤੇ ਦਮਦਮੀ ਬੀੜ ਨੂੰ ਆਧਾਰ ਬਣਾ ਕੇ ਇੱਕ ਤਰਤੀਬ ਤਿਆਰ ਕੀਤੀ। ਕਿਉਂਕਿ ਉਸ ਸਮੇਂ ਕੰਪਿਊਟਰ ਦੀ ਕਾਢ ਅਜੇ ਆਰੰਭ ਨਹੀਂ ਸੀ ਹੋਈ, ਜਿਸ ਕਰਕੇ ਸਮੇਂ ਅਨੁਸਾਰ ਲੱਖਾਂ ਰੁਪਏ ਖਰਚ ਕੇ ਇਸ ਦੇ ਸੁੰਦਰ ਬਲਾਕ ਬਣਵਾਏ ਗਏ ਅਤੇ ਸੰਨ 1950 ਦੇ ਕਰੀਬ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਛਪਾਈ ਦਾ ਕਾਰਜ ਆਰੰਭ ਕੀਤਾ ਗਿਆ ਜੋ 1952 ਵਿਚ ਸੰਪੂਰਨ ਹੋ ਗਿਆ। ਬਹੁਤ ਹੀ ਸੁੰਦਰ ਛਪਾਈ ਕਰਵਾਈ ਗਈ। ਇਸ ਦੀ ਭੇਟਾ ਵੀ ਲਾਗਤ ਮਾਤਰ ਹੀ ਰੱਖੀ ਗਈ। ਸ਼ਬਦਾਰਥ ਦੀਆਂ ਜੋ ਸੈਂਚੀਆਂ ਛਪਦੀਆਂ ਸਨ ਉਨ੍ਹਾਂ ਵਿਚ ਵੀ ਸਾਰੇ ਮੰਗਲਾਂ ਦੀ ਤਰਤੀਬ ਬਾਣੀ ਦੇ ਸਿਰਲੇਖਾਂ ਤੋਂ ਪਹਿਲਾਂ ਲਿਖ ਕੇ ਇਕਸਾਰ ਕਰ ਦਿੱਤੀ ਗਈ। 1952 ਵਾਲ਼ੀ ਇਹ ਬੀੜ ਅਤੇ ਸ਼ਬਦਾਰਥ ਸੈਂਚੀਆਂ ਮੂਲ ਰੂਪ ਵਿਚ ਦਾਸ ਕੋਲ਼ ਸੁਰੱਖਿਅਤ ਹਨ। 1952 ਵਾਲ਼ੀ ਬੀੜ ਸਬੰਧੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ 25/02/1959 ਵਿਚ ਛਾਪੇ ਕਿਤਾਬਚੇ ਅੰਦਰ ਪ੍ਰਿੰਸੀਪਲ ਹਰਿਭਜਨ ਸਿੰਘ ਜੀ ਵੱਲੋਂ ਬਹੁਤ ਸਾਰੇ ਹਵਾਲੇ ਦਿੱਤੇ ਗਏ ਹਨ। ਇਸੇ ਕਿਤਾਬਚੇ ਵਿਚ ਜ਼ਿਕਰ ਕੀਤਾ ਹੋਇਆ ਹੈ ਕਿ ਜਦੋਂ ਵਿਦਵਾਨਾਂ ਦੀ ਕਮੇਟੀ ਨੇ ਪੁਰਾਤਨ ਹੱਥ-ਲਿਖਤ ਬੀੜਾਂ ਨੂੰ ਆਧਾਰ ਬਣਾ ਕੇ ਨਵੀਂ ਬੀੜ ਨੂੰ ਛਾਪਣ ਦਾ ਮਨ ਬਣਾਇਆ ਤਾਂ ਲਗਭਗ 700 ਪਾਠ-ਅੰਤਰ ਉਨ੍ਹਾਂ ਦੇ ਸਾਹਮਣੇ ਆਏ ਜੋ ਉਨ੍ਹਾਂ ਠੀਕ ਕਰਕੇ ਹੀ ਨਵੀਂ ਬੀੜ ਦੀ ਛਪਾਈ ਕੀਤੀ ਸੀ।

ਬਾਅਦ ਵਿਚ ਵਪਾਰੀ ਬਿਰਤੀ ਵਾਲ਼ੇ ਪ੍ਰਾਈਵੇਟ ਛਾਪਕਾਂ ਨੇ ਇਸ ਦਾ ਵਿਰੋਧ ਕਰਨਾ ਸ਼ੁਰੂ ਕਰ ਦਿੱਤਾ, ਚੀਫ਼-ਖਾਲਸਾ ਦੀਵਾਨ ਅਤੇ ਹੋਰਨਾਂ ਡੇਰੇਦਾਰਾਂ ਨੂੰ ਵੀ ਇਸ ਵਿਚ ਪਾਰਟੀ ਬਣਾ ਲਿਆ ਗਿਆ ਕਿ ਸ਼੍ਰੋਮਣੀ ਕਮੇਟੀ ਨੇ ਤਾਂ ਬਾਣੀ ਹੀ ਬਦਲ ਦਿੱਤੀ ਹੈ ਅਤੇ ਕਿਹਾ ਗਿਆ ਕਿ ਇਹ ਤਰਤੀਬ ਕਰਤਾਰਪੁਰੀ ਬੀੜ ਅਨੁਸਾਰ ਨਹੀਂ ਹੈ। ਇਸ ਗੰਭੀਰ ਮਸਲੇ ਬਾਰੇ ਬਾਰੰਬਾਰ ਵਿਦਵਾਨਾਂ ਦੀਆਂ ਮੀਟਿੰਗਾਂ ਅਤੇ ਵਿਚਾਰਾਂ ਹੁੰਦੀਆਂ ਰਹੀਆਂ। ਇਸ ਵਿਚ ਬਾਵਾ ਹਰਕਿਸ਼ਨ ਸਿੰਘ, ਪ੍ਰੋਫੈਸਰ ਸਾਹਿਬ ਸਿੰਘ, ਸ. ਹਰਨਾਮ ਸਿੰਘ ਜੱਜ ਹਾਈਕੋਰਟ, ਡਾ. ਗੰਡਾ ਸਿੰਘ, ਪ੍ਰਿੰਸੀਪਲ ਤੇਜਾ ਸਿੰਘ ਅਤੇ ਹੋਰ ਬਹੁਤ ਸਾਰੇ ਵਿਦਵਾਨ ਸਮੇਂ ਸਮੇਂ ਭਾਗ ਲੈਂਦੇ ਰਹੇ। ਆਖਰ 1964 ਵਿਚ ਜਦੋਂ ਸੰਤ ਫਤਿਹ ਸਿੰਘ ਅਤੇ ਸੰਤ ਚੰਨਣ ਸਿੰਘ ਸ਼੍ਰੋਮਣੀ ਕਮੇਟੀ ਉੱਤੇ ਕਾਬਜ਼ ਹੋਏ ਤਾਂ ਉਨ੍ਹਾਂ ਨੇ ਡੇਰੇਦਾਰਾਂ ਅਤੇ ਵਪਾਰੀਆਂ ਦੇ ਕਹਿਣ 'ਤੇ ਉਹ ਸਾਰੇ ਕੀਮਤੀ ਬਲਾਕ ਤੁੜਵਾ ਦਿੱਤੇ ਅਤੇ ਮੁੜ ਬੇਤਰਤੀਬੀ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਛਪਵਾਈ ਆਰੰਭ ਕਰਵਾ ਦਿੱਤੀ। ਸ਼ਬਦਾਰਥ ਦੀਆਂ ਸੈਂਚੀਆਂ ਅਤੇ ਗੁਟਕੇ ਆਦਿ ਵੀ ਫਿਰ ਤੋਂ ਬੇਤਰਤੀਬੀ ਅਨੁਸਾਰ ਛਾਪਣੇ ਆਰੰਭ ਕਰਵਾ ਦਿੱਤੇ ਗਏ।

ਸੋ ਤੱਤ-ਨਿਚੋੜ ਇਹ ਨਿਕਲਿਆ ਕਿ ਸ਼੍ਰੋਮਣੀ ਕਮੇਟੀ ਵੱਲੋਂ 1952 ਵਿਚ ਵਿਦਵਾਨਾਂ ਦੀ ਨਿਗਰਾਨੀ ਹੇਠ ਛਪਾਈ ਗਈ ਬੀੜ ਅਤੇ ਫਿਰ 1964 ਵਿਚ ਡੇਰੇਦਾਰਾਂ ਦੇ ਦਬਾਅ ਅਧੀਨ ਛਪਾਈ ਗਈ ਬੀੜ ਵਿਚ ਭਾਰੀ ਅੰਤਰ ਹੈ। ਇਹ ਅੰਤਰ ਸ਼੍ਰੋਮਣੀ ਕਮੇਟੀ ਵੱਲੋਂ ਕਿਸ ਅਧਾਰ 'ਤੇ ਪਾਇਆ ਗਿਆ, ਇਸ ਬਾਰੇ ਕਿਤੇ ਕੋਈ ਰਿਕਾਰਡ ਜਾਂ ਜਾਣਕਾਰੀ ਮੌਜੂਦ ਨਹੀਂ ਹੈ। ਇਸ

*(ਬਾਕੀ ਅਗਲੇ ਸਫੇ 'ਤੇ)*




# ਗੁਰੂ ਪਰਿਵਾਰਾਂ ਦੀਆਂ ਬੀਬੀਆਂ

## ਮਾਤਾ ਤ੍ਰਿਪਤਾ

ਸਿੱਖ ਤਵਾਰੀਖ਼ ਵਿਚ 'ਪਹਿਲੀ ਬੀਬੀ' ਮਾਤਾ ਤ੍ਰਿਪਤਾ ਸੀ ਜਿਸ ਨੇ ਗੁਰੂ ਨਾਨਕ ਸਾਹਿਬ ਨੂੰ ਜਨਮ ਦਿੱਤਾ।

ਪਿਛੋਕੜ: ਗੁਰੂ ਨਾਨਕ ਸਾਹਿਬ ਦੇ ਦਾਦਾ ਬਾਬਾ ਸ਼ਿਵ ਨਾਰਾਇਣ ਦੇ ਘਰ ਅਕਤੂਬਰ 1440 ਵਿਚ ਕਲਿਆਨ ਦਾਸ ਅਤੇ 1443 ਵਿਚ ਲਾਲ ਚੰਦ ਦਾ ਜਨਮ ਹੋਇਆ। ਉਨ੍ਹਾਂ ਦਿਨਾਂ ਵਿਚ ਇਹ ਪਿੰਡ ਪੱਠੇਵਿੰਡ (ਜ਼ਿਲ੍ਹਾ ਅੰਮ੍ਰਿਤਸਰ) ਵਿਚ ਰਹਿੰਦਾ ਸੀ। ਪੱਠੇ ਵਿੰਡ ਦੀ ਜ਼ਮੀਨ ਵਿਚ ਹੀ ਕਸਬਾ ਡੇਹਰਾ ਬਾਬਾ ਨਾਨਕ ਵਸਿਆ ਹੋਇਆ ਹੈ।



ਜਦੋਂ ਕਲਿਆਣ ਦਾਸ ਜਵਾਨ ਹੋਏ ਤਾਂ ਰੋਜ਼ਗਾਰ ਦੇ ਸਿਲਸਿਲੇ ਵਿਚ ਉਹ ਰਾਏ ਭੋਇ ਦੀ ਤਲਵੰਡੀ (ਹੁਣ ਨਾਨਕਾਣਾ ਸਾਹਿਬ) ਆ ਗਏ। ਕਲਿਆਣ ਦਾਸ ਦੀ ਸ਼ਾਦੀ

**ਡਾ. ਹਰਜਿੰਦਰ ਸਿੰਘ ਦਿਲਗੀਰ**
**ਰਚੇਤਾ: 'ਨਵਾਂ ਤੇ ਵਡਾ ਮਹਾਨ ਕੋਸ਼'**

1461 ਵਿਚ ਪਿੰਡ ਚਾਹਲ (ਜ਼ਿਲ੍ਹਾ ਲਾਹੌਰ) ਦੇ ਵਾਸੀ ਭਾਈ ਰਾਮਾ ਅਤੇ ਮਾਤਾ ਭਿਰਾਈ ਦੀ ਬੇਟੀ (ਮਾਤਾ) ਤ੍ਰਿਪਤਾ ਨਾਲ ਹੋਈ। ਮਾਤਾ ਤ੍ਰਿਪਤਾ ਨੇ 1464 ਵਿਚ (ਬੇਬੇ) ਨਾਨਕੀ ਅਤੇ 1469 ਵਿਚ (ਗੁਰੂ) ਨਾਨਕ (ਸਾਹਿਬ) ਨੂੰ ਜਨਮ ਦਿਤਾ। ਗੁਰੂ ਨਾਨਕ ਸਾਹਿਬ ਦਾ ਜਨਮ 20 ਅਕਤੂਬਰ 1469 ਦੇ ਦਿਨ ਹੋਇਆ ਸੀ।

ਗੁਰੂ ਨਾਨਕ ਸਾਹਿਬ ਦੇ ਜਨਮ ਬਾਰੇ ਇਕ ਹੋਰ ਤਾਰੀਖ਼ 15 ਅਪਰੈਲ 1469 ਵੀ ਲਿਖੀ ਜਾਂਦੀ ਹੈ। ਇਹ ਭੁਲੇਖਾ ਜਨਮ ਸਾਖੀਆਂ ਵਿਚ ਵੱਖ-ਵੱਖ ਤਰੀਖ਼ਾਂ ਮਿਲਣ ਕਰਕੇ ਹੋਇਆ ਹੋਵੇਗਾ। ਵਿਸਾਖ (ਅਪਰੈਲ) ਵਾਲੀ ਗ਼ਲਤ ਤਾਰੀਖ਼ ਸਭ ਤੋਂ ਪਹਿਲਾਂ ਪ੍ਰਿਥੀ ਚੰਦ ਮੀਣਾ ਦੇ ਪੁਤਰ ਮਿਹਰਬਾਨ ਨੇ ਲਿਖੀ ਸੀ। ਉਹ ਸਿੱਖ ਹਿਸਟਰੀ ਵਿਗਾੜਨ ਵਾਲਾ ਪਹਿਲਾ ਸਿੱਖ ਦੋਖੀ ਸੀ। ਦੂਜਾ, ਹਿੰਦੂਆਂ ਵਿਚ ਇਹ ਭਰਮ ਹੈ ਕਿ ਕੱਤਕ ਮਹੀਨੇ ਵਿਚ ਜੰਮਿਆ ਬੱਚਾ ਨਹਿਸ਼ ਹੁੰਦਾ ਹੈ। ਅਜਿਹਾ ਜਾਪਦਾ ਹੈ ਕਿ ਹਿੰਦੂ ਲੇਖਕਾਂ ਨੇ ਸਿੱਖਾਂ ਨੂੰ ਇਸ ਵਹਿਮ (ਸੂਤਕ) ਦਾ ਡਰ ਪਾ ਕੇ ਵਿਸਾਖ ਦੇ ਜਨਮ ਦਾ ਪ੍ਰਚਾਰ ਕੀਤਾ ਸੀ, ਜੋ ਭੋਲੇ ਸਿੱਖਾਂ ਨੇ ਚੁਪਚਾਪ ਮੰਨ ਲਿਆ।



ਗੁਰੂ ਨਾਨਕ ਸਾਹਿਬ ਅਕਾਲ ਪੁਰਖ ਦੇ ਵਰੋਸਾਏ ਹੋਏ ਸਨ ਤੇ ਉਨ੍ਹਾਂ ਦੀ ਸ਼ਖ਼ਸੀਅਤ ਵਾਹਿਗੁਰੂ ਨੇ ਸਵਾਰੀ ਹੋਈ ਸੀ। ਪਰ ਬਚਪਨ ਦੀ ਸੇਵਾ-ਸੰਭਾਲ ਮਾਤਾ ਤ੍ਰਿਪਤਾ ਦੇ ਭਾਗਾਂ (ਹਿੱਸੇ) ਵਿਚ ਆਈ ਸੀ। ਉਸ ਨੇ ਹੀ ਗੁਰੂ ਸਾਹਿਬ ਨੂੰ ਮੁੱਢਲੀ ਸਿਖਿਆ ਦਿੱਤੀ। ਇਸ ਤੋਂ ਇਲਾਵਾ ਉਨ੍ਹਾਂ ਦੀ ਵੱਡੀ ਭੈਣ, ਪੜਦਾਦੀ ਤੇ ਨਾਨੀ ਦੇ ਹੱਥਾਂ ਦੀ ਛੋਹ ਗੁਰੂ ਸਾਹਿਬ ਨੂੰ ਮਿਲੀ ਸੀ। ਸਾਲ ਕੁ ਮਗਰੋਂ ਗੁਰੂ ਨਾਨਕ ਸਾਹਿਬ ਨੂੰ ਬਾਹਰ ਦੇ ਲੋਕਾਂ ਦੀ ਸੰਗਤ ਮਿਲਣੀ ਸ਼ੁਰੂ ਹੋਈ ਸੀ। ਮਾਤਾ ਤ੍ਰਿਪਤਾ ਦਾ ਇਕੋ ਇਕ ਪੁੱਤਰ ਹੋਣ ਕਰਕੇ ਗੁਰੂ ਨਾਨਕ ਨੂੰ ਮਾਂ ਦਾ ਰੱਜਵਾਂ ਪਿਆਰ ਤੇ ਲਾਡ ਮਿਲਿਆ ਹੋਵੇਗਾ।

ਮਾਤਾ ਤ੍ਰਿਪਤਾ ਬਾਰੇ ਵਧੇਰੇ ਜਾਣਕਾਰੀ ਨਹੀਂ ਮਿਲਦੀ। ਉਨ੍ਹਾਂ ਦੇ ਹੱਥਾਂ ਵਿਚ ਪੁੱਤਰ ਵੱਡਾ ਹੋਇਆ, ਜਵਾਨ ਹੋਇਆ, ਵਿਆਹਿਆ ਗਿਆ, ਦੋ ਪੁੱਤਰਾਂ ਦਾ ਬਾਪ ਬਣਿਆ। ਮਾਤਾ ਤ੍ਰਿਪਤਾ ਨੂੰ ਦੋਹਾਂ ਪੋਤਿਆਂ ਨੂੰ ਖਿਡਾਉਣ ਦਾ ਸੁਖ ਵੀ ਹਾਸਿਲ ਹੋਇਆ। ਗੁਰੂ ਨਾਨਕ ਸਾਹਿਬ 1504 ਤਕ ਤਲਵੰਡੀ (ਨਾਨਕਾਣਾ ਸਾਹਿਬ) ਵਿਚ ਰਹੇ; ਇਸ ਵੇਲੇ ਸ੍ਰੀਚੰਦ ਦੀ ਉਮਰ 10 ਸਾਲ ਤੇ ਲੱਖਮੀ ਦਾਸ ਦੀ 7 ਸਾਲ ਸੀ। 1504 ਤੋਂ 1507 ਤਕ ਸੁਲਤਾਨਪੁਰ ਅਤੇ 1507 ਤੋਂ 1521 ਤਕ ਗੁਰੂ ਨਾਨਕ ਸਾਹਿਬ ਉਦਾਸੀਆਂ 'ਤੇ ਰਹੇ ਸਨ ਤੇ ਇਸ ਸਮੇਂ ਦੌਰਾਨ ਉਹ ਮਾਤਾ ਨੂੰ ਸ਼ਾਇਦ ਸਿਰਫ਼ ਕੁਝ ਮਹੀਨੇ ਵਾਸਤੇ ਹੀ ਮਿਲੇ ਸਨ 1516 ਵਿਚ। ਮਾਤਾ ਜੀ ਦੀ ਉਮਰ ਦੇ ਆਖ਼ਰੀ ਵਰ੍ਹੇ ਕਰਤਾਰਪੁਰ ਵਿਚ ਬੀਤੇ, ਜਿੱਥੇ ਕਿ (ਸ਼ਾਇਦ) 1522 ਵਿਚ ਉਨ੍ਹਾਂ ਦੀ ਮੌਤ ਹੋਈ। ਇਸ ਤੋਂ ਇਲਾਵਾ ਮਾਤਾ ਜੀ ਬਾਰੇ ਕੋਈ ਜਾਣਕਾਰੀ ਨਹੀਂ ਮਿਲਦੀ। ਇਸ ਹਿਸਾਬ ਨਾਲ ਮਾਤਾ ਦੀ ਉਮਰ ਤਕਰੀਬਨ 80 ਸਾਲ ਦੀ ਹੋਵੇਗੀ; ਉਨ੍ਹਾਂ ਦੇ ਪਤੀ ਦਾ ਜਨਮ 1440 ਦਾ ਸੀ ਤੇ ਉਨ੍ਹਾਂ ਦਾ ਵੀ 1440 ਤੇ 1445 ਦੇ ਵਿਚਕਾਰ ਦਾ ਹੋਵੇਗਾ; ਤੇ ਜੇ ਉਨ੍ਹਾਂ ਦੀ ਮੌਤ ਕਰਤਾਰਪੁਰ ਦੀ ਹੈ ਤਾਂ 1522 ਤੋਂ ਮਗਰੋਂ ਦੀ ਹੋਵੇਗੀ।

ਭਾਵੇਂ ਤਵਾਰੀਖ਼ ਵਿਚ ਮਾਤਾ ਜੀ ਦਾ ਜ਼ਾਹਿਰਾ ਕੋਈ ਬਹੁਤਾ ਹਵਾਲਾ ਨਹੀਂ ਮਿਲਦਾ ਪਰ ਇਕ ਗੱਲ ਤਾਂ ਯਕੀਨੀ ਹੈ ਕਿ ਗੁਰੂ ਨਾਨਕ ਦੀ ਮਾਂ ਮਾਣਮੱਤੀ ਹੋਵੇਗੀ ਕਿ ਉਸ ਨੇ ਜਿਸ ਬੱਚੇ ਨੂੰ ਆਪਣੀ ਕੁੱਖ ਤੋਂ ਜਨਮ ਦਿੱਤਾ ਸੀ, ਉਹ ਇਕ ਅਜ਼ਮਤ ਵਾਲੀ ਹਸਤੀ ਸੀ ਜਿਸ ਅੱਗੇ ਹਜ਼ਾਰਾਂ ਲੋਕ ਆਪਣਾ ਸਿਰ ਝੁਕਾਉਂਦੇ ਸਨ ਤੇ ਉਹ ਸਿਰ ਦਰਅਸਲ ਉਸ ਮਾਂ ਅੱਗੇ ਵੀ ਝੁਕਦੇ ਸਨ। ਮਾਤਾ ਤ੍ਰਿਪਤਾ ਨੇ ਆਪਣੇ ਇਕਲੌਤੇ ਪੁੱਤਰ ਨੂੰ ਖਿਡਾਇਆ, ਸਿਆਣੇ ਪੁੱਤਰ ਦੀ ਸੂਝ ਵੀ ਵੇਖੀ, ਉਸ ਦੀ ਅਜ਼ਮਤ ਵੀ ਵੇਖੀ, ਉਸ ਦਾ ਮਾਣ-ਸਤਿਕਾਰ ਵੀ ਵੇਖਿਆ ਤੇ ਆਖ਼ਰੀ ਸਾਹ ਆਪਣੇ ਪੁੱਤਰ ਦੀਆਂ ਬਾਹਵਾਂ ਵਿਚ ਲਏ। ਹਰੀ-ਭਰੀ, ਨਿੱਘੀ, ਸਬਰ ਵਾਲੀ, ਮਹਾਨ ਮਾਂ ਸੀ ਤ੍ਰਿਪਤਾ ਮਾਤਾ।

ਮਾਤਾ ਤ੍ਰਿਪਤਾ ਦੇ ਪਿਤਾ ਭਾਈ ਰਾਮਾ ਜਾਂ ਭਰਾ ਭਾਈ ਕਿਸ਼ਨਾ ਦੇ ਨਾਂਵਾਂ ਦਾ ਜ਼ਿਕਰ ਜ਼ਰੂਰ ਮਿਲਦਾ ਹੈ ਪਰ ਉਨ੍ਹਾਂ ਦੇ ਗੁਰੂ ਨਾਨਕ ਸਾਹਿਬ ਨਾਲ ਸਬੰਧਾਂ ਦੇ ਹਵਾਲੇ ਨਹੀਂ ਮਿਲਦੇ।

## ਬੇਬੇ ਨਾਨਕੀ

ਗੁਰੂ ਨਾਨਕ ਸਾਹਿਬ ਦੀ ਜ਼ਿੰਦਗੀ ਵਿਚ ਦੂਜੀ ਨਾਰੀ ਭੈਣ ਨਾਨਕੀ ਸੀ। ਉਹ ਗੁਰੂ ਨਾਨਕ ਸਹਿਬ ਤੋਂ ਪੰਜ ਸਾਲ ਵੱਡੀ ਸੀ। ਜਿਵੇਂ ਪੰਜਾਬੀ ਜੀਵਨ-ਜਾਚ ਦਾ ਸੁਭਾਅ ਹੈ ਨਾਨਕੀ ਆਪਣੇ ਵੀਰ ਦਾ ਬਹੁਤ ਖ਼ਿਆਲ ਰੱਖਿਆ ਕਰਦੀ ਸੀ। ਜਦ ਵੀ ਘਰ ਵਿਚ ਕੋਈ ਘਟਨਾ ਹੁੰਦੀ ਸੀ, ਉਹ ਆਪਣੇ ਵੀਰ ਦੇ ਹਿਤ ਦਾ ਹੀ ਖ਼ਿਆਲ ਰਖਦੀ ਸੀ। ਇਹ ਉਸ ਦੇ ਸੁਭਾਅ ਦਾ ਹਿੱਸਾ ਤਾਂ ਸੀ ਹੀ ਪਰ ਨਾਲ ਹੀ ਇਹ ਉਸ ਦੀ ਰੂਹਾਨੀ ਅੱਖ ਦੀ ਪੜ੍ਹਤ ਵੀ ਸੀ ਜਿਸ ਨੇ ਦੂਰ ਤਕ ਵੇਖ ਲਿਆ ਸੀ ਕਿ ਉਸ ਨੂੰ ਅਕਾਲ ਪੁਰਖ ਦੇ ਖ਼ਾਸ ਨੂਰ ਦੀ ਭੈਣ ਹੋਣ ਦਾ



ਮਾਣ ਮਿਲਿਆ ਹੈ। ਉਸ ਨੇ ਇਸ ਮਾਣ ਨੂੰ ਸਾਰੀ ਉਮਰ ਆਪਣੇ ਸੀਨੇ ਆਪਣੇ ਮੱਥੇ ਤੇ ਆਪਣੀ ਰੂਹ ਨਾਲ ਲਾਈ ਰੱਖਿਆ।

ਨਾਨਕੀ ਦਾ ਵਿਆਹ ਭਾਈ ਜੈ ਰਾਮ ਨਾਲ ਹੋਇਆ ਸੀ ਜੋ ਸੁਲਤਾਨਪੁਰ ਵਿਚ ਦੌਲਤ ਖ਼ਾਨ ਲੋਧੀ ਦੇ ਨਿਜ਼ਾਮ ਦਾ ਇਕ ਸੀਨੀਅਰ ਅਫ਼ਸਰ ਸੀ। ਉਸੇ ਕਾਰਨ ਗੁਰੂ ਨਾਨਕ ਸਾਹਿਬ ਨੇ ਵੀ ਸੁਲਤਾਨਪੁਰ ਵਿਚ ਮੋਦੀ ਵਜੋਂ ਅਹੁਦਾ ਸੰਭਾਲਿਆ ਸੀ। ਨਾਨਕੀ ਨੂੰ ਜਿੱਥੇ ਪਹਿਲੇ 15 ਕੁ ਸਾਲ ਤਲਵੰਡੀ ਵਿਚ ਭਰਾ ਨਾਲ ਲਾਡ ਕਰਨ ਦਾ ਮਾਣ ਹਾਸਿਲ ਹੋਇਆ ਉੱਥੇ ਉਸ ਨੂੰ ਸੁਲਤਾਨਪੁਰ ਵਿਚ ਵੀ ਤਿੰਨ ਸਾਲ ਫੇਰ ਇਕੱਠੇ ਰਹਿਣ ਦਾ ਸਮਾਂ ਮਿਲਿਆ।

ਸੁਲਤਾਨਪੁਰ ਵਿਚ ਨਾਨਕੀ ਪਹਿਲਾਂ ਇਕ ਸੀਨੀਅਰ ਅਫ਼ਸਰ ਦੀ ਘਰਵਾਲੀ ਤਾਂ ਸੀ ਹੀ ਪਰ 1504 ਵਿਚ ਉਹ ਇਕ ਹੋਰ ਸੀਨੀਅਰ ਅਫ਼ਸਰ ਮੋਦੀ ਦੀ ਭੈਣ ਵੀ ਅਖਵਾਉਣ ਲਗ ਪਈ। ਇੱਥੇ ਹੀ ਉਸ ਨੇ ਵੇਖਿਆ ਕਿ ਕਿੰਨੇ ਹੀ ਚੌਧਰੀ ਅਤੇ ਆਲਮ-ਫ਼ਾਜ਼ਲ ਆ ਕੇ ਉਸ ਦੇ ਭਰਾ ਤੋਂ ਅਕਲ ਇਲਮ ਤੇ ਰੂਹਾਨੀਅਤ ਦੀਆਂ ਗੱਲਾਂ ਸਿਖਦੇ ਸਨ। ਇਹ ਵੇਖ ਕੇ ਜੋ ਸਕੂਨ, ਮਾਣ ਤੇ ਅਣਖ ਉਸ ਭੈਣ ਵਿਚ ਆਉਂਦੀ ਹੋਵੇਗੀ ਉਸ ਦਾ ਅਹਿਸਾਸ ਕੀਤਾ ਜਾ ਸਕਦਾ ਹੈ। ਪਰ ਉਮਰ ਵਿਚ ਵੱਡੀ ਹੋਣ ਦੇ ਬਾਵਜੂਦ ਉਸ ਨੂੰ ਨਾਨਕ ਬਹੁਤ ਵੱਡਾ ਦਿਸਦਾ ਸੀ ਤੇ ਆਪਣੀ ਉਮਰ ਨਿੱਕੜੀ ਜਿਹੀ, ਬਾਲੜੀ ਜਹੀ। ਇਹ ਸਾਖੀਆਂ ਵਿਚੋਂ ਉਸ ਦੀ ਸ਼ਖ਼ਸੀਅਤ ਤੋਂ ਸਾਫ਼ ਨਜ਼ਰ ਆਉਂਦਾ ਹੈ। ਸਿੱਖ ਉਸ ਨੂੰ ਅਦਬ ਨਾਲ ਬੇਬੇ ਨਾਨਕੀ ਕਹਿ ਕੇ ਯਾਦ ਕਰਦੇ ਹਨ।

ਨਾਨਕੀ ਦਾ ਸ਼ਾਇਦ ਕੋਈ ਆਪਣਾ ਬਾਲ ਨਹੀਂ ਸੀ। ਉਸ ਨੇ ਕਦ ਚੜ੍ਹਾਈ ਕੀਤੀ ਇਸ ਦਾ ਵੀ ਜ਼ਿਕਰ ਨਹੀਂ ਮਿਲਦਾ। ਹਾਂ ਏਨਾ ਜ਼ਰੂਰ ਪਤਾ ਲਗਦਾ ਹੈ ਕਿ ਜਦ ਵੀ ਗੁਰੂ ਨਾਨਕ ਸਾਹਿਬ ਉਦਾਸੀ ਕਰ ਕੇ ਮਦਰ ਦੇਸ (ਪੰਜਾਬ) ਮੁੜਦੇ ਸਨ ਤਾਂ ਉਹ ਹਮੇਸ਼ਾ ਸੁਲਤਾਨਪੁਰ ਦਾ ਰਸਤਾ ਹੀ ਚੁਣਿਆ ਕਰਦੇ ਸਨ। ਇਹ ਉਨ੍ਹਾਂ ਦੇ ਆਪਣੀ ਵੱਡੀ ਭੈਣ ਵਾਸਤੇ ਪਿਆਰ ਦਾ ਇਜ਼ਹਾਰ ਹੀ ਸੀ ਕਿ ਉਸ ਦੀ ਖਿੱਚ ਵੀਰ ਨੂੰ ਉਸ ਕੋਲ ਲੈ ਆਉਂਦੀ ਸੀ। ਸਾਖੀਆਂ ਵਿਚ ਵੀ ਭੈਣ ਭਰਾ ਦਾ ਪਿਆਰ ਡੁੱਲ੍ਹ-ਡੁੱਲ੍ਹ ਪੈਂਦਾ ਹੈ; ਬਚਪਨ ਵਿਚ ਵੀ, ਸੁਲਤਾਨਪੁਰ ਵਿਚ ਵੀ ਤੇ ਉਦਾਸੀਆਂ ਤੋਂ ਆ ਕੇ ਭੈਣ ਦੇ ਹੱਥ ਦੇ ਪੱਕੇ ਪਰਸ਼ਾਦੇ ਛਕਣ ਦੀਆਂ ਸਾਖੀਆਂ ਵਿਚ ਵੀ। ਇਹ ਪਿਆਰ ਐਸਾ ਸੀ ਕਿ ਪਿਛਲੇ ਪੰਜ ਸੌ ਸਾਲ ਦੇ ਪੰਜਾਬੀ ਅਦਬ ਵਿਚ ਭੈਣ-ਭਰਾ ਦੇ ਪਿਆਰ ਦੇ ਸਿਖਰ ਦੀ ਮਿਸਾਲ ਦੇਣੀ ਹੋਵੇ ਤਾਂ ਨਾਨਕੀ ਦੀ ਹੀ ਦਿੱਤੀ ਜਾਂਦੀ ਹੈ। ਨਾਨਕੀ ਨੇ ਭੈਣ ਦਾ ਪਿਆਰ ਵੀ ਅਮਰ ਕਰ ਦਿੱਤਾ ਤੇ ਆਪ ਵੀ ਅਮਰ ਹੋ ਗਈ। ਜਦ ਤਕ ਲੋਕ ਗੁਰੂ ਨਾਨਕ ਦਾ ਨਾਂ ਲੈਂਦੇ ਹਨ ਉਦੋਂ ਤਕ ਨਾਨਕੀ ਦਾ ਨਾਂ ਵੀ ਯਾਦ ਕਰਦੇ ਰਹਿਣਗੇ। ਅਜਿਹਾ ਮਾਣ ਕਿਸੇ ਭੈਣ ਨੂੰ ਨਾ ਮੁੜ ਹਾਸਿਲ ਹੋਇਆ ਹੈ ਤੇ ਸ਼ਾਇਦ ਨਾ ਹੀ ਕਦੇ ਹੋਵੇਗਾ।

---

*(ਪਿਛਲੇ ਸਫੇ ਦਾ ਬਾਕੀ)*

ਨਾਲ ਪ੍ਰਸ਼ਨ ਉੱਭਰ ਕੇ ਸਾਹਮਣੇ ਆਉਂਦਾ ਹੈ ਕਿ ਇਸ ਅਤਿਅੰਤ ਮਹੱਤਵਪੂਰਨ ਅਤੇ ਸੰਵੇਦਨਸ਼ੀਲ ਕਾਰਜ ਬਾਰੇ ਪੰਥਕ ਵਿਦਵਾਨਾਂ ਨਾਲ ਉਸ ਸਮੇਂ ਕੋਈ ਵਿਚਾਰ ਵਟਾਂਦਰਾ ਕਿਉਂ ਨਹੀਂ ਕੀਤਾ ਗਿਆ? 1964 ਤੋਂ ਬਾਅਦ ਵੀ 'ਬਾਰ-ਬਾਰ ਅਤੇ ਗੁਪਤੋ-ਗੁਪਤੀ' ਪਾਠ-ਸੁਧਾਈਆਂ ਹੋਈਆਂ ਹਨ। ਇਸੇ ਕਰਕੇ ਇਸ ਗੰਭੀਰ ਉਕਾਈ ਦੇ ਨਤੀਜੇ ਅੱਜ ਸਾਨੂੰ ਭੁਗਤਣੇ ਪੈ ਰਹੇ ਹਨ।

### ਪਾਠ-ਭੇਦਾਂ ਬਾਰੇ ਚਰਚਾ

ਸਮੇਂ ਸਮੇਂ ਬਹੁਤ ਸਾਰੇ ਪੰਥ ਦਰਦੀਆਂ ਅਤੇ ਸਥਾਪਿਤ ਵਿਦਵਾਨਾਂ ਨੇ ਸ਼੍ਰੋਮਣੀ ਕਮੇਟੀ ਨੂੰ ਪਾਠ-ਭੇਦਾਂ ਦੀਆਂ ਅਸ਼ੁੱਧੀਆਂ ਬਾਰੇ ਆਗਾਹ ਕੀਤਾ। ਦਮਦਮੀ ਟਕਸਾਲ ਨੇ ਵੀ ਆਪਣੀ ਇੱਕ ਪੁਸਤਕ 'ਗੁਰਬਾਣੀ ਪਾਠ ਦਰਪਣ' ਵਿਚ ਕਰਤਾਰਪੁਰੀ ਬੀੜ ਨਾਲੋਂ ਤਕਰੀਬਨ ਪੰਦਰਾਂ ਸੌ ਪਾਠ ਭੇਦਾਂ ਦਾ ਜ਼ਿਕਰ ਕੀਤਾ ਹੋਇਆ ਹੈ।

ਸ਼੍ਰੋਮਣੀ ਕਮੇਟੀ ਵੱਲੋਂ ਉੱਦਮ ਕਰ ਕੇ 1975 ਵਿਚ ਸ. ਰਣਧੀਰ ਸਿੰਘ ਰਿਸਰਚ ਸਕਾਲਰ, ਗਿਆਨੀ ਕੁੰਦਨ ਸਿੰਘ ਅਤੇ ਭਾਈ ਗਿਆਨ ਸਿੰਘ ਜੀ ਨਿਹੰਗ ਦੀ ਇੱਕ ਕਮੇਟੀ ਬਣਾਈ ਗਈ ਕਿ ਸਿੱਖ ਰੈਫਰੈਂਸ ਲਾਇਬ੍ਰੇਰੀ ਵਿਚ ਹੱਥ-ਲਿਖਤ ਬੀੜਾਂ ਨੂੰ ਆਧਾਰ ਬਣਾ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਆਏ ਪਾਠ-ਭੇਦਾਂ ਦੀ ਇੱਕ ਸੂਚੀ ਤਿਆਰ ਕੀਤੀ ਜਾਵੇ ਤਾਂ ਕਿ ਇਸ ਅਨੁਸਾਰ ਸ਼ੁੱਧ ਛਪਾਈ ਲਈ ਲੋੜੀਂਦੀਆਂ ਸੋਧਾਂ ਕੀਤੀਆਂ ਜਾ ਸਕਣ। ਇਸ ਕਮੇਟੀ ਨੇ ਬਹੁਤ ਮਿਹਨਤ ਨਾਲ 5000 ਤੋਂ ਵੱਧ ਪਾਠ-ਭੇਦਾਂ ਦੀ ਇੱਕ ਸੂਚੀ ਤਿਆਰ ਕੀਤੀ ਜਿਸ ਦੀ ਭੂਮਿਕਾ ਉਸ ਵੇਲੇ ਦੇ ਸ੍ਰੀ ਦਰਬਾਰ ਸਾਹਿਬ ਦੇ ਹੈਡ ਗ੍ਰੰਥੀ ਭਾਈ ਸਾਹਿਬ ਕ੍ਰਿਪਾਲ ਸਿੰਘ ਜੀ, ਜੋ ਬਾਅਦ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਵੀ ਬਣੇ, ਨੇ ਲਿਖੀ। ਇਸ ਵੱਡ ਆਕਾਰੀ ਪੁਸਤਕ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਛਪਵਾਇਆ ਗਿਆ। ਲੇਕਿਨ ਅਫ਼ਸੋਸ! ਡੇਰਾਵਾਦ ਦੇ ਪ੍ਰਭਾਵ ਥੱਲੇ ਇਸ ਰਿਪੋਰਟ ਦੀਆਂ ਕਾਪੀਆਂ ਸਾੜ ਦਿੱਤੀਆਂ ਗਈਆਂ। ਗੋਇੰਦਵਾਲ ਦੇ ਅਸਥਾਨ 'ਤੇ ਜਦੋਂ ਇਹ ਕਾਪੀਆਂ ਸਾੜੀਆਂ ਜਾ ਰਹੀਆਂ ਸਨ ਤਾਂ ਕੁੱਝ ਪੰਥ ਦਰਦੀ ਉੱਥੇ ਮੌਜੂਦ ਸਨ, ਜਿਨ੍ਹਾਂ ਨੇ ਕੁੱਝ ਕਾਪੀਆਂ ਸੇਵਾਦਾਰਾਂ ਤੋਂ ਲੈ ਲਈਆਂ। ਜੋ ਹੁਣ ਵੀ ਕੁੱਝ ਪੰਥ ਦਰਦੀਆਂ ਕੋਲ ਸਾਂਭੀਆਂ ਪਈਆਂ ਹਨ। ਇਸ ਪਾਠ-ਭੇਦ ਸੂਚੀ ਦੀ ਇੱਕ ਮੂਲ ਕਾਪੀ ਦਾਸ ਦੀ ਲਾਇਬ੍ਰੇਰੀ ਵਿਚ ਵੀ ਮੌਜੂਦ ਹੈ। ਸ਼੍ਰੋਮਣੀ ਕਮੇਟੀ ਨੇ ਕਦੀ ਵੀ ਇਨ੍ਹਾਂ ਪਾਠ-ਭੇਦਾਂ ਨੂੰ ਦਰੁਸਤ ਕਰਨ ਦਾ ਕੋਈ ਉੱਦਮ ਉਪਰਾਲਾ ਨਹੀਂ ਕੀਤਾ। ਇਹ ਹੈਰਾਨੀ ਵਾਲੀ ਗੱਲ ਹੈ ਕਿ ਕਿਸੇ ਸੰਸਥਾ ਨੇ ਆਪ ਹੀ ਕਮੇਟੀ ਬਣਾਈ ਹੋਵੇ, ਪਾਠ-ਭੇਦਾਂ ਦੀ ਸੂਚੀ ਤਿਆਰ ਕੀਤੀ ਹੋਵੇ, ਲੇਕਿਨ ਉਨ੍ਹਾਂ ਨੂੰ ਦਰੁਸਤ ਨਾ ਕੀਤਾ ਗਿਆ ਹੋਵੇ। ਇਹ ਸਿੱਖ ਸੰਸਥਾਵਾਂ ਵਿਚ ਬਾਹਰੀ ਦਖ਼ਲਅੰਦਾਜ਼ੀ ਦਾ ਪਰਤੱਖ ਪ੍ਰਮਾਣ ਹੈ।

1995 ਵਿਚ ਪ੍ਰੋ. ਮਨਜੀਤ ਸਿੰਘ ਜੀ, ਜੋ ਉਸ ਵੇਲੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਨ, ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ. ਗੁਰਚਰਨ ਸਿੰਘ ਟੌਹੜਾ ਦੇ ਧਿਆਨ ਵਿਚ ਲਿਆਂਦਾ ਕਿ ਪ੍ਰਬੰਧਕ ਕਮੇਟੀ ਵੱਲੋਂ ਛਾਪੀਆਂ ਜਾਂਦੀਆਂ ਬੀੜਾਂ, ਸ਼ਬਦਾਰਥ ਸੈਂਚੀਆਂ ਅਤੇ ਗੁਟਕਿਆਂ ਵਿਚ ਛਾਪੇ ਦੀਆਂ ਬਹੁਤ ਸਾਰੀਆਂ ਉਕਾਈਆਂ ਹਨ। ਜਥੇਦਾਰ ਸਾਹਿਬ ਦੇ ਜ਼ੋਰ ਦੇਣ 'ਤੇ ਸ. ਟੌਹੜਾ ਨੇ ਦੁਬਾਰਾ 7 ਮੈਂਬਰੀ ਕਮੇਟੀ ਬਣਾਈ ਜਿਸ ਦੇ ਕਨਵੀਨਰ ਗਿਆਨੀ ਜੋਗਿੰਦਰ ਸਿੰਘ ਵੇਦਾਂਤੀ ਸਨ। ਇਸੇ ਦੇ ਜ਼ਿਕਰ ਤੋਂ ਇਸ ਲੇਖ ਦਾ ਆਰੰਭ ਕੀਤਾ ਗਿਆ ਹੈ। ਇਸ ਕਮੇਟੀ ਨੇ ਬਹੁਤ ਮਿਹਨਤ ਨਾਲ ਇਸ ਸੰਬੰਧੀ ਰਿਪੋਰਟ ਤਿਆਰ ਕਰਨ ਦਾ ਉਪਰਾਲਾ ਕੀਤਾ। ਲੇਕਿਨ ਫਿਰ ਡੇਰਾਵਾਦ ਦੇ ਪ੍ਰਭਾਵ ਥੱਲੇ ਸ਼੍ਰੋਮਣੀ ਕਮੇਟੀ 'ਤੇ ਜ਼ੋਰ ਪਾਇਆ ਗਿਆ ਅਤੇ ਇਹ ਕਮੇਟੀ ਆਪਣੀ ਰਿਪੋਰਟ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 1100 ਪੰਨਿਆਂ ਤੱਕ ਹੀ ਤਿਆਰ ਕਰ ਸਕੀ ਅਤੇ ਇਹ ਅਧੂਰੀ ਰਿਪੋਰਟ ਸ਼੍ਰੋਮਣੀ ਕਮੇਟੀ ਨੂੰ 1996 ਵਿਚ ਸੌਂਪ ਦਿੱਤੀ। ਇਸ ਰਿਪੋਰਟ ਵੱਲ ਵੀ ਕੋਈ ਧਿਆਨ ਨਹੀਂ ਦਿੱਤਾ ਗਿਆ ਅਤੇ ਇਹ ਸਮੇਂ ਦੀ ਧੂੜ ਹੇਠ ਦੱਬ ਕੇ ਰਹਿ ਗਈ।

ਸ. ਜੋਗਿੰਦਰ ਸਿੰਘ ਜੀ ਤਲਵਾੜਾ ਅਤੇ ਗਿਆਨੀ ਜੋਗਿੰਦਰ ਸਿੰਘ ਵੇਦਾਂਤੀ ਤਾਂ ਕੂਕਦੇ ਕੂਕਦੇ ਹੀ ਇਸ ਸੰਸਾਰ ਤੋਂ ਤੁਰ ਗਏ ਲੇਕਿਨ ਸ਼੍ਰੋਮਣੀ ਕਮੇਟੀ ਨੇ ਇਸ ਪਾਸੇ ਕਦੀ ਕੋਈ ਧਿਆਨ ਦੇਣ ਦਾ ਯਤਨ ਨਹੀਂ ਕੀਤਾ। ਸ. ਜੋਗਿੰਦਰ ਸਿੰਘ ਤਲਵਾੜਾ ਵੱਲੋਂ ਕੀਤਾ ਹੋਇਆ ਲੰਬਾ ਕਾਰਜ ਸਿੱਖ ਰੈਫਰੈਂਸ ਲਾਇਬ੍ਰੇਰੀ ਵਿਚ ਅਜੇ ਵੀ ਸਾਂਭਿਆ ਪਿਆ ਹੈ ਜਿਸ ਦੀ ਕਾਪੀ ਦਾਸ ਕੋਲ ਵੀ ਮੌਜੂਦ ਹੈ।

ਬਲਿਊ ਸਟਾਰ ਉਪਰੇਸ਼ਨ ਤੋਂ ਬਾਅਦ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦੀ ਸਰਕਾਰ ਵੱਲੋਂ ਜਿਹੜੀਆਂ ਅਤਿ ਕੀਮਤੀ ਹੱਥ ਲਿਖਤ ਬੀੜਾਂ ਸਿੱਖ ਰੈਫਰੈਂਸ ਲਾਇਬ੍ਰੇਰੀ ਵਿਚ ਪਈਆਂ ਸਨ, ਸ਼੍ਰੋਮਣੀ ਕਮੇਟੀ ਨੂੰ ਵਾਪਸ ਕਰ ਦਿੱਤੀਆਂ ਗਈਆਂ। ਪਰ ਅਫ਼ਸੋਸ ਇਨ੍ਹਾਂ ਵਿਚੋਂ ਅਨੇਕਾਂ ਅਤਿ ਕੀਮਤੀ ਬੀੜਾਂ ਨੂੰ ਸ਼੍ਰੋਮਣੀ ਕਮੇਟੀ ਦੇ ਅਧਿਕਾਰੀਆਂ ਵੱਲੋਂ ਵੱਡੀ ਰਕਮ ਲੈ ਕੇ ਵਿਦੇਸ਼ਾਂ 'ਚ ਵੇਚਣ ਦੇ ਆਰੋਪ ਲਗਦੇ ਰਹਿੰਦੇ ਹਨ। ਇਸ ਦੇ ਬਾਵਜੂਦ ਪ੍ਰੋ. ਸਾਹਿਬ ਸਿੰਘ ਟਰੱਸਟ ਜਿਸ ਦੇ ਚੇਅਰਮੈਨ ਪ੍ਰੋ. ਮਨਜੀਤ ਸਿੰਘ ਜੀ ਸਾਬਕਾ ਜਥੇਦਾਰ ਹਨ, ਦੇ ਸੁਹਿਰਦ ਯਤਨਾਂ ਸਦਕਾ ਸਾਰੇ ਹਿੰਦੁਸਤਾਨ ਵਿਚੋਂ ਪੁਰਾਤਨ ਬੀੜਾਂ ਦਾ ਕੀਮਤੀ ਖ਼ਜ਼ਾਨਾ ਲਗਭਗ 18 ਸਾਲ ਦਾ ਸਮਾਂ ਲਗਾ ਕੇ ਇਕੱਤਰ ਕੀਤਾ ਗਿਆ। ਸ. ਜੋਗਿੰਦਰ ਸਿੰਘ ਵੇਦਾਂਤੀ ਵੱਲੋਂ ਵੀ ਇਸ ਪਾਸੇ ਯਤਨ ਕੀਤੇ ਗਏ ਸਨ। ਇਨ੍ਹਾਂ ਕੀਮਤੀ ਬੀੜਾਂ ਅਤੇ ਪੋਥੀਆਂ ਦਾ ਖ਼ਜ਼ਾਨਾ ਜੋ ਲਗਭਗ 600 ਦੇ ਕਰੀਬ ਹੈ, ਦਾਸ ਕੋਲ ਸਾਂਭਿਆ ਹੋਇਆ ਹੈ ਅਤੇ ਅਸੀਂ ਜਲਦ ਇਹ ਸਾਰਾ ਖ਼ਜ਼ਾਨਾ ਵੈਬਸਾਈਟ (gurugranthsahib.study) 'ਤੇ ਪਾ ਕੇ ਸਿੱਖ ਸੰਗਤਾਂ ਨਾਲ ਸਾਂਝਾ ਕਰਾਂਗੇ।

ਬੀੜਾਂ ਦੀ ਛਪਾਈ ਸੰਬੰਧੀ ਅਸਲ ਸਮੱਸਿਆ ਤੋਂ ਬੇ-ਖ਼ਬਰ ਕੁੱਝ ਵੀਰ ਗਲਤ-ਫਹਿਮੀ ਦਾ ਸ਼ਿਕਾਰ ਹੋ ਕੇ ਬੀੜਾਂ ਵਿਚਲੀਆਂ ਛਾਪੇ ਦੀਆਂ ਗਲਤੀਆਂ ਦੀ ਚਰਚਾ ਕਰਨ ਵਾਲੇ ਵਿਅਕਤੀਆਂ ਉੱਤੇ ਕੁਫ਼ਰ ਦਾ ਦੋਸ਼ ਥੋਪਣ ਤਕ ਜਾਂਦੇ ਹਨ। ਜੇ ਅਜਿਹੇ ਵੀਰ ਆਪਣੀ ਹਠ-ਧਰਮੀ ਛੱਡ ਕੇ ਧੀਰਜ-ਤਹੱਮਲ ਨਾਲ ਵਿਚਾਰ-ਖੇਤਰ ਵਿਚ ਆਉਣ ਦੀ ਖੇਚਲ ਕਰਨ ਤਾਂ ਉਨ੍ਹਾਂ ਨੂੰ ਬੀੜਾਂ ਦੀ ਛਪਾਈ ਵਿਚ ਛਾਪੇ ਦੀਆਂ ਗਲਤੀਆਂ ਦੀ ਹੋਂਦ ਦਾ ਅਹਿਸਾਸ ਹੋ ਸਕਦਾ ਹੈ। ਸਵਾਲ ਇਹ ਹੈ ਕਿ ਕੀ ਇਸ ਅਸਲੀਅਤ ਨੂੰ ਅਸੀਂ ਹਮੇਸ਼ਾਂ ਨਜ਼ਰ-ਅੰਦਾਜ਼ ਹੀ ਕਰਦੇ ਜਾਵਾਂਗੇ ਜਾਂ ਪੰਥਕ ਪੱਧਰ 'ਤੇ ਇਸ ਦੇ ਸਥਾਈ ਹੱਲ ਲੱਭਣ ਲਈ ਕਦੀ ਯਤਨਸ਼ੀਲ ਹੋਵਾਂਗੇ।

### ਅਪੀਲ


ਹੋਰ ਧਰਮਾਂ ਵਾਲਿਆਂ ਨੇ ਤਾਂ ਆਪੋ ਆਪਣੇ ਧਰਮ-ਗ੍ਰੰਥਾਂ ਵਿਚੋਂ ਛਾਪੇ ਦੀਆਂ ਉਕਾਈਆਂ ਦੂਰ ਕਰ ਕੇ ਉਨ੍ਹਾਂ ਦਾ ਪ੍ਰਮਾਣੀਕ ਸਰੂਪ ਸਥਾਪਤ ਕਰ ਲਿਆ ਹੋਇਆ ਹੈ। ਇਹ ਦੱਸਣਾ ਯੋਗ ਹੋਵੇਗਾ ਕਿ ਸੰਸਾਰ ਭਰ ਦੇ ਧਰਮ-ਗ੍ਰੰਥਾਂ ਦੇ ਉਤਾਰਿਆਂ ਵੇਲੇ ਵੀ ਪਾਠ-ਭੇਦਾਂ ਦੀ ਸਮੱਸਿਆ ਆਉਂਦੀ ਰਹੀ ਹੈ। ਬਾਈਬਲ ਦੇ ਅਨੁਵਾਦ ਅਤੇ ਪਾਠ ਸੁਧਾਈ ਵੇਲੇ ਵੀ ਇਹ ਸਮੱਸਿਆ ਆਈ। ਬਾਈਬਲ ਦੀ ਪਹਿਲੀ ਮਿਆਰੀਕਰਨ ਪ੍ਰਕਿਰਿਆ ਲਗਭਗ 325 ਈਸਵੀ ਵਿਚ ਕਾਂਸਟਾਂਟੀਨ ਦੇ ਸ਼ਾਸਨ ਦੌਰਾਨ ਸ਼ੁਰੂ ਹੋਈ ਸੀ, ਜਿਸ ਵਿਚ ਸ਼ੁਰੂਆਤੀ ਗਿਰਜਾ ਕੌਂਸਲਾਂ ਅਤੇ ਜਰੋਮ ਵਰਗੇ ਵਿਦਵਾਨਾਂ ਨੇ ਕੰਮ ਕੀਤਾ ਸੀ। ਇਸੇ ਤਰ੍ਹਾਂ ਇਸਲਾਮ ਦੇ ਤੀਜੇ ਖ਼ਲੀਫ਼ੇ ਹਜ਼ਰਤ ਉਸਮਾਨ ਬਿਨ ਅੱਫ਼ਾਨ ਦੇ ਧਿਆਨ ਵਿਚ ਆਇਆ ਕਿ ਕੁਰਾਨ ਦੀਆਂ ਹੱਥ ਲਿਖਤਾਂ ਵਿਚ ਕਈ ਪਾਠ-ਭੇਦ ਹਨ ਤਾਂ ਉਨ੍ਹਾਂ ਨੇ ਪੈਗੰਬਰ ਮੁਹੰਮਦ ਦੀ ਮੌਤ ਤੋਂ ਤਕਰੀਬਨ 20 ਸਾਲ ਬਾਅਦ (632 ਈ.) ਵਿਚ ਇੱਕ ਪ੍ਰਮਾਣੀਕ ਲਿਖਤ ਨੂੰ ਰੱਖ ਕੇ ਬਾਕੀ ਸਭ ਨੂੰ ਅਗਨ ਭੇਟ ਕਰ ਦਿੱਤਾ ਸੀ।

ਸਰਬੱਤ ਖ਼ਾਲਸਾ ਅੱਗੇ ਅਪੀਲ ਹੈ ਕਿ ਜੇ ਹੋਰਨਾਂ ਕੌਮਾਂ ਦੇ ਵਿਦਵਾਨ, ਇਕੱਤਰ ਹੋ ਕੇ ਅਜਿਹੇ ਮਸਲੇ ਹੱਲ ਕਰ ਲਿਆ ਕਰਦੇ ਹਨ ਤਾਂ ਅਸੀਂ ਅਵੇਸਲੇ ਹੋਏ ਬੈਠੇ ਹਾਂ, ਆਖ਼ਰ ਕਿਉਂ? ਬਾਕੀਆਂ ਦੇ ਤਾਂ ਸਿਰਫ਼ ਧਰਮ-ਗ੍ਰੰਥ ਹਨ, ਸਾਡਾ ਧਰਮ-ਗ੍ਰੰਥ ਤਾਂ ਸਤਿਗੁਰੂ ਹੈ। ਇਸ ਲਈ ਸਾਡੀ ਜ਼ਿੰਮੇਵਾਰੀ ਤਾਂ ਕਿਤੇ ਵੱਧ ਹੈ।

ਇੱਥੇ ਪਾਠਕਾਂ ਨਾਲ ਇੱਕ ਹੋਰ ਤੱਥ ਸਾਂਝਾ ਕਰਨਾ ਜ਼ਰੂਰੀ ਹੋਵੇਗਾ ਕਿ ਬਾਕੀ ਧਰਮ-ਗ੍ਰੰਥਾਂ ਦੇ ਮੁਕਾਬਲੇ ਸਤਿਗੁਰੂ ਸਾਹਿਬ ਨੇ ਆਪ ਧੁਰ ਕੀ ਬਾਣੀ ਨੂੰ ਆਪਣੇ ਕਰ-ਕਮਲਾਂ ਨਾਲ ਲਿਖਿਆ ਅਤੇ ਗੁਰੂ ਅਰਜਨ ਸਾਹਿਬ ਜੀ ਨੇ ਉਸ ਸਾਰੀ ਬਾਣੀ ਨੂੰ ਆਪਣੀ ਮੌਜੂਦਗੀ ਵਿਚ ਹੀ ਸੰਪਾਦਿਤ ਕੀਤਾ। ਇਸ ਦੀ ਮੂਲ ਕਾਪੀ ਸਾਡੇ ਕੋਲ ਮੌਜੂਦ ਨਾ ਹੋਣ ਦੇ ਬਾਵਜੂਦ ਬਹੁਤ ਸਾਰੇ ਹੱਥ-ਲਿਖਤ ਉਤਾਰੇ ਸਾਡੇ ਕੋਲ ਸਾਂਭੇ ਹੋਏ ਹਨ। ਵਿਦਵਾਨਾਂ ਵੱਲੋਂ ਹੁਣ ਇਨ੍ਹਾਂ ਨੂੰ ਆਧਾਰ ਬਣਾ ਕੇ ਅਗਲਾ ਕਾਰਜ ਨੇਪਰੇ ਚਾੜ੍ਹਨਾ ਚਾਹੀਦਾ ਹੈ। ਗ਼ਲਤੀਆਂ ਕੇਵਲ ਛਪਾਈ ਦੀਆਂ ਹਨ, ਜੋ ਸਾਡੇ ਵੱਲੋਂ ਹੀ ਹੋਈਆਂ ਹਨ, ਅਤੇ ਸਾਡੇ ਵੱਲੋਂ ਹੀ ਤੁਰੰਤ ਇਨ੍ਹਾਂ ਨੂੰ ਠੀਕ ਕਰਨਾ ਵੀ ਬਣਦਾ ਹੈ। ਦੇਰੀ ਕਰਨ ਨਾਲ ਇਹ ਸਮੱਸਿਆ ਹੋਰ ਗੰਭੀਰ ਹੋਣ ਅਤੇ ਉਲਝਣ ਦੀ ਸੰਭਾਵਨਾ ਬਣੀ ਰਹੇਗੀ। ਖ਼ਾਲਸਾ ਜੀ, ਸੁਚੇਤ ਹੋਈਏ! ਸਾਵਧਾਨ ਹੋਈਏ!

# ਔੜ ਲੱਗਣੀ

## ਸ਼ਬਦ ਝਰੋਖਾ



ਬਲਜੀਤ ਬਾਸੀ
ਫੋਨ: 734-259-9353

ਖੇਤੀ-ਪ੍ਰਧਾਨ ਪੰਜਾਂ ਪਾਣੀਆਂ ਦੇ ਦੇਸ ਪੰਜਾਬ ਵਿਚ ਪਾਣੀ ਦੀ ਮਹੱਤਤਾ ਹਮੇਸ਼ਾ ਬਣੀ ਰਹਿੰਦੀ ਹੈ। ਸਮਝੋ ਏਥੇ ਜਿੰਨਾ ਵੀ ਪਾਣੀ ਹੋਵੇ, ਓਨਾ ਹੀ ਥੋੜਾ ਹੈ। ਦਰਿਆਵਾਂ, ਛੱਪੜਾਂ ਤੇ ਧਰਤੀ ਹੇਠਲਾ ਪਾਣੀ ਮੀਂਹ ਨਾਲ ਹੀ ਭਰਪੂਰ ਹੁੰਦਾ ਹੈ। ਪਾਣੀ ਫਸਲਾਂ ਦੀ ਜ਼ਿੰਦਗਾਨੀ ਹੈ ਜਿਸ ਤੇ ਪੰਜਾਬ ਦੀ ਆਰਥਿਕਤਾ ਖੜੀ ਹੈ। ਦਾਣੇ-ਫੱਕੇ ਤੇ ਚਾਰੇ ਬਿਨਾਂ ਕਾਲ ਪੈ ਜਾਂਦਾ ਹੈ। ਹਰੇ ਇਨਕਲਾਬ ਤੇ ਫਿਰ ਨਕਦੀ ਫਸਲ ਝੋਨੇ ਦੀ ਪੈਦਾਵਾਰ ਸ਼ੁਰੂ ਹੋਣ ਨਾਲ ਤਾਂ ਪਾਣੀ ਦੀ ਲੋੜ ਹੋਰ ਵੀ ਵਧਣ ਲੱਗੀ। ਪੰਜਾਬ ਦੀ ਰਾਜਨੀਤੀ ਵਿਚ ਪਾਣੀ ਦਾ ਅਕਸਰ ਨਿਰਣਾਇਕ ਰੋਲ ਰਿਹਾ ਹੈ। ਪਾਣੀ ਦੀ ਖਾਤਿਰ ਏਥੇ ਮੋਰਚੇ ਲਗਦੇ ਹਨ ਜੋ ਧਰਮ ਮੋਰਚੇ ਤੱਕ ਬਦਲ ਜਾਂਦੇ ਹਨ। ਪੰਜਾਬ ਦੇ ਲੋਕਯਾਨ ਵਿਚ ਵੀ ਪਾਣੀ ਦੀ ਮਹੱਤਤਾ ਖੂਬ ਮਹਿਸੂਸ ਕੀਤੀ ਗਈ ਹੈ, 'ਰੱਬਾ ਰੱਬਾ ਮੀਂਹ ਵ੍ਹਰਾ, ਸਾਡੀ ਕੋਠੀ ਦਾਣੇ ਪਾ।' ਲੰਮਾ ਸਮਾਂ ਮੀਂਹ ਨਾ ਵਸਣ ਦੀ ਹਾਲਤ ਨੂੰ ਅੱਜ ਕੱਲ੍ਹ ਅਖਬਾਰੀ ਪੰਨਿਆਂ ਵਿਚ ਵਧੇਰੇ ਕਰਕੇ ਸੋਕਾ ਜਾਂ ਸੋਕੜਾ ਲਿਖਿਆ ਜਾਂਦਾ ਹੈ, ਅਜਿਹੇ ਲੇਖਕਾਂ ਨੂੰ ਪੰਜਾਬੀ ਦਾ ਠੇਠ ਸ਼ਬਦ 'ਔੜ' ਯਾਦ ਕਰਾਇਆ ਜਾਣਾ ਚਾਹੀਦਾ ਹੈ।

ਔੜ ਕਾਰਨ ਮਨੁੱਖ ਮਾਤਰ ਦੀ ਹਾਲਤ ਤਾਂ ਪਤਲੀ ਹੁੰਦੀ ਹੀ ਹੈ, ਧਰਤੀ ਤੋਂ ਹਰਿਆਵਲ ਗਾਇਬ ਹੋ ਜਾਣ ਕਾਰਨ ਭੂ-ਦ੍ਰਿਸ਼ ਵੀ ਰੁੱਖਾ-ਸੁੱਖਾ ਹੋ ਜਾਂਦਾ ਹੈ। ਭਾਈ ਗੁਰਦਾਸ ਦੇ ਸ਼ਬਦਾਂ ਵਿਚ,

ਹੰਸਾਂ ਨਾਲ ਟਟੀਹਰੀ,
ਕਿਉ ਪਹੁਚਹਿ ਦਉੜੀ
ਸਾਵਣ ਵਣ ਹਰਿਆਵਲੇ
ਅੱਕੁ ਜੰਮੈ ਅਉੜੀ

ਤੇ ਵਾਰਿਸ ਸ਼ਾਹ ਅਨੁਸਾਰ,

ਕਦੀ ਲਏ ਹੂਲਾਂ ਕਦੀ ਝੂਲਦਾ ਏ, ਕਦੀ ਰੋ ਪਿਆ ਕਦੀ ਹੱਸਿਆ ਈ।

ਵਾਰਿਸ ਸ਼ਾਹ ਕਿਰਸਾਨ ਜਿਉਂ ਹਣ ਰਾਜ਼ੀ, ਮੀਂਹ ਔੜ ਦੇ ਦਿਹਾਂ ਤੇ ਵੱਸਿਆ ਈ।

ਭੂਤਕਾਲ ਵਿਚ ਕਿਸੇ ਇਲਾਕੇ ਵਿਚ ਔੜ ਦੇ ਮਾਰੇ ਲੋਕ ਪਾਣੀਆਂ ਦੀ ਬਹੁਤਾਤ ਵਾਲੇ ਇਲਾਕਿਆਂ ਵੱਲ ਹਿਜਰਤ ਕਰਨ ਲਗਦੇ ਸਨ। ਜੱਟਾਂ ਦੇ ਇਤਿਹਾਸ ਦੇ ਕਰਤਾ ਨੇ ਲਿਖਿਆ ਹੈ ਕਿ ਚੌਧਵੀਂ ਸਦੀ ਦੇ ਸ਼ੁਰੂ ਵਿਚ ਸਖ਼ਤ ਔੜ ਕਾਰਨ ਦੁਆਬੇ ਵਿਚ ਵਸਦੇ ਘੁੰਮਣ ਗੋਤ ਦੇ ਜੱਟ ਗੁਰਦਾਸਪੁਰ ਵੱਲ ਜਾ ਵਸੇ ਤੇ ਉਥੇ ਉਨ੍ਹਾਂ ਘੁੰਮਣ ਨਾਮੀਂ ਪਿੰਡ ਵਸਾਇਆ। ਕਹਿੰਦੇ ਹਨ ਉਥੇ ਹਰਿਆਵਲ ਤੇ ਛਪੜੀ ਸੀ। ਕਿੰਨਾ ਚਿਰ ਮੀਂਹ ਨਾ ਪਵੇ ਤਾਂ ਗੁੱਡੀਆਂ ਫੂਕੀਆ ਜਾਂਦੀਆਂ ਹਨ, ਮੇਂਡਕ-ਮੇਂਡਕੀ ਦੇ ਵਿਆਹ ਰਚਾਏ ਜਾਂਦੇ ਹਨ। ਮਈਆ ਸਿੰਘ ਨੇ ਆਪਣੇ ਕੋਸ਼ ਵਿਚ ਔੜ ਨਾਲ ਨਜਿੱਠਣ ਲਈ ਇੱਕ ਰੀਤੀ ਦਾ ਜ਼ਿਕਰ ਕੀਤਾ ਹੈ ਜਿਸ ਵਿਚ ਮੀਂਹ ਵਰ੍ਹਾਉਣ ਖਾਤਿਰ ਲੋਕ ਇੱਕ ਦੂਜੇ ਤੇ ਗੋਹਾ ਸੁੱਟਿਆ ਕਰਦੇ ਸਨ। ਇਸ ਰਸਮ ਨੂੰ 'ਗੋਹਿਆ ਰਾਲੀ ਖੇਡਣਾ' ਕਿਹਾ ਜਾਂਦਾ ਹੈ। ਏਹੀ ਨਹੀਂ, ਹੋਰ ਗੰਭੀਰ ਉਪਾਅ ਵਜੋਂ ਇੰਦਰ ਦੇਵਤੇ ਨੂੰ ਰਿਝਾਉਣ ਲਈ ਚੌਲਾਂ ਦੀਆਂ ਦੇਗਾਂ ਉਬਾਲ ਕੇ ਜੱਗ (ਯੱਗ) ਕੀਤੇ ਜਾਂਦੇ ਹਨ ਤੇ ਢੋਲ ਵਜਾਏ ਜਾਂਦੇ ਹਨ। ਸਾਇੰਸਦਾਨਾਂ ਦਾ ਵਿਚਾਰ ਹੈ ਕਿ ਸਮੂਹਕ ਢੋਲ ਵਜਾਉਣ ਨਾਲ ਪੈਦਾ ਹੁੰਦੀਆਂ ਤਰੰਗਾਂ ਨਾਲ ਬੱਦਲਾਂ ਵਿਚ ਹਿਲਜੁਲ ਹੋ ਸਕਦੀ ਹੈ, ਜਿਸ ਕਾਰਨ ਉਹ ਆਪਾ ਛੰਡ ਕੇ ਮੀਂਹ ਵਰ੍ਹਾ ਸਕਦੇ ਹਨ। ਆਪਾਂ ਤਾਂ ਇਸ ਸਬੰਧੀ ਕੁਝ ਨਹੀਂ ਕਹਿਣਾ। 'ਬਾਰਾਂ ਸਾਲ ਦੀ ਔੜ ਲੱਗ ਗਈ ਕਹਾਵਤ ਹੈ' ਤੇ ਇਸ ਔੜ ਦੇ ਖਾਤਮੇ ਪਿੱਛੋਂ ਜ਼ਿੰਦਗੀ ਵਿਚ ਰੰਗੀਨੀ ਆਉਂਦੀ ਹੈ,

ਬਾਰਾਂ ਬਰਸ ਦੀ ਔੜ ਸੀ ਮੀਂਹ ਵੁਠਾ,
ਲੱਗਾ ਰੰਗ ਫਿਰ ਖ਼ੁਸ਼ਕ ਬਗ਼ੀਚਿਆਂ ਨੂੰ।
ਫ਼ੌਜਦਾਰ ਤਗ਼ੱਈਅਰ ਬਹਾਲ ਹੋਇਆ,
ਝਾੜ ਤੰਬੂਆਂ ਅਤੇ ਗਲੀਚਿਆਂ ਨੂੰ।
ਵੱਲਾਂ ਸੁੱਕੀਆਂ ਫੇਰ ਮੁੜ ਸਬਜ਼ ਹੋਈਆਂ,
ਵੇਖ ਹੁਸਨ ਦੀ ਜ਼ਿਮੀਂ ਦੇ ਪੀਚਿਆਂ ਨੂੰ।
ਵਾਰਿਸ ਵਾਂਗ ਕਿਸ਼ਤੀ ਪਰੇਸ਼ਾਨ ਸਾਂ ਮੈਂ,
ਪਾਣੀ ਪਹੁੰਚਿਆ ਨੂਹ ਦਿਆਂ ਟੀਚਿਆਂ ਨੂੰ।

ਪਰ ਬਹੁਤੇ ਮੀਂਹ ਯਾਨੀ ਹੜ ਜਾਂ ਪਰਲੋ ਤੋਂ ਜਨਤਾ ਹੋਰ ਵੀ ਵਧੇਰੇ ਸੰਕਟ ਵਿਚ ਹੁੰਦੀ ਹੈ, ਕੋਠੇ ਢਹਿ ਜਾਂਦੇ ਹਨ, ਫਸਲਾਂ ਉਜੜ ਜਾਂਦੀਆਂ ਹਨ, ਚਾਰੇ ਪਾਸੀ ਪਾਣੀ ਤੇ ਚਿੱਕੜ-ਚੁਭੜ ਕਾਰਨ ਜ਼ਿੰਦਗੀ ਦੀ ਚਾਲ ਰੁਕ ਜਾਂਦੀ ਹੈ। ਪੁਰਾਣੀਆਂ ਲਿਖਤਾਂ ਵਿਚ ਮੌਸਮਾਂ ਕਾਰਨ ਪੇਸ਼ ਹੁੰਦੀਆਂ ਛੇ ਬਿਪਤਾਵਾਂ ਜਿਨਾਂ ਨੂੰ 'ਈਤਿ' ਕਿਹਾ ਗਿਆ ਹੈ, ਦਾ ਜ਼ਿਕਰ ਮਿਲਦਾ ਹੈ ਤੇ ਉਹ ਹਨ: ਔੜ, ਹੜ੍ਹ, ਟਿੱਡੀ ਦੱਲ, ਚੂਹੇ, ਤੋਤੇ ਤੇ ਬਦੇਸ਼ੀ ਹਮਲੇ। ਕਹਿੰਦੇ ਹਨ ਮਨੁੱਖ ਬਾਰਾਂ ਸਾਲ ਦੀ ਔੜ ਮੰਗ ਲੈਂਦਾ ਹੈ ਮੀਂਹ ਨਹੀਂ। ਸਮਝਣ ਵਾਲੀ ਗੱਲ ਹੈ ਕਿ ਚਿਰਕਾਲ ਤੱਕ ਦੁਖਾਂ ਤਕਲੀਫਾਂ ਝਲਣ ਦੇ ਸਮੇਂ ਲਈ ਬਾਰਾਂ ਵਰਿਆਂ ਦੀ ਉਕਤੀ ਵਰਤੀ ਜਾਂਦੀ ਹੈ। ਮੀਂਹ ਸਬੰਧੀ ਇੱਕ ਵੈਦਿਕ ਕਥਾ ਹੈ। ਇੱਕ ਰਾਜੇ ਦੇ ਦੇਵਾਪਿ ਅਤੇ ਸ਼ਾਂਤਨੂ ਨਾਮੀਂ ਦੋ ਪੁੱਤਰ ਸਨ ਜਿਨ੍ਹਾਂ ਵਿਚੋ ਦੇਵਾਪਿ ਵੱਡਾ ਸੀ। ਐਪਰ ਰਾਜ ਮਿਲਿਆ ਸਾਂਤਨੂ ਨੂੰ, ਦੇਵਾਪਿ ਵਿਚਾਰਾ ਤਪੱਸਿਆ ਕਰਨ ਲਈ ਮਜਬੂਰ ਹੋਇਆ। ਸ਼ਾਂਤਨੂ ਦੇ ਰਾਜ ਵਿਚ ਬਾਰਾਂ ਵਰ੍ਹਿਆਂ ਦੀ ਔੜ ਲੱਗ ਗਈ। ਬ੍ਰਾਹਮਣਾਂ ਨੇ ਸ਼ਾਂਤਨੂ ਨੂੰ ਜਿਤਾਇਆ ਕਿ ਤੂੰ ਜੇਠੇ ਭਰਾ ਦੇ ਹੁੰਦਿਆਂ ਰਾਜ ਗੱਦੀ ਤੇ ਜੋ ਬੈਠ ਗਿਆ, ਦੇਵਤੇ ਇਸ ਗੱਲੋਂ ਨਰਾਜ਼ ਹੋ ਕੇ ਮੀਂਹ ਨਹੀਂ ਵਰਸਾ ਰਹੇ। ਇਸ ਤੇ ਸ਼ਾਂਤਨੂ ਨੇ ਦੇਵਾਪਿ ਨੂੰ ਰਾਜ ਗੱਦੀ ਤੇ ਬੈਠਾਇਆ। ਦੇਵਾਪਿ ਨੇ ਸ਼ਾਂਤਨੂ ਨੂੰ ਕਿਹਾ ਕਿ ਤੂੰ ਯੱਗ ਕਰਾ, ਮੈਂ ਤੇਰਾ ਪੁਰੋਹਿਤ ਹੋਵਾਂਗਾ। ਸ਼ਾਂਤਨੂ ਨੇ ਅਜਿਹਾ ਹੀ ਕੀਤਾ ਜਿਸ ਕਾਰਨ ਮੀਂਹ ਦੀ ਖੂਬ ਝੜੀ ਲੱਗੀ।

'ਮਹਾਨ ਕੋਸ਼' ਨੇ ਔੜ ਸ਼ਬਦ ਦੀ ਪਰਿਭਾਸ਼ਾ ਕਰਦਿਆਂ ਇਸ ਨੂੰ 'ਵਰਖਾ ਦਾ ਅਭਾਵ' ਬਿਆਨਿਆ ਹੈ ਜਦ ਕਿ ਪੰਜਾਬੀ ਕੋਸ਼ ਅਨੁਸਾਰ ਔੜ 'ਮੀਂਹ ਨਾ ਵਸਣ ਦੀ ਹਾਲਤ, ਸੋਕਾ, ਖੁਸ਼ਕਸਾਲੀ' ਹੈ। ਦੋਨਾਂ ਵਿਚ ਇਕੋ ਗੱਲ ਹੈ। ਔੜ ਤੋਂ ਔੜਨਾ ਕਿਰਿਆ ਬਣਦੀ ਹੈ ਜਿਸ ਦਾ ਮਤਲਬ ਸੋਕਾ ਲੱਗਣਾ ਤੇ ਔੜ ਕਾਰਨ ਚਰੀ ਦਾ ਜ਼ਹਿਰੀਲਾ ਹੋਣਾ ਹੈ। ਅਜਿਹੀ ਚਰੀ ਖਾਣ ਨਾਲ ਪਸ਼ੂਆਂ ਨੂੰ ਅਫਾਰਾ ਹੋ ਜਾਂਦਾ ਹੈ। 'ਔੜ ਲੱਗਣਾ' ਦਾ ਮਤਲਬ ਲੰਮਾ ਸਮਾਂ ਮੀਂਹ ਨਾ ਪੈਣਾ ਹੈ। ਔੜ ਸ਼ਬਦ ਵਿਚ ਪਾਣੀ ਦੀ ਕਮੀ ਦੇ ਭਾਵ ਕਾਰਨ ਇਸ ਤੋਂ ਥੁੜ, ਕਮੀ, ਕਿਲਤ ਦੇ ਅਰਥ ਵੀ



ਵਿਕਸਿਤ ਹੋ ਗਏ ਹਨ, 'ਡਰੋਲੀ ਦੀ ਸੰਗਤ ਨੇ ਦੱਸਿਆ ਕਿ ਸਾਡੇ ਪਿੰਡ ਵਿਚ ਗੁਰਸਿੱਖੀ ਦੀ ਡਾਢੀ ਔੜ ਹੈ'। ਕਾਵਿਕ ਭਾਸ਼ਾ ਵਿਚ ਔੜ ਸ਼ਬਦ ਇਨ੍ਹਾਂ ਅਰਥਾਂ ਵਿਚ ਕਾਫੀ ਵਰਤਿਆ ਮਿਲਦਾ ਹੈ। ਫੀਰੋਜ਼ ਦੀਨ ਸ਼ਰਫ ਲਿਖਦੇ ਹਨ,

ਔੜ ਏਦਾਂ ਹੀ ਜੇਕਰ ਇਹ ਜਾਰੀ ਰਹੀ,
ਰੂਹਾਂ ਤੇਹਾਂ ਦੇ ਮਸਲੇ ਹੀ ਮੁੱਕ ਜਾਣਗੇ।
ਪਹਿਲਾਂ ਨਦੀਆਂ ਦੀ ਚਿੰਤਾ ਸੀ ਹੁਣ ਜਾਪਦੈ,
ਇੱਥੇ ਨੈਣਾਂ ਦੇ ਪਾਣੀ ਵੀ ਸੁੱਕ ਜਾਣਗੇ।

ਅਸੀਂ ਔੜ ਦੀ ਸਥਿਤੀ ਵਿਚ ਵਰਖਾ ਦੀ ਅਣਹੋਂਦ ਜਾਣੀ ਹੈ ਪਰ ਗ਼ਜ਼ਬ ਹੈ ਕਿ ਔੜ ਸ਼ਬਦ ਵਿਚ ਵਰਖਾ ਦਾ ਵਜੂਦ ਹੈ। ਇਹ ਤੱਥ ਜਾਣਨ ਲਈ ਮੈਂ 'ਮਹਾਨ ਕੋਸ਼' ਦਾ ਰਿਣੀ ਹੈ। ਉਸ ਅਨੁਸਾਰ ਔੜ ਸ਼ਬਦ ਬਣਿਆ ਹੈ 'ਅਵ੍ਰਿਸ਼ਟਿ' ਤੋਂ। ਪਰ ਹੈਰਾਨੀ ਵਾਲੀ ਗੱਲ ਹੈ ਕਿ ਔੜ ਸ਼ਬਦ ਦੇ ਇਕ ਹੋਰ ਸ਼ਬਦ-ਜੋੜ 'ਅਉੜ' ਦੇ ਇੰਦਰਾਜ ਵਿਚ 'ਮਹਾਨ ਕੋਸ਼' ਨੇ 'ਅਵ੍ਰਿਸ਼ਟਿ' ਦੇ ਨਾਲ 'ਅਨਾਵ੍ਰਿਸ਼ਟਿ' ਸ਼ਬਦ ਵੀ ਜੋੜਿਆ ਗਿਆ ਹੈ। ਅਜਿਹੀਆਂ ਅਸੰਗਤੀਆਂ 'ਮਹਾਨ ਕੋਸ਼' ਵਿਚ ਆਮ ਹਨ। ਖੈਰ, ਅਵ੍ਰਿਸ਼ਟਿ ਹੋਵੇ ਜਾਂ ਅਨਾਵ੍ਰਿਸ਼ਟਿ, ਦੋਨਾਂ ਵਿਚ ਲਗਦੇ ਕ੍ਰਮਵਾਰ ਅਗੇਤਰ 'ਅ' ਜਾਂ 'ਅਨਾ' ਕਾਸੇ ਦਾ ਅਭਾਵ ਦਰਸਾਉਂਦੇ ਹਨ ਜਿਵੇਂ ਅਗਿਆਨ ਅਤੇ ਅਨਾਦਰ ਵਿਚ। 'ਵ੍ਰਿਸ਼ਟਿ' ਸ਼ਬਦ ਵਿਚ ਮੀਂਹ ਵਰਸਣ ਦੇ ਭਾਵ ਹਨ। ਪੰਜਾਬੀ ਲਈ ਅਨਾਵਿਸ੍ਰਟਿ ਸ਼ਬਦ ਭਾਰੀ ਭਰਕਮ ਹੈ ਪਰ ਹੋਰ ਕੁਝ ਭਾਸ਼ਾਵਾਂ ਜਿਵੇਂ ਹਿੰਦੀ, ਮਰਾਠੀ, ਬੰਗਾਲੀ, ਉੜੀਆ ਆਦਿ ਵਿਚ ਇਹ ਸ਼ਬਦ ਘੱਟੋ ਘੱਟ ਲਿਖਤਾਂ ਵਿਚ ਜ਼ਰੂਰ ਮਿਲਦਾ ਹੈ। ਹਿੰਦੀ ਕਵੀ ਸੂਰਦਾਸ ਨੇ ਇਹ ਸ਼ਬਦ ਸੋਕੇ ਦੇ ਅਰਥਾਂ ਵਿਚ ਵਰਤਿਆ ਹੈ, 'ਸਬ ਜਾਦੌ ਮਿਲਿ ਹਰਿ ਸੌਂਯਹ ਕਹਯੋ ਸੁਫਲਕ ਸੁਤ ਜਹੰ ਹੋਈ, ਅਨਾਵ੍ਰਿਸ਼ਟਿ ਅਤਿਵ੍ਰਸ਼ਟਿ ਹੋਤਿ ਨਹੀਂ ਯਹ ਜਾਨਤ ਸਬ ਕੋਈ'।

ਜਿਵੇਂ ਉਪਰ ਦੱਸਿਆ ਜਾ ਚੁੱਕਾ ਹੈ, ਵ੍ਰਿਸ਼ਟਿ ਸ਼ਬਦ ਵਿਚ ਮੀਂਹ ਵਰਸਣ ਦਾ ਭਾਵ ਹੈ। ਅਸਲ ਵਿਚ ਤਾਂ ਇਹ ਮੀਂਹ ਦੇ ਅਰਥਾਂ ਵਾਲੇ ਸੰਸਕ੍ਰਿਤ ਸ਼ਬਦ ਵਰਸ਼ਾ (ਪੰਜਾਬੀ ਵਰਖਾ ਜਾਂ ਬਰਖਾ, ਬਾਰਸ਼) ਨਾਲ ਸਬੰਧਤ ਹੈ। ਇਸ ਦਾ ਧਾਤੂ *ਵਰਸ਼ ਹੈ ਜਿਸ ਵਿਚ ਮੀਂਹ ਪੈਣ ਦੇ ਭਾਵ ਹਨ। ਇਸ ਤੋਂ ਹੀ ਵਰਸਣਾ ਤੇ ਫਿਰ ਰ ਧੁਨੀ ਦੇ ਅਲੋਪ ਹੋਣ ਨਾਲ ਵਸਣਾ ਸ਼ਬਦ ਬਣੇ। ਧਿਆਨ ਰਹੇ, ਵਸਣਾ ਸ਼ਬਦ ਦਾ ਇੱਕ ਅਰਥ ਰਹਿਣਾ, ਆਬਾਦ ਹੋਣਾ ਵੀ ਹੈ ਪਰ ਇਹ ਹੋਰ ਧਾਤੂ *ਵਸ (ਰਹਿਣਾ, ਵਸਣਾ) ਵਲੋਂ ਆਇਆ ਹੈ। ਭਾਸ਼ਾਵਾਂ ਵਿਚ ਅਕਸਰ ਅਜਿਹਾ ਹੁੰਦਾ ਹੈ। ਦੋ ਵੱਖਰੇ ਸ੍ਰੋਤਾਂ ਤੋਂ ਬਣੇ ਸ਼ਬਦ ਸਮਾਂ ਬਦਲਦੇ ਬਦਲਦੇ ਇੱਕਰੂਪ ਹੋ ਜਾਂਦੇ ਹਨ। ਅਜਿਹੇ ਸ਼ਬਦਾਂ ਨੂੰ ਅਸੀਂ ਹਮਨਾਮ/ਸਮਨਾਮ ਕਹਿੰਦੇ ਹਾਂ। *ਵਰਸ਼ ਧਾਤੂ ਤੋਂ ਹੀ ਪੰਜਾਬੀ ਵਰ੍ਹਨਾ, ਬਰਸਣਾ ਸ਼ਬਦ ਬਣੇ। ਵਰ੍ਹਨਾ ਤੇ ਬਰਸਣਾ ਸ਼ਬਦਾਂ ਦਾ ਹੋਰ ਅਰਥ ਵਿਸਤਾਰ ਹੋਇਆ ਤੇ ਇਨ੍ਹਾਂ ਵਿਚ ਮੀਂਹ ਦੀ ਤਰ੍ਹਾਂ ਉਪਰੋਂ ਡਿਗਣਾ ਜਾਂ ਬਹੁਤ ਅਧਿਕ ਮਾਤਰਾ ਵਿਚ ਕੋਈ ਚੀਜ਼ ਮਿਲਣਾ ਦੇ ਭਾਵ ਆਏ ਜਿਵੇਂ ਫੁੱਲ ਬਰਸਣਾ, ਧੰਨ ਵਰਸਣਾ। ਪੰਜਾਬੀ ਵਿਚ ਵਰ੍ਹਨਾ ਦਾ ਮਤਲਬ ਕਿਸੇ ਤੇ ਗਾਲਾਂ, ਝਿੜਕਿਆਂ ਜਾਂ ਕੁੱਟ ਨਾਲ ਟੁੱਟ ਪੈਣਾ ਹੋ ਗਿਆ ਹੈ। ਇਸੇ ਧਾਤੂ ਤੋਂ ਬਰਸਾਤ ਬਣਿਆ, ਸੰਸਕ੍ਰਿਤ ਵਰਸ਼+ਰਿਤੂ ਤੋਂ। ਰਿਤੂ ਪੰਜਾਬੀ ਵਿਚ ਰੁੱਤ ਬਣ ਗਈ ਹੈ। ਬਰਸਾਤ ਤੋਂ ਬਰਸਾਤੀ ਸ਼ਬਦ ਸ਼ਬਦ ਵਿਕਸਿਆ ਜਿਸ ਦੇ ਦੋ ਅਰਥ ਹਨ: ਮੀਂਹ ਵਿਚ ਪਾਉਣ ਵਾਲਾ ਮੋਮਜਾਮੇ ਆਦਿ ਦਾ ਕੋਟ ਅਤੇ ਮੀਂਹ ਤੋਂ ਬਚਣ ਲਈ ਉਪਰਲੀ ਛੱਤ ਤੇ ਬਣਾਇਆ ਛਤੜਾ। ਤੇਜ਼ ਹਵਾ ਚੱਲਣ ਨਾਲ ਤਿਰਛੀ ਤਰ੍ਹਾਂ ਮੀਂਹ ਵਰਸਣ ਲਈ ਵਰਤੇ ਜਾਂਦੇ ਸ਼ਬਦ ਵਾਛੜ, ਬਾਛੜ, ਬੁਛਾੜ ਵੀ ਏਥੋਂ ਹੀ ਆ ਰਹੇ ਹਨ। ਹੋਰ ਤਾਂ ਹੋਰ ਸਾਲ ਲਈ ਪ੍ਰਚੱਲਤ ਸ਼ਬਦ ਵਰ੍ਹਾ, ਵਰਸ਼ ਤੇ ਬਰਸ ਵੀ ਏਥੇ ਥਾਂ ਸਿਰ ਹਨ। ਦਰਅਸਲ ਮੁਢਲੇ ਤੌਰ ਤੇ ਵਰ੍ਹਾ ਤੋਂ ਮੁਰਾਦ ਇੱਕ ਬਰਸਾਤ ਦੀ ਰੁੱਤ ਤੋਂ ਦੂਜੇ ਬਰਸਾਤ ਦੀ ਰੁੱਤ ਤੱਕ ਦਾ ਅਰਸਾ ਹੈ। ਉਮਰ ਦੇ ਅਰਥਾਂ ਵਾਲੇ ਵਰੇਸ ਸ਼ਬਦ (ਜਿਵੇਂ ਬਾਲ-ਵਰੇਸ, ਬੁਢ-ਵਰੇਸ) ਵਿਚ ਉਮਰ ਦੇ ਸਾਲਾਂ ਦਾ ਭਾਵ ਸਮਾਇਆ ਹੋਇਆ ਹੈ। ਸਾਲ ਬਾਅਦ ਆਉਣ ਵਾਲੀ ਮਰਨੇ ਦੀ ਰਸਮ ਨੂੰ ਬਰਸੀ ਆਖਦੇ ਹਨ ਅਤੇ ਬਰਸੀ ਉਤੇ ਵਰਤਾਇਆ ਜਾਣ ਵਾਲਾ ਭੋਜਨ ਵਰ੍ਹੀਣਾ ਹੈ। ਏਥੇ ਗਿਣਾਏ ਸ਼ਬਦਾਂ ਨੂੰ ਉਦਾਹਰਣਾਂ ਸਹਿਤ ਹੋਰ ਵਿਸਥਾਰ ਨਾਲ ਬਿਆਨਣ ਤੋਂ ਸੰਕੋਚ ਕੀਤਾ ਗਿਆ ਹੈ, ਕਿਉਂਕਿ ਇਨ੍ਹਾਂ ਦੀ ਵਿਆਖਆ ਵਰਖ਼ਾ ਵਾਲੇ ਲੇਖ ਵਿਚ ਕੀਤੀ ਗਈ ਸੀ।

ਫਿਰ ਵੀ ਅਨਾਵ੍ਰਿਸ਼ਟਿ ਵਿਚ ਆਏ ਵ੍ਰਿਸ਼ਟ ਸ਼ਬਦ ਬਾਰੇ ਕੁਝ ਦੱਸਣਾ ਚਾਹਾਂਗੇ ਕਿਉਂਕਿ ਇਸ ਦਾ ਜ਼ਿਕਰ ਪਹਿਲਾਂ ਨਹੀਂ ਸੀ ਹੋ ਸਕਿਆ। *ਵਰਸ ਧਾਤੂ ਤੋਂ ਬਣੇ ਇਸ ਸ਼ਬਦ ਵਿਚ ਸਾਲ ਦੇ ਹੀ ਭਾਵ ਹਨ। ਅਨਾਵ੍ਰਿਸ਼ਟਿ ਤੋਂ ਪਾਲੀ ਤੇ ਪ੍ਰਾਕ੍ਰਿਤ ਵਿਚ ਅਣਾਵੁਠਿ/ ਅਣਾਵਿਠਿ ਸ਼ਬਦ ਬਣਿਆ ਜੋ ਸਿੰਧੀ ਵਿਚ ਸੁੰਗੜ ਕੇ ਅਣਾਠੀ ਬਣ ਗਿਆ। ਲਿਲੀ ਟਰਨਰ ਨੇ ਆਪਣੇ ਹਿੰਦ ਯੂਰਪੀ ਭਾਸ਼ਾਵਾਂ ਦੇ ਨਿਰੁਕਤ ਕੋਸ਼ ਵਿਚ ਅਤੇ ਮਈਆ ਸਿੰਘ ਨੇ ਆਪਣੇ ਪੰਜਾਬੀ ਕੋਸ਼ ਵਿਚ ਔੜ ਦੇ ਅਰਥਾਂ ਵਿਚ 'ਅਨਾਈ' ਸ਼ਬਦ ਦਰਜ ਕੀਤਾ ਹੈ ਜੋ ਏਥੇ ਢੁਕਦਾ ਹੈ। ਵ੍ਰਿਸ਼ਟਿ ਤੋਂ ਪਾਲੀ ਅਤੇ ਪ੍ਰਾਕ੍ਰਿਤ ਵਿਚ ਵੁਠੀ ਸ਼ਬਦ ਬਣਦਾ ਹੈ। 'ਸ਼ਟ' ਧੁਨੀ 'ਠ' ਵਿਚ ਬਦਲ ਜਾਂਦੀ ਹੈ ਜਿਵੇਂ ਸ੍ਰੇਸ਼ਟ ਤੋਂ ਸੇਠ। ਗੁਰਬਾਣੀ ਵਿਚ ਬਰਸਣ ਦੇ ਅਰਥਾਂ ਵਿਚ ਵੁਠੀ ਸ਼ਬਦ ਤੇ ਇਸ ਨਾਲ ਜੁੜਦੇ ਕਈ ਸ਼ਬਦ ਆਉਂਦੇ ਹਨ ਜਿਵੇਂ ਵੁਠੀ, ਵੁਠਾ, ਵੁਠਿਆ ਵੁਠੀਆ, ਵੁਠੇ, ਵੁਠੈ ਆਦਿ। ਕੁਝ ਮਿਸਾਲਾਂ ਪੇਸ਼ ਹਨ, 'ਮੀਹ ਵੁਠਾ ਸਹਿਜ ਸੁਭਾਇ'- ਗੁਰੂ ਅੰਗਦ; ਵੁਠੈ ਘਾਹੁ ਚਰਹਿ ਨਿਤਿ ਸੁਰਹੀ ਸਾ ਧਨ ਦਹੀ ਵਿਲੋਵੈ- ਗੁਰੂ ਨਾਨਕ। ਧਿਆਨ ਰਹੇ ਅਜਿਹੇ ਕੁਝ ਸ਼ਬਦਾਂ ਵਿਚ ਵਸਣ ਦੇ ਭਾਵ ਵੀ ਹਨ। ਅਨਾਵ੍ਰਿਸ਼ਟਿ ਤੋ ਔੜ ਸ਼ਬਦ ਬਣਨ ਦੀ ਯਾਤਰਾ ਗੁੰਝਲਦਾਰ ਹੈ। ਇਸ ਵਿਚ ਕੁਝ ਧੁਨੀਆਂ ਬਦਲੀਆਂ ਤੇ ਕੁਝ ਅਲੋਪ ਹੋਈਆਂ। ਮੁਖ ਤੌਰ ਤੇ ਰ ਧੁਨੀ ਅਲੋਪ ਹੋਈ 'ਸ਼ਟ ਧੁਨੀ ੜ ਵਿਚ ਬਦਲੀ ਵ ਧੁਨੀ ਓ ਵਿਚ ਬਦਲੀ। ਕੁਝ ਇਸ ਤਰਾਂ ਅਨਾਵ੍ਰਿਸ਼ਟਿ > ਆਵਿਸ਼ਟ > ਆਵਿਠ। ਔਠ > ਔੜ।

ਵ੍ਰਿਸ਼ਟੀ ਸ਼ਬਦ ਨੂੰ ਭਾਰੋਪੀ ਵੀ ਕਲਪਿਆ ਗਿਆ ਹੈ ਜਿਸ ਦਾ *hewers, wers ਜਿਹੇ ਭਾਰੋਪੀ ਮੂਲ ਘੜੇ ਗਏ ਹਨ ਜਿਨ੍ਹਾਂ ਵਿਚ ਮੀਂਹ ਵਰਸਣ ਦੇ ਭਾਵ ਹੀ ਹਨ। ਇਨ੍ਹਾਂ ਵਿਚ ਕਈ ਪ੍ਰਾਚੀਨ ਭਾਸ਼ਾਵਾਂ ਦੇ ਸ਼ਬਦ ਦੱਸੇ ਗਏ ਹਨ ਜਿਵੇਂ ਪ੍ਰਾਚੀਨ ਗਰੀਕ, ਪ੍ਰਾਚੀਨ ਅਨਾਤੋਲੀਅਨ, ਪ੍ਰਾਚੀਨ ਕੈਲਟਿਕ। ਇਨ੍ਹਾਂ ਭਾਸ਼ਾਵਾਂ ਵਿਚ ਆਏ ਸ਼ਬਦਾਂ ਦਾ ਏਥੇ ਵੇਰਵਾ ਦੇਣ ਦਾ ਮੈਨੂੰ ਬਹੁਤਾ ਤੁਕ ਨਹੀਂ ਜਾਪਦਾ।

# ਕੁਝ ਪੈਂਡੇ ਐਸੇ ਹੁੰਦੇ ਨੇ ਜਿਥੇ ਪੈਰ ਨਹੀਂ ਸਗੋਂ ਇਨਸਾਨ ਦੀ ਮਾਨਸਿਕਤਾ ਥੱਕ ਜਾਇਆ ਕਰਦੀ ਏ...

## ਜ਼ਿੰਦਗੀ ਨਾਮਾ



ਹਰਪ੍ਰੀਤ ਸਿੰਘ ਜਵੰਦਾ

***ਹਰਪ੍ਰੀਤ ਜਵੰਦਾ ਸੱਚਮੁੱਚ ਨਿੱਕੀ ਕਹਾਣੀ ਦਾ ਬਾਦਸ਼ਾਹ ਹੈ। ਆਪਣੇ ਆਲੇ-ਦੁਆਲੇ ਤੋਂ ਬੜੇ ਸੂਖਮ ਜਿਹੇ ਵਿਸ਼ੇ ਲੈ ਕੇ ਕਹਾਣੀ ਲਿਖਦਾ ਹੈ, ਜਿਸ ਵਿਚ ਕੋਈ ਸਾਰਥਕ ਸੁਨੇਹਾ ਵੀ ਹੁੰਦਾ ਹੈ। ਕਹਾਣੀ ਜਾਂ ਅਸਲੀ ਬਿਰਤਾਂਤ ਨੂੰ ਇੰਨੇ ਘੱਟ ਸ਼ਬਦਾਂ ਵਿਚ ਸਮੇਟਣਾ ਆਪਣੇ-ਆਪ ਵਿਚ ਲਾਜਵਾਬ ਹੈ। ਅਸੀਂ ਹਰਪ੍ਰੀਤ ਜਵੰਦਾ ਦਾ 'ਜ਼ਿੰਦਗੀ ਨਾਮਾ' ਕਾਲਮ ਸ਼ੁਰੂ ਕੀਤਾ ਹੈ। ਉਮੀਦ ਹੈ ਪਾਠਕਾਂ ਨੂੰ ਪਸੰਦ ਆਵੇਗਾ।***

ਚਾਲੀ ਕੁ ਸਾਲ ਦੀ ਆਕਰਸ਼ਿਕ ਜਿਹੀ ਔਰਤ ਅਕਸਰ ਹੀ ਛੱਤ 'ਤੇ ਲੱਗੀ ਗਰਿੱਲ 'ਤੇ ਕੂਹਣੀਆਂ ਰੱਖ ਖਲੋਤੀ ਹੋਈ ਹੁੰਦੀ...ਮੈਨੂੰ ਲੰਘਦੇ ਨੂੰ ਵੇਖ ਹਮੇਸ਼ਾਂ ਮੁਸਕੁਰਾ ਪਿਆ ਕਰਦੀ...! ਮੈਂ ਨਜਰਾਂ ਪਾਸੇ ਕਰ ਲਿਆ ਕਰਦਾ...ਫੇਰ ਅਗਾਂਹ ਜਾ ਕੇ ਪਰਤ ਕੇ ਵੇਖਦਾ ਉਸ ਦੀਆਂ ਨਜਰਾਂ ਅਜੇ ਵੀ ਮੇਰਾ ਪਿੱਛਾ ਕਰ ਰਹੀਆਂ ਹੁੰਦੀਆਂ...!

ਉਸ ਦਿਨ ਮਗਰੋਂ ਕਿਸੇ ਜਿਗਿਆਸਾ ਵੱਸ ਓਸੇ ਗਲੀ ਵਿਚੋਂ ਦੀ ਲੰਘਣਾ ਮੇਰੀ ਰੁਟੀਨ ਜਿਹੀ ਬਣ ਗਿਆ...!

ਨਾਲ ਦੇ ਖਾਸ ਦੋਸਤਾਂ ਨਾਲ ਇਸ ਵਰਤਾਰੇ ਦਾ ਜ਼ਿਕਰ ਕਰਦਾ ਤਾਂ ਆਖਦੇ...ਜੇ ਦੱਸ ਪੰਦਰਾਂ ਸਾਲ ਵੱਡੀ ਏ ਤਾਂ ਫੇਰ ਕੀ ਹੋਇਆ...ਅੱਜ ਕੱਲ ਤਾਂ ਸਭ ਕੁਝ ਚੱਲਦਾ ਏ...!

ਇਸ ਮਗਰੋਂ ਮੈਂ ਵੀ ਨਿਯਮਿਤ ਤੌਰ ਤੇ ਓਥੋਂ ਦੀ ਲੰਘਣਾ ਸ਼ੁਰੂ ਕਰ ਦਿੱਤਾ...ਉਹ ਵੀ ਬਿਨਾ ਨਾਗਾ ਓਥੇ ਹੀ ਖਲੋਤੀ ਹੁੰਦੀ...!

ਇੱਕ ਦਿਨ ਉਸਨੇ ਮੈਨੂੰ ਵੇਖ ਇੱਕ ਵੇਰ ਫੇਰ ਗਰਿੱਲ ਉੱਤੇ ਸੁੱਕਣੇ ਪਾਇਆ ਤੌਲੀਆਂ ਭੁੰਜੇ ਸਿੱਟ ਦਿੱਤਾ...ਮੈਂ ਇਸਨੂੰ ਇੱਕ ਖਾਸ ਇਸ਼ਾਰਾ ਸਮਝ ਓਥੇ ਹੀ ਖਲੋ ਗਿਆ...ਏਧਰ-ਓਧਰ ਵੇਖਿਆ...ਤੌਲੀਆਂ ਚੁੱਕਿਆ ਤੇ ਫੇਰ ਉਸ ਘਰ ਦਾ ਗੇਟ ਖੜਕਾ ਦਿੱਤਾ...!

ਘੜੀ ਕੁ ਮਗਰੋਂ ਉਸਨੇ ਹੱਸਦੀ ਹੋਈ ਨੇ ਮੇਰੇ ਹੱਥੋਂ ਤੌਲੀਆ ਫੜਿਆ ਤੇ ਗੇਟ ਬੰਦ ਕਰ ਲਿਆ...!


ਹੁਣ ਇਹ ਸਿਲਸਿਲਾ ਲਗਪਗ ਹਰ ਰੋਜ ਹੀ ਵਾਪਰਨਾ ਸ਼ੁਰੂ ਹੋ ਗਿਆ...!

ਮੈਨੂੰ ਵੇਖ ਉਹ ਤੌਲੀਆਂ ਹੇਠਾਂ ਸਿੱਟਦੀ...ਮੈਂ ਚੁੱਕਦਾ ਤੇ ਗੇਟ ਖੜਕਾ ਦਿੰਦਾ...ਘੜੀ ਕੂ ਮਗਰੋਂ ਉਹ ਗੇਟ ਖੋਲ੍ਹਦੀ ਤੇ ਤੌਲੀਆਂ ਫੜ ਹੱਸਦੀ ਹੋਈ ਫੇਰ ਅੰਦਰ ਵੜ ਜਾਇਆ ਕਰਦੀ...!

ਇੱਕ ਦਿਨ ਫੇਰ ਮੈਂ ਮਨ ਹੀ ਮਨ ਵਿਚ ਇੱਕ ਫੈਸਲਾ ਕਰ ਹੀ ਲਿਆ...!

ਫੇਰ ਜਦੋਂ ਓਹੀ ਵਰਤਾਰਾ ਫੇਰ ਵਾਪਰਿਆ ਤਾਂ ਇਸ ਵਾਰ ਮੈਂ ਗੇਟ ਖੜਕਾ ਕੇ ਇੰਤਜਾਰ ਨਹੀਂ ਕੀਤਾ ਸਗੋਂ ਛੇਤੀ ਨਾਲ ਗੇਟ ਖੋਲ੍ਹ ਅੰਦਰ ਵੜ ਗਿਆ...!

ਵੱਡੇ ਸਾਰੇ ਵੇਹੜੇ ਦੀ ਨੁੱਕਰ ਵਿਚ ਇੱਕ ਬਜ਼ੁਰਗ ਲੰਮੇ ਪਏ ਸਨ...ਮੈਨੂੰ ਏਧਰ-ਓਧਰ ਝਾਕਦੇ ਹੋਏ ਨੂੰ ਵੇਖ ਉੱਠ ਪਏ ਤੇ ਕੋਲ ਸੱਦ ਆਖਣ ਲੱਗੇ, ਪੁੱਤਰ ਤੂੰ ਵੀ ਭੁਲੇਖਾ ਖਾ ਗਿਆ ਲੱਗਦਾ ਏਂ...! ਇਸ ਤੋਂ ਪਹਿਲਾਂ ਕੇ ਕੋਈ ਹੋਰ



ਗੱਲ ਤੇਰੇ ਦਿਮਾਗ ਵਿਚ ਘਰ ਕਰ ਜਾਵੇ...ਗੱਲ ਦੱਸ ਦੇਣਾ ਚਾਹੁੰਦਾ ਹਾਂ, ਕਿ ਕਿਸੇ ਵੇਲੇ ਸਾਡਾ ਦਿੱਲੀ ਚੰਗਾ ਕਾਰੋਬਾਰ ਹੋਇਆ ਕਰਦਾ ਸੀ...ਫੇਰ ਜਿਸ ਦਿਨ ਇੰਦਰਾ ਮਰੀ ਇਹ ਮੇਰੀ ਵੱਡੀ ਧੀ ਦਸਾਂ ਕੂ ਸਾਲਾਂ ਦੀ ਹੋਵੇਗੀ...ਪਹਿਲੀ ਨਵੰਬਰ ਨੂੰ ਇਹ ਦੋਵੇਂ ਭੈਣ-ਭਰਾ ਸਾਰਾ ਦਿਨ ਚੁਬਾਰੇ 'ਤੇ ਚੜ੍ਹ ਮੇਰੇ ਫੈਕਟਰੀ ਗਏ ਦੀ ਉਡੀਕ ਕਰਦੇ ਰਹੇ...! ਪਰ ਮੇਰੇ ਘਰ ਅੱਪੜਨ ਤੋਂ ਪਹਿਲਾਂ ਹੀ ਚਾਰੇ ਪਾਸੇ ਵੱਡ-ਟੁੱਕ ਸ਼ੁਰੂ ਹੋ ਗਈ...ਉਸ ਦਿਨ ਆਥਣ ਵੇਲੇ ਕੋਠੇ ਉੱਤੇ ਸੁੱਕਣੇ ਪਾਏ ਕੱਪੜੇ ਲਾਹੁੰਦੀ ਹੋਈ ਮੇਰੀ ਇਸ ਧੀ ਕੋਲੋਂ ਇੱਕ ਤੌਲੀਆਂ ਹੇਠਾਂ ਡਿੱਗ ਗਲੀ ਵਿਚ ਜਾ ਪਿਆ...!

ਪਤਾ ਲੱਗਣ ਤੇ ਜਦੋਂ ਇਸਦਾ ਨਿੱਕਾ ਭਰਾ ਓਹੀ ਡਿੱਗਿਆ ਹੋਇਆ ਤੌਲੀਆ ਫੜਨ ਬਾਹਰ ਗਲੀ ਵਿਚ ਨਿੱਕਲਿਆ ਤਾਂ ਇਹ ਕਮਲੀ ਮਗਰੋਂ ਵਾਜਾਂ ਮਾਰਦੀ ਹੀ ਰਹਿ ਗਈ...ਮੁੜ ਆ ਵੀਰੇ...ਬਾਹਰ ਉਹ ਖੋਲੋਤੇ ਨੇ...ਮਾਰ ਦੇਣਗੇ...!

ਪਰ ਉਹ ਫੇਰ ਕਦੇ ਵੀ ਵਾਪਿਸ ਨਹੀਂ ਮੁੜਿਆ...ਇਸਨੂੰ ਖੁਦ ਨੂੰ ਵੀ ਨਾਲ ਦੇ ਸਿੰਧੀ ਪਰਿਵਾਰ ਨੇ ਤਿੰਨ ਦਿਨ ਆਪਣੇ ਘਰੇ ਲੁਕਾਈ ਰੱਖਿਆ...ਮੁੜ ਕੇ ਚੌਥੇ ਦਿਨ ਜਦੋਂ ਬਾਹਰ ਗਲੀ ਵਿਚ ਸਵਾਹ ਦੀ ਢੇਰੀ ਬਣੇ ਆਪਣੇ ਨਿੱਕੇ ਵੀਰ ਦੇ ਸੜ ਚੁਕੇ ਵਜੂਦ ਅਤੇ ਬਾਂਹ ਦਾ ਕੜਾ ਵੇਖਿਆ ਤਾਂ ਇਹ ਵਾਕਿਆ ਹੀ ਕਮਲੀ ਹੋ ਗਈ...!

ਏਨੇ ਵਰ੍ਹਿਆਂ ਮਗਰੋਂ ਹੁਣ ਵੀ ਜਦੋਂ ਕੋਈ ਡਿੱਗਿਆ ਹੋਇਆ ਤੌਲੀਆ ਫੜਾਉਣ ਗੇਟ ਤੇ ਆਉਂਦਾ ਏ, ਤਾਂ ਇਸਨੂੰ ਏਹੀ ਲੱਗਦਾ ਕਿ ਇਸਦਾ ਕਈ ਵਰੇ ਪਹਿਲਾਂ ਗਵਾਚ ਗਿਆ ਨਿੱਕਾ ਵੀਰ ਸ਼ਾਇਦ ਵਾਪਿਸ ਪਰਤ ਆਇਆ ਹੋਵੇ...!

ਚੜ੍ਹਦੀ ਉਮਰ ਦੀ ਸਿਖਰ ਤੇ ਅੱਪੜ ਜਵਾਨੀ ਦੇ ਸਤਵੇਂ ਆਸਮਾਨ ਤੇ ਉੱਡਦੇ ਰਹਿੰਦੇ ਨੂੰ ਸ਼ਾਇਦ ਅੱਜ ਪਹਿਲੀ ਵਾਰ ਇੰਝ ਮਹਿਸੂਸ ਹੋਇਆ ਕਿ ਕਾਸ਼ ਧਰਤੀ ਆਪਣਾ ਸੀਨਾ ਪਾੜ ਥੋੜਾ ਜਿਹਾ ਲਾਂਹਗਾ ਹੀ ਦੇ ਦੇਵੇ ਤਾਂ ਕਿ ਉਸ ਵਿਚ ਸਦਾ-ਸਦਾ ਲਈ ਸਮੋ ਜਾਵਾਂ ਕਿਉਂਕਿ ਮੇਰੇ ਹੱਥੋਂ ਤੌਲੀਆ ਫੜਦੀ ਹੋਈ ਉਹ ਅੱਜ ਬਿਲਕੁਲ ਵੀ ਹੱਸ ਨਹੀਂ ਸੀ ਰਹੀ, ਸਗੋਂ ਉਸਦੀਆਂ ਅੱਖਾਂ ਵਿਚ ਪਹਿਲੀ ਵਾਰ ਮੋਟੇ-ਮੋਟੇ ਹੰਜੂ ਸਨ...!

ਸੋ ਦੋਸਤੋ ਹਯਾਤੀ ਦੇ ਸਫ਼ਰ ਵਿਚ ਕੁਝ ਪੈਂਡੇ ਐਸੇ ਹੁੰਦੇ ਨੇ ਜਿਥੇ ਪੈਰ ਨਹੀਂ ਸਗੋਂ ਇਨਸਾਨ ਦੀ ਮਾਨਸਿਕਤਾ ਥੱਕ ਜਾਇਆ ਕਰਦੀ ਏ...ਅਤੇ ਕਈ ਵੇਰ ਖੁਦ ਦੀਆਂ ਨਜਰਾਂ ਵਿਚੋਂ ਡਿੱਗਿਆਂ ਇਨਸਾਨ ਭੋਏਂ ਤੇ ਨਹੀਂ ਸਗੋਂ ਐਸੀ ਡੂੰਘੀ ਸੁਰੰਗ ਵਿਚ ਜਾ ਡਿੱਗਦਾ, ਜਿਸਦਾ ਥੱਲਾ ਹੁੰਦਾ ਹੀ ਨਹੀਂ...!

# 'ਜੇਲ੍ਹ ਵਿਚ ਉਮੀਦ ਪਾਲਣਾ - ਇੱਕ ਖਤਰਨਾਕ ਸੌਦਾ'

*ਉਮਰ ਸਮੇਤ ਜੇ.ਐਨ.ਯੂ. ਦੇ ਕਈ ਵਿਦਿਆਰਥੀ ਆਗੂਆਂ ਉਤੇ ਪਹਿਲਾ ਝੂਠਾ ਕੇਸ ਦਰਜ ਹੋਇਆ ਸੀ ਅਤੇ ਗੋਦੀ ਮੀਡੀਆ ਨੇ ਇਨ੍ਹਾਂ ਨੂੰ 'ਟੁਕੜੇ ਟੁਕੜੇ ਗੈਂਗ' ਕਰਾਰ ਦੇ ਕੇ ਬਦਨਾਮ ਕਰਨ ਵਿਚ ਕੋਈ ਕਸਰ ਨਹੀਂ ਸੀ ਛੱਡੀ। ਉਹ ਇਕ ਜ਼ਹੀਨ ਇਨਕਲਾਬੀ ਨੌਜਵਾਨ ਹੈ ਅਤੇ ਫਿਰਕੂ ਸੋਚ ਨਾਲ ਦੂਰ ਦਾ ਵਾਸਤਾ ਵੀ ਨਾ ਰੱਖਣ ਵਾਲੇ ਇਸ ਨੌਜਵਾਨ ਨੂੰ ਅਦਾਲਤਾਂ ਵਲੋਂ ਜ਼ਮਾਨਤ ਦੇਣ ਤੋਂ ਵਾਰ ਵਾਰ ਇਨਕਾਰ ਕਰਨਾ ਨਿਆਂਪਾਲਿਕਾ ਦੇ ਘੋਰ ਪੱਖਪਾਤ ਦਾ ਪ੍ਰਤੱਖ ਪ੍ਰਮਾਣ ਹੈ। ਪੰਜ ਸਾਲ ਤੋਂ ਬਿਨਾ ਕੋਈ ਅਪਰਾਧ ਕੀਤੇ ਜ਼ੇਲ੍ਹ ਵਿਚ ਬੰਦ ਇਨਕਲਾਬੀ ਨੌਜਵਾਨ ਉਮਰ ਖ਼ਾਲਿਦ ਦੀ ਡੂੰਘੀ ਇਨਸਾਨੀ ਸੰਵੇਦਨਾ ਵਾਲੀ ਇਸ ਕਮਾਲ ਦੀ ਲਿਖਤ ਦਾ ਅਨੁਵਾਦ* ***ਪੰਜਾਬ ਅਤੇ ਹਰਿਆਣਾ ਹਾਈਕੋਰਟ*** *ਦੇ ਵਕੀਲ ਅਮਰਜੀਤ ਬਾਜੇਕੇ ਨੇ ਕੀਤਾ ਹੈ।-ਸੰਪਾਦਕ*

***(ਤਿਹਾੜ ਜੇਲ੍ਹ ਵਿਚੋਂ ਉਮਰ ਖ਼ਾਲਿਦ ਦੀ ਕਲਮ ਤੋਂ):***

ਇਕ ਕਿਤਾਬ ਜੋ ਮੈਂ ਹਾਲ ਹੀ ਵਿਚ ਪੜ੍ਹੀ, ਉਹ ਫਿਓਦੋਰ ਦਾਸਤੋਵਸਕੀ ਦੀ ਲਿਖੀ ਹੋਈ ਹੈ, ਜਿਸ ਦਾ ਅਨੁਵਾਨ 'ਦਿ ਹਾਊਸ ਆਫ ਦਿ ਡੈਡ' ਹੈ। ਇਹ ਕਹਾਣੀ ਕਾਲਪਨਿਕ ਜ਼ਰੂਰ ਹੈ, ਅਸਲ ਵਿਚ ਇਹ ਦਾਸਤੋਵਸਕੀ ਦੁਆਰਾ ਰੂਸ ਵਿਚ ਕੱਟੀ ਕੈਦ ਦੀ ਹੱਡ-ਬੀਤੀ ਕਥਾ ਉਤੇ ਅਧਾਰਤ ਹੈ ਜੋ ਲਗਭਗ 150 ਸਾਲ ਪਹਿਲਾਂ ਦੀ ਗੱਲ ਹੈ।

ਇਹ ਕਿਤਾਬ ਪੜ੍ਹਦੇ ਹੋਏ ਜੋ ਸਭ ਤੋਂ ਵੱਧ ਰੂਹ ਕੰਬਾਊ ਖ਼ਿਆਲ ਮਨ ਵਿਚ ਆਇਆ, ਉਹ ਇਹ ਸੀ ਕਿ ਕੈਦੀ ਹੋਣ ਵਜੋਂ ਅਨੁਭਵ ਅਜੇ ਵੀ ਕਿੰਨੇ ਘੱਟ ਬਦਲੇ ਹਨ, ਜਦੋਂ ਕਿ ਦੁਨੀਆਂ ਹਰ ਪੱਖੋਂ ਕਾਫ਼ੀ ਬਦਲ ਚੁੱਕੀ ਹੈ। ਇਸ ਕਿਤਾਬ ਵਿਚ ਦਰਸਾਏ ਗਏ ਘਟਨਾਕ੍ਰਮ ਨੂੰ ਲਗਭਗ 150 ਸਾਲ ਹੋ ਚੁੱਕੇ ਹਨ ਅਤੇ ਇਹ ਕਿਸੇ ਹੋਰ ਦੇਸ਼ ਦੀ ਗੱਲ ਹੈ, ਫਿਰ ਵੀ ਕਈ ਥਾਵਾਂ 'ਤੇ ਮੈਨੂੰ ਲੱਗਿਆ ਦਾਸਤੋਵਸਕੀ ਨੇ ਜੋ ਕਿਹਾ, ਮੈਂ ਇੱਥੇ ਤਿਹਾੜ ਜੇਲ੍ਹ ਵਿਚ ਵੀ ਆਪਣੇ ਆਸ-ਪਾਸ ਵੇਖਦਾ ਹਾਂ।

ਅਨੁਵਾਦ - ਅਮਰਜੀਤ ਬਾਜੇਕੇ
**ਫੋਨ: 94178-01985**

ਕਿਤਾਬ ਵਿਚ ਇਕ ਥਾਂ ਉਹ ਆਪਣੇ ਇਕ ਸਾਥੀ ਕੈਦੀ ਨੂੰ ਗੱਲ ਦੱਸਦਾ ਕਹਿੰਦਾ ਹੈ — 'ਅਸੀਂ ਜਿਓਂਦੇ ਹੋ ਕੇ ਵੀ ਮਰੇ ਹੋਏ ਹਾਂ, ਤੇ ਮਿੱਟੀ 'ਚ ਦਫਨ ਨਾ ਹੋ ਕੇ ਵੀ ਮੁਰਦਿਆਂ ਵਰਗੇ ਹੋ ਗਏ ਹਾਂ।'

ਕੈਦ ਵਿਚ ਇਕ ਅਜਿਹਾ ਕੁਝ ਹੈ ਜੋ ਇਨਸਾਨ ਨੂੰ ਜਿਉਣ ਅਤੇ ਮੌਤ ਦੇ ਵਿਚਕਾਰ ਦੀ ਹਾਲਤ ਵਾਂਗ ਮਹਿਸੂਸ ਕਰਾਉਂਦਾ ਹੈ। ਜੇ ਮੈਂ ਇਸ ਨੂੰ 'ਜਿਉਂਦੇ ਲੋਕਾਂ ਦਾ ਕਬਰਿਸਤਾਨ' ਆਖਣ ਲਈ ਬਾਈਬਲ ਵਿਚਲੀ ਕਹਾਣੀ ਦਾ ਹਵਾਲਾ ਦਿੱਤਾ ਸੀ, ਤਾਂ ਦਾਸਤੋਵਸਕੀ ਨੇ ਆਪਣੇ ਤਜ਼ਰਬੇ ਨੂੰ 'ਮੁਰਦਿਆਂ ਦਾ ਘਰ' ਨਾਮ ਦਿੱਤਾ।

ਕੁਝ ਦਿਨਾਂ ਵਿਚ ਕੈਦ ਦੇ ਪੰਜ ਸਾਲ ਹੋ ਜਾਣਗੇ। ਕਈ ਵਾਰ ਮੈਨੂੰ ਹੈਰਾਨੀ ਹੁੰਦੀ ਹੈ ਕਿ ਮੈਂ ਇੰਨਾ ਲੰਮਾ ਸਮਾਂ ਇਕੋ ਜਗ੍ਹਾ ਬੰਦ ਰਹਿ ਕੇ ਕਿਵੇਂ ਜਿਓਂ ਲਿਆ, ਤੇ ਜ਼ਿਆਦਾਤਰ ਸਮੇਂ ਦੌਰਾਨ ਬੇਚੈਨ ਵੀ ਨਹੀਂ ਹੋਇਆ। ਹਾਂ, ਕੁਝ ਦਿਨ ਅਜਿਹੇ ਵੀ ਆਏ ਜਦੋਂ ਮੈਂ ਚਿੜ-ਚਿੜਾ ਤੇ ਉਦਾਸ ਹੋ ਗਿਆ ਅਤੇ ਦੁੱਖ ਦੀ ਗੱਲ ਇਹ ਰਹੀ ਕਿ ਉਸ ਸਮੇਂ ਮੇਰਾ ਗੁੱਸਾ ਜਿਸ 'ਤੇ ਨਿਕਲਿਆ, ਉਹ ਬੁਨੋ (ਬਨੋਜੋਤਸਨਾ ਲਾਹਿਰੀ) ਸੀ। ਪਰ ਐਸੇ ਦਿਨ ਘੱਟ ਹੀ ਰਹੇ। ਜ਼ਿਆਦਾਤਰ ਮੈਂ ਅੰਦਰੋਂ ਸ਼ਾਂਤ ਰਿਹਾ ਹਾਂ।

ਦਾਸਤੋਵਸਕੀ ਆਪਣੇ ਵਰਣਨ ਦੀ ਸ਼ੁਰੂਆਤ ਵਿਚ ਹੀ ਲਿਖਦਾ ਹੈ ਕਿ ਜੇਲ੍ਹ ਵਿਚ ਇਨਸਾਨ ਕੋਲ ਢਾਰਸ ਸਿੱਖਣ ਲਈ ਕਾਫ਼ੀ ਸਮਾਂ ਹੁੰਦਾ ਹੈ। ਪਰ ਮੈਨੂੰ ਨਹੀਂ ਲੱਗਦਾ ਕਿ ਇਹ ਢਾਰਸ ਬਾਹਰੀ ਦੁਨੀਆ ਵਿਚ ਲੈ ਕੇ ਜਾ ਪਾਵਾਂਗਾ। ਜਦੋਂ ਵੀ ਮੈਂ ਬਾਹਰ ਨਿਕਲਾਂਗਾ, ਮੈਂ ਆਪਣੇ ਪੁਰਾਣੇ ਬੇਚੈਨ ਰੂਪ ਵਿਚ ਵਾਪਸ ਆ ਜਾਵਾਂਗਾ। ਇਹ ਗੱਲ ਮੈਨੂੰ ਪਿਛਲੇ ਦਸੰਬਰ ਵਿਚ ਬਾਹਰ ਬਿਤਾਏ ਸੱਤ ਦਿਨਾਂ ਦੌਰਾਨ ਸਮਝ ਆਈ।

ਜਿਵੇਂ ਵੀ ਹੋਵੇ, ਕੈਦ ਨੂੰ ਇੰਨਾ ਲੰਮਾ ਸਮਾਂ ਸਹਿਣਾ ਅਤੇ ਸ਼ਾਂਤ ਰਹਿਣ ਦਾ ਵੀ ਇੱਕ ਕਾਰਨ ਹੈ ਕਿ ਮੈਂ ਸਮੇਂ ਨੂੰ ਕਦੇ ਵੀ ਬਹੁਤ ਵੱਡੇ ਹਿੱਸਿਆਂ ਵਿਚ ਨਹੀਂ ਸੋਚਿਆ। ਹਾਲਾਂਕਿ ਇਹ ਸਾਫ਼ ਹੋ ਗਿਆ ਕਿ ਇਕ ਲੰਬੀ ਜਦੋ-ਜਹਿਦ ਹੋਣੀ ਹੈ, ਪਰ ਇੱਥੇ ਦਿਨ ਬਿਤਾਉਂਦੇ ਹੋਏ ਹਮੇਸ਼ਾ ਕੋਈ ਨੇੜੇ ਦੀ ਤਾਰੀਖ ਹੁੰਦੀ ਹੈ, ਜਿਸ ਉੱਤੇ ਧਿਆਨ ਕੇਂਦਰਿਤ ਕਰਨਾ ਹੁੰਦਾ ਹੈ, ਅਜਿਹੀ ਤਾਰੀਖ ਜੋ ਕੁਝ ਦਿਨਾਂ ਜਾਂ ਵੱਧ ਤੋਂ ਵੱਧ ਕੁਝ ਮਹੀਨੇ ਦੂਰ ਹੁੰਦੀ ਹੈ। ਮੈਂ ਇੱਥੇ ਜੁਲਾਈ 2021 ਤੋਂ ਚੱਲ ਰਹੀਆਂ ਜ਼ਮਾਨਤ ਦੀਆਂ ਸੁਣਵਾਈਆਂ ਦੀ ਗੱਲ ਕਰ ਰਿਹਾ ਹਾਂ। ਇਹ ਛੋਟੀਆਂ ਤਾਰੀਖ਼ਾਂ ਸਾਨੂੰ ਅੱਗੇ ਵਧਣ ਲਈ ਕੁਝ ਦੇ ਜਾਂਦੀਆਂ ਹਨ, ਕੁਝ ਅਜਿਹਾ ਜਿਸ ਦੀ ਉਡੀਕ ਰਹੇ, ਜਿਸ ਲਈ ਜਿਵਿਆ ਜਾਵੇ, ਜਿਸ ਨਾਲ ਸਮੇਂ ਨੂੰ ਨਾਪਿਆ ਜਾਵੇ ਅਤੇ ਜਿਸ ਨਾਲ ਕੁਝ ਉਮੀਦ ਬਣੀ ਰਹੇ।

ਦਾਸਤੋਵਸਕੀ ਕੈਦੀ ਵਜੋਂ ਉਮੀਦ ਬਾਰੇ ਲਿਖਦਾ ਹੈ:

'ਮੇਰੀ ਜੇਲ੍ਹ ਦੀ ਜ਼ਿੰਦਗੀ ਦੇ ਪਹਿਲੇ ਹੀ ਦਿਨ ਤੋਂ ਮੈਂ ਆਜ਼ਾਦੀ ਦੇ ਸੁਪਨੇ ਦੇਖਣ ਲੱਗ ਪਿਆ। ਹਜ਼ਾਰਾਂ ਢੰਗਾਂ ਨਾਲ ਇਹ ਅੰਦਾਜ਼ਾ ਲਗਾਉਣਾ ਕਿ ਮੇਰੀ ਕੈਦ ਦੇ ਦਿਨ ਕਦੋਂ ਖਤਮ ਹੋਣਗੇ, ਮੇਰੀ ਮਨਪਸੰਦ ਚਿਤਮਣੀ ਬਣ ਗਿਆ ਸੀ। ਇਹ ਸੋਚ ਮੇਰੇ ਮਨ ਵਿਚ ਹਮੇਸ਼ਾ ਰਹਿੰਦੀ ਸੀ ਅਤੇ ਮੈਨੂੰ ਪੂਰਾ ਯਕੀਨ ਹੈ ਕਿ ਜਿਨ੍ਹਾਂ ਨੂੰ ਨਿਸ਼ਚਿਤ ਸਮੇਂ ਲਈ ਆਜ਼ਾਦੀ ਤੋਂ ਵੰਚਿਤ ਕੀਤਾ ਗਿਆ ਹੈ, ਉਨ੍ਹਾਂ ਸਾਰੇ ਲੋਕਾਂ ਦੀ ਇਹ ਹਾਲਤ ਹੁੰਦੀ ਹੋਵੇਗੀ। ਮੈਨੂੰ ਨਹੀਂ ਪਤਾ ਕਿ ਹੋਰ ਕੈਦੀਆਂ ਨੇ ਵੀ ਮੇਰੀ ਤਰ੍ਹਾਂ ਸੋਚਿਆ ਜਾਂ ਅੰਦਾਜ਼ਾ ਲਾਇਆ ਕੇ ਨਹੀਂ, ਪਰ ਉਨ੍ਹਾਂ ਦੀਆਂ ਉਮੀਦਾਂ ਦੀ ਹੈਰਾਨ ਕਰ ਦੇਣ ਵਾਲੀ ਹਿੰਮਤ ਨੇ ਮੈਨੂੰ ਸ਼ੁਰੂ ਤੋਂ ਹੀ ਪ੍ਰਭਾਵਿਤ ਕੀਤਾ।

ਜੋ ਕੈਦੀ ਅਜ਼ਾਦੀ ਤੋਂ ਵੰਚਿਤ ਹੁੰਦਾ ਹੈ, ਉਸ ਦੀਆਂ ਉਮੀਦਾਂ ਇੱਕ ਆਮ ਆਜ਼ਾਦ ਇਨਸਾਨ ਦੀਆਂ ਉਮੀਦਾਂ ਤੋਂ ਬਿਲਕੁਲ ਵੱਖਰੀਆਂ ਹੁੰਦੀਆਂ ਹਨ। ਆਜ਼ਾਦ ਇਨਸਾਨ ਵੀ ਆਸ ਰੱਖਦਾ ਹੈ: ਉਦਾਹਰਨ ਵਜੋਂ ਕਿਸਮਤ ਬਦਲਣ ਦੀ ਜਾਂ ਕਿਸੇ ਕੰਮ ਵਿਚ ਸਫਲਤਾ ਦੀ, ਪਰ ਉਹ ਜਿਓਂ ਰਿਹਾ ਹੁੰਦਾ ਹੈ, ਕੰਮ ਕਰ ਰਿਹਾ ਹੁੰਦਾ ਹੈ, ਜੀਵਨ ਦੀ ਗਤੀ ਵਿਚ ਸ਼ਾਮਿਲ ਹੁੰਦਾ ਹੈ। ਪਰ ਕੈਦੀ ਦੀ ਹਾਲਤ ਬਿਲਕੁਲ ਵੱਖਰੀ ਹੁੰਦੀ ਹੈ। ਕੈਦੀ ਲਈ ਵੀ ਇੱਕ ਜੀਵਨ ਹੁੰਦਾ ਹੈ, ਜਿਵੇਂ ਕਿ ਜੇਲ੍ਹ ਵਾਲਾ ਜੀਵਨ ਪਰ ਉਹ ਕਦੇ ਵੀ ਆਪਣੇ ਹਲਾਤਾਂ ਨੂੰ ਅਸਲੀ ਜੀਵਨ ਦਾ ਹਿੱਸਾ ਨਹੀਂ ਮੰਨ ਸਕਦਾ। ਜਿਹੋ ਜਿਹਾ ਵੀ ਉਹ ਕੈਦੀ ਹੋਵੇ, ਜਿੰਨੀ ਵੀ ਲੰਬੀ ਉਸ ਦੀ ਸਜ਼ਾ ਹੋਵੇ, ਉਹ ਅੰਦਰੋਂ ਕਦੇ ਵੀ ਆਪਣੇ ਨਸੀਬ ਨੂੰ ਇੱਕ ਅਟੱਲ ਅਤੇ ਸਵੀਕਾਰਨ ਯੋਗ ਹਕੀਕਤ ਨਹੀਂ ਮੰਨਦਾ। ਹਰ ਕੈਦੀ ਇਹ ਮਹਿਸੂਸ ਕਰਦਾ ਹੈ ਕਿ ਉਹ, ਇਕ ਤਰ੍ਹਾਂ ਨਾਲ ਕਹੀਏ ਤਾਂ, ਆਪਣੇ ਘਰ ਨਹੀਂ ਬਲਕਿ ਕਿਸੇ ਹੋਰ ਥਾਂ ਮਹਿਮਾਨ ਵਜੋਂ ਹੈ। ਉਹ ਵੀਹ ਸਾਲਾਂ ਨੂੰ ਵੀ ਅਜਿਹਾ ਵੇਖਦਾ ਹੈ ਜਿਵੇਂ ਉਹ ਸਿਰਫ ਦੋ ਸਾਲ ਹੋਣ, ਅਤੇ ਇਹ ਪੂਰਾ ਯਕੀਨ ਰੱਖਦਾ ਹੈ ਕਿ ਜਦੋਂ ਉਹ 55 ਦੀ ਉਮਰ 'ਤੇ ਬਾਹਰ ਨਿਕਲੇਗਾ ਤਾਂ ਉਹ ਬਿਲਕੁਲ ਉਸ ਤਰ੍ਹਾਂ ਜਿਵੰਤ ਤੇ ਊਰਜਾਵਾਨ ਹੋਵੇਗਾ, ਜਿਵੇਂ ਕਿ ਉਹ ਅੱਜ 35 ਦੀ ਉਮਰ ਵਿਚ ਹੈ।

ਦਾਸਤੋਵਸਕੀ ਇੱਕ ਹੋਰ ਥਾਂ ਲਿਖਦਾ ਹੈ:

'ਕਿਸੇ ਉਦੇਸ਼ ਤੋਂ ਬਿਨਾਂ ਜਾਂ ਉਸ ਤੱਕ ਪਹੁੰਚਣ ਦੇ ਤਰੱਦਦ ਤੋਂ ਬਿਨਾਂ, ਕੋਈ ਵੀ ਇਨਸਾਨ ਜਿਓਂ ਨਹੀਂ ਸਕਦਾ। ਜਦੋਂ ਇਨਸਾਨ ਆਪਣੀ ਉਮੀਦ ਗਵਾ ਦੇਂਦਾ ਹੈ, ਤਾਂ ਉਹ ਅਕਸਰ ਆਪਣੇ ਦੁੱਖ ਵਿਚ ਸ਼ੈਤਾਨ ਬਣ ਜਾਂਦਾ ਹੈ। ਕੈਦੀਆਂ ਦੀ ਇੱਕੋ ਹੀ ਇੱਛਾ ਹੁੰਦੀ ਹੈ ਅਜ਼ਾਦੀ ਅਤੇ ਜੇਲ੍ਹ ਤੋਂ ਬਾਹਰ ਨਿਕਲਣਾ।'



ਮੈਂ ਹੁਣ ਪਹਿਲਾਂ ਵਾਂਗ ਉਮੀਦਵਾਨ ਨਹੀਂ ਰਿਹਾ, ਜਿਵੇਂ ਮੇਰੇ ਦੋਸਤ ਕਹਿੰਦੇ ਹਨ। ਇਹ ਸੱਚ ਹੈ। ਪਰ ਮੇਰਾ ਨਿਰਾਸ਼ਾਵਾਦ ਅੱਜ ਦੀ ਸਿਆਸੀ ਹਕੀਕਤ ਦੇ ਤਾਰਕਿਕ ਮੁਲਾਂਕਣ 'ਤੇ ਆਧਾਰਿਤ ਹੈ।

ਜਿਵੇਂ ਕਿ ਮੈਂ ਪਹਿਲਾਂ ਵੀ ਕਿਹਾ ਹੈ ਕਿ ਜੇਲ੍ਹ ਵਿਚ ਉਮੀਦ ਪਾਲਣਾ ਵੀ ਇੱਕ ਖਤਰਨਾਕ ਸੌਦਾ ਹੈ। ਜਿੰਨੀ ਉੱਚੀ ਉਮੀਦ ਰਖੋ, ਓਨੀ ਉੱਚਾਈ 'ਤੋਂ ਡਿੱਗਣ ਦਾ ਖਤਰਾ ਵੀ ਹੁੰਦਾ ਹੈ। ਸਧਾਰਨ ਭਾਸ਼ਾ ਵਿਚ ਕਹਾਂ ਤਾਂ ਮੈਨੂੰ ਉਮੀਦ ਤੋਂ ਡਰ ਲੱਗਦਾ ਹੈ, ਇਸ ਲਈ ਮੈਂ ਕੋਸ਼ਿਸ਼ ਕਰਦਾ ਹਾਂ ਕਿ ਉਮੀਦਵਾਨ ਨਾ ਰਹਾਂ।

ਪਰ ਜੇਲ੍ਹ ਵਿਚ ਜਿਓਂਣ ਲਈ ਇਸ ਤਰ੍ਹਾਂ ਦੀ ਸੋਚ ਰਖਣ ਦੇ ਮਾਮਲੇ ਵਿਚ ਮੈਂ ਥੋੜ੍ਹਾ ਜਿਹਾ ਵਿਲੱਖਣ ਹਾਂ। ਇੱਥੇ ਹਰ ਕੋਈ ਬੇਇੰਤਹਾ ਉਮੀਦਵਾਨ ਹੈ, ਇੱਥੋਂ ਤੱਕ ਕਿ ਉਹ ਲੋਕ ਵੀ ਜੋ ਬਿਲਕੁਲ ਨਿਰਾਸ਼ਾਜਨਕ ਹਾਲਾਤਾਂ ਵਿਚ ਹਨ। ਬਿਲਕੁਲ ਓਸੇ ਤਰ੍ਹਾਂ ਜਿਵੇਂ ਦੋਸਤੋਵਸਕੀ ਉਪਰੋਕਤ ਲਾਈਨਾਂ ਵਿਚ ਲਿਖਦਾ ਹੈ: ਉਹ ਉਮੀਦ ਰੱਖਦੇ ਹਨ, ਅਰਦਾਸ ਕਰਦੇ ਹਨ, ਅਤੇ ਕਈ ਵਾਰ ਉਨ੍ਹਾਂ ਦੀ ਉਮੀਦ ਅਤੇ ਕੋਸ਼ਿਸ਼ ਰੰਗ ਵੀ ਲਿਆਉਂਦੀ ਹੈ।

ਇਕ ਹੋਰ ਕਹਾਣੀ ਦੱਸਣਾ ਚਾਹੁੰਦਾ ਹਾਂ।

ਮੈਂ ਇੱਕ ਕੈਦੀ ਨੂੰ ਜਾਣਦਾ ਹਾਂ ਜੋ ਪਿਛਲੇ 29 ਸਾਲਾਂ ਤੋਂ ਜੇਲ੍ਹ ਵਿਚ ਹੈ। ਉਸ ਨੂੰ ਉਮਰ ਕੈਦ ਦੀ ਸਜ਼ਾ ਹੋਈ ਹੈ ਪਰ ਆਮ ਉਮਰ ਕੈਦ ਵਾਲੀ ਨਹੀਂ, ਜੋ ਅਕਸਰ 14 ਸਾਲਾਂ ਦੀ ਹੁੰਦੀ ਹੈ, ਉਸ ਦੀ ਸਜ਼ਾ ਵਿਚ ਖਾਸ ਤੌਰ 'ਤੇ ਇਹ ਲਿਖਿਆ ਗਿਆ ਹੈ ਕਿ ਉਹ ਬਿਨਾਂ ਕਿਸੇ ਪਰੋਲ ਦੇ ਆਪਣੇ ਆਖਰੀ ਸਾਹ ਤੱਕ ਜੇਲ੍ਹ ਵਿਚ ਹੀ ਰਹੇਗਾ। ਅਦਾਲਤ ਨੇ ਉਸਨੂੰ ਪਹਿਲਾਂ ਫਾਂਸੀ ਦੀ ਸਜ਼ਾ ਸੁਣਾਈ ਸੀ, ਪਰ ਕਈ ਸਾਲ ਤੱਕ ਮੌਤ ਦੀ ਉਡੀਕ ਕਰਨ ਤੋਂ ਬਾਅਦ ਰਾਸ਼ਟਰਪਤੀ ਦੀ ਮਾਫੀ ਨਾਲ ਉਹ ਫਾਂਸੀ ਤੋਂ ਬਚ ਗਿਆ। ਫਾਂਸੀ ਦੀ ਉਡੀਕ ਦੀ ਥਾਂ ਉਸ ਨੇ ਜੇਲ੍ਹ ਵਿਚ ਆਪਣੀ ਕੁਦਰਤੀ ਮੌਤ ਉਡੀਕ ਕਰਨੀ ਹੈ।

ਜਿਵੇਂ ਉਪਰ ਦੱਸਿਆ ਗਿਆ, ਉਸਨੂੰ ਕਦੇ ਵੀ ਪਰੋਲ ਨਹੀਂ ਮਿਲਣੀ ਸੀ। ਸੋ ਉਹ ਜਿਓਂਦਾ ਰਿਹਾ, ਪਰ ਇਹ ਜਾਣਦਿਆਂ ਹੋਏ ਕਿ ਉਸ ਨੇ ਆਪਣੇ ਆਖਰੀ ਸਾਹ ਤੱਕ ਜੇਲ੍ਹ ਵਿਚ ਹੀ ਰਹਿਣਾ ਹੈ।

ਜਦੋਂ ਉਹ 1990 ਦੇ ਦਹਾਕੇ ਦੀ ਸ਼ੁਰੂਆਤ ਵਿਚ ਜੇਲ੍ਹ ਆਇਆ ਸੀ, ਤਾਂ ਉਹ 20 ਸਾਲ ਦਾ ਸੀ। ਹੁਣ ਉਹ 50 ਤੋਂ ਉਪਰ ਹੈ। ਜੇਲ੍ਹ ਵਿਚ ਉਹ ਅਕਸਰ ਆਪਣੇ ਤੱਕ ਸੀਮਤ ਰਹਿੰਦਾ ਹੈ। ਸਵੇਰੇ ਆਪਣੀ ਮੁਸ਼ੱਕਤ (ਸ਼ਾਰੀਰਕ ਕੰਮ) 'ਤੇ ਜਾਂਦਾ ਹੈ। ਸ਼ਾਮ ਨੂੰ ਇੱਕ ਘੰਟਾ ਜਾਂ ਇਸ ਤੋਂ ਵੱਧ ਸਮਾਂ ਕੁਝ ਹੋਰ ਕੈਦੀਆਂ ਨਾਲ ਬੈਡਮਿੰਟਨ ਖੇਡਦਾ ਹੈ, ਇਹੀ ਸਮਾਂ ਹੁੰਦਾ ਹੈ ਜਦੋਂ ਤੁਸੀਂ ਉਸ ਅੰਦਰ ਕੋਈ ਉਤਸ਼ਾਹ ਜਾਂ ਭਾਵ ਮਹਿਸੂਸ ਸਕਦੇ ਹੋ।

ਰੋਜ਼ ਦਰ ਰੋਜ਼, ਉਹ ਇਹੀ ਜੀਵਨ ਜੀ ਰਿਹਾ ਹੈ, ਇਹ ਜਾਣਦਿਆਂ ਹੋਏ ਕਿ ਉਸਦੀ ਬਾਕੀ ਜ਼ਿੰਦਗੀ ਏਦਾਂ ਹੀ ਲੰਘਣੀ ਹੈ।

ਜੇਲ੍ਹ ਵਿਚ ਜ਼ਿਆਦਾਤਰ ਕੈਦੀਆਂ ਵੱਲੋਂ ਉਸਦਾ ਕਾਫੀ ਸਤਿਕਾਰ ਕੀਤਾ ਜਾਂਦਾ ਹੈ। ਕਿਉਂਕਿ ਉਹਨੇ ਬਹੁਤ ਲੰਮਾ ਸਮਾਂ ਜੇਲ੍ਹ ਵਿਚ ਬਿਤਾਇਆ ਹੈ ਅਤੇ ਇਸ ਕਰਕੇ ਵੀ ਕਿ ਉਹ ਜ਼ਿਆਦਾਤਰ ਚੁੱਪ-ਚਾਪ ਰਹਿੰਦਾ ਹੈ, ਆਪਣੇ ਤੱਕ ਸੀਮਤ, ਕਿਸੇ ਦੇ ਕੰਮ ਵਿਚ ਦਖਲਅੰਦਾਜ਼ੀ ਨਹੀਂ ਕਰਦਾ। ਸ਼ੁਰੂਆਤੀ ਦਿਨਾਂ ਵਿਚ ਮੈਂ ਸੋਚਦਾ ਰਹਿੰਦਾ ਸੀ ਕਿ ਇਹ ਸ਼ਾਂਤੀ ਕਿੱਥੋਂ ਆਉਂਦੀ ਹੈ? ਕੀ ਇਹ ਉਸਦੇ ਅਪਰਾਧਾਂ ਦਾ ਅੰਦਰੂਨੀ ਕਬੂਲਨਾਮਾ ਸੀ? ਕੀ ਉਸਨੂੰ ਆਪਣੇ ਕੀਤੇ ਤੇ ਪਛਤਾਵਾ ਸੀ? ਕੀ ਉਹ ਇਸ ਨੂੰ ਆਪਣੇ ਕਰਮਾਂ ਦੀ ਸਜ਼ਾ ਮੰਨਦਾ ਹੈ? ਕੀ ਉਹ ਕਿਸੇ ਤਰ੍ਹਾਂ ਦੀ ਤਪੱਸਿਆ ਮਹਿਸੂਸ ਲੀਨ ਸੀ? ਜਾਂ ਫਿਰ ਕਦੇ ਉਸਨੂੰ ਕੋਈ ਅਫ਼ਸੋਸ ਹੋਇਆ ਹੀ ਨਹੀਂ?

ਜਾਹਿਰ ਹੈ ਕਿ ਮੈਂ ਕਦੇ ਵੀ ਉਸਨੂੰ ਇਹ ਨਹੀਂ ਪੁੱਛਿਆ ਕਿ ਉਸਨੇ ਜੋ ਕੀਤਾ ਉਸ ਬਾਰੇ ਉਹ ਕੀ ਮਹਿਸੂਸ ਕਰਦਾ ਹੈ। ਜੇਲ੍ਹ ਵਿਚ ਅਜਿਹੇ ਸਵਾਲ ਨਹੀਂ ਪੁੱਛੇ ਜਾਂਦੇ।

ਜਿਵੇਂ ਕਿ ਮੈਂ ਪਹਿਲਾਂ ਕਿਹਾ, ਮੈਂ ਉਸਨੂੰ ਰੋਜ਼ਮਰਾ ਦੇ ਕੰਮ-ਕਾਜ ਵਿਚ ਵੇਖਦਾ ਰਹਿੰਦਾ ਸੀ। ਮੈਂ ਸੋਚਦਾ ਸੀ ਕਿ ਉਸਨੇ ਕੈਦ ਦੀ ਜ਼ਿੰਦਗੀ ਨੂੰ ਆਪਣੀ ਕਿਸਮਤ ਮੰਨ ਲਿਆ ਹੈ। ਪਰ ਮੈਨੂੰ ਕੀ ਪਤਾ ਸੀ ਕਿ ਉਸਨੇ ਵੀ ਉਮੀਦ ਨਹੀਂ ਛੱਡੀ, ਅਤੇ ਆਪਣੇ ਮਾਮਲੇ ਵਿਚ ਇੱਕ ਕਾਨੂੰਨੀ ਰਾਹ ਲੱਭ ਕੇ, ਪਿਛਲੇ ਕੁਝ ਸਾਲਾਂ ਤੋਂ ਰਾਹਤ ਲਈ ਕੋਸ਼ਿਸ਼ ਕਰ ਰਿਹਾ ਸੀ।

ਰਾਸ਼ਟਰਪਤੀ ਦੀ ਮਾਫੀ ਵਿਚ ਸਾਫ਼-ਸਾਫ਼ ਲਿਖਿਆ ਸੀ ਕਿ ਉਹ ਆਪਣੀ ਆਖਰੀ ਸਾਹ ਤੱਕ ਬਿਨਾਂ ਪਰੋਲ ਦੇ ਜੇਲ੍ਹ ਵਿਚ ਰਹੇਗਾ, ਪਰ ਇਸ ਵਿਚ ਇਹ ਨਹੀਂ ਕਿਹਾ ਕਿ ਉਹ ਫਰਲੋ (furlough) ਦਾ ਹਕਦਾਰ ਵੀ ਨਹੀਂ ਹੋ ਸਕਦਾ।

ਫਰਲੋ ਜਾਂ ਜੇਲ੍ਹ ਤੋਂ ਛੁੱਟੀ ਇੱਕ ਐਸਾ ਸਿਸਟਮ ਹੈ ਜੋ ਜੇਲ੍ਹ ਪ੍ਰਸ਼ਾਸਨ ਵੱਲੋਂ ਇਜਾਦ ਕੀਤਾ ਗਿਆ ਹੈ, ਜਿਸਦੇ ਅਧੀਨ ਉਹ ਦੋਸ਼ੀ ਕੈਦੀ, ਜਿਨ੍ਹਾਂ ਦੀ ਅਪੀਲ ਉੱਚ ਅਦਾਲਤ ਵਿਚ ਬਕਾਇਆ ਨਹੀਂ ਹੈ, ਜਿਨ੍ਹਾਂ ਦੀ ਸਜ਼ਾ ਉੱਚ ਅਦਾਲਤ ਦੁਆਰਾ ਕਾਇਮ ਰੱਖੀ ਗਈ ਹੋਵੇ, ਜੇ ਉਹ ਘੱਟੋ-ਘੱਟ 3 ਸਾਲ ਜੇਲ੍ਹ ਵਿਚ ਬਿਤਾ ਚੁੱਕੇ ਹੋਣ ਅਤੇ ਸਭ ਤੋਂ ਮਹੱਤਵਪੂਰਨ ਗੱਲ ਜੇ ਉਨ੍ਹਾਂ ਦਾ ਚਲਣ ਚੰਗਾ ਹੋਵੇ ਤਾਂ ਉਹ ਸਾਲ ਵਿਚ ਤਿੰਨ ਵਾਰੀ ਜੇਲ੍ਹ ਤੋਂ ਛੁੱਟੀ ਦੇ ਹਕਦਾਰ ਹੁੰਦੇ ਹਨ ਇੱਕ ਵਾਰੀ 3 ਹਫ਼ਤੇ ਲਈ, ਅਤੇ ਦੋ ਵਾਰੀ 2-2 ਹਫ਼ਤੇ ਲਈ।

ਦਾਸਤੋਵਸਕੀ ਆਪਣੀ ਲਿਖਤ ਵਿਚ ਇਸ ਮਾਮਲੇ ਨੂੰ ਵੀ ਛੇੜਦਾ ਹੈ ਕਿ ਕੈਦੀ ਫਰਾਰ ਕਿਉਂ ਨਹੀਂ ਹੁੰਦੇ, ਹਾਲਾਂਕਿ ਉਸਦੇ ਸਮਿਆਂ ਵਿਚ ਨਾ ਪਰੋਲ ਸੀ ਨਾ ਫਰਲੋ, ਪਰ ਉਹ ਫਿਰ ਵੀ ਮਜਦੂਰ ਕੇਂਦਰਾਂ ਵਿਚ ਕਿਰਤ ਕਰਨ ਜਾਂਦੇ ਸਨ ਅਤੇ ਹਮੇਸ਼ਾ ਉਨ੍ਹਾਂ ਉੱਤੇ ਰਾਖੀ ਵੀ ਨਹੀਂ ਹੁੰਦੀ ਸੀ।

ਉਹ ਜੋ ਲਿਖਦਾ ਹੈ, ਉਹ ਇੱਥੇ ਤਿਹਾੜ ਵਿਚ ਮੇਰੇ ਆਸ-ਪਾਸ ਜੋ ਕੁਝ ਵੀ ਹੋ ਰਿਹਾ ਹੈ, ਉਸ ਨਾਲ ਬਹੁਤ ਮਿਲਦਾ ਜੁਲਦਾ ਹੈ। ਦਾਸਤੋਵਸਕੀ ਲਿਖਦਾ ਹੈ ਕਿ ਕੈਦੀ ਫਰਾਰ ਨਹੀਂ ਹੁੰਦੇ ਕਿਉਂਕਿ ਉਹ ਆਪਣੇ ਜੇਲ੍ਹ ਵਿਚ ਗੁਜ਼ਾਰੇ ਸਮੇਂ ਦੀ ਕਦਰ ਕਰਦੇ ਹਨ।

ਸਿਰਫ ਉਹੀ ਲੋਕ ਭੱਜਣ ਦੀ ਕੋਸ਼ਿਸ਼ ਕਰਦੇ ਹਨ ਜੋ ਆਪਣੀ ਸਜ਼ਾ ਦੇ ਸ਼ੁਰੂਆਤੀ ਮੋੜ 'ਤੇ ਹੁੰਦੇ ਹਨ। ਜਿਹੜਾ ਵੀ ਕੋਈ ਜੇਲ੍ਹ ਨੂੰ ਆਪਣੇ ਕਈ ਸਾਲ ਦੇ ਦੇਵੇ, ਉਹ ਫਿਰ ਫਰਾਰ ਨਹੀਂ ਹੋਵੇਗਾ ਚਾਹੇ ਜੇਲ੍ਹ ਦੇ ਦਰਵਾਜ਼ੇ ਖੁੱਲ੍ਹੇ ਹੋਣ। ਉਹ ਅਦਾਲਤ ਦੇ ਹੁਕਮ ਦੀ ਉਡੀਕ ਕਰੇਗਾ। ਉਹ ਉਮੀਦ ਰੱਖੇਗਾ।

ਇਹ ਕੁਝ ਵਿਚਾਰ ਸਨ ਉਮੀਦ, ਇੰਤਜ਼ਾਰ, ਨਿਰਾਸ਼ਾ ਅਤੇ ਲੋਚਾ ਨਾਲ ਸਬੰਧਤ।

ਲਗਭਗ ਪੰਜ ਸਾਲ ਬੀਤ ਚੁੱਕੇ ਹਨ ਅੱਧਾ ਦਹਾਕਾ। ਇਹ ਸਮਾਂ ਕਾਫ਼ੀ ਹੁੰਦਾ ਹੈ ਕਿ ਲੋਕ ਆਪਣੀ ਪੀ.ਐਚ.ਡੀ. ਪੂਰੀ ਕਰ ਲੈਣ ਅਤੇ ਨੌਕਰੀ ਦੀ ਤਲਾਸ਼ ਕਰਨ, ਇਹ ਸਮਾਂ ਕਾਫ਼ੀ ਹੁੰਦਾ ਹੈ ਕਿ ਲੋਕ ਪਿਆਰ ਵਿਚ ਪੈਣ, ਵਿਆਹ ਕਰਨ ਅਤੇ ਬੱਚੇ ਪੈਦਾ ਕਰ ਲੈਣ, ਇਹ ਸਮਾਂ ਕਾਫ਼ੀ ਹੁੰਦਾ ਹੈ ਕਿ ਆਪਣੇ ਬੱਚੇ ਇੰਨੇ ਵੱਡੇ ਹੋ ਜਾਣ ਕਿ ਪਛਾਣੇ ਨਾ ਜਾਣ, ਇਹ ਸਮਾਂ ਕਾਫ਼ੀ ਹੁੰਦਾ ਹੈ ਕਿ ਦੁਨੀਆ ਗਜ਼ਾ ਵਿਚ ਹੋ ਰਹੀ ਨਸਲਕੁਸ਼ੀ ਨੂੰ ਹੋਣੀ ਸਮਝ ਲਵੇ, ਇਹ ਸਮਾਂ ਕਾਫ਼ੀ ਹੁੰਦਾ ਹੈ ਸਾਡੇ ਮਾਪਿਆਂ ਦੇ ਬੁੱਢੇ ਅਤੇ ਕਮਜ਼ੋਰ ਹੋ ਜਾਣ ਲਈ।

ਪਰ ਕੀ ਇਹ ਸਮਾਂ ਸਾਡੀ ਰਿਹਾਈ ਲਈ ਕਾਫੀ ਹੈ...?

(ਉਮਰ ਖਾਲਿਦ JNU ਦਾ ਸਾਬਕਾ ਵਿਦਿਆਰਥੀ ਆਗੂ, ਇਤਿਹਾਸ ਵਿਚ ਪੀਐਚ.ਡੀ. ਸਕਾਲਰ, ਜੋ 2020 'ਚ ਯੂ.ਏ.ਪੀ.ਏ ਤਹਿਤ ਗ੍ਰਿਫ਼ਤਾਰ ਹੋਇਆ ਸੀ। ਇਹ ਲੇਖ ਉਨ੍ਹਾਂ ਦੀ ਨਿੱਜੀ ਰਾਏ ਹੈ।)

# 'ਮੇਰੇ ਵਰਗੀ'

ਇਹ ਕਿਹੋ ਜਿਹਾ ਸੁਪਨਾ ਸੀ? ਉਹ ਕਿਸੇ ਅਣਜਾਣ ਬੰਦੇ ਕੋਲ ਬੈਠੀ ਰੋਂਦੀ ਕਿਓਂ ਸੀ। ਅੱਖ ਖੁੱਲ੍ਹਦਿਆਂ ਹੀ ਉਹਨੇਂ ਇਹੋ ਸੋਚਿਆ। ਸੋਚਦਿਆਂ-ਸੋਚਦਿਆਂ ਅੱਖਾਂ ਸਿੱਲੀਆਂ ਹੋ ਗਈਆਂ, ਇੰਝ ਦੇ ਸੁਫਨੇ ਬੜੇ ਦਿਨਾਂ 'ਤੋਂ ਆਉਂਦੇ ਸੀ ਕਈ ਵਾਰ ਖੁੱਲੀਆਂ ਅੱਖਾਂ ਨਾਲ ਵੀ ਵੇਖੇ ਸੀ ਸ਼ਾਇਦ! ਵਰ੍ਹੇ ਬੀਤ ਗਏ ਸਭ ਗੱਲਾਂ ਨੂੰ ਪਰ ਅੱਜ ਵੀ ਖੌਰੇ ਕਿਉਂ ਕਈ- ਕਈ ਦਿਨ ਕਿਸੇ ਨਾਲ ਗੱਲ ਕਰਨ ਨੂੰ ਜੀਅ ਨੀ ਕਰਦਾ ਉਹਦਾ

ਹਾਏ ਰੱਬਾ! ਇਹ ਸਭ ਮੇਰਾ ਖਹਿੜਾ ਕਿਓਂ ਨੀ ਛੱਡਦਾ ਪਿਆ? ਇਹ ਸੋਚਾਂ, ਇਹ ਤਕਲੀਫ ਹੁਣ ਤਾਂ ਕਿੰਨਾ ਵਕਤ ਹੋ ਗਿਆ ਕਦੇ ਉਹਦੇ ਨਾਲ ਗੱਲ ਵੀ ਨੀ ਹੋਈ ਇਹ ਸੋਚ ਕੇ ਕਦੋਂ ਉਹਦਾ ਰੋਣਾ ਉੱਚੀ ਹੋ ਗਿਆ ਪਤਾ ਹੀ ਨੀ ਲੱਗਿਆ। ਫਿਰ ਉਹਨੂੰ ਉਹ ਅਖੀਰਲੇ ਦਿਨ ਯਾਦ ਆ ਗਏ ਜਦੋਂ ਉਹਨੂੰ ਆਖਿਆ ਸੀ 'ਤੈਨੂੰ ਪਤਾ ਐ ਨਾ ਮੇਰੀ ਸਾਰੀ ਕਹਾਣੀ? ਜਦ ਬਲਦੀਪ ਨੇ ਮੈਨੂੰ ਦੱਸਿਆ ਸੀ ਕਿ ਉਹਦੇ ਨਾਲ ਕੰਮ ਕਰਦੀ ਕੋਈ ਉਹਨੂੰ ਬਾਹਲੀ ਪਸੰਦ ਐ, ਮੈਂ ਆਪਣੀ ਧੀ ਦਾ ਤੇ ਆਪਣਾ ਬਹੁਤਾ ਵਾਸਤਾ ਪਾਇਆ ਸੀ ਉਹਨੂੰ ਬੜੀ ਵਾਰ ਆਖਿਆ ਸੀ ਤੂੰ ਬਾਹਰ ਰਹਿੰਦਾ ਐਂ ਤੇ ਮੈਂ ਇੱਧਰ ਤੂੰ ਸਾਰੀ ਉਮਰ ਮੈਨੂੰ ਬਾਹਰ ਨਾ ਬੁਲਾਈਂ ਪਰ ਇਸ ਰਿਸ਼ਤੇ ਨੂੰ ਨਾ ਤੋੜ ਤੇ ਉਹਨੇਂ ਆਖਿਆ ਸੀ, 'ਨਹੀਂ ਉਹ ਕਹਿੰਦੀ ਐ ਜੇ ਮੇਰੇ ਨਾਲ ਵਿਆਹ ਕਰਾਉਣਾ ਐ ਤਾਂ ਪਹਿਲਾਂ ਤਲਾਕ ਲੈ ਤੇ ਫਿਰ ਉਹ ਮੇਰੀ ਧੀ ਤੇ ਮੇਰੇ 'ਤੋਂ ਕੁੱਝ ਕਾਗਜ਼ਾਂ ਤੇ ਦਸਤਖਤ ਕਰਕੇ ਸਾਰੇ ਰਿਸ਼ਤੇ ਖਤਮ ਕਰ ਗਿਆ ਸੀ। ਤਲਾਕ ਤੋਂ ਬਾਅਦ ਜਦੋਂ ਲੰਮੀ ਛੁੱਟੀ ਤੋਂ ਬਾਅਦ ਪਹਿਲੇ ਦਿਨ ਦਫ਼ਤਰ ਗਈ ਸੀ ਸਭ ਨੇ ਇੰਝ ਵੇਖਿਆ ਸੀ ਜਿਵੇਂ ਜ਼ੁਬਾਨ ਨਾਲ ਨੀ ਪਰ ਅੱਖਾਂ ਨਾਲ ਤਰਸ ਜਿਤਾਉਣ 'ਚ ਕੋਈ ਕਸਰ ਨੀ ਛੱਡੀ ਕਿਸੇ, ਪਰ ਵਰ੍ਹੇ ਲੰਘ ਗਏ ਕਾਲਜ 'ਤੋਂ ਸਾਲਾਂ ਬਾਅਦ ਤੂੰ ਮਿਲਿਆ ਅਚਾਨਕ ਮੇਰੇ ਦਫਤਰ ਕੋਈ ਕੰਮ ਸੀ ਤੈਨੂੰ। ਨਿੱਕੇ ਜਿਹੇ ਕੰਮ ਨਾਲ ਜੁੜਿਆ ਰਾਬਤਾ ਵੱਡਾ ਹੋ ਗਿਆ ਸੀ। ਕਦੇ- ਕਦੇ ਤੇਰੇ ਨਾਲ ਲੰਮੀਆਂ ਗੱਲਾਂ ਹੋ ਜਾਂਦੀਆਂ ਹੌਲੀ-ਹੌਲੀ ਮੇਰੀ ਕਹਾਣੀ ਤੇਰੇ ਅੱਗੇ ਵੀ ਖੁੱਲ੍ਹ ਗਈ ਸੀ ਖੌਰੇ ਤੈਨੂੰ ਕੀ ਮਹਿਸੂਸ ਹੋਇਆ? ਇੱਕ ਦਿਨ ਤੇਰਾ ਲੰਮਾ ਮੈਸੇਜ ਆਇਆ ਸੀ, ਤੂੰ ਲਿਖਿਆ, 'ਜਦ ਤੂੰ ਨਾਲ ਪੜ੍ਹਦੀ ਸੀ ਚੰਗੀ ਉਦੋਂ ਵੀ ਵਥੇਰੀ ਸੀ ਪਰ ਹੁਣ ਤੇਰੀਆਂ ਉਦਾਸ ਅੱਖਾਂ ਤੇ ਇਹ ਚੁੱਪ ਪਤਾ ਨਹੀਂ ਕਿਉਂ ਤੇਰੇ ਵੱਲ ਮੈਨੂੰ ਇੰਨਾ ਖਿੱਚਦੀ ਐ। ਜੀਅ ਕਰਦਾ ਤੇਰੇ ਨਾਲ ਲੰਮੀਆਂ ਗੱਲਾਂ ਕਰਾਂ। ਖੌਰੇ ਕੀ ਰਿਸ਼ਤਾ ਜਿਹਾ ਮਹਿਸੂਸ ਹੁੰਦਾ ਬਸ ਤੇਰੇ ਬਾਰੇ ਸੋਚੇ ਬਿਨਾਂ ਰਹਿ ਜਿਹਾ ਨੀ ਹੁੰਦਾ। ਇੱਕ ਦਿਨ ਲੰਚ ਟਾਇਮ ਤੇਰੇ ਦਫ਼ਤਰ ਆਇਆ ਸਾਂ ਤੂੰ ਚੁੱਪ-ਚਾਪ ਆਪਣੀ ਕੁਰਸੀ 'ਤੇ ਬੈਠੀ ਪਰ ਅੱਖਾਂ ਭਰੀਆਂ ਹੋਈਆਂ ਸੀ ਮੈਂ ਦੂਰ ਖੜਾ ਚੁੱਪ-ਚਾਪ ਦੇਖਦਾ ਰਿਹਾ। ਜੀਅ ਕਰਦਾ ਸੀ ਕੋਲ ਜਾ ਕੇ ਆਖਾਂ, 'ਮੈਨੂੰ ਦੱਸ ਕੀ ਦੁੱਖ ਐ ਤੈਨੂੰ? ਮੈਂ ਹੈਗਾਂ ਤੇਰੇ...ਪਤਾ ਨਹੀਂ ਕਿਓਂ ਆਖ ਨੀ ਹੋਇਆ, ਪਰ ਉਸ ਦਿਨ 'ਤੋਂ ਬਾਅਦ ਹਰ ਵਕਤ ਤੇਰਾ ਫਿਕਰ ਤੇ ਖਿਆਲ ਰਹਿੰਦਾ ਐ। ਤੇਰਾ ਸੁਨੇਹਾ ਪੜ੍ਹ ਕੇ ਇੱਕ ਪਲ ਤਾਂ ਮੈਨੂੰ ਲੱਗਿਆ ਜਿਵੇਂ ਵਰ੍ਹਿਆਂ ਬਾਅਦ ਕੋਈ ਮੋਢਾ ਮਿਲਿਆ ਐ ਰੋਣ ਲਈ। ਕੁੱਝ ਦਿਨ ਸਾਰੀ ਦੁਨੀਆਂ ਜਿਵੇਂ ਚੰਗੀ ਜਿਹੀ ਲੱਗਣ ਲੱਗ ਪਈ। ਇਸ ਤੋਂ ਪਹਿਲਾਂ ਕਿ ਤੈਨੂੰ ਕੁੱਝ ਕਹਿੰਦੀ, ਵਰ੍ਹਿਆਂ ਪਹਿਲਾਂ ਬੀਤੀ ਇੱਕ ਗੱਲ ਯਾਦ ਆ ਗਈ ਜਦ ਬਲਦੀਪ ਨੇ ਮੈਨੂੰ ਛੱਡਣ ਦੀ ਗੱਲ ਆਖੀ ਸੀ ਮੈਂ ਸਾਲ ਭਰ ਉਹਦੇ ਤਰਲੇ ਕੀਤੇ ਸੀ, ਉਹਦੇ ਇੰਡੀਆ ਆਏ ਦੇ ਪੈਰ ਤੱਕ ਫੜੇ। ਜਦੋਂ ਉਹ ਛੱਡ ਕੇ ਗਿਆ ਮੈਂ ਡਿਪ੍ਰੈਸ਼ਨ 'ਚ ਚਲੀ ਗਈ। ਇੱਕ ਦਿਨ ਜਿਸ ਡਾਕਟਰ ਤੋਂ ਦਵਾਈ ਲੈਂਦੀ ਸੀ, ਉਹਨੂੰ ਜਾ ਕੇ ਆਖਿਆ ਸੀ, ਮੈਨੂੰ ਆਪਣੇ ਕਲੀਨਿਕ 'ਚ ਬੈਠ ਕੇ ਰੋ ਲੈਣ ਦਿਆ ਕਰੋ, ਬਸ ਘਰ ਹੁੰਦੀ ਤਾਂ ਘੰਟਿਆਂ ਤੱਕ ਬਾਥਰੂਮ 'ਚ ਬੈਠ ਰੋਂਦੀ ਕਦੇ ਕਮਰੇ ਦੀ ਬੱਤੀ ਬੰਦ ਕਰਕੇ ਸੌਂਣ ਦਾ ਬਹਾਨਾ ਕਰਕੇ ਕਈ-ਕਈ ਘੰਟੇ ਰੋਂਦੀ ਸੀ ਖੌਰੇ ਮੇਰੀ ਧੀ ਦੀ ਕਿਸਮਤ ਸੀ ਕਿ ਹੌਲੀ-ਹੌਲੀ ਸੰਭਲ ਗਈ ਸਾਂ ਤੇ ਤੇਰੇ ਸੁਨੇਹੇ 'ਤੋਂ ਕਈ ਦਿਨ ਬਾਅਦ ਖਿਆਲ ਆਇਆ ਸੀ, ਤੇਰੇ ਘਰ ਵੀ ਇੱਕ ਮੇਰੇ ਵਰਗੀ ਹੀ ਐ, ਪਰ ਮੈਂ ਉਹਨੂੰ ਉਹ ਪੀੜ ਨੀ ਦੇ ਸਕਦੀ ਜਿਹੜੀ ਮੈਂ ਝੱਲੀ। ਇਹ ਖੁਦਗਰਜ਼ੀ ਮੇਰੇ 'ਤੋਂ ਤਾਂ ਨੀ ਹੋ ਸਕਣੀ। ਤੈਨੂੰ ਪਤੈ ਮੁਹੱਬਤ ਬੰਦੇ ਨੂੰ ਕਮਲਾ ਕਰ ਦਿੰਦੀ ਐ ਤੇ ਜਦੋਂ ਕੋਈ ਛੱਡ ਕੇ ਜਾਂਦਾ ਬੰਦਾ ਕਮਲਾ ਹੋ ਜਾਂਦਾ, ਜਿਵੇਂ ਮੈਂ ਵਰ੍ਹਿਆਂ ਤੱਕ ਕਮਲਿਆਂ ਵਰਗੀ ਹੀ ਹੋ ਗਈ ਸਾਂ ਨਹੀਂ ਤਾਂ ਬੇਗਾਨੇ ਬੰਦੇ ਨੂੰ ਕੌਣ ਕਹਿੰਦਾ 'ਤੇਰੇ ਕਲੀਨਿਕ 'ਚ ਬੈਠ ਕੇ ਰੋ ਲੈਣ ਦੇ ਬਸ। ਹੱਸਦਾ-ਹੱਸਦਾ ਕੌਣ ਅੱਖਾਂ ਭਰਦਾ? ਬੰਦਾ ਜਾਇਦਾਦ 'ਤੇ ਹੱਕਦਾਰੀ ਦੇ ਦਿੰਦਾ ਐ ਮੁਹੱਬਤ 'ਤੇ ਨੀ। ਮੈਂ ਸੰਭਲ ਗਈ ਹਾਂ ਤੂੰ ਉਹਨੂੰ ਸੰਭਾਲ ਜਿਹੜੀ ਤੇਰੇ ਘਰ 'ਮੇਰੇ ਵਰਗੀ' ਐ ਪਰ ਮੈਂ ਨੀ ਚਾਹੁੰਦੀ ਮੇਰੇ ਵਰਗੀ ਹੋਵੇ

**-ਰੁਪਿੰਦਰ**

## 50 ਵਰ੍ਹਿਆਂ ਦੀ ਹੋਈ ਐਮਰਜੈਂਸੀ

# ਜਦੋਂ ਸਿਖ਼ਰ 'ਤੇ ਪਹੁੰਚ ਗਿਆ ਸੀ ਜਬਰ-ਜ਼ੁਲਮ

25 ਜੂਨ 1975 ਦਾ ਦਿਨ ਹਿੰਦੁਸਤਾਨ ਦੀ ਤਹਿਰੀਕ ਵਿਚ ਕਾਲੇ ਅੱਖਰਾਂ ਨਾਲ ਲਿਖਿਆ ਜਾਣ ਵਾਲਾ ਦਿਨ ਹੈ। ਇਸ ਦਿਨ ਨਾਗਰਿਕ ਆਜ਼ਾਦੀਆਂ ਦਾ ਘਾਣ ਕਰ ਦਿੱਤਾ ਗਿਆ ਸੀ। ਬੋਲਣ ਲਿਖਣ ਦੀ ਆਜ਼ਾਦੀ ਚੌਰਾਹੇ ਵਿਚ ਦਫ਼ਨ ਕਰ ਦਿੱਤੀ ਗਈ ਸੀ।

ਮੈਂ ਉਸ ਦਿਨ ਜਲੰਧਰ ਸ਼ਹਿਰ ਵਿਚ ਹੀ ਸੀ ਤੇ ਸਿਵਲ ਹਸਪਤਾਲ ਵਿਚ ਜ਼ਖ਼ਮੀ ਕਾਮਰੇਡ ਦਰਸ਼ਨ ਦੁਸਾਂਝ ਦੀ ਖ਼ਬਰ ਲੈਣ ਜਾਣਾ ਸੀ। ਸ਼ਹਿਰ ਵਿਚ ਅਖਬਾਰਾਂ ਵੇਚਣ ਤੇ ਵੰਡਣ ਵਾਲੇ ਛੋਟੇ-ਛੋਟੇ ਪੈਂਫਲਿਟ ਲੋਕਾਂ ਵਿਚ ਵੰਡ ਰਹੇ ਸੀ ਜਿਨ੍ਹਾਂ ਵਿਚ ਐਮਰਜੈਂਸੀ ਲੱਗਣ ਦੀ ਗੱਲ ਕਹੀ ਗਈ ਸੀ। ਉਸੇ ਰਾਤ ਹੀ ਸਾਰੇ ਅਖ਼ਬਾਰਾਂ 'ਤੇ ਸੈਂਸਰਸ਼ਿਪ ਵੀ ਲਗਾ ਦਿੱਤੀ ਗਈ। ਵਿਰੋਧੀ ਆਗੂ ਧੜਾਧੜ ਫੜ ਕੇ ਜ਼ੇਲ੍ਹਾਂ ਵਿਚ ਡੱਕ ਦਿੱਤੇ



**ਰਵਿੰਦਰ ਸਿੰਘ ਸਹਿਰਾਅ**
**ਫੋਨ: +1 219-900-1115**

ਗਏ। ਖਾਸ ਕਰ ਕੇ ਜਨਸੰਘੀਆਂ ਉਪਰ ਜ਼ਿਆਦਾ ਹੀ ਸਖ਼ਤਾਈ ਕੀਤੀ ਗਈ ਕਿਉਂਕਿ ਉਹ ਜੈ ਪ੍ਰਕਾਸ਼ ਨਰਾਇਣ ਦੀ ਹਮਾਇਤ ਕਰ ਰਹੇ ਸਨ। ਡੀ.ਆਈ.ਆਰ. ਜਿਹਾ ਕਾਲਾ ਕਾਨੂੰਨ ਹਰ ਵਿਰੋਧੀ ਉਪਰ ਮੜ੍ਹਿਆ ਗਿਆ।

ਕੋਈ ਮਹੀਨਾ ਕੁ ਪਹਿਲਾਂ ਸ਼ਾਇਦ 22 ਮਈ 1975 ਨੂੰ ਜਲੰਧਰ ਨੇੜੇ ਸੂਰਾ ਨੁਸੀ ਲਾਗੇ ਕਾਮਰੇਡ ਦਰਸ਼ਨ ਦੁਸਾਂਝ ਅਤੇ ਕਾਮਰੇਡ ਜਿੰਦ (ਕਾਲਾ ਸੰਘਿਆਂ) ਦਾ ਮੁਕਾਬਲਾ ਬਣਾ ਦਿੱਤਾ ਗਿਆ ਸੀ। ਕਾਮਰੇਡ ਜਿੰਦ ਤਾਂ ਮੌਕੇ 'ਤੇ ਹੀ ਸ਼ਹੀਦ ਹੋ ਗਿਆ ਪਰ ਦਰਸ਼ਨ ਦੁਸਾਂਝ ਦੇ ਲੱਤਾਂ ਵਿਚ ਗੋਲੀਆਂ ਲੱਗੀਆਂ। ਲੋਕ ਇਕੱਠੇ ਹੋ ਗਏ। ਟਾਊਟ ਤ੍ਰਿਲੋਕਾ ਤੇ ਸਾਦੇ ਕੱਪੜਿਆਂ ਵਿਚ ਪੁਲਸ ਵਾਲੇ ਘਬਰਾ ਗਏ ਤੇ ਕਾਮਰੇਡ ਨੂੰ ਸਿਵਲ ਹਸਪਤਾਲ ਵਿਚ ਦਾਖ਼ਲ ਕਰਵਾ ਦਿੱਤਾ ਗਿਆ। ਮੇਰਾ ਪਿੰਡ ਨੇੜੇ ਹੋਣ ਕਰ ਕੇ ਗੁਪਤਵਾਸ ਆਗੂਆਂ ਵਲੋਂ ਮੇਰੀ ਡਿਊਟੀ ਲਗਾਈ ਗਈ ਸੀ ਕਿ ਹਸਪਤਾਲ ਵਿਚ ਜਾ ਕੇ ਖ਼ਬਰਸਾਰ ਲੈਂਦਾ ਰਵਾਂ ਤੇ ਲੋੜ ਅਨੁਸਾਰ ਕੋਈ ਚੀਜ਼ ਵਸਤੂ ਵੀ ਪਹੁੰਚਦੀ ਕਰਦਾ ਰਹਾਂ।

ਪਰ ਹੁਣ ਮੁਸ਼ਕਿਲ ਬਣ ਗਈ ਕਿ ਹਸਪਤਾਲ ਵਿਚ ਕਿਵੇਂ ਜਾਇਆ ਜਾਵੇ? ਸਾਡੇ ਗੁਆਂਢੀ ਪਿੰਡ ਰਾਏਪਰ ਦਾ ਜਸਵੀਰ ਸਿੰਘ (ਜੋ ਸਾਡੇ ਤੋਂ ਦੋ ਕੁ ਸਾਲ ਅੱਗੇ ਪੜ੍ਹਦਾ ਸੀ) ਜਲੰਧਰ ਵਕੀਲ ਸੀ ਜੋ ਬਾਅਦ ਵਿਚ ਹਾਈਕੋਰਟ ਦਾ ਜੱਜ ਰਿਟਾਇਰ ਹੋਇਆ। ਉਸ ਦੀ ਵੱਡੀ ਭੈਣ ਦਾ ਪ੍ਰਾਹੁਣਾ ਜਲੰਧਰ ਹਸਪਤਾਲ ਵਿਚ ਐਸ.ਐਮ.ਓ. ਲੱਗਿਆ ਹੋਇਆ ਸੀ। ਮੈਂ ਉਹਦੇ ਨਾਲ ਸੰਪਰਕ ਕੀਤਾ ਤਾਂ ਜਸਵੀਰ ਸਿੰਘ ਕਹਿੰਦਾ ਕਿ ਗੱਲ ਤਾਂ ਖ਼ਤਰੇ ਵਾਲੀ ਹੈ ਪਰ ਮੈਂ ਗੱਲ ਕਰ ਕੇ ਦੇਖਦਾਂ। ਖੈਰ ਉਨ੍ਹਾਂ ਮੇਰੀ ਦੋ ਤਿੰਨ ਮਿੰਟ ਦੀ ਮੁਲਾਕਾਤ ਕਰਵਾ ਦਿੱਤੀ ਇਹ ਕਹਿ ਕੇ ਮੈਂ ਵੀ ਹਸਪਤਾਲ ਦਾ ਮੁਲਾਜ਼ਮ ਹੀ ਹਾਂ। ਬੱਸ ਮੈਂ ਕਾਮਰੇਡ ਦਰਸ਼ਨ ਦੁਸਾਂਝ ਨੂੰ ਏਨਾ ਹੀ ਕਹਿ ਸਕਿਆ ਕਿ ਐਮਰਜੈਂਸੀ ਕਾਰਣ ਹੁਣ ਮਿਲਿਆ ਨਹੀਂ ਜਾ ਸਕਣਾ। ਕਾਮਰੇਡ ਨੇ ਅੱਖਾਂ ਵਿਚ ਹੀ ਇਸ਼ਾਰੇ ਨਾਲ ਗੱਲ ਸਮਝ ਲਈ ਤੇ ਸਮਝਾ ਦਿੱਤੀ।

ਪਹਿਲਾਂ ਤੋਂ ਹੀ ਗੁਪਤਵਾਸ ਸਾਥੀ ਹੋਰ ਵੀ ਚੌਕਸ ਹੋ ਗਏ। ਪੰਜਾਬ ਸਟੂਡੈਂਟਸ ਯੂਨੀਅਨ ਅਤੇ ਹੋਰ ਕ੍ਰਾਂਤੀਕਾਰੀ ਜਥੇਬੰਦੀਆਂ ਵੀ ਖੁਲ੍ਹੇਆਮ ਕੰਮ ਨਹੀਂ ਕਰ ਸਕਦੀਆਂ ਸਨ। ਵਿਰੋਧੀ ਪਾਰਟੀਆਂ ਵਿਚ ਹਾਏਪਾਰਾ ਹੋ ਗਈ। ਸਿਆਸੀ ਵਿਰੋਧੀਆਂ ਦੇ ਨਾਮ 'ਤੇ ਮਾੜੇ ਮੋਟੇ ਨਸ਼ੇ ਕਰਨ ਵਾਲੇ ਤੇ ਸਮਗਲਰਾਂ ਨੂੰ ਜ਼ੇਲੀਂ ਡੱਕ ਦਿੱਤਾ ਗਿਆ। ਪੰਜਾਬ ਵਿਚ ਅਕਾਲੀ ਦਲ ਨੂੰ ਭਾਵੇਂ ਨਿਸ਼ਾਨਾ ਨਹੀਂ ਬਣਾਇਆ ਗਿਆ ਸੀ ਪਰ ਉਨ੍ਹਾਂ ਐਮਰਜੈਂਸੀ ਦਾ ਡਟਵਾਂ ਵਿਰੋਧ ਕੀਤਾ। ਉਨ੍ਹਾਂ ਜਥੇ ਬਣਾ ਕੇ ਜੇਲ੍ਹਾਂ ਭਰਨ ਦਾ ਪ੍ਰੋਗਰਾਮ ਬਣਾਇਆ। ਜੋ ਬੜੀ ਕਾਮਯਾਬੀ ਨਾਲ ਚਲਦਾ ਰਿਹਾ। ਇੰਦਰਾ ਗਾਂਧੀ ਨੇ ਭਰਪੂਰ ਸਿੰਘ ਬਲਬੀਰ ਵਰਗੇ ਦੋਗਲੇ ਬੰਦਿਆਂ ਰਾਹੀਂ ਅਕਾਲੀਆਂ ਨਾਲ ਸੁਲਾਹ ਕਰਨ ਦੀਆਂ ਕੋਸ਼ਿਸ਼ਾਂ ਵੀ ਕੀਤੀਆਂ ਪਰ ਅਕਾਲੀ ਡਟੇ ਰਹੇ। ਭਰਪੂਰ ਸਿੰਘ ਬਲਬੀਰ ਵਾਲੀ ਗੱਲ ਦਾ ਵੀ ਪਤਾ ਸਾਨੂੰ ਕਪੂਰਥਲਾ ਜੇਲ੍ਹ ਵਿਚ ਲੱਗਾ, ਜਦੋਂ ਉਸਨੇ ਸਾਡੇ ਨਾਲ ਬੰਦ ਮਰਹੂਮ ਸੁਖਜਿੰਦਰ ਸਿੰਘ ਨੂੰ ਇਕ ਚਿੱਠੀ ਲਿਖੀ ਤੇ ਉਹ ਸਾਡੇ ਹੱਥ ਲੱਗ ਗਈ।

### ਐਮਰਜੈਂਸੀ ਕਿਉਂ ਲਾਈ ਗਈ?

ਲੋਕ ਸਭਾ ਦੀਆਂ ਚੋਣਾਂ ਵਿਚ ਬਰੇਲੀ ਤੋਂ ਕਾਂਗਰਸ ਦੀ ਉਮੀਦਵਾਰ ਇੰਦਰਾ ਗਾਂਧੀ ਦੀ ਚੋਣ ਨੂੰ ਹਾਈਕੋਰਟ ਵਿਚ ਚੁਣੌਤੀ ਦਿੱਤੀ ਗਈ ਸੀ। ਅਦਾਲਤ ਨੇ ਫ਼ੈਸਲਾ ਉਸ ਦੇ ਵਿਰੋਧ ਵਿਚ ਦਿੱਤਾ। ਪਰ ਇੰਦਰਾ ਗਾਂਧੀ ਮੰਨਣ ਨੂੰ ਤਿਆਰ ਨਹੀਂ ਸੀ। ਉਧਰ ਜੈ ਪ੍ਰਕਾਸ਼ ਨਰਾਇਣ ਨੇ ਕਾਂਗਰਸ ਵਿਰੁੱਧ ਇਕ ਵੱਡੀ ਲਾਮਬੰਦੀ ਕਰ ਕੇ ਹਰ ਸੂਬੇ ਦੇ ਲੱਖਾਂ ਲੋਕਾਂ ਨੂੰ ਆਪਣੇ ਨਾਲ ਜੋੜ ਲਿਆ। ਮਨੁਖੀ ਹੱਕਾਂ ਦੀ ਪਹਿਰੇਦਾਰੀ ਕਰਨ ਵਾਲੇ ਵੀ ਉਸ ਨਾਲ ਸਹਿਮਤ ਸਨ। ਲੋਕਾਂ ਦੀ ਚੜ੍ਹਤ ਦੇਖ ਕੇ ਜੈ ਪ੍ਰਕਾਸ਼ ਨਰਾਇਣ ਨੇ ਫੌਜ ਨੂੰ ਵੀ ਬਗਾਵਤ ਕਰਨ ਦਾ ਸੱਦਾ ਦੇ ਦਿੱਤਾ। ਸੀ.ਪੀ.ਆਈ. ਤੇ ਉਸਦੇ ਆਕਾ ਰੂਸ ਦੀ ਖੁਫ਼ੀਆ ਏਜੰਸੀ ਕੇ.ਜੀ.ਬੀ. ਸਾਰੇ ਹਾਲਾਤ ਉਪਰ ਬਰਾਬਰ ਨਜ਼ਰ ਰੱਖ ਰਹੀ ਸੀ। ਦੱਸਦੇ ਨੇ ਕਿ ਇੰਦਰਾ ਗਾਂਧੀ ਨੇ ਰੂਸ ਦੀ ਸਲਾਹ ਤੇ ਹਮਾਇਤ ਨਾਲ ਹੀ ਦੇਸ਼ ਨੂੰ ਐਮਰਜੈਂਸੀ ਵੱਲ ਧੱਕ ਦਿੱਤਾ ਸੀ।

ਉਧਰ ਇੰਦਰਾ ਦੇ ਲਾਡਲੇ ਪੁਤ ਸੰਜੇ ਗਾਂਧੀ ਨੇ ਵੀ ਆਪ ਹੁਦਰੀਆਂ ਦੀ ਇੰਤਹਾ ਕਰ ਦਿੱਤੀ। ਉਹ ਲੋਕ ਸਭਾ ਵਿਚ ਵਿਰੋਧੀਆਂ ਨੂੰ ਗਾਲ੍ਹਾਂ ਕੱਢਣ ਤੇ ਜ਼ਬਰਦਸਤੀ ਬਾਹਰ ਕੱਢਣ ਤੱਕ ਜਾਂਦਾ ਰਿਹਾ। ਗੁੰਡਿਆਂ ਦਾ ਇਕ ਵੱਡਾ ਗਰੁਪ ਹਮੇਸ਼ਾਂ ਉਹਦੀ ਹਮਾਇਤ ਵਿਚ ਖੜ੍ਹਦਾ। ਜਬਰੀ ਨਸਬੰਦੀ ਵੀ ਸ਼ੁਰੂ ਕਰ ਦਿੱਤੀ ਗਈ। ਅਖੇ ਜਨ ਸੰਖਿਆ ਉਪਰ ਕਾਬੂ ਪਾਉਣਾ ਹੈ। ਹੇਠਲੇ ਪੱਧਰ 'ਤੇ ਅਫ਼ਸਰਾਂ ਨੂੰ ਤਰੱਕੀਆਂ ਦਾ ਲਾਲਚ ਦੇ ਕੇ ਵੱਧ ਤੋਂ ਵੱਧ ਕੇਸ ਲਿਆਉਣ ਦੀ ਸਖ਼ਤ ਹਦਾਇਤ ਕਰ ਦਿੱਤੀ ਗਈ। ਨਤੀਜਾ ਇਹ ਹੋਇਆ ਕਿ ਲੱਖਾਂ ਬੁੱਢਿਆਂ, ਛੜਿਆਂ




ਤੇ ਨੌਜਵਾਨਾਂ ਨੂੰ ਜਬਰੀ ਫੜ ਕੇ ਨਸਬੰਦੀ ਕਰ ਦਿੱਤੀ ਗਈ। ਲੋਕਾਂ ਵਿਚ ਹਾਹਾਕਾਰ ਮਚ ਗਈ। ਇੰਦਰਾ ਨੇ ਵੀਹ ਨੁਕਾਤੀ ਪ੍ਰੋਗਰਾਮ ਲਾਗੂ ਕੀਤਾ। ਜਿਸਦਾ ਮੁਖ ਉਦੇਸ਼ ਉਸਨੇ 'ਗਰੀਬੀ ਹਟਾਓ' ਦੱਸਿਆ ਪਰ ਅਸਲ ਵਿਚ ਇਹ 'ਗਰੀਬ ਹਟਾਓ' ਬਣ ਕੇ ਰਹਿ ਗਿਆ।

ਲੋਕ ਕਵੀ ਜੁਗਿੰਦਰ ਮਤਵਾਲੇ ਨੇ ਗਾਣਾ ਬਣਾ ਦਿੱਤਾ:

'ਵੀਹ ਨੁਕਤੇ ਅੰਮਾਂ ਦੇ, ਨੁਕਤੇ ਪੁੱਤਰ ਪੰਜ ਬਣਾਏ
ਬਾਕੀ ਉਡ ਗਏ ਨੁਕਤੇ, ਨੁਕਤਾ ਇਕੋ ਭੜਥੂ ਪਾਏ।'

ਇਹ ਗੀਤ ਬੜਾ ਮਕਬੂਲ ਹੋਇਆ। ਪਿੰਡਾਂ, ਸ਼ਹਿਰਾਂ ਦੇ ਲੋਕਾਂ ਦੀ ਜ਼ੁਬਾਨ ਉਪਰ ਇਹ ਗੀਤ ਗੂੰਜਣ ਲਗ ਗਿਆ।

ਕਿਉਂਕਿ ਪੰਜਾਬ ਸਟੂਡੈਂਟਸ ਯੂਨੀਅਨ ਨੇ ਵੀ ਐਮਰਜੈਂਸੀ ਦੀ ਸਖ਼ਤ ਵਿਰੋਧਤਾ ਕੀਤੀ ਸੀ; ਇਸ ਲਈ ਕਿੰਨੇ ਹੀ ਜਾਣੇ ਜਾਂਦੇ ਤੇ ਲੰਮੇ ਸਮੇਂ ਤੋਂ ਕੰਮ ਕਰਦੇ ਆਗੂਆਂ ਦੇ ਵਾਰੰਟ ਕੱਢੇ ਗਏ ਅਤੇ ਕਈਆਂ ਨੇ ਇਹਤਿਆਤ ਵਜੋਂ ਆਪਣੀਆਂ ਸਰਗਰਮੀਆਂ ਗੁਪਤ ਅਤੇ ਅਰਧ ਗੁਪਤ ਕਰ ਦਿੱਤੀਆਂ। ਉਹ ਪਿੰਡਾਂ, ਸ਼ਹਿਰਾਂ ਤੇ ਕਾਲਜਾਂ ਵਿਚ ਲੁਕਵੇਂ ਢੰਗ ਨਾਲ ਮੀਟਿੰਗਾਂ ਕਰਾਉਂਦੇ ਤੇ ਹੋਰਾਂ ਨੂੰ ਇਸ ਲਈ ਤਿਆਰ ਕਰਦੇ। ਰਾਤਾਂ ਨੂੰ ਐਮਰਜੈਂਸੀ ਦਾ ਵਿਰੋਧ ਕਰਦੇ ਇਸ਼ਤਿਹਾਰ ਲਗਾਉਂਦੇ ਅਤੇ ਸਕੂਲਾਂ ਕਾਲਜਾਂ ਦੀਆਂ ਕੰਧਾਂ ਕਾਲੇ ਤੇ ਲਾਲ ਰੰਗ ਦੇ ਰੰਗਾਂ ਨਾਲ ਨਾਹਰੇ ਲਿਖ ਕੇ ਭਰ ਦਿੰਦੇ। ਲੇਖਕਾਂ ਅਤੇ ਕਵੀਆਂ 'ਚੋਂ ਵੀ ਬਹੁਤ ਸਾਰੇ ਜਾਂ ਤਾਂ ਫੜ ਲਏ ਗਏ ਅਤੇ ਜਾਂ ਉਨ੍ਹਾਂ ਦੇ ਘਰਾਂ ਵਿਚ ਛਾਪੇ ਮਾਰੇ ਜਾਂਦੇ ਸਨ।

ਬੱਸਾਂ ਵਿਚ ਸਫ਼ਰ ਕਰਨ ਸਮੇਂ ਵੀ ਅਸੀਂ ਬਹੁਤ ਹੀ ਚੌਕਸੀ ਤੋਂ ਕੰਮ ਲੈਂਦੇ। ਜਿਵੇਂ ਵੱਡੇ ਸ਼ਹਿਰ ਦੇ ਅੱਡੇ ਤੋਂ ਚੜ੍ਹਨ ਦੀ ਬਜਾਇ ਉਸ ਦੇ ਨਾਲ ਲਗਦੇ ਪਿੰਡ ਤੋਂ ਚੜ੍ਹਿਆ ਜਾਂਦਾ ਜਾਂ ਜ਼ਿਆਦਾਤਰ ਥੋੜ੍ਹੇ ਸਫ਼ਰ ਲਈ ਸਾਈਕਲ ਦੀ ਵਰਤੋਂ ਹੀ ਠੀਕ ਸਮਝਦੇ। ਯੂਨੀਅਨ ਦੇ ਆਗੂਆਂ ਦੇ ਕਾਲਜਾਂ- ਯੂਨੀਵਰਸਿਟੀਆਂ ਵਿਚ ਦਾਖ਼ਲੇ 'ਤੇ ਪਾਬੰਦੀ ਲਾ ਦਿੱਤੀ ਗਈ ਸੀ। ਇਨ੍ਹਾਂ ਦਿਨਾਂ ਵਿਚ ਯੂਨੀਅਨ ਤੇ ਹੋਰ ਸਭਾਵਾਂ ਦੇ ਵਰਕਰ ਮੋਢੇ 'ਤੇ ਲੰਮੀ ਬੱਧਰੀ ਵਾਲਾ ਝੋਲਾ ਪਾਉਂਦੇ ਆਮ ਹੀ ਦੇਖੇ ਜਾਂਦੇ ਸਨ। ਜਿਸ ਵਿਚ ਰਾਤ ਕੱਟਣ ਲਈ ਕੁੜਤਾ ਪਜਾਮਾ ਤੇ ਜਾਂ ਕੋਈ ਮੈਗਜ਼ੀਨ ਕਿਤਾਬ ਹੁੰਦੀ ਸੀ। ਫਿਰ ਵੀ ਆਮ ਤੌਰ 'ਤੇ ਅਣਗਹਿਲੀ ਵਰਤੀ ਜਾਂਦੀ ਸੀ। ਸਾਡੇ ਨਾਲ ਹੀ ਇਕ ਘਟਨਾ ਅਜਿਹੀ ਵਾਪਰੀ। ਮਾਣੂਕੇ ਪਿੰਡ ਵਿਚ ਖੇਤਾਂ ਵਿਚ ਵੱਸਦੇ ਇਕ ਡੇਰੇ 'ਤੇ ਸਾਡੀ ਸਕੂਲਿੰਗ ਸੀ। ਸਵੇਰੇ ਅਸੀਂ ਨਾਲ ਦੇ ਪਿੰਡ ਤੋਂ ਚੜ੍ਹ ਕੇ ਬਾਘੇ ਪੁਰਾਣੇ ਆਉਣਾ ਸੀ ਤੇ ਉਥੋਂ ਲੁਧਿਆਣੇ ਵੱਲ ਦੀ ਬੱਸ ਲੈ ਕੇ ਜਲੰਧਰ ਪਹੁੰਚਣਾ ਸੀ। ਇਕ ਬੰਦਾ ਸਾਨੂੰ ਬੜੀ ਗਹਿਰੀ ਨਜ਼ਰ ਨਾਲ ਦੇਖ ਰਿਹਾ ਸੀ। ਸਾਡੇ ਨਾਲ ਹੀ ਉਹ ਵੀ ਬਸ ਚੜ੍ਹ ਗਿਆ। ਮੇਰੇ ਨਾਲ ਕਮਲਜੀਤ ਵਿਰਕ ਸੀ ਜੋ ਉਸ ਸਮੇਂ ਸੂਬਾ ਕਮੇਟੀ ਮੈਂਬਰ ਵੀ ਸੀ। ਸਾਡੇ ਗਲਾਂ ਵਿਚ ਵੀ ਲੰਮੀ ਬਧਰੀ ਵਾਲੇ ਝੋਲੇ ਪਾਏ ਹੋਏ ਸਨ। ਸਾਡੇ ਕੱਪੜੇ ਵੀ ਮਾਲਵੇ 'ਚ ਪਹਿਨੇ ਜਾਂਦੇ (ਕੁੜਤਾ ਪਜਾਮਾ ਆਦਿ) ਕੱਪੜਿਆਂ ਵਰਗੇ ਨਹੀਂ ਸਨ। ਅਸੀਂ ਤਾਂ ਪੈਂਟ-ਸ਼ਰਟ ਪਾਈ ਹੋਈ ਸੀ। ਉਸ ਨੂੰ ਸ਼ੱਕ ਹੋ ਗਿਆ। ਅਸੀਂ ਆਪਣੀ ਅਣਗਹਿਲੀ ਨੂੰ ਕੋਸ ਰਹੇ ਸੀ। ਬਾਘੇ ਪੁਰਾਣੇ ਬੱਸ ਅੱਡੇ ਦੇ ਨਾਲ ਹੀ ਪੁਲਸ ਥਾਣਾ ਹੁੰਦਾ ਸੀ। ਉਹ ਬੰਦਾ ਕਾਹਲੀ ਨਾਲ ਥਾਣੇ ਜਾ ਵੜ੍ਹਿਆ। ਸਾਡਾ ਸ਼ੱਕ ਪੱਕਾ ਹੋ ਗਿਆ। ਉਨ੍ਹਾਂ ਦਿਨਾਂ ਵਿਚ ਸੈਲੂਅਰ ਫੋਨ ਤਾਂ ਹੁੰਦੇ ਨਹੀਂ ਸਨ। ਨਹੀਂ ਤਾਂ ਉਸ ਨੇ ਫੋਨ ਕਰ ਕੇ ਹੀ ਇਤਲਾਹ ਦੇ ਦੇਣੀ ਸੀ। ਅੱਡੇ ਵਿਚ ਲੁਧਿਆਣਾ ਅਤੇ ਫ਼ਰੀਦਕੋਟ ਵਾਲੀਆਂ ਬੱਸਾਂ ਵੀ ਤਿਆਰ ਖੜ੍ਹੀਆਂ ਸਨ। ਅਸੀਂ ਫਰੀਦਕੋਟ ਵਾਲੀ ਬੱਸ ਵਿਚ ਚੜ੍ਹ ਗਏ ਜੋ ਸਾਡੇ ਚੜ੍ਹਦਿਆਂ ਹੀ ਤੁਰ ਪਈ। ਸਾਡਾ ਸਾਹ ਵਿਚ ਸਾਹ ਆਇਆ ਤੇ ਬਚਾਅ ਹੋ ਗਿਆ। ਉਸ ਤੋਂ ਬਾਅਦ ਮਾਲਵੇ ਵਾਲੇ ਸਾਥੀ ਪੈਂਟ ਕਮੀਜ਼ ਪਾ ਕੇ ਆਉਂਦੇ ਤੇ ਦੁਆਬੇ ਵਾਲੇ ਮਾਲਵੇ ਜਾਂ ਮਾਝੇ ਜਾਣ ਲਈ ਆਮ ਤੌਰ 'ਤੇ ਕੁੜਤਾ ਪਜਾਮਾ ਤੇ ਪਰਨਾ ਜ਼ਰੂਰ ਲੈ ਕੇ ਜਾਂਦੇ। ਮਾਲਵੇ ਵਿਚ ਉਨ੍ਹੀਂ ਦਿਨੀਂ ਪਰਨੇ ਜਾਂ ਸਾਫ਼ੇ ਨੂੰ 'ਸਮੋਸਾ' ਕਹਿੰਦੇ ਹੁੰਦੇ ਸਨ। ਸਾਨੂੰ ਬੜਾ ਹਾਸਾ ਆਉਣਾ।

ਸਾਈਕਲ ਉਪਰ ਹੀ ਤੀਹ-ਚਾਲੀ ਕਿਲੋਮੀਟਰ ਦਾ ਸਫ਼ਰ ਕਰਨਾ ਆਮ ਜਹੀ ਗੱਲ ਹੁੰਦੀ ਸੀ। ਬਹੁਤੇ ਸਾਥੀ ਇਸ ਦੀ ਹੀ ਵਰਤੋਂ ਕਰਦੇ ਸਨ। ਸਿਰਫ਼ ਜ਼ਿਆਦਾ ਦੂਰ ਜਾਣ ਸਮੇਂ ਹੀ ਬੱਸ ਜਾਂ ਰੇਲ ਦੀ ਸਵਾਰੀ ਕਰਦੇ। ਕਈ ਵਾਰ ਚੌਕਸੀ ਵਰਤੀ ਵੀ ਕੰਮ ਨਹੀਂ ਆਉਂਦੀ। ਇਸੇ ਤਰ੍ਹਾਂ ਸਾਡੀ ਗ੍ਰਿਫ਼ਤਾਰੀ ਵੇਲੇ ਹੋਇਆ। ਅਸੀਂ (ਮੈਂ ਅਤੇ ਕਮਲਜੀਤ ਵਿਰਕ ਜੋ ਦੁਆਬੇ ਦੀ ਅਗਵਾਈ ਕਰਦਾ ਸੀ) ਫਗਵਾੜੇ ਤੋਂ ਜਲੰਧਰ ਜਾਣਾ ਸੀ। ਉਸ ਰਾਤ ਸਾਡੀ ਸੂਬਾ ਕਮੇਟੀ ਦੀ ਮੀਟਿੰਗ ਸੀ ਪਰ ਸਾਡੇ ਤੋਂ ਬਗੈਰ ਕਿਸੇ ਨੂੰ ਪਤਾ ਨਹੀਂ ਸੀ ਕਿ ਮੀਟਿੰਗ ਦੀ ਥਾਂ ਕਿਹੜੀ ਹੈ। ਬੱਸ ਅੱਡੇ ਦੇ ਨਾਲ ਨਰਿੰਦਰ ਸਿਨਮੇ 'ਤੇ ਅਸੀਂ ਸਭ ਨੂੰ ਮਿਲਣਾ ਸੀ। ਸੋ ਅਸੀਂ ਫਗਵਾੜੇ ਦੇ ਮੁੱਖ ਅੱਡੇ ਤੋਂ ਚੜ੍ਹਨ ਦੀ ਬਜਾਏ ਦੋ ਕੁ ਮੀਲ ਹਟਵੇਂ ਚੱਕ ਹਕੀਮ ਦੇ ਅੱਡੇ ਤੋਂ ਬੱਸ ਫੜ ਕੇ ਜਲੰਧਰ ਪਹੁੰਚੇ। ਥੋੜ੍ਹੇ ਸਮੇਂ ਵਿਚ ਜਦੋਂ ਫਰੀਦਕੋਟ, ਅੰਮ੍ਰਿਤਸਰ ਤੇ ਬਠਿੰਡਾ, ਸੰਗਰੂਰ ਵਾਲੇ ਸਾਥੀ ਪਹੁੰਚ ਗਏ ਤਾਂ ਅਚਾਨਕ ਸਿਵਲ ਕੱਪੜਿਆਂ ਵਿਚ ਹੱਟੇ-ਕੱਟੇ ਚੁਸਤ ਚਲਾਕ ਕੁਝ ਆਦਮੀਆਂ ਵਲੋਂ ਸਾਡੇ ਇਕ ਸਾਥੀ ਨੂੰ ਜੱਫਾ ਮਾਰ ਲਿਆ ਗਿਆ। ਸਾਡੇ ਖਾਨਿਉਂ ਗਈ ਕਿ ਇਹ ਕੀ ਭਾਣਾ ਵਰਤ ਗਿਆ। ਲੋਕਾਂ ਦੇ ਪੁਛਣ 'ਤੇ ਉਨ੍ਹਾਂ ਕਿਹਾ ਕਿ ਇਹ ਜੇਬ ਕਤਰੇ ਹਨ। ਅਸੀਂ ਭੱਜ ਨਿਕਲੇ। ਉਦੋਂ ਨਰਿੰਦਰ ਸਿਨਮੇ ਅਤੇ ਬੱਸ ਅੱਡੇ ਵਿਚਕਾਰ ਕੋਈ ਇਮਾਰਤ ਨਹੀਂ ਸੀ। ਇਹ ਫਰਵਰੀ ਦੇ ਪਹਿਲੇ ਹਫ਼ਤੇ 1976 ਦੀ ਗੱਲ ਹੈ। ਬੱਸ ਫਿਰ ਕੀ ਸੀ। ਪਹਿਲਾਂ ਤੋਂ ਹੀ ਉਡੀਕ ਕਰਦੀ ਇਹ ਚਿੱਟ ਕੱਪੜਿਆਂ ਵਾਲੀ ਪੁਲਿਸ ਟੋਲੀ ਸੀ। ਸਾਡੇ ਵਿਚੋਂ ਹੀ ਇਕ ਨੇ ਇਸ ਮੀਟਿੰਗ ਦੀ ਸੂਹ ਦਿੱਤੀ ਸੀ ਪਰ ਉਸਨੂੰ ਇਹ ਨਹੀਂ ਸੀ ਪਤਾ ਕਿ ਅਸੀਂ ਸਾਡੇ ਪਿੰਡ ਹਰਦੋ ਫਰਾਲਾ (ਨੇੜੇ ਜਲੰਧਰ ਛਾਉਣੀ) ਦੀ ਅਖ਼ੀਰਲੀ ਬੱਸ ਫੜ ਕੇ ਪਿੰਡ ਜਾਣਾ ਸੀ। ਨਹੀਂ ਤਾਂ ਉਨ੍ਹਾਂ ਬੜੇ ਅਰਾਮ ਨਾਲ ਸਾਨੂੰ ਸਾਡੇ ਪਿੰਡ ਤੋਂ ਹੀ ਗ੍ਰਿਫ਼ਤਾਰ ਕਰ ਲੈਣਾ ਸੀ ਅਤੇ ਇਲਜ਼ਾਮ ਵੀ ਮੇਰੇ ਸਿਰ ਹੀ ਆ ਜਾਣਾ ਸੀ।

ਉਸੇ ਰਾਤ ਸਾਨੂੰ ਅਲੱਗ-ਅਲੱਗ ਕਰ ਕੇ ਆਪੋ ਆਪਣੇ ਜ਼ਿਲ੍ਹਿਆਂ ਵਿਚ ਲਿਜਾਇਆ ਗਿਆ। ਫੜਨ ਸਮੇਂ ਚੰਗੀ ਗੱਲ ਇਹ ਹੋਈ ਕਿ ਸਾਡਾ ਇਕ ਵਰਕਰ ਜੰਡਿਆਲਾ (ਮੰਜਕੀ) ਤੋਂ ਫਿਲਮ ਦੇਖਣ ਆਇਆ ਹੋਇਆ ਸੀ। ਉਸ ਨੇ ਜਾ ਕੇ ਅਜੀਤ ਵਿਚ ਖ਼ਬਰ ਲੁਆ ਦਿੱਤੀ ਕਿ ਸਾਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਥਾਣੇ ਵਾਲੇ ਵੀ ਹੈਰਾਨ ਕਿ ਇਹ ਕਿਵੇਂ ਹੋ ਗਿਆ। ਸਾਡੇ ਬਚਾਅ ਲਈ ਇਹ ਬੜਾ ਸਹਾਈ ਹੋਇਆ। ਇਕ ਰਾਤ ਸੀ.ਆਈ.ਏ. ਸਟਾਫ਼ ਵਿਚ ਰਾਤ ਕੱਟਣ ਤੇ ਤਫਤੀਸ਼ ਕਰਨ ਤੋਂ ਬਾਅਦ ਸਾਡਾ ਇਕ ਹਫ਼ਤੇ ਦਾ ਰਿਮਾਂਡ ਇੰਟੈਰੋਗੇਸ਼ਨ ਸੈਂਟਰ ਅੰਮ੍ਰਿਤਸਰ ਦਾ ਲੈ ਲਿਆ ਗਿਆ। ਬਾਅਦ ਵਿਚ ਜੇਲ੍ਹਾਂ, ਡੀ.ਆਈ.ਆਰ ਤੇ ਮੀਸਾ ਵਰਗੇ ਕਾਨੂੰਨਾਂ ਤਹਿਤ ਅਸੀਂ ਸਾਰੀ ਐਮਰਜੈਂਸੀ ਬੰਦ ਰਹੇ। ਸਗੋਂ ਉਸ ਤੋਂ ਵੀ ਬਾਅਦ ਜਨਤਾ ਸਰਕਾਰ ਬਣਨ ਸਮੇਂ ਹੀ ਰਿਹਾਅ ਹੋਏ।

# ਇਜ਼ਰਾਈਲ-ਇਰਾਨ ਜੰਗ: ਵਿਸ਼ਵ ਪੱਧਰੀ ਸੰਕਟ

ਮੌਜੂਦਾ ਸਮੇਂ, ਇਜ਼ਰਾਈਲ ਅਤੇ ਇਰਾਨ ਵਿਚਕਾਰ ਜਾਰੀ ਸੰਘਰਸ਼ ਨੇ ਮੱਧ ਪੂਰਬ ਨੂੰ ਖਤਰਨਾਕ ਮੋੜ 'ਤੇ ਲਿਆ ਖੜ੍ਹਾ ਕੀਤਾ ਹੈ। ਇਹ ਸੰਘਰਸ਼, ਜੋ 13 ਜੂਨ 2025 ਨੂੰ ਇਜ਼ਰਾਈਲ ਦੇ ਅਚਾਨਕ ਹਵਾਈ ਹਮਲਿਆਂ ਨਾਲ ਸ਼ੁਰੂ ਹੋਇਆ, ਨੇ ਨਾ ਸਿਰਫ ਦੋਵਾਂ ਦੇਸ਼ਾਂ ਦੇ ਸਬੰਧਾਂ ਨੂੰ ਤਣਾਅਪੂਰਨ ਬਣਾਇਆ ਹੈ, ਸਗੋਂ



**ਸੰਦੀਪ ਕੁਮਾਰ**
**ਫੋਨ: 70098-07121**

ਸਾਰੇ ਸੰਸਾਰ ਨੂੰ ਇੱਕ ਅਜਿਹੇ ਸੰਕਟ ਦੀ ਦਹਿਲੀਜ਼ 'ਤੇ ਲਿਆ ਖੜ੍ਹਾ ਕੀਤਾ ਹੈ ਜਿਸ ਦੇ ਭਵਿਖੀ ਨਤੀਜੇ ਬਹੁਤ ਭਿਆਨਕ ਹੋ ਸਕਦੇ ਹਨ। ਇਹ ਲੇਖ ਇਸ ਜੰਗ ਦੇ ਮੁੱਖ ਕਾਰਨਾਂ, ਵਰਤਮਾਨ ਸਥਿਤੀ ਅਤੇ ਸੰਸਾਰ ਪੱਧਰ 'ਤੇ ਇਸ ਦੇ ਸੰਭਾਵੀ ਪ੍ਰਭਾਵਾਂ ਦਾ ਵਿਸਤਾਰ ਨਾਲ ਵਿਸ਼ਲੇਸ਼ਣ ਕਰਦਾ ਹੈ।

ਇਜ਼ਰਾਈਲ ਅਤੇ ਇਰਾਨ ਵਿਚਕਾਰ ਵੈਰ-ਵਿਰੋਧ ਦੀਆਂ ਜੜ੍ਹਾਂ ਬਹੁਤ ਡੂੰਘੀਆਂ ਹਨ। ਸਾਲ 1979 ਦੇ ਇਰਾਨੀ ਇਨਕਲਾਬ ਤੋਂ ਬਾਅਦ, ਜਦੋਂ ਇਰਾਨ ਵਿਚ ਇਸਲਾਮੀ ਗਣਰਾਜ ਦੀ ਸਥਾਪਨਾ ਹੋਈ, ਦੋਵਾਂ ਦੇਸ਼ਾਂ ਦੇ ਸਬੰਧ ਤੇਜ਼ੀ ਨਾਲ ਵਿਗੜਦੇ ਗਏ। ਇਰਾਨ ਦੀ "ਇਜ਼ਰਾਈਲ ਨੂੰ ਖਤਮ ਕਰਨ" ਦੀ ਨੀਤੀ ਅਤੇ ਇਸ ਦੇ ਹੱਕ ਵਿਚ ਖੜ੍ਹਨ ਵਾਲੇ ਸੰਗਠਨਾਂ ਜਿਵੇਂ ਕਿ ਹਿਜ਼ਬੁੱਲਾ, ਹਮਾਸ ਅਤੇ ਹੂਥੀਆਂ ਦੇ ਸਮਰਥਨ ਨੇ ਇਜ਼ਰਾਈਲ ਨੂੰ ਸੁਰੱਖਿਆ ਦੇ ਮਾਮਲੇ ਵਿਚ ਸਦਾ ਚੌਕਸ ਰਹਿਣ ਲਈ ਮਜਬੂਰ ਕੀਤਾ। ਇਸ ਦੇ ਨਾਲ ਹੀ, ਇਰਾਨ ਦਾ ਪਰਮਾਣੂ ਪ੍ਰੋਗਰਾਮ ਇਜ਼ਰਾਈਲ ਅਤੇ ਪੱਛਮੀ ਦੇਸ਼ਾਂ ਲਈ ਸਭ ਤੋਂ ਵੱਡੀ ਚਿੰਤਾ ਦਾ ਵਿਸ਼ਾ ਰਿਹਾ ਹੈ। ਇਸੇ ਸਾਲ 13 ਜੂਨ 2025 ਨੂੰ, ਇਜ਼ਰਾਈਲ ਨੇ 'ਆਪ੍ਰੇਸ਼ਨ ਰਾਈਜ਼ਿੰਗ ਲਾਇਨ' ਦੇ ਨਾਮ ਹੇਠ ਇਰਾਨ ਦੇ ਪਰਮਾਣੂ ਅਤੇ ਫੌਜੀ ਟਿਕਾਣਿਆਂ 'ਤੇ ਵੱਡੇ ਪੈਮਾਨੇ 'ਤੇ ਹਵਾਈ ਹਮਲੇ ਸ਼ੁਰੂ ਕੀਤੇ। ਇਨ੍ਹਾਂ ਹਮਲਿਆਂ ਵਿਚ ਇਰਾਨ ਦੇ ਨਤਾਨਜ਼ ਅਤੇ




ਇਸਫਹਾਨ ਵਿਚ ਸਥਿਤ ਪਰਮਾਣੂ ਸਹੂਲਤਾਂ, ਮਿਜ਼ਾਈਲ ਅੱਡਿਆਂ ਅਤੇ ਕਈ ਉੱਚ ਅਧਿਕਾਰੀਆਂ ਨੂੰ ਨਿਸ਼ਾਨਾ ਬਣਾਇਆ ਗਿਆ। ਇਜ਼ਰਾਈਲ ਦੇ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਨੇ ਦਾਅਵਾ ਕੀਤਾ ਕਿ ਇਹ ਹਮਲੇ ਇਰਾਨ ਦੇ ਪਰਮਾਣੂ ਪ੍ਰੋਗਰਾਮ ਨੂੰ ਕਈ ਸਾਲ ਪਿੱਛੇ ਧੱਕਣ ਲਈ ਜ਼ਰੂਰੀ ਸਨ। ਇਸ ਦੇ ਜਵਾਬ ਵਿਚ, ਇਰਾਨ ਨੇ ਤੁਰੰਤ ਇਜ਼ਰਾਈਲ 'ਤੇ ਸੈਂਕੜੇ ਬੈਲਿਸਟਿਕ ਮਿਜ਼ਾਈਲਾਂ ਅਤੇ ਡਰੋਨ ਹਮਲੇ ਕੀਤੇ, ਜਿਨ੍ਹਾਂ ਨੇ ਤਲ ਅਵੀਵ, ਹੈਫਾ ਅਤੇ ਜੇਰੂਸਲਮ ਵਰਗੇ ਸ਼ਹਿਰਾਂ ਨੂੰ ਨਿਸ਼ਾਨਾ ਬਣਾਇਆ।

ਇਰਾਨ ਦੇ ਸੁਪਰੀਮ ਲੀਡਰ ਅਯਾਤੁੱਲਾ ਅਲੀ ਖਾਮੇਨਈ ਨੇ ਇਜ਼ਰਾਈਲ ਦੇ ਹਮਲਿਆਂ ਨੂੰ 'ਅਪਰਾਧ' ਕਰਾਰ ਦਿੱਤਾ ਅਤੇ 'ਸਖਤ ਸਜ਼ਾ' ਦੀ ਚੇਤਾਵਨੀ ਦਿੱਤੀ। ਦੂਜੇ ਪਾਸੇ, ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਇਸ ਸੰਘਰਸ਼ ਵਿਚ ਅਮਰੀਕਾ ਦੀ ਸਿੱਧੀ ਸ਼ਮੂਲੀਅਤ ਨੂੰ ਨਕਾਰਦੇ ਹੋਏ ਇਰਾਨ ਨੂੰ ਅਮਰੀਕੀ ਹਿੱਤਾਂ 'ਤੇ ਹਮਲੇ ਨਾ ਕਰਨ ਦੀ ਚੇਤਾਵਨੀ ਦਿੱਤੀ। ਹਾਲਾਂਕਿ, ਅਮਰੀਕੀ ਹਵਾਈ ਸੁਰੱਖਿਆ ਪ੍ਰਣਾਲੀਆਂ ਨੇ ਇਜ਼ਰਾਈਲ ਦੀ ਸਹਾਇਤਾ ਲਈ ਇਰਾਨੀ ਮਿਜ਼ਾਈਲਾਂ ਨੂੰ ਰੋਕਣ ਵਿਚ ਅਹਿਮ ਭੂਮਿਕਾ ਨਿਭਾਈ। ਦੋਵਾਂ ਪਾਸਿਆਂ ਵੱਲੋਂ ਲਗਾਤਾਰ ਮਿਜ਼ਾਈਲ ਅਤੇ ਡਰੋਨ ਹਮਲੇ ਜਾਰੀ ਹਨ। ਇਰਾਨ ਦੇ ਸਿਹਤ ਮੰਤਰਾਲੇ ਅਨੁਸਾਰ, ਇਜ਼ਰਾਈਲ ਦੇ ਹਮਲਿਆਂ ਵਿਚ 224 ਤੋਂ ਵੱਧ ਲੋਕ ਮਾਰੇ ਗਏ ਹਨ, ਜਿਨ੍ਹਾਂ ਵਿਚ 90% ਆਮ ਨਾਗਰਿਕ ਸ਼ਾਮਲ ਹਨ, ਅਤੇ 1400 ਤੋਂ ਵੱਧ ਜ਼ਖਮੀ ਹੋਏ ਹਨ। ਇਜ਼ਰਾਈਲ ਵਿਚ, ਇਰਾਨ ਦੇ ਜਵਾਬੀ ਹਮਲਿਆਂ ਵਿਚ 24 ਲੋਕ ਮਾਰੇ ਗਏ ਅਤੇ 600 ਦੇ ਕਰੀਬ ਜ਼ਖਮੀ ਹੋਏ। ਦੋਵਾਂ ਦੇਸ਼ਾਂ ਦੀਆਂ ਹਵਾਈ ਸਹੂਲਤਾਂ ਬੰਦ ਕਰ ਦਿੱਤੀਆਂ ਗਈਆਂ ਹਨ ਅਤੇ ਤਹਿਰਾਨ, ਤਲ ਅਵੀਵ ਅਤੇ ਹੈਫਾ ਵਰਗੇ ਸ਼ਹਿਰਾਂ ਵਿਚ ਤਬਾਹੀ ਦੇ ਦ੍ਰਿਸ਼ ਦੇਖਣ ਨੂੰ ਮਿਲ ਰਹੇ ਹਨ। ਇਜ਼ਰਾਈਲ ਨੇ ਇਰਾਨ ਦੀ ਸਟੇਟ ਟੀਵੀ, ਪਰਮਾਣੂ ਸਹੂਲਤਾਂ ਅਤੇ ਇਸਲਾਮਿਕ ਰੈਵੋਲੂਸ਼ਨਰੀ ਗਾਰਡ ਕੋਰ (ਆਈਆਰਜੀਸੀ) ਦੇ ਅੱਡਿਆਂ ਨੂੰ ਨਿਸ਼ਾਨਾ ਬਣਾਇਆ, ਜਿਸ ਵਿਚ ਕਈ ਉੱਚ ਅਧਿਕਾਰੀਆਂ ਦੀ ਮੌਤ ਹੋਈ। ਇਸ ਦੇ ਜਵਾਬ ਵਿਚ, ਇਰਾਨ ਨੇ ਇਜ਼ਰਾਈਲ ਦੇ ਸਭ ਤੋਂ ਵੱਡੇ ਤੇਲ ਰਿਫਾਇਨਰੀ ਅਤੇ ਸੈਨਿਕ ਅੱਡਿਆਂ 'ਤੇ ਹਮਲੇ ਕੀਤੇ। ਇਸ ਸੰਘਰਸ਼ ਨੇ ਨਾ ਸਿਰਫ ਮੱਧ ਪੂਰਬ ਨੂੰ, ਸਗੋਂ ਪੂਰੇ ਸੰਸਾਰ ਨੂੰ ਇੱਕ ਅਨਿਸ਼ਚਿਤ

**(ਬਾਕੀ ਅਗਲੇ ਸਫੇ 'ਤੇ)**

## 1975 ਦੀ ਐਮਰਜੈਂਸੀ ਦੀਆਂ ਯਾਦਾਂ 'ਚੋਂ

# ਜਦ ਰੂਪੋਸ਼ ਹੋ ਕੇ ਲੜੀ ਬਹੁਚਰਚਿਤ ਸਾਂਝੀ ਅਧਿਆਪਕ ਜਥੇਬੰਦੀ ਦੀ ਚੋਣ

**ਯਸ਼ ਪਾਲ**
**ਫੋਨ: 98145-35005**

ਘਟਨਾ ਅਗਸਤ 1976 ਦੀ ਹੈ। ਸਹੀ ਤਾਰੀਖ਼ ਯਾਦ ਨਹੀਂ। ਉਸ ਸਮੇਂ ਤਤਕਾਲੀ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਵੱਲੋਂ 25 ਜੂਨ 1975 ਤੋਂ ਮੁਲਕ ਭਰ 'ਚ ਐਲਾਨੀ ਗਈ ਐਮਰਜੈਂਸੀ ਹਾਲੇ ਖ਼ਤਮ ਨਹੀਂ ਸੀ ਹੋਈ। ਅਧਿਆਪਕ ਲਹਿਰ ਦੀ ਅਜੋਕੀ ਚੱਲ ਰਹੀ ਖਿੰਡੀ-ਪੁੰਡੀ ਹਾਲਤ ਦੇ ਉਲਟ, ਉਸ ਸਮੇਂ ਅਧਿਆਪਕ ਵਰਗ ਦੀ ਮੁੱਖ ਤੌਰ 'ਤੇ ਨੁਮਾਇੰਦਾ ਸਾਂਝੀ ਜਥੇਬੰਦੀ ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਹੀ ਸੀ। ਜਿਸ ਦੀਆਂ ਸੰਵਿਧਾਨ ਅਨੁਸਾਰ ਨਿਸ਼ਚਿਤ ਸਮੇਂ ਤੋਂ ਬਾਅਦ ਬਾਕਾਇਦਾ ਵੋਟਾਂ ਪਾ ਕੇ ਚੋਣਾਂ ਹੁੰਦੀਆਂ ਸਨ। ਇਨ੍ਹਾਂ ਚੋਣਾਂ ਦੀ ਪੰਜਾਬ ਭਰ 'ਚ ਹੋਰਨਾਂ ਮੁਲਾਜ਼ਮ ਤਬਕਿਆਂ ਅੰਦਰ ਵੀ ਖੂਬ ਚਰਚਾ ਹੁਦੀ ਸੀ। ਇਉਂ ਇਸ ਚੁਣੀ ਹੋਈ ਅਧਿਆਪਕ ਜਥੇਬੰਦੀ ਦਾ ਜਿੱਥੇ ਸਰਕਾਰ ਤੇ ਅਫਸਰਸ਼ਾਹੀ ਉਪਰ ਦਬਾਅ ਹੁੰਦਾ ਸੀ, ਉਥੇ ਇਹ ਜਥੇਬੰਦੀ ਹੋਰਨਾਂ ਮੁਲਾਜ਼ਮ ਜਥੇਬੰਦੀਆਂ ਲਈ ਵੀ ਪ੍ਰੇਰਨਾ ਸਰੋਤ ਤੇ ਰਾਹ ਦਸੇਰਾ ਬਣਦੀ ਸੀ। ਸਾਂਝੀ ਮੁਲਾਜ਼ਮ ਲਹਿਰ ਲਈ ਵੀ ਗੁੱਲੀ ਦੀ ਭੂਮਿਕਾ ਨਿਭਾਉਂਦੀ ਸੀ।


ਗੌ.ਟੀ.ਯੂ. ਅੰਦਰ ਕੰਮ ਕਰਦੀਆਂ ਮੁੱਖ ਧਿਰਾਂ, ਢਿੱਲੋਂ ਗਰੁੱਪ ਤੇ ਰਾਣਾ ਗਰੁੱਪ, ਦੇ ਮੁਕਾਬਲੇ 'ਚ ਮੈਂ ਤੇ ਮੇਰੇ ਹੋਰ ਸਾਥੀ ਤੀਜੀ ਧਿਰ 'ਲੰਬੀ ਗਰੁੱਪ' ਵੱਲੋਂ ਪੰਜਾਬ ਭਰ ਅੰਦਰ ਬਲਾਕ ਤੇ ਜ਼ਿਲ੍ਹਾ ਪ੍ਰਧਾਨ ਦੀ ਚੋਣ ਲੜਦੇ ਸਾਂ। 1972 'ਚ, ਵੱਖ-ਵੱਖ ਗਰੁੱਪਾਂ 'ਚ ਵੰਡੀ ਹੋਈ ਅਧਿਆਪਕ ਲਹਿਰ ਨੂੰ ਉਕਤ ਸੰਵਿਧਾਨ ਤਹਿਤ ਮੁੜ ਇੱਕਮੁੱਠ ਕਰ ਕੇ ਵੱਖ-ਵੱਖ ਵਿਚਾਰਾਂ ਨੂੰ ਸਮੋਣ ਵਾਲੀ ਸਾਂਝੀ ਜਥੇਬੰਦੀ ਦੀ ਉਸਾਰੀ 'ਚ 'ਲੰਬੀ ਗਰੁੱਪ' ਧਿਰ ਦੀ ਮੋਹਰੀ ਭੂਮਿਕਾ ਰਹੀ ਸੀ। 1972 ਦੀ ਇਸ ਸਾਂਝੀ ਜਥੇਬੰਦੀ ਦੀ ਪਹਿਲੀ ਚੋਣ 'ਚ ਮੈਂ ਜ਼ਿਲ੍ਹਾ ਬਠਿੰਡਾ ਅੰਦਰ ਰਾਮਪੁਰਾ ਫੂਲ ਬਲਾਕ ਪ੍ਰਧਾਨ ਦੀ ਚੋਣ ਢਿੱਲੋਂ ਤੇ ਰਾਣਾ ਗਰੁੱਪ ਦੇ ਮੁਕਾਬਲੇ 'ਚ ਜਿੱਤੀ। ਉਸ ਤੋਂ ਬਾਅਦ ਮੈਨੂੰ ਆਪਣੀ ਧਿਰ ਵੱਲੋਂ ਜ਼ਿਲ੍ਹਾ ਪ੍ਰਧਾਨਗੀ ਦੀ ਚੋਣ ਲੜਾਈ ਜਾਂਦੀ ਰਹੀ।

ਉਕਤ ਐਮਰਜੈਂਸੀ ਦੌਰਾਨ ਉਸ ਸਮੇਂ ਦੀ ਕਾਂਗਰਸ ਸਰਕਾਰ ਵੱਲੋਂ, ਸਰਕਾਰ ਦਾ ਤਿੱਖਾ ਵਿਰੋਧ ਕਰਨ ਵਾਲੀਆਂ ਧਿਰਾਂ/ਜਥੇਬੰਦੀਆਂ/ਪਾਰਟੀਆਂ ਦੇ ਆਗੂਆਂ ਤੇ ਵਰਕਰਾਂ ਨੂੰ ਸਰਕਾਰ ਤੇ ਮੁਲਕ ਵਿਰੋਧੀ ਸਰਗਰਮੀਆਂ ਦਾ ਠੱਪਾ ਲਾ ਕੇ, ਡੀ.ਆਈ.ਆਰ./ਮੀਸਾ ਵਰਗੇ ਕਾਨੂੰਨਾਂ ਤਹਿਤ ਗ੍ਰਿਫਤਾਰ ਕਰ ਕੇ ਜੇਲ੍ਹਾਂ 'ਚ ਸੁੱਟ ਦਿੱਤਾ ਗਿਆ। ਜਿਨ੍ਹਾਂ 'ਚ ਮੈਂ ਵੀ 17 ਨਵੰਬਰ, 1975 ਤੋਂ 28 ਜੂਨ, 1976 ਤੱਕ ਬਠਿੰਡਾ ਤੇ ਸੰਗਰੂਰ ਜੇਲ੍ਹਾਂ ਅੰਦਰ ਲਗਭਗ 8 ਮਹੀਨੇ ਬੰਦ ਰਿਹਾ ਸਾਂ। ਮੈਂ ਗ੍ਰਿਫ਼ਤਾਰੀ ਸਮੇਂ ਸਰਕਾਰੀ ਹਾਈ ਸਕੂਲ ਬਰਗਾੜੀ (ਫ਼ਰੀਦਕੋਟ) ਵਿਖੇ ਬਤੌਰ ਸਾਇੰਸ ਮਾਸਟਰ ਕੰਮ ਕਰ ਰਿਹਾ ਸਾਂ, ਜਿੱਥੇ ਮੇਰੀ ਬਦਲੀ ਇਨ੍ਹਾਂ ਹੀ ਸਰਗਰਮੀਆਂ ਕਾਰਨ ਬਦਲਾ ਲਊ ਕਾਰਵਾਈ ਅਧੀਨ ਮਈ 1974 'ਚ ਸਰਕਾਰੀ ਹਾਈ ਸਕੂਲ ਫੂਲ (ਬਠਿੰਡਾ) ਤੋਂ ਕੀਤੀ ਗਈ ਸੀ। ਮੇਰੀ ਗ੍ਰਿਫ਼ਤਾਰੀ 8 ਨਵੰਬਰ, 1975 ਨੂੰ ਬਰਗਾੜੀ ਤੋਂ ਹੀ ਫੂਲ (ਬਠਿੰਡਾ) ਦੀ ਪੁਲਿਸ ਵੱਲੋਂ ਡੀ.ਆਈ.ਆਰ. ਅਧੀਨ ਕੀਤੀ ਗਈ ਸੀ। 10 ਦਿਨ ਹਵਾਲਾਤ ਦੀ 'ਹਵਾ' ਖੁਆਉਣ ਤੋਂ ਬਾਅਦ 17 ਨਵੰਬਰ ਨੂੰ ਬਠਿੰਡਾ ਜੇਲ੍ਹ ਅੰਦਰ ਭੇਜਿਆ ਗਿਆ। ਐਮਰਜੈਂਸੀ ਲੱਗਣ ਤੋਂ ਬਾਅਦ ਗ੍ਰਿਫ਼ਤਾਰੀ ਤੱਕ ਲਗਭਗ ਪੰਜ ਮਹੀਨੇ ਵਾਰੰਟਡ ਹੋਣ ਕਾਰਨ ਬਚ ਬਚਾ ਕੇ ਹੀ ਵਿਚਰਦਾ ਰਿਹਾ ਸੀ।

28 ਜੂਨ, 1976 ਨੂੰ ਸੰਗਰੂਰ ਜੇਲ੍ਹ ਤੋਂ ਬਠਿੰਡਾ ਵਿਖੇ ਪੇਸ਼ੀ 'ਤੇ ਆਏ ਦੀ ਜ਼ਮਾਨਤ ਹੋ ਗਈ। ਉਸ ਸਮੇਂ ਜ਼ਮਾਨਤ ਹੋਣ ਉਪਰੰਤ ਜੇਲ੍ਹੋਂ ਬਾਹਰ ਨਿਕਲਦੇ ਹੀ ਪੁਲਿਸ ਵੱਲੋਂ ਕੋਈ ਨਾ ਕੋਈ ਹੋਰ ਕੇਸ ਪਾ ਕੇ ਮੁੜ ਗ੍ਰਿਫ਼ਤਾਰ ਕਰ ਲਿਆ ਜਾਂਦਾ ਸੀ। ਪਰੰਤੂ ਮੈਂ ਇਤਫਾਕ ਵੱਸ ਪੁਲਿਸ ਦੇ ਪਹੁੰਚਣ ਤੋਂ ਪਹਿਲਾਂ ਹੀ ਜੇਲ੍ਹ ਦੀ ਡਿਉਢੀ 'ਚੋਂ ਹੀ ਜ਼ਮਾਨਤ ਦੇ ਕਾਗਜ਼ ਦੇ ਕੇ ਜੇਲ੍ਹੋਂ ਬਾਹਰ ਨਿਕਲ ਚੁੱਕਾ ਸੀ। ਮੈਂ ਜੇਲ੍ਹੋਂ ਬਾਹਰ ਜਾਣ ਸਮੇਂ ਮਲੇਰੀਏ ਬੁਖਾਰ ਨਾਲ ਬੁਰੀ ਤਰ੍ਹਾਂ ਪੀੜਤ ਸਾਂ। ਜੇਲ੍ਹੋਂ ਬਾਹਰ ਆਉਂਦਿਆਂ ਹੀ ਜ਼ਿਲ੍ਹਾ ਗਰੁੱਪ ਦਾ ਸੰਦੇਸ਼ ਪਹੁੰਚਿਆ ਕਿ ਗੌ.ਟੀ.ਯੂ. ਦੀਆਂ ਚੋਣਾਂ ਸੰਬੰਧੀ ਮੀਟਿੰਗ ਰੱਖੀ ਹੋਈ ਹੈ। ਮੀਟਿੰਗ 'ਚ ਜ਼ਿਲ੍ਹਾ ਗਰੁੱਪ ਵੱਲੋਂ ਮੈਨੂੰ ਮੁੜ ਜ਼ਿਲ੍ਹਾ ਬਠਿੰਡਾ ਦੀ ਪ੍ਰਧਾਨਗੀ ਦੀ ਚੋਣ ਲਈ ਖੜ੍ਹਾ ਕਰਨ ਦਾ ਫੈਸਲਾ ਕਰ ਦਿੱਤਾ ਗਿਆ। ਉਸ ਸਮੇਂ ਮੈਂ ਭਾਵੇਂ ਜ਼ਿਲ੍ਹਾ ਫ਼ਰੀਦਕੋਟ ਦੇ ਬਰਗਾੜੀ ਸਕੂਲ 'ਚ ਕੰਮ ਕਰ ਰਿਹਾ ਸੀ, ਪਰੰਤੂ ਗੌ.ਟੀ.ਯੂ. ਦੇ ਸੰਵਿਧਾਨ ਅਨੁਸਾਰ 'ਵਿਕਟੇਮਾਈਜ਼ਡ' ਹੋ ਕੇ ਕਿਸੇ ਹੋਰ ਜ਼ਿਲ੍ਹੇ/ਬਲਾਕ ਵਿਚ ਬਦਲ ਕੇ ਗਿਆ, ਕੋਈ ਵੀ ਮੈਂਬਰ/ਅਧਿਆਪਕ ਆਪਣੇ ਪਹਿਲੇ ਨਿਯੁਕਤੀ ਸਥਾਨ (ਜ਼ਿਲ੍ਹਾ/ਬਲਾਕ) ਤੋਂ ਵੀ ਚੋਣ ਲੜ ਸਕਦਾ ਸੀ।

ਉਸ ਵੇਲੇ ਤੱਕ ਮੇਰੇ ਫਿਰ ਵਾਰੰਟ ਜਾਰੀ ਹੋ ਚੁੱਕੇ ਸਨ। ਮੁੜ ਛਾਪੇ ਪੈਣ ਲੱਗ ਪਏ ਸਨ। ਸਾਰੇ ਜ਼ਿਲ੍ਹੇ ਅੰਦਰ ਥਾਣਿਆਂ 'ਚ ਹਦਾਇਤਾਂ ਜਾਰੀ ਹੋ ਗਈਆਂ ਸਨ। ਜਿਸ ਜਗ੍ਹਾ ਵੀ ਮੈਂ ਮੀਟਿੰਗ ਕਰਵਾਉਣ ਜਾਂਦਾ ਸੀ, ਉਥੇ ਛਾਪਾ ਪੈਣ ਦਾ ਖ਼ਤਰਾ ਰਹਿੰਦਾ ਸੀ। ਰਾਮਪੁਰਾ ਫੂਲ ਵਾਲਾ ਸਾਡਾ ਘਰ ਪਹਿਲਾਂ ਹੀ ਲਗਭਗ ਸਵਾ ਸਾਲ ਤੋਂ ਬੰਦ ਪਿਆ ਸੀ। ਪਰਿਵਾਰ ਸਾਰਾ ਇਧਰ-ਉਧਰ ਖਿੰਡਿਆ ਹੋਇਆ ਸੀ। ਘਰ ਦੇ ਕੁੱਝ ਮੈਂਬਰ ਪਹਿਲਾਂ ਹੀ ਜੇਲ੍ਹ 'ਚ ਬੰਦ ਸਨ। ਸਕੂਲਾਂ ਅੰਦਰ ਵੀ ਚੋਣ ਮੀਟਿੰਗਾਂ ਬਚ ਬਚਾ ਕੇ ਹੀ ਕਰਵਾਉਣੀਆਂ ਪੈਂਦੀਆਂ ਸਨ। ਆਮ ਅਧਿਆਪਕ ਚੋਣ ਪ੍ਰਚਾਰ ਲਈ ਸਾਡੀ ਜੀਪ ਉਪਰ ਚੜ੍ਹਨ ਤੋਂ ਤ੍ਰਹਿੰਦੇ ਸਨ। ਹੱਥ ਮਿਲਾਉਣ ਤੋਂ ਪਹਿਲਾਂ ਆਲੇ-ਦੁਆਲੇ ਦੇਖਦੇ ਸਨ ਕਿ ਕਿਤੇ ਕੋਈ ਪੁਲਿਸ ਵਾਲਾ ਤਾਂ ਨਹੀਂ ਖੜ੍ਹਾ। ਪੂਰੇ ਡਰ ਤੇ ਖੌਫ਼ ਦਾ ਮਾਹੌਲ ਸੀ।

ਇਸੇ ਚੋਣ ਪ੍ਰਚਾਰ ਮੁਹਿਮ ਦੌਰਾਨ ਅਗਸਤ 1976 ਦੇ ਕਿਸੇ ਦਿਨ ਮੈਂ ਮੋੜ ਮੰਡੀ ਵਿਖੇ ਆਪਣੇ ਵਰਕਰਾਂ ਦੀ ਮੀਟਿੰਗ ਕਰਵਾਉਣ ਗਿਆ। ਮੀਟਿੰਗ ਐਸ.ਡੀ. ਹਾਈ ਸਕੂਲ ਵਿਚ ਰੱਖੀ ਗਈ ਸੀ। ਜਿਸ ਕਮਰੇ ਵਿਚ ਮੀਟਿੰਗ ਸੀ ਉਹ ਕਮਰਾ ਸਕੂਲ ਗੇਟ ਤੋਂ ਖਾਸਾ ਦੂਰ ਸੀ। ਵਾਰੰਟਡ ਹੋਣ ਕਾਰਨ ਮੈਂ ਉਨ੍ਹਾਂ ਦਿਨਾਂ 'ਚ ਸਿਰ ਉਪਰ ਪੱਗ ਬੰਨ੍ਹ ਕੇ ਰੱਖਦਾ ਹੁੰਦਾ ਸੀ। ਉਂਵ ਮੈਂ ਪਹਿਲਾਂ ਵੀ ਦਸਵੀਂ ਜਮਾਤ ਤੱਕ ਪੱਗ ਬੰਨ੍ਹਦਾ ਰਿਹਾ ਸੀ। ਮੇਰੇ ਹੱਥ 'ਚ ਇੱਕ ਲਾਲ ਜਿਹੇ




ਰੰਗ ਦਾ ਛੋਟਾ ਜਿਹਾ ਕੱਪੜੇ ਦਾ ਝੋਲਾ ਸੀ ਜਿਸ ਵਿਚ ਕਾਗਜ਼ ਪੱਤਰ, ਇਸ਼ਤਿਹਾਰ, ਲੀਫਲੈਟ ਆਦਿ ਸਨ, ਜੋ ਚੋਣਾਂ ਸੰਬੰਧੀ ਜਾਰੀ ਕੀਤੇ ਗਏ ਸਨ। ਮੈਂ ਉਸ ਛੋਟੇ ਜਿਹੇ ਕਮਰੇ 'ਚ ਮੀਟਿੰਗ ਕਰਵਾ ਰਿਹਾ ਸੀ। ਮੇਰੇ ਸਾਹਮਣੇ 25-30 ਅਧਿਆਪਕ ਕਾਰਕੁਨਾਂ ਦਾ ਇੱਕ ਜੱਥਾ ਬੈਠਾ ਸੀ। ਮੇਰੀ ਪਿੱਠ ਕਮਰੇ ਦੇ ਇੱਕੋ ਇੱਕ ਛੋਟੇ ਜਿਹੇ ਦਰਵਾਜ਼ੇ ਵੱਲ ਸੀ ਅਤੇ ਮੂੰਹ ਵਰਕਰਾਂ ਵੱਲ ਸੀ। ਉਦੋਂ ਹੀ ਪਤਾ ਚੱਲਿਆ ਜਦ ਇੱਕ ਥਾਣੇਦਾਰ ਕੁੱਝ ਸਿਪਾਹੀਆਂ ਦੇ ਨਾਲ ਕਮਰੇ 'ਚ ਦਗੜ-ਦਗੜ ਕਰਦਾ ਆ ਵੜਿਆ। ਉਸ ਨੇ ਆਉਣ ਸਾਰ ਹੀ ਰੋਹਬ ਮਾਰਦਿਆਂ ਪੁੱਛਿਆ, ''ਤੁਹਾਡੇ ਵਿਚੋਂ ਯਸ਼ਪਾਲ ਕਿਹੜਾ ਹੈ?'' ਸ਼ਾਇਦ ਉਹ ਮੇਰੀ ਸ਼ਕਲ ਤੋਂ ਵਾਕਿਫ਼ ਨਹੀਂ ਸੀ ਜਾਂ ਪਛਾਣ ਨਹੀਂ ਸੀ ਸਕਿਆ। ਉਂਵ ਵੀ ਉਸ ਵੱਲ ਮੇਰੀ ਪਿੱਠ ਸੀ। ਕੁੱਝ ਪਲ ਲਈ ਤਾਂ ਅਸੀਂ ਸਾਰੇ ਹੀ ਠਠੰਬਰ ਗਏ। ਲੱਗਿਆ ਕਿ ਅੱਜ ਤਾਂ ਕਾਬੂ ਆ ਹੀ ਗਏ। ਪਰੰਤੂ ਮੌਕਾ ਸੰਭਾਲਦੇ ਹੋਏ, ਮੀਟਿੰਗ 'ਚ ਬੈਠਾ ਸਾਡਾ ਸਭ ਤੋਂ ਸੀਨੀਅਰ ਆਗੂ ਮਰਹੂਮ ਸਾਥੀ ਦਲਜੀਤ ਪਾਂਧੀ (ਜੋ ਬਲਾਕ ਪ੍ਰਧਾਨਗੀ ਲਈ ਉਮੀਦਵਾਰ ਸੀ) ਇਹ ਭਾਂਪ ਕੇ ਕਿ ਪੁਲਿਸ ਨੂੰ ਇੱਥੇ ਯਸ਼ਪਾਲ ਦੇ ਆਏ ਦੀ ਸੂਹ ਮਿਲ ਗਈ ਹੋਣੀ ਹੈ, ਝੱਟ ਬੋਲ ਪਿਆ, ''ਯਸ਼ਪਾਲ ਇੱਥੇ ਹੈ ਨਹੀਂ, ਉਹ ਆਇਆ ਸੀ, ਪਰ ਸਾਡੀ ਮੀਟਿੰਗ ਕਰਵਾ ਕੇ ਚਲਾ ਗਿਆ ਹੈ। ਹੁਣ ਸਾਡੀ ਆਪਣੀ ਵਰਕਰਾਂ ਦੀ ਮੀਟਿੰਗ ਹੋ ਰਹੀ ਹੈ।'' ਥਾਣੇਦਾਰ ਮੇਰੇ ਨਾਲ ਹੀ ਮੇਰੇ ਪਿਛਲੇ ਪਾਸੇ ਕੁਰਸੀ 'ਤੇ ਬੈਠ ਗਿਆ ਅਤੇ ਸ਼ੱਕੀ ਤੇ ਘੋਖਵੀਂ ਪੜਤਾਲ ਕਰਦਿਆਂ ਇਕੱਲੇ-ਇਕੱਲੇ ਅਧਿਆਪਕ ਤੋਂ ਪੁੱਛਣ ਲੱਗ ਪਿਆ ਕਿ ਉਹ ਕੌਣ ਹੈ, ਉਸ ਦਾ ਕੀ ਨਾਂ ਹੈ, ਉਹ ਕਿਹੜੇ ਸਕੂਲ 'ਚ ਪੜ੍ਹਾਉਂਦਾ ਹੈ? ਸਾਰੇ ਵਾਰੋ ਵਾਰੀ ਗਲਤ-ਠੀਕ ਦੱਸਦੇ ਰਹੇ। ਮੈਨੂੰ ਵੀ ਧੁੜਕੂ ਲੱਗ ਰਿਹਾ ਸੀ ਕਿ ਮੇਰੀ ਵਾਰੀ ਆਉਣ 'ਤੇ ਪਛਾਣ ਵੀ ਹੋ ਸਕਦੀ ਹੈ ਅਤੇ ਸ਼ੱਕ ਵੀ ਹੋ ਸਕਦਾ ਹੈ। ਜਦ ਅਜੇ ਅੱਗੇ ਬੈਠੇ ਕਾਰਕੁਨਾਂ ਦੀ ਪੁੱਛ-ਪੜਤਾਲ ਜਾਰੀ ਹੀ ਸੀ ਤਾਂ ਮੈਨੂੰ ਫੁਰਨਾ ਫੁਰਿਆ। ਮੈਂ ਸਾਹਮਣੇ ਬੈਠੇ ਸਾਥੀ ਪਾਂਧੀ ਨੂੰ ਇਸ਼ਾਰਾ ਕੀਤਾ ਕਿ ਉਹ ਸਾਰੇ ਖੜ੍ਹੇ ਹੋ ਜਾਣ ਤੇ ਪੁੱਛ-ਪੜਤਾਲ ਦਾ ਵਿਰੋਧ ਕਰਨ। ਕਿਉਂਕਿ ਥਾਣੇਦਾਰ ਵੱਲ ਮੇਰੀ ਪਿੱਠ ਸੀ ਉਹ ਮੇਰੇ ਇਸ਼ਾਰੇ ਨੂੰ ਦੇਖ ਨਹੀਂ ਸੀ ਸਕਿਆ। ਸਾਥੀ ਪਾਂਧੀ ਇਸ਼ਾਰਾ ਸਮਝਦਿਆਂ ਹੀ ਖੜ੍ਹਾ ਹੋ ਕੇ ਥਾਣੇਦਾਰ ਦੇ ਗਲ ਪੈ ਗਿਆ ਤੇ ਕਹਿਣ ਲੱਗਿਆ, ''ਜਦ ਅਸੀਂ ਤੁਹਾਨੂੰ ਇੱਕ ਵਾਰੀ ਦੱਸ ਚੁੱਕੇ ਹਾਂ ਕਿ ਇੱਥੇ ਯਸ਼ਪਾਲ ਨਹੀਂ ਹੈ, ਫਿਰ ਵੀ ਤੁਸੀਂ ਸਾਡੀ ਮੀਟਿੰਗ ਕਿਉਂ 'ਡਿਸਟਰਬ' ਕਰ ਰਹੇ ਹੋ?'' ਦੇਖਦਿਆਂ ਦੇਖਦਿਆਂ ਸਾਰੇ ਕਾਰਕੁਨ ਹੀ ਖੜ੍ਹੇ ਹੋ ਗਏ ਤੇ ਲੱਗ ਪਏ ਰੌਲਾ ਪਾਉਣ ਤੇ ਵਿਰੋਧ ਕਰਨ। ਰੌਲਾ ਪਾਉਣ ਵਾਲਿਆਂ 'ਚ ਸਭ ਤੋਂ ਮੂਹਰੇ ਸੀ, ਬੇਰੁਜ਼ਗਾਰ ਅਧਿਆਪਕ ਯੂਨੀਅਨ ਦਾ ਤਤਕਾਲੀ ਸੂਬਾ ਪ੍ਰਧਾਨ ਸਾਥੀ ਗੁਰਦਿਆਲ ਸਿੰਘ, ਜੋ ਬਾਲਾਂਵਾਲੀ ਸਕੂਲ ਵਿਚ ਬਤੌਰ ਡੀ.ਪੀ.ਈ. ਲੱਗਿਆ ਹੋਇਆ ਸੀ। ਇਉਂ ਬਹਿਸ ਕਰਦੇ ਕਰਦੇ ਅਸੀਂ ਸਾਰੇ ਹੀ ਕਮਰੇ 'ਚੋਂ ਬਾਹਰ ਆ ਗਏ। ਇਸ ਰੌਲੇ-ਗੌਲੇ 'ਚ ਹਫੜਾ-ਦਫੜੀ ਮਚ ਗਈ। ਥਾਣੇਦਾਰ ਵੀ ਭਮੱਤਰ ਗਿਆ ਤੇ ਬਾਹਰ ਆ ਗਿਆ। ਉਸ ਨੇ ਬਹੁਤਾ ਰੌਲਾ ਪਾਉਣ ਵਾਲੇ ਗੁਰਦਿਆਲ ਨੂੰ ਬਾਹੋਂ ਫੜ ਕੇ ਕਾਬੂ ਕਰ ਲਿਆ। ਮੈਂ ਮੌਕਾ ਤਾੜ ਕੇ ਆਪਣਾ ਲਾਲ ਝੋਲਾ ਕੱਛ 'ਚ ਮਾਰਿਆ ਤੇ ਇੱਕ ਹੋਰ ਸਾਥੀ ਅਧਿਆਪਕ ਰਾਜਿੰਦਰ ਸਿੰਘ ਨੂੰ ਇਸ਼ਾਰੇ ਰਾਹੀਂ ਨਾਲ ਲੈ ਕੇ ਮਲਕ ਦੇਣੇ ਭੀੜ 'ਚੋਂ ਬਾਹਰ ਨਿਕਲ ਕੇ, ਹੌਲੀ-ਹੌਲੀ ਤੁਰਦਿਆਂ, ਗੇਟ ਵੱਲ ਨਿਕਲ ਗਿਆ। ਬਾਹਰ ਖੜ੍ਹੇ ਪੁਲਸੀਆਂ ਦਾ ਵੀ ਧਿਆਨ ਉਸ ਰੌਲੇ ਗੌਲੇ ਵੱਲ ਹੀ ਸੀ। ਸਾਨੂੰ ਕਿਸੇ ਨੇ ਨਾ ਰੋਕਿਆ। ਸਕੂਲ ਦੇ ਗੇਟ ਨਿਕਲਦਿਆਂ ਹੀ ਅਸੀਂ ਸ਼ੂਟ ਵੱਟ ਲਈ ਅਤੇ ਸ਼ਹਿਰ ਦੇ ਬਾਜ਼ਾਰ ਵਿਚ ਦੀ ਹੁੰਦੇ ਹੋਏ, ਥਾਣੇ ਦੇ ਸਾਹਮਣੇ ਹੀ ਰਹਿੰਦੇ ਸਾਡੇ ਇੱਕ ਹੋਰ ਅਧਿਆਪਕ ਸਾਥੀ ਦੇ ਘਰ ਪਹੁੰਚ ਗਏ। ਉਸ ਨੂੰ ਜਾਂਦੇ ਸਾਰ ਹੀ ਸਾਰੀ ਸਥਿਤੀ ਦਾ ਪਤਾ ਕਰਨ ਲਈ ਕਿਹਾ। ਉਸ ਤੋਂ ਸਾਨੂੰ ਪਤਾ ਲੱਗਿਆ ਕਿ ਥਾਣੇਦਾਰ ਤੇ ਸਿਪਾਹੀ ਗੁਰਦਿਆਲ ਨੂੰ ਹੀ ਸ਼ੱਕੀ ਸਮਝ ਕੇ ਉਸ ਨੂੰ ਥਾਣੇ ਵੱਲ ਲੈ ਤੁਰੇ ਅਤੇ ਨਾਲ ਹੀ ਉਥੇ ਹਾਜ਼ਰ ਅਧਿਆਪਕ ਕਾਰਕੁਨ ਸਾਥੀ ਪਾਂਧੀ ਦੀ ਅਗਵਾਈ ਹੇਠ ਨਾਹਰੇ ਮਾਰਦੇ ਹੋਏ ਮਗਰ-ਮਗਰ ਮੁਜ਼ਾਹਰਾ ਕਰਦੇ ਹੋਏ ਗ੍ਰਿਫਤਾਰ ਕੀਤੇ ਸਾਥੀ ਗੁਰਦਿਆਲ ਨੂੰ ਰਿਹਾਅ ਕਰਨ ਦੀ ਮੰਗ ਕਰਦੇ ਥਾਣੇ ਪਹੁੰਚ ਗਏ। ਥਾਣੇ ਅੱਗੇ ਧਰਨਾ ਲਾ ਦਿੱਤਾ। ਥਾਣੇ ਜਾ ਕੇ ਥਾਣੇਦਾਰ ਨੇ ਗੁਰਦਿਆਲ ਬਾਰੇ ਕਾਫੀ ਪੁੱਛ-ਪੜਤਾਲ ਕੀਤੀ। ਜਦ ਥਾਣੇਦਾਰ ਨੂੰ ਇਹ ਤਸੱਲੀ ਹੋ ਗਈ ਕਿ ਇਹ ਤਾਂ ਬਾਲਾਂਵਾਲੀ ਸਕੂਲ ਦਾ ਡੀ.ਪੀ.ਈ. ਗੁਰਦਿਆਲ ਸਿੰਘ ਹੈ, ਯਸ਼ਪਾਲ ਨਹੀਂ ਤਾਂ ਜਾ ਕੇ ਉਸ ਨੂੰ ਰਿਹਾਅ ਕੀਤਾ ਗਿਆ। ਅਸੀਂ ਮੁੜ ਸ਼ਾਮ ਨੂੰ ਇਕੱਠੇ ਹੋ ਕੇ ਅਗਲੇ ਦਿਨ ਦੀ ਚੋਣ ਪ੍ਰਚਾਰ ਮੁਹਿੰਮ ਦੀ ਯੋਜਨਾ ਬਣਾਉਣ ਲੱਗੇ।

ਉਸ ਸਮੇਂ ਗੌ.ਟੀ.ਯੂ. ਦੀ ਪੰਜਾਬ ਦੀ ਲੀਡਰਸ਼ਿਪ ਉਪਰ ਕਾਬਜ਼ ਜੋ ਧਿਰ ਸੀ, ਉਹ ਸਰਕਾਰ ਵੱਲੋਂ ਲਾਈ ਗਈ ਐਮਰਜੈਂਸੀ ਦੀ ਹਮਾਇਤ ਕਰ ਰਹੀ ਸੀ। ਉਸ ਦੇ ਆਗੂਆਂ ਤੋਂ ਵੀ ਸਾਨੂੰ ਉਨਾ ਹੀ ਬਚ ਕੇ ਰਹਿਣਾ ਪੈਂਦਾ ਸੀ, ਜਿੰਨਾ ਪੁਲਿਸ ਤੋਂ। ਜ਼ਿਲ੍ਹਾ ਪ੍ਰਧਾਨਗੀ ਦੀ ਉਹ ਚੋਣ ਮੈਂ ਜਿੱਤ ਨਹੀਂ ਸਕਿਆ, ਪਰੰਤੂ ਐਮਰਜੈਂਸੀ ਦੇ ਉਸ ਕਾਲੇ ਦੌਰ ਅੰਦਰ, ਖੌਫ਼ ਤੇ ਦਹਿਸ਼ਤ ਦੇ ਸਾਏ ਹੇਠ ਵੀ ਲੜੀ ਉਸ ਚੋਣ 'ਚ ਮੈਨੂੰ ਲਗਭਗ ਇੱਕ ਹਜ਼ਾਰ ਅਧਿਆਪਕਾਂ/ਅਧਿਆਪਕਾਵਾਂ ਨੇ ਵੋਟ ਪਾਈ ਸੀ ਤੇ 'ਲੰਬੀ ਗਰੁੱਪ' ਦੀ ਵਿਚਾਰਧਾਰ 'ਚ ਭਰੋਸਾ ਜਤਾਇਆ ਸੀ। ਇਹ ਚੋਣਾਂ ਮੈਂ ਕੁੱਝ ਕੁ ਵੋਟਾਂ ਦੇ ਫਰਕ ਨਾਲ ਹਾਰ ਗਿਆ ਸੀ। ਮੈਂ ਆਪਣੀ ਵੋਟ ਵੀ ਅਖੀਰਲੇ ਪੰਜਾਂ ਮਿੰਟਾਂ ਦੌਰਾਨ ਬਚ ਬਚਾ ਕੇ ਮਸਾਂ ਹੀ ਪਾ ਸਕਿਆ ਸੀ। ਸਾਂਝੀ ਅਧਿਆਪਕ ਜਥੇਬੰਦੀ, ਗੌ.ਟੀ.ਯੂ. ਪੰਜਾਬ ਦੀ ਐਮਰਜੈਂਸੀ ਦੌਰਾਨ ਹੋਈ ਇਹ ਉਹੀ ਚੋਣ ਸੀ ਜਿਹੜੀ ਬੀ.ਬੀ.ਸੀ. ਰੇਡੀਓ ਤੋਂ ਪ੍ਰਸਾਰਿਤ ਹੋਈ ਸੀ ਤੇ ਜਿਹੜੀ ਅੱਜ ਤੱਕ ਚਰਚਿਤ ਹੈ। ਜਿਸ ਵਿਚ ਐਮਰਜੈਂਸੀ ਦੀ ਹਮਾਇਤੀ ਧਿਰ ਨੂੰ ਪੰਜਾਬ ਪੱਧਰ 'ਤੇ ਬੁਰੀ ਤਰ੍ਹਾਂ ਹਾਰ ਹੋਈ ਸੀ। ਮੈਂ ਮੁੜ 1981-83 ਦੀ ਟਰਮ ਵਾਲੀ ਜ਼ਿਲ੍ਹਾ ਪ੍ਰਧਾਨਗੀ ਦੀ ਚੋਣ ਜਿੱਤ ਕੇ ਗੌ.ਟੀ.ਯੂ. ਦੇ ਸੂਬਾਈ ਪ੍ਰਧਾਨਗੀ ਮੰਡਲ 'ਚ ਤੀਜੀ ਧਿਰ (ਲੰਬੀ ਗਰੁੱਪ) ਵੱਲੋਂ ਜ਼ਿਲ੍ਹਾ ਬਠਿੰਡਾ ਦੀ ਨੁਮਾਇੰਦਗੀ ਕੀਤੀ। ਉਸ ਸਮੇਂ ਐਮਰਜੈਂਸੀ ਖਤਮ ਹੋਣ ਤੋਂ ਬਾਅਦ, ਯੂਨੀਅਨ ਦੇ ਦਬਾਅ ਸਦਕਾ ਬਦਲਾ ਲਊ ਕਾਰਵਾਈ ਅਧੀਨ ਹੋਈਆਂ ਸਾਰੀਆ ਬਦਲੀਆਂ ਰੱਦ ਹੋਣ ਕਾਰਨ ਮੈਂ ਵੀ ਅਗਸਤ 1977 'ਚ ਆਪਣੇ ਪਹਿਲੇ ਸਕੂਲ ਸਰਕਾਰੀ ਹਾਈ ਸਕੂਲ ਫੂਲ (ਬਠਿੰਡਾ) ਵਿਖੇ ਮੁੜ ਹਾਜ਼ਰ ਹੋ ਚੁੱਕਿਆ ਸੀ।

---

***(ਪਿਛਲੇ ਸਫੇ ਦਾ ਬਾਕੀ)***

ਸਥਿਤੀ ਵਿਚ ਧੱਕ ਦਿੱਤਾ ਹੈ।

ਇਜ਼ਰਾਈਲ-ਇਰਾਨ ਸੰਘਰਸ਼ ਦਾ ਸਭ ਤੋਂ ਵੱਡਾ ਪ੍ਰਭਾਵ ਸੰਸਾਰਕ ਤੇਲ ਅਤੇ ਊਰਜਾ ਸੰਕਟ ਕਾਰਨ ਊਰਜਾ ਬਾਜ਼ਾਰ 'ਤੇ ਪਿਆ ਹੈ। ਮੱਧ ਪੂਰਬ ਦੁਨੀਆ ਦਾ ਸਭ ਤੋਂ ਵੱਡਾ ਤੇਲ ਅਤੇ ਗੈਸ ਉਤਪਾਦਕ ਖੇਤਰ ਹੈ, ਅਤੇ ਸਟ੍ਰੇਟ ਆਫ ਹੋਰਮੁਜ਼, ਜੋ ਵਿਸ਼ਵ ਦੇ ਇੱਕ-ਤਿਹਾਈ ਸਮੁੰਦਰੀ ਤੇਲ ਸਪਲਾਈ ਦਾ ਰਾਹ ਹੈ, ਇਸ ਸੰਘਰਸ਼ ਦੇ ਕੇਂਦਰ ਵਿਚ ਹੈ। ਇਰਾਨ ਨੇ ਇਸ ਸਟ੍ਰੇਟ ਨੂੰ ਬੰਦ ਕਰਨ ਦੀ ਧਮਕੀ ਦਿੱਤੀ ਹੈ, ਜਿਸ ਨਾਲ ਤੇਲ ਦੀਆਂ ਕੀਮਤਾਂ ਵਿਚ 7% ਦਾ ਵਾਧਾ ਹੋਇਆ ਹੈ ਅਤੇ ਕਰੂਡ ਆਇਲ 74.60 ਡਾਲਰ ਪ੍ਰਤੀ ਬੈਰਲ ਤੱਕ ਪਹੁੰਚ ਗਿਆ। ਗੋਲਡਮੈਨ ਸਾਕਸ ਦੇ ਅਨੁਸਾਰ, ਸਟ੍ਰੇਟ ਦੇ ਪੂਰਨ ਬੰਦ ਹੋਣ ਦੀ ਸਥਿਤੀ ਵਿਚ ਤੇਲ ਦੀਆਂ ਕੀਮਤਾਂ 100 ਡਾਲਰ ਪ੍ਰਤੀ ਬੈਰਲ ਤੋਂ ਵੀ ਪਾਰ ਜਾ ਸਕਦੀਆਂ ਹਨ। ਇਸ ਨਾਲ ਸੰਸਾਰਕ ਅਰਥ-ਵਿਵਸਥਾ ਵਿਚ ਮਹਿੰਗਾਈ ਵਧੇਗੀ, ਖਾਸ ਕਰਕੇ ਭਾਰਤ ਵਰਗੇ ਤੇਲ-ਆਯਾਤਕ ਦੇਸ਼ਾਂ ਲਈ, ਜਿੱਥੇ ਊਰਜਾ ਦੀਆਂ ਕੀਮਤਾਂ ਸਿੱਧੇ ਤੌਰ 'ਤੇ ਆਮ ਜਨਤਾ ਦੀ ਜੇਬ 'ਤੇ ਅਸਰ ਪਾਉਂਦੀਆਂ ਹਨ। ਸੰਘਰਸ਼ ਦੇ ਕਾਰਨ ਹਵਾਈ ਅਤੇ ਵਪਾਰਕ ਪ੍ਰਭਾਵ ਦੇ ਚੱਲਦਿਆਂ ਇਰਾਨ, ਇਰਾਕ, ਜਾਰਡਨ ਅਤੇ ਲੇਬਨਾਨ ਵਿਚ ਹਵਾਈ ਸਹੂਲਤਾਂ ਬੰਦ ਕਰ ਦਿੱਤੀਆਂ ਗਈਆਂ ਹਨ। ਅਮੀਰਾਤ, ਕਤਰ ਏਅਰਵੇਜ਼ ਅਤੇ ਇਤਿਹਾਦ ਵਰਗੀਆਂ ਵੱਡੀਆਂ ਏਅਰਲਾਈਨਾਂ ਨੇ ਇਸ ਖੇਤਰ ਵਿਚ ਆਪਣੀਆਂ ਉਡਾਣਾਂ ਰੱਦ ਕਰ ਦਿੱਤੀਆਂ ਹਨ। ਇਹ ਨਾ ਸਿਰਫ ਸੈਲਾਨੀਆਂ ਅਤੇ ਵਪਾਰੀਆਂ ਲਈ ਮੁਸ਼ਕਲਾਂ ਪੈਦਾ ਕਰ ਰਿਹਾ ਹੈ, ਸਗੋਂ ਵਿਸ਼ਵਕ ਵਪਾਰ ਨੂੰ ਵੀ ਪ੍ਰਭਾਵਿਤ ਕਰ ਰਿਹਾ ਹੈ। ਪੂਰਬੀ ਇਰਾਕ ਦਾ ਹਵਾਈ ਮਾਰਗ, ਜੋ ਦੁਨੀਆ ਦੇ ਸਭ ਤੋਂ ਵਿਅਸਤ ਮਾਰਗਾਂ ਵਿਚੋਂ ਇੱਕ ਹੈ, ਬੰਦ ਹੋਣ ਨਾਲ ਸਪਲਾਈ ਚੇਨ ਵਿਚ ਵਿਘਨ ਪੈ ਸਕਦਾ ਹੈ।

ਖੇਤਰੀ ਅਸਥਿਰਤਾ ਅਤੇ ਅਸਿੱਧੇ ਤੌਰ 'ਤੇ ਲੜੀ ਜਾ ਰਹੀ ਇਸ ਜੰਗ ਦੇ ਇਸ ਸੰਘਰਸ਼ ਨੇ ਮੱਧ ਪੂਰਬ ਦੀ ਸੁਰੱਖਿਆ ਸਥਿਤੀ ਨੂੰ ਪੂਰੀ ਤਰ੍ਹਾਂ ਬਦਲ ਦਿੱਤਾ ਹੈ। ਇਰਾਨ ਦੀ 'ਐਕਸਿਸ ਆਫ ਰੈਜ਼ਿਸਟੈਂਸ' (ਹਿਜ਼ਬੁੱਲਾ, ਹਮਾਸ, ਹੂਥੀ) ਪਹਿਲਾਂ ਹੀ ਕਮਜ਼ੋਰ ਹੋ ਚੁੱਕੀ ਹੈ, ਪਰ ਇਸ ਸੰਘਰਸ਼ ਨੇ ਇਨ੍ਹਾਂ ਸਮੂਹਾਂ ਨੂੰ ਮੁੜ ਸਰਗਰਮ ਕਰਨ ਦੀ ਸੰਭਾਵਨਾ ਪੈਦਾ ਕਰ ਦਿੱਤੀ ਹੈ। ਹੂਥੀਆਂ ਨੇ ਪਹਿਲਾਂ ਹੀ ਇਜ਼ਰਾਈਲ 'ਤੇ ਮਿਜ਼ਾਈਲ ਹਮਲੇ ਸ਼ੁਰੂ ਕਰ ਦਿੱਤੇ ਹਨ। ਜੇਕਰ ਇਹ ਸੰਘਰਸ਼ ਲੰਬਾ ਖਿੱਚਦਾ ਹੈ, ਤਾਂ ਲੇਬਨਾਨ, ਸੀਰੀਆ ਅਤੇ ਇਰਾਕ ਵਿਚ ਅਸਿੱਧੇ ਤੌਰ 'ਤੇ ਲੜਨ ਵਾਲੀਆਂ ਨਵੀਆਂ ਜੰਗਾਂ ਸ਼ੁਰੂ ਹੋ ਸਕਦੀਆਂ ਹਨ, ਜਿਸ ਨਾਲ ਖੇਤਰੀ ਅਸਥਿਰਤਾ ਹੋਰ ਵਧੇਗੀ। ਇਸ ਸੰਘਰਸ਼ ਨੇ ਅੰਤਰਰਾਸ਼ਟਰੀ ਸਬੰਧਾਂ 'ਤੇ ਅਸਰ ਦਿਖਾਉਂਦੇ ਹੋਏ ਅੰਤਰਰਾਸ਼ਟਰੀ ਸਮੀਕਰਨਾਂ ਨੂੰ ਵੀ ਪ੍ਰਭਾਵਿਤ ਕੀਤਾ ਹੈ। ਅਮਰੀਕਾ, ਜੋ ਇਜ਼ਰਾਈਲ ਦਾ ਸਭ ਤੋਂ ਵੱਡਾ ਸਹਿਯੋਗੀ ਹੈ, ਇਸ ਸੰਘਰਸ਼ ਵਿਚ ਸਿੱਧੇ ਤੌਰ 'ਤੇ ਸ਼ਾਮਲ ਹੋਣ ਤੋਂ ਬਚ ਰਿਹਾ ਹੈ, ਪਰ ਉਸ ਦੀਆਂ ਸੁਰੱਖਿਆ ਪ੍ਰਣਾਲੀਆਂ ਅਤੇ ਖੁਫੀਆ ਸਹਾਇਤਾ ਨੇ ਇਜ਼ਰਾਈਲ ਨੂੰ ਮਜ਼ਬੂਤੀ ਪ੍ਰਦਾਨ ਕੀਤੀ ਹੈ। ਦੂਜੇ ਪਾਸੇ, ਰੂਸ ਅਤੇ ਚੀਨ ਨੇ ਇਜ਼ਰਾਈਲ ਦੀਆਂ ਕਾਰਵਾਈਆਂ ਦੀ ਨਿੰਦਾ ਕੀਤੀ ਹੈ ਅਤੇ ਇਰਾਨ ਨੂੰ ਸਮਰਥਨ ਦੇ ਸੰਕੇਤ ਦਿੱਤੇ ਹਨ। ਸਾਊਦੀ ਅਰਬ ਅਤੇ ਹੋਰ ਸੁੰਨੀ ਦੇਸ਼ ਇਸ ਸੰਘਰਸ਼ ਵਿਚ ਬੱਚੇ ਰਹਿਣ ਦੀ ਕੋਸ਼ਿਸ਼ ਕਰ ਰਹੇ ਹਨ, ਪਰ ਇਰਾਨ ਦੀ ਮਜ਼ਬੂਤੀ ਉਨ੍ਹਾਂ ਦੇ ਹਿੱਤਾਂ ਲਈ ਖ਼ਤਰਾ ਹੈ। ਇਸ ਨਾਲ ਖੇਤਰੀ ਸੰਤੁਲਨ ਹੋਰ ਜਟਿਲ ਹੋ ਸਕਦਾ ਹੈ।

ਇਜ਼ਰਾਈਲ ਦੇ ਹਮਲਿਆਂ ਨੇ ਇਰਾਨ ਦੇ ਪਰਮਾਣੂ ਪ੍ਰੋਗਰਾਮ ਨੂੰ ਕਾਫੀ ਨੁਕਸਾਨ ਪਹੁੰਚਾਇਆ ਹੈ, ਪਰ ਇਸ ਨੇ ਇਰਾਨ ਨੂੰ ਪਰਮਾਣੂ ਹਥਿਆਰਾਂ ਦੀ ਦੌੜ ਵਿਚ ਸ਼ਾਮਲ ਹੋਣ ਲਈ ਵੀ ਉਕਸਾਇਆ ਹੈ। ਇਰਾਨ ਨੇ ਪਰਮਾਣੂ ਅਪ੍ਰਸਾਰ ਸੰਧੀ ਤੋਂ ਹਟਣ ਦੀ ਧਮਕੀ ਦਿੱਤੀ ਹੈ, ਜੋ ਯੁੱਧ ਖੇਤਰ ਵਿਚ ਪਰਮਾਣੂ ਹਥਿਆਰਾਂ ਦੀ ਦੌੜ ਨੂੰ ਹੋਰ ਤੇਜ਼ ਕਰ ਸਕਦੀ ਹੈ। ਇਸ ਨਾਲ ਨਾ ਸਿਰਫ ਮੱਧ ਪੂਰਬ, ਸਗੋਂ ਸਾਰਾ ਸੰਸਾਰ ਇੱਕ ਪਰਮਾਣੂ ਸੰਕਟ ਦੀ ਦਹਿਲੀਜ਼ 'ਤੇ ਆ ਸਕਦਾ ਹੈ। ਸੰਸਾਰਕ ਸਟਾਕ ਮਾਰਕੀਟਾਂ ਵਿਚ ਅਸਥਿਰਤਾ ਵਧੀ ਹੈ ਅਤੇ ਸੋਨੇ ਵਰਗੇ ਸੁਰੱਖਿਅਤ ਨਿਵੇਸ਼ ਵਿਕਲਪਾਂ ਵਿਚ ਤੇਜ਼ੀ ਦੇਖੀ ਜਾ ਰਹੀ ਹੈ। ਇਸ ਸੰਘਰਸ਼ ਦੇ ਲੰਬੇ ਸਮੇਂ ਤੱਕ ਜਾਰੀ ਰਹਿਣ ਦੀ ਸਥਿਤੀ ਵਿਚ, ਵਿਸ਼ਵ ਅਰਥ-ਵਿਵਸਥਾ 'ਤੇ ਮਾੜਾ ਅਸਰ ਪੈ ਸਕਦਾ ਹੈ। ਵਿਕਾਸਸ਼ੀਲ ਦੇਸ਼, ਜੋ ਪਹਿਲਾਂ ਹੀ ਮਹਿੰਗਾਈ ਅਤੇ ਸਪਲਾਈ ਚੇਨ ਸਮੱਸਿਆਵਾਂ ਨਾਲ ਜੂਝ ਰਹੇ ਹਨ, ਨੂੰ ਸਭ ਤੋਂ ਵੱਧ ਨੁਕਸਾਨ ਹੋ ਸਕਦਾ ਹੈ। ਇਜ਼ਰਾਈਲ-ਇਰਾਨ ਸੰਘਰਸ਼ ਨੇ ਸੰਸਾਰ ਨੂੰ ਇੱਕ ਅਜਿਹੇ ਮੋੜ 'ਤੇ ਲਿਆ ਖੜ੍ਹਾ ਕੀਤਾ ਹੈ, ਜਿੱਥੇ ਸੰਜਮ ਅਤੇ ਕੂਟਨੀਤੀ ਦੀ ਸਖਤ ਲੋੜ ਹੈ। ਜੀ-7 ਅਤੇ ਸੰਯੁਕਤ ਰਾਸ਼ਟਰ ਵਰਗੇ ਅੰਤਰਰਾਸ਼ਟਰੀ ਸੰਗਠਨ ਤਣਾਅ ਘਟਾਉਣ ਦੀਆਂ ਕੋਸ਼ਿਸ਼ਾਂ ਕਰ ਰਹੇ ਹਨ, ਪਰ ਇਜ਼ਰਾਈਲ ਅਤੇ ਇਰਾਨ ਦੀ ਸਖ਼ਤ ਜ਼ਿੱਦ ਨੇ ਸਥਿਤੀ ਨੂੰ ਜਟਿਲ ਬਣਾਇਆ ਹੈ। ਇਸ ਸੰਘਰਸ਼ ਦੇ ਸੰਸਾਰਕ ਅਰਥ-ਵਿਵਸਥਾ, ਸੁਰੱਖਿਆ ਅਤੇ ਕੂਟਨੀਤੀ 'ਤੇ ਦੂਰਗਾਮੀ ਪ੍ਰਭਾਵ ਹੋ ਸਕਦੇ ਹਨ। ਸਾਰੇ ਸਬੰਧਤ ਪੱਖਾਂ ਨੂੰ ਸੰਜਮ ਅਤੇ ਸੰਵਾਦ ਦਾ ਰਾਹ ਅਪਣਾਉਣ ਦੀ ਲੋੜ ਹੈ, ਤਾਂ ਜੋ ਇਸ ਸੰਕਟ ਨੂੰ ਵਧਣ ਤੋਂ ਰੋਕਿਆ ਜਾ ਸਕੇ।

# ਲੋਕ ਮਨਾਂ ਦਾ ਗੀਤਕਾਰ ਦੇਵ ਥਰੀਕਿਆਂ ਵਾਲਾ

ਸਰੂਪ ਸਿੰਘ

## ਕਲਾ ਪਰਿਕਰਮਾ



ਦੇਵ ਥਰੀਕਿਆਂ ਵਾਲਾ 'ਗੀਤਕਾਰੀ ਦਾ ਪਹਿਲਾ ਅਜਿਹਾ ਨਿਵੇਕਲਾ ਪੰਜਾਬੀ ਗੀਤਕਾਰ ਹੈ ਜਿਸ ਨੇ ਆਪਣੇ ਨਾਂ ਦੇ ਨਾਲ-ਨਾਲ ਆਪਣੇ ਪਿੰਡ ਦੇ ਨਾਂ ਨੂੰ ਵੀ ਗੀਤਕਾਰੀ ਦੇ ਇਤਿਹਾਸ ਵਿਚ ਸੁਨਹਿਰੀ ਹਰਫ਼ਾਂ ਵਿਚ ਲਿਖਿਆ। ਮੋਗੇ ਤੋਂ ਲੁਧਿਆਣੇ ਜਾਂ ਲੁਧਿਆਣੇ ਤੋਂ ਮੋਗਾ ਜਾਂਦਿਆਂ ਜਾਂ ਫਿਰ ਗਾਇਕਾਂ ਦੇ ਗੜ੍ਹ ਲੁਧਿਆਣਾ ਸ਼ਹਿਰ ਦੇ ਬੱਸ ਸਟੈਂਡ ਪਹੁੰਚਦਿਆਂ ਹੀ ਥਰੀਕੇ ਪਿੰਡ ਦਾ ਨਾਂ ਆਪ ਮੁਹਾਰੇ ਜ਼ਿਹਨ ਵਿਚ ਆ ਜਾਂਦਾ ਹੈ, ਜਿੱਥੇ ਦੇਵ ਨੇ ਬਾਲ ਰੂਪ ਵਿਚ 19 ਸਤੰਬਰ, 1939 ਨੂੰ ਪਿਤਾ ਰਾਮ ਸਿੰਘ ਦੇ ਘਰ ਤੇ ਮਾਤਾ ਅਮਰ ਕੌਰ ਦੀ ਕੁੱਖੋਂ ਪਹਿਲੀ ਵਾਰੀ ਕਿਲਕਾਰੀ ਮਾਰੀ ਸੀ। ਦੇਵ ਨੇ ਮੁੱਢਲੀ ਪੜ੍ਹਾਈ ਪਿੰਡ ਦੇ ਪ੍ਰਾਇਮਰੀ ਸਕੂਲ ਤੋਂ ਪ੍ਰਾਪਤ ਕਰਨ ਤੋਂ ਬਾਅਦ ਜਗਰਾਉ ਤੋਂ ਜੇਬੀਟੀ. ਦੀ ਪ੍ਰੀਖਿਆ ਪਾਸ ਕਰਕੇ ਅਧਿਆਪਕ ਵਜੋਂ ਨੌਕਰੀ ਕੀਤੀ।

ਅਧਿਆਪਕ ਦੀ ਨੌਕਰੀ ਕਰਦਿਆਂ ਉਸ ਨੇ ਪਹਿਲਾਂ-ਪਹਿਲ ਬਾਲ ਗੀਤ ਲਿਖਣੇ ਸ਼ੁਰੂ ਕੀਤੇ। ਫਿਰ ਉਸ ਨੇ ਆਪਣੇ ਸੀਨੀਅਰ ਅਧਿਆਪਕ ਹਰੀ ਸਿੰਘ ਦਿਲਬਰ ਦੀ ਪ੍ਰੇਰਨਾ ਸਦਕਾ ਕਹਾਣੀਆਂ ਹਰਦੇਵ ਦਿਲਗੀਰ ਦੇ ਨਾਂ ਨਾਲ ਲਿਖਣੀਆਂ ਸ਼ੁਰੂ ਕੀਤੀਆਂ । 'ਰੋਹੀ ਦੇ ਫੁੱਲ' ਵਰਗੀਆਂ ਕਹਾਣੀ ਦੀਆਂ ਕੁਝ ਪੁਸਤਕਾਂ ਵੀ ਪ੍ਰਕਾਸ਼ਿਤ ਹੋਈਆਂ।

### ਗੀਤਕਾਰੀ ਦੀ ਵਿਧਾ ਦੀਆਂ ਬਰੀਕੀਆਂ ਸਿੱਖੀਆਂ

ਪਿੰਡਾਂ ਵਿਚ ਵਿਆਹਾਂ ਸ਼ਾਦੀਆਂ ਤੇ ਹੋਰ ਖ਼ੁਸ਼ੀਆਂ ਦੇ ਮੌਕਿਆਂ 'ਤੇ ਲਾਊਡ ਸਪੀਕਰਾਂ ਉਤੇ ਵੱਜਦੇ ਗੀਤਾਂ ਨੂੰ ਸੁਣ ਕੇ ਕਹਾਣੀਕਾਰ ਮਾਸਟਰ ਹਰਦੇਵ ਦਿਲਗੀਰ ਨੂੰ ਵੀ ਗੀਤ ਲਿਖਣ ਦੀ ਲਾਲਸਾ ਜਾਗੀ। ਆਪਣੇ ਲਾਲਸਾ ਦੀ ਪੂਰਤੀ ਲਈ ਦੇਵ ਨੇ ਉਸ ਸਮੇਂ ਦੇ ਪ੍ਰਸਿੱਧ ਗੀਤਕਾਰ ਸ. ਗੁਰਦੇਵ ਸਿੰਘ ਮਾਨ ਨੂੰ ਆਪਣਾ ਉਸਤਾਦ/ਗੁਰੂ ਧਾਰ ਕੇ ਗੀਤਕਾਰੀ ਦੀ ਵਿਧਾ ਦੀ ਬਰੀਕੀਆਂ ਨੂੰ ਸਿੱਖਿਆ। ਜਦੋਂ ਦੇਵ ਥਰੀਕੇ ਵਾਲੇ ਦਾ ਨਾਂ ਲਾਊਡ ਸਪੀਕਰਾਂ ਦੇ ਰਾਹੀਂ ਗੀਤਕਾਰੀ ਦੇ ਖੇਤਰ ਵਿਚ ਦੂਰ ਤੱਕ ਰੁਮਕਦੀਆਂ ਸੰਗੀਤਕ ਫਿਜ਼ਾਵਾਂ ਵਿਚ ਗੂੰਜਣ ਲੱਗਾ ਤਾਂ ਮਿਲੀ ਹੌਸਲੇ ਦੀ ਉਡਾਰੀ ਨੇ ਹੋਰ ਵੀ ਦ੍ਰਿੜਤਾ ਦੇ ਨਾਲ ਗੀਤ ਸਿਰਜਣਾ ਲਈ ਪ੍ਰੇਰਿਤ ਕੀਤਾ। ਇਸ ਤੋਂ ਬਾਅਦ ਦੇਵ ਥਰੀਕਿਆਂ ਵਾਲੇ ਨੇ ਸਮੇਂ ਦੀ ਪ੍ਰਚੱਲਿਤ ਗਾਇਕੀ ਅਨੁਸਾਰ ਆਪਣੀ ਕਲਮ ਦੁਆਰਾ ਹੋਰ ਵੀ ਗੀਤ ਉਪਜੇ ਜਿਨ੍ਹਾਂ ਨੂੰ ਉਸ ਸਮੇਂ ਦੀਆਂ ਅਮਰ ਆਵਾਜ਼ਾਂ ਜਿਵੇਂ ਸਵਰਨ ਲਤਾ, ਨਰਿੰਦਰ ਬੀਬਾ, ਜਗਮੋਹਨ ਕੌਰ, ਮੁਹੰਮਦ ਸਦੀਕ, ਚਾਂਦੀ ਰਾਮ ਚਾਂਦੀ, ਸ਼ਾਂਤੀ ਦੇਵੀ, ਪ੍ਰਕਾਸ਼ ਕੌਰ, ਕਰਨੈਲ ਗਿੱਲ, ਆਸਾ ਸਿੰਘ ਮਸਤਾਨਾ, ਰੰਗੀਲਾ ਜੱਟ, ਕਰਮਜੀਤ ਧੂਰੀ, ਹਰਚਰਨ ਗਰੇਵਾਲ, ਸੁਰਿੰਦਰ ਕੌਰ ਵਰਗੀਆਂ ਹੋਰ ਵੀ ਨਾਮਵਰ ਆਵਾਜ਼ਾਂ ਨੇ ਗਾ ਕੇ ਆਪਣੇ ਨਾਂ ਦੀ ਮਕਬੂਲੀਅਤ ਦੇ ਨਾਲ-ਨਾਲ ਦੇਵ ਦੀ ਪ੍ਰਸਿੱਧੀ ਨੂੰ ਵੀ ਵਧਾਇਆ। ਪਰ ਦੇਵ ਨੇ ਛੇਤੀ ਹੀ ਪ੍ਰਚੱਲਿਤ ਦੋਹਰੇ ਅਰਥਾਂ ਵਾਲੀ ਦੋਗਾਣਾ ਗਾਇਕੀ ਤੋਂ ਕਿਨਾਰਾ ਕਰ ਸਮੇਂ ਦੀ ਧੂੜ ਵਿਚ ਲੋਪ ਹੋ ਰਹੀਆਂ ਲੋਕ ਗਾਥਾਵਾਂ, ਢਾਡੀ ਵਾਰਾਂ, ਅਤੇ ਕਿੱਸਿਆਂ ਨੂੰ ਇਕ ਨਵੇਂ ਰੂਪ ਵਿਚ ਤਿਆਰ ਕਰਕੇ ਇਕ ਨਵੀਂ ਆਵਾਜ਼ ਦਾ ਆਗਾਜ਼ ਕੀਤਾ ਜੋ ਬਾਅਦ ਵਿਚ ਲੋਕ ਗਾਥਾਵਾਂ/ਕਲੀਆਂ ਦੇ ਬਾਦਸ਼ਾਹ ਕੁਲਦੀਪ ਮਾਣਕ ਦੇ ਨਾਂ ਨਾਲ ਮਸ਼ਹੂਰ ਹੋਇਆ।

### ਸੈਂਕੜੇ ਗਾਇਕਾਂ ਨੇ ਗਾਏ ਗੀਤ

ਉਨ੍ਹਾਂ ਦੀਆਂ ਲਿਖਤਾਂ ਤੇ ਕੁਲਦੀਪ ਮਾਣਕ ਦੀ ਆਵਾਜ਼ ਨੇ ਪੰਜਾਬੀ ਗਾਇਕੀ ਨੂੰ ਇਕ ਨਵਾਂ ਮੋੜ ਦਿੱਤਾ। ਜਿਸ ਨੂੰ ਸਰੋਤਿਆਂ ਵੱਲੋਂ ਭਰਵਾਂ ਹੁੰਗਾਰਾ ਦੇ ਕੇ ਪ੍ਰਵਾਨ ਕੀਤਾ ਗਿਆ. ਅਤੇ ਦੇਵ ਥਰੀਕਿਆਂ ਵਾਲਾ ਆਪਣੇ ਸਮਕਾਲੀ ਗੀਤਕਾਰ ਇੰਦਰਜੀਤ ਹਸਨਪੁਰੀ,ਨੰਦ ਲਾਲ ਨੂਰਪੁਰੀ, ਬਾਬੂ ਸਿੰਘ ਮਾਨ ਮਰਾੜਾਂ ਵਾਲਾ, ਚਰਨ ਸਿੰਘ ਸਫ਼ਰੀ ਅਤੇ ਸਾਜਨ ਰਾਏਕੋਟੀ ਵਰਗਿਆਂ ਗੀਤਕਾਰਾਂ ਦੀ ਕਤਾਰ ਦਾ ਪ੍ਰਸਿੱਧ ਗੀਤਕਾਰ ਕਹਾਉਣ ਲੱਗਾ । ਵੰਨ- ਸੁਵੰਨੇ ਵਿਸ਼ਿਆਂ ਦੀ ਚੋਣ ਨਾਲ ਗੀਤਕਾਰੀ 'ਚ ਵਿਲੱਖਣ ਮੁਕਾਮ ਹਾਸਿਲ ਕਰ ਚੁੱਕੇ ਦੇਵ ਦੇ ਮਿਆਰੀ ਸ਼ਬਦਾਵਲੀ ਵਾਲੇ ਗੀਤ ਲੋਕ ਮਨਾਂ ਵਿਚ ਸਦੀਵੀ ਤੌਰ 'ਤੇ ਘਰ ਕਰ ਗਏ। ਉਸ ਦੇ ਗੀਤਾਂ, ਗਾਥਾਵਾਂ ਅਤੇ ਕਲੀਆਂ ਦੀ ਲਿਸਟ ਲੰਮੀ ਹੈ ਜਿਨ੍ਹਾਂ ਦੀਆਂ ਤੁਕਾਂ ਲੋਕਾਂ ਦੀ ਜ਼ੁਬਾਨ ਉੱਤੇ ਲੋਕ ਗੀਤਾਂ ਵਾਂਗ ਉੱਕਰੀਆਂ ਹੋਈਆਂ ਹਨ। ਸੈਂਕੜੇ ਗਾਇਕਾਂ ਨੇ ਉਸ ਦੇ ਗੀਤਾਂ ਨੂੰ ਆਵਾਜ਼ ਦਿੱਤੀ। ਪਰ ਮਾਣਕ ਦੀ ਆਵਾਜ਼ ਵਿਚ ਗਾਈਆਂ ਲੋਕ ਗਾਥਾਵਾਂ, ਕਲੀਆਂ, ਕਿੱਸੇ ਅਤੇ ਸੱਭਿਆਚਾਰ ਦੀ ਤਰਜਮਾਨੀ ਕਰਦੇ ਹੋਏ ਸੱਭਿਅਕ ਗੀਤ ਨੇ ਅਜਿਹਾ ਕੰਮ ਕਰ ਦਿਖਾਇਆ ਕਿ ਸੱਭਿਆਚਾਰ ਦੇ ਮੁੱਦਈਆਂ ਤੇ ਸੁਹਿਰਦ ਲੋਕਾਂ ਨੇ ਭਰਵੀਂ ਦਾਦ ਦਿੱਤੀ।ਇਸ . ਲਈ ਇਸ ਜੋੜੀ ਨੂੰ ਸਮਾਜਿਕ ਪਿੜ ਅੰਦਰ ਕਦੇ ਵੀ ਵੱਖ ਕਰ ਕੇ ਨਹੀਂ ਵੇਖਿਆ ਜਾ ਸਕਦਾ।

1973-74 ਦੇ ਦਹਾਕੇ ਤੋਂ ਲੈ ਕੇ 21ਵੀਂ ਸਦੀ ਦੇ ਸਾਲ 2022 ਦੇ ਅੰਤ ਤੱਕ ਦੇਵ ਦੇ ਲਿਖੇ ਗੀਤਾਂ ਨੂੰ ਨਵੇਂ ਪੁਰਾਣੇ ਹਰ ਇਕ ਗਾਇਕ ਜਿਵੇਂ, ਪ੍ਰੇਮ ਸ਼ਰਮਾ, ਸਵਰਨ ਲਤਾ, ਨਰਿੰਦਰ ਬੀਬਾ, ਜਗਮੋਹਨ ਕੌਰ, ਮੁਹੰਮਦ ਸਦੀਕ, ਚਾਂਦੀ ਰਾਮ ਚਾਂਦੀ, ਸ਼ਾਂਤੀ ਦੇਵੀ, ਪ੍ਰਕਾਸ਼ ਕੌਰ, ਕਰਨੈਲ ਗਿੱਲ,ਆਸਾ ਸਿੰਘ ਮਸਤਾਨਾ, ਰੰਗੀਲਾ ਜੱਟ, ਕਰਮਜੀਤ ਧੂਰੀ, ਹਰਚਰਨ ਗਰੇਵਾਲ, ਕਰਤਾਰ ਰਮਲਾ, ਸੁਰਿੰਦਰ ਕੌਰ, ਗੁਲਸ਼ਨ ਕੋਮਲ, ਕੁਲਦੀਪ ਮਾਣਕ, ਕੁਲਦੀਪ ਕੌਰ, ਸੁਖਵੰਤ ਸੁੱਖੀ, ਸੁਰਿੰਦਰ ਛਿੰਦਾ, ਪਾਲੀ ਦੇਤਵਾਲੀਆ, ਜਸਵੰਤ ਸੰਦੀਲਾ, ਰਣਜੀਤ ਮਣੀ, ਕੁਲਦੀਪ ਪਾਰਸ, ਸੁਖਵਿੰਦਰ ਸੁੱਖੀ, ਮਲਕੀਤ ਸਿੰਘ ਕਰਮਜੀਤ ਰੰਧਾਵਾ ਪਰਮਿੰਦਰ ਸਿੱਧੂ ਪੰਮੀ ਬਾਈ,ਯੁੱਧਵੀਰ ਮਾਣਕ, ਰਵਿੰਦਰ ਗਰੇਵਾਲ, ਸੁਖਵਿੰਦਰ ਪੰਛੀ, ਵੀਤ ਬਲਜੀਤ, ਗੁਰਮੀਤ ਮੀਤ ਅਤੇ ਜੈਜ਼ੀ ਬੀ ਵਰਗਿਆਂ ਅਨੇਕਾਂ ਹੀ ਹੋਰ ਗਾਇਕਾਂ ਨੇ ਗਾ ਕੇ ਮਾਣ ਮਹਿਸੂਸ ਕੀਤਾ।



ਦੇਵ ਗੀਤਕਾਰੀ ਦਾ ਉਹ ਸੁਨਹਿਰੀ ਇਤਿਹਾਸ ਹੈ ਜਿਹਨੂੰ ਲਿਖਣ ਲਈ ਅਸਮਾਨ - ਜਿੱਡਾ ਕਾਗਜ਼ ਅਤੇ ਸੁਮੰਦਰ ਜਿੰਨੀ ਸਿਆਹੀ ਚਾਹੀਦੀ ਹੈ। ਦੇਵ ਦਾ ਸਭ ਤੋਂ ਵੱਡਾ ਗੁਣ ਇਹ ਰਿਹਾ ਕਿ ਉਸ ਨੇ ਆਪਣੇ ਅੰਦਰਲੇ ਸ਼ਾਇਰ ਹਮੇਸ਼ਾ ਜਿਉਂਦਾ ਰੱਖਿਆ। ਉਸਨੂੰ ਪੜ੍ਹਨ ਦਾ ਬਹੁਤ ਸ਼ੌਕ ਸੀ। ਉਸਨੂੰ ਜੀਵਨ ਦੇ ਅੰਤ ਤੱਕ - ਹਮੇਸ਼ਾ ਹੀ ਕਿਤਾਬਾਂ, ਰਸਾਲੇ ਅਤੇ ਅਖ਼ਬਾਰ ਹੀ ਪੜ੍ਹਦਿਆਂ ਵੇਖਿਆ ਗਿਆ। ਇਸੇ ਕਰ ਕੇ ਉਸ ਦੇ ਗੀਤਾਂ ਵਿਚ ਇਤਿਹਾਸਕ ਹਵਾਲੇ ਮਿਲਦੇ ਰਹਿੰਦੇ ਹਨ। ਦੇਵ ਆਪਣੇ ਗੀਤਾਂ 'ਚ ਹਮੇਸ਼ਾ ਹੀ ਸਮੇਂ ਦੇ ਹਾਣ ਦੀ ਗੱਲ ਕਰਦਾ ਰਿਹਾ।

ਦੇਵ ਬੜਾ ਮੁਹੱਬਤੀ ਇਨਸਾਨ ਸੀ। ਦਿਲ ਦਾ ਨਰਮ ਹਰ ਇਕ ਨੂੰ ਆਪਣੇ ਕਲਾਵੇ . ਵਿਚ ਲੈਣ ਵਾਲਾ। ਹਮੇਸ਼ਾ ਹਾਸੇ-ਠੱਠੇ ਅਤੇ ਚੜ੍ਹਦੀ ਕਲਾ 'ਚ ਰਹਿਣ ਵਾਲਾ ਪੰਜਾਬੀ ਦਾ ਬਾਦਸ਼ਾਹੀ ਗੀਤਕਾਰ ਸੀ। ਦੇਵ ਕੋਲ ਬੈਠਦਿਆਂ ਹੀ ਸਾਹਿਤ ਦੀ ਗੱਲ ਕਰਦਾ, ਸੰਗੀਤ ਦੀ ਗੱਲ ਕਰਦਾ ਜੀਅ ਨਾਲ ਜਹਾਨ ਆ ਵਾਲੀ ਫ਼ਿਤਰਤ ਸੀ ਉਸ ਦੀ। ਸਾਹਿਤਕ ਰੂਹ ਦੇ ਰੱਜੇ ਦੇਵ ਨੂੰ ਦੁਨੀਆ ਭਰ ਦੇ ਮਾਣ- ਸਨਮਾਨ ਨਾਲ ਨਿਵਾਜਿਆ ਗਿਆ। ਉਹ ਕਦੇ ਸਨਮਾਨਾਂ ਦੀ ਦੌੜ ਵਿਚ ਨਹੀਂ ਪਿਆ। ਹਮੇਸ਼ਾ ਹੀ ਉਹ ਲੋਕਾਂ ਦੇ ਪਿਆਰ ਨੂੰ ਵੱਡਾ ਸਨਮਾਨ ਸਮਝਦਾ ਸੀ। ਦੇਵ ਥਰੀਕਿਆ ਵਾਲੇ ਦੀ ਇਹ ਸਿਫ਼ਤ ਰਹੀ ਹੈ ਕਿ ਉਸ ਨੇ ਹੁਣ ਤੱਕ ਜੋ ਵੀ ਕਾਵਿ ਗੀਤ ਸਿਰਜਿਆ ਹੈ, ਉਸ ਵਿਚ ਪਰਿਵਾਰਕ ਰਿਸ਼ਤਿਆਂ ਤੇ ਸੱਭਿਆਚਾਰ ਦੀ ਮਹਿਕ ਆਉਂਦੀ ਹੈ। ਉਸ ਦੇ ਸਿਰਜੇ ਗਏ ਸੈਂਕੜੇ/ ਹਜ਼ਾਰਾਂ ਗੀਤ ਲੋਕ ਗੀਤਾਂ ਦੀ ਤਰਜਮਾਨੀ ਕਰਦੇ ਸਦਾ ਲਈ ਅਮਰ ਹੋ ਗਏ ਜਿਵੇਂ ਕਿ ਮਾਂ ਹੁੰਦੀ ਏ ਮਾਂ, ਛੇਤੀ ਕਰ ਸਰਵਣ ਬੱਚਾ, ਤੇਰੇ ਟਿੱਲੇ ਤੋਂ, ਮਾਂ ਮਿਰਜ਼ੇ ਦੀ ਬੋਲਦੀ, ਜਦ ਭੈਣਾਂ ਹੋ ਜਵਾਨ, ਇਕ ਯੋਗੀ , ਟਿੱਲਿਓਂ ਆ ਗਿਆ, ਯਾਰਾਂ ਦਾ ਟਰੱਕ ਬੱਲੀਏ, ਪੁੱਤ ਜੱਟਾਂ ਦੇ, ਸਾਹਿਬਾਂ ਦਾ ਖ਼ਿਆਲ, ਮਾਣ ਕਰੀਂ ਨਾ ਜੱਟੀਏ, ਤੇਰੀ ਖ਼ਾਤਰ ਹੀਰੇ, ਆਖੇ ਅਕਬਰ ਬਾਦਸ਼ਾਹ, ਦੁੱਲਿਆ ਵੇ ਟੋਕਰਾ ਚੁਕਾਈ ਆਣ ਕੇ, ਮਿਰਜ਼ਾ ਯਾਰ, ਯਾਰ ਮੇਰਾ ਛੱਡ ਗਿਆ, ਗੱਡੀ ਵਿਚ ਜਾਣ ਵਾਲੀਏ, ਮਾਂ ਮਿਰਜ਼ੇ ਦੀ ਬੋਲੀ, ਕੌਲਾਂ ਭਗਤਨੀ, ਦੋ ਤੇਰੇ ਨੱਕ ਦਾ ਕੋਕਾ, ਉੱਠਾਂ ਵਾਲੇ ਨੀਂ, ਪੂਰਨ ਭਗਤ, ਜਿਉਂਦੀ ਮਾਂ ਨੂੰ ਮਾਰ ਗਿਆ, ਉੱਚਾ ਬੁਰਜ ਲਾਹੌਰ ਦਾ, ਲੈ ਗਈ ਕੁੰਜੀਆਂ ਚੁਬਾਰਿਆਂ ਵਾਲੀ, ਜੱਗਾ ਜੰਮਿਆ, ਜੁਗਨੀ, ਸੁੱਚੇ ਯਾਰ ਬਿਨਾਂ, ਸੁੱਚਿਆ ਵੇ ਭਾਬੀ ਤੇਰੀ, ਦਾਤਾ ਤੇ ਭਗਤ ਸੂਰਮਾ, ਸ਼ਹੀਦ ਭਗਤ ਸਿੰਘ, ਭਾਈ ਮੰਤੀ ਦਾਸ ਗੁਰੂ ਦਾ ਪਿਆਰਾ ਅਤੇ ਬੰਦਾ ਸਿੰਘ ਬਹਾਦਰ ਵਰਗੇ ਹਜ਼ਾਰਾਂ ਹੀ ਹੋਰ ਗੀਤ।

### ਦੁਨੀਆ ਨੂੰ ਅਲਵਿਦਾ

ਉਨ੍ਹਾਂ ਜੀਵਨ ਦੇ ਅੰਤ ਤੱਕ ਹਰ ਖੇਤਰ 'ਚ ਬੁਲੰਦੀਆਂ ਛੂਹਣ ਦੇ ਬਾਵਜੂਦ ਪੈਰ ਧਰਤੀ 'ਤੇ ਹੀ ਰੱਖੇ। ਸਾਧਾਰਨ ਰਾਮਗੜ੍ਹੀਆ ਪਰਿਵਾਰ ਵਿਚ ਜੰਮਿਆ, ਵਿਲੱਖਣ ਸ਼ਖ਼ਸੀਅਤ ਦਾ ਮਾਲਕ ਦੇਵ ਥਰੀਕਿਆਂ ਵਾਲਾ ਪੰਜਾਬ, ਪੰਜਾਬੀ ਤੇ ਪੰਜਾਬੀਅਤ ਦੀ ਰੰਗਤ 'ਚ ਰੰਗਿਆ ਵਤਨ ਪੰਜਾਬ ਦੀ ਮਿੱਟੀ ਦੀਆਂ ਗੱਲਾਂ ਕਰਦਾ ਆ ਖ਼ਿਰਕਾਰ 25 ਜਨਵਰੀ, 2022 ਨੂੰ ਪਿੰਡ ਥਰੀਕੇ ਦੀ ਮਿੱਟੀ 'ਚ ਸਮਾ ਗਿਆ। ਦੇਵ ਨੇ ਕਲਮ ਨਾਲ ਹਮੇਸ਼ਾ ਪਾਕ ਮੁਹੱਬਤ ਦੀ ਗੱਲ ਕੀਤੀ। ਸਾਫ਼-ਸੁਥਰੇ ਤੇ ਪਰਿਵਾਰਕ ਸ਼ਬਦਾਂ ਨਾਲ ਸੁੱਖਾਂ ਦੇ ਸੁਨੇਹੇ ਦੇਣ ਵਾਲੇ ਦੇਵ ਦੇ ਗੀਤਾਂ ਦੀ ਉਮਰ ਸਦੀਆਂ ਤੱਕ ਲੰਮੇਰੀ ਰਹੇਗੀ।

# ਆਖ ਤਸਵੀਰਾਂ ਬੋਲਦੀਆਂ


*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 5 ਜੁਲਾਈ 2025 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-697



*ਬੇਜ਼ੁਬਾਨਾ ਕਿੰਝ ਨੂੜ ਕੇ ਸੁੱਟਿਆ ਹੈ,*
*ਯੋਗਾ ਦੇ ਨਾਂ 'ਤੇ ਕਮਲ਼ ਕੁੱਟਿਆ ਹੈ*
*ਬੰਦਾ ਇਨਸਾਨ ਹੈ ਜਾਂ ਕਿ ਹੈਵਾਨ,*
*ਦੱਸ ਕੀ ਮਰਜ਼ੀ ਹੈ ਤੇਰੀ ਭਗਵਾਨ?*

## ਕੈਪਸ਼ਨ ਮੁਕਾਬਲਾ-695



ਸਾਂਝ ਸਰੀਰਾਂ ਦੀ ਜਾਂਦੀ ਮੁੱਕੀ,
ਪਰ ਸਾਹੀਂ ਸੱਜਣ ਹੈ ਵੱਸਿਆ,
ਮੌਤ ਰਾਣੀ ਸਰਾਹਣੇ ਹੈ ਢੁੱਕੀ,
ਛਿਣ ਛਿਣ ਯਾਦੀਂ ਹੈ ਵੱਸਿਆ।
'ਕੱਠੇ ਹੰਢਾਏ ਉਮਰਾਂ ਦੇ ਪੈਂਡੇ,
ਰੂਹ ਦਾ ਪੰਛੀ ਪਿੰਜਰੇ ਫੱਸਿਆ,
ਮੱਥਾ ਚੁੰਮਦਾ ਆਖਰੀ ਵਾਰੀ,
ਪ੍ਰੇਮ ਦਾ ਇਜ਼ਹਾਰ ਹੈ ਦੱਸਿਆ।
***-ਸੇਵਾ ਸਿੰਘ ਨੂਰਪੁਰੀ***

---

ਇੱਕ ਦੂਜੇ ਨੂੰ ਜਿੰਦ ਕਹਿੰਦੇ ਸੀ।
ਸਾਹਾਂ ਦੇ ਵਿਚ ਸਾਹ ਲੈਂਦੇ ਸੀ।
ਇੰਜ ਅਚਾਨਕ ਵੱਖ ਹੋ ਜਾਣਾ।
ਰੂਹਾਂ ਨੇ ਨ੍ਹੀ ਮੰਨਣਾ ਭਾਣਾ।
ਮੇਰੇ ਨਾਲ ਮੇਰੀ ਪਰਛਾਈ ਰੁਸ ਗਈ।
ਜੀਣ ਦੀ ਹਰ ਖਾਹਿਸ਼ ਮੁੱਕ ਗਈ।
ਲੰਘਾਉਣੀ ਪਊ ਜ਼ਿੰਦਗੀ
ਯਾਦਾਂ ਨਾਲ ਜੁੜ ਕੇ।
ਤੁਰ ਗਿਆਂ ਨੇ ਨਹੀਂ ਆਉਣਾ ਮੁੜ ਕੇ।
***-ਗੁਰਦੇਵ ਸਿੰਘ ਢਪਾਲੀ***
***ਫੋਨ: 94176-49275***

---

ਓ ਮੇਰੇ ਹਮਸਫਰ!
ਚੁੱਪ ਤੂੰ ਕਿਉਂ ਹੋ ਗਿਐਂ।
ਬੋਲ ਗੰਢਾਂ ਖੋਹਲ,
ਚੁੱਪ ਤੂੰ ਕਿਉਂ ਹੋ ਗਿਐਂ।
ਨੈਣ ਤੇਰੇ ਵੇਖ,
ਹਿਰਣਾਂ ਨੂੰ ਦੰਦਲ ਪੈ ਜਾਂਦੇ,
ਖੋਹਲ ਅੱਖਾਂ ਖੋਹਲ,
ਚੁੱਪ ਤੂੰ ਕਿਉਂ ਹੋ ਗਿਐਂ।
ਸਾਥ ਤੇਰੇ ਬਾਝ ਤਾਂ,
ਬਾਗ਼ ਵੀ ਲੱਗਣ ਉਜਾੜ,
ਪੱਬ ਪੁੱਟ ਰਤਾ ਸੋਹਲ,
ਚੁੱਪ ਤੂੰ ਕਿਉਂ ਹੋ ਗਿਐਂ।
ਕਿੱਥੇ ਜਾਵਾਂ ਕੀ ਕਰਾਂ,
ਥਾਹ ਪਤਾ ਨਾ ਸੁੱਝਦਾ;
ਰੋਲ ਨਾ ਮੈਨੂੰ ਰੋਲ,
ਚੁੱਪ ਤੂੰ ਕਿਉਂ ਹੋ ਗਿਐਂ।
'ਨਾਕਾਮ' ਸੋਈ ਜਾਣਦਾ
ਸੀਨੇ ਜੀਹਦੇ ਪੀੜ ਹੈ,
ਬੋਲ ਬੋਲ ਅਨਮੋਲ,
ਚੁੱਪ ਤੂੰ ਕਿਉਂ ਹੋ ਗਿਐਂ।
***-ਗੁਰਬਖਸ਼ ਸਿੰਘ 'ਨਾਕਾਮ'***
***ਫੋਨ:+1 864-318-5500***

---

ਨਾਲ਼ ਮੇਰੇ ਤੂੰ ਰੁੱਸ ਨਾ ਜਾਵੀਂ
ਰੁੱਸ ਕੇ ਕਿਧਰੇ ਤੁਰ ਨਾ ਜਾਵੀਂ।
ਗੱਲਾਂ ਬਹੁਤ ਨੇ ਕਰਨ ਵਾਲੀਆਂ
ਵਿੱਚੇ ਛੱਡ ਕੇ ਖੁਰ ਨਾ ਜਾਵੀਂ।
ਚੁੱਪ ਵੱਟਣੀ ਬੜੀ ਹੈ ਔਖੀ
ਮੈਥੋਂ ਕੱਲਿਆਂ ਰਹਿ ਨੀ ਹੋਣਾ।
ਭਟਕ ਜਾਊਂਗਾ ਲਹਿੰਦੀ ਉਮਰੇ
ਵਿਛੋੜਾ ਮੈਥੋਂ ਸਹਿ ਨੀ ਹੋਣਾ।
***-ਜਗਮੀਤ ਸਿੰਘ ਪੰਧੇਰ***

---


ਬੁਢਾਪੇ ਵਿਚ ਜੀਵਨ ਸਾਥੀ ਹੀ ਸਾਥ ਦਿੰਦਾ
ਉਸ ਬਿਨ ਨ੍ਹੀਂ ਸਰਦਾ।
ਜਵਾਨੀ ਪਹਿਰੇ
ਮੂੰਹ ਮੁਟਾਵ ਹੋਇਆ ਰਹਿੰਦਾ
ਭਾਵੇਂ ਰਹੇ ਲੜਦਾ।
ਆਖਰੀ ਪਲਾਂ ਨੂੰ ਬਣਾਵੇ ਯਾਦਗਾਰੀ
ਸਾਂਭ ਸਾਂਭ ਰੱਖੇ ਆਪਣੇ ਹੱਥਾਂ ਵਿਚ ਹੀ
ਸਾਥਣ ਦਾ ਸਾਹ ਰਹੇ ਚਲਦਾ।
***-ਅਮਰਜੀਤ ਸਿੰਘ ਤੂਰ***
***ਫੋਨ: 98784-69639***

---

ਮੌਤ ਅਟੱਲ ਹੈ ਕੋਈ ਦੋ ਰਾਵਾਂ ਨਹੀਂ
ਪਿਆਰ ਤੰਦ ਪੀਢੀ,
ਦੋ ਜਣੇ ਇਕ ਬਣ ਵਿਚਰਦੇ।
ਨਿਰਜਿੰਦ ਸਰੀਰ ਪਿਆ ਹੈ ਸਾਹਮਣੇ
ਦੇਖ ਦੇਖ ਅੱਖਾਂ ਨਾ ਰੱਜੀਆਂ
ਗੁਜ਼ਾਰੀ ਜਿਸ ਨਾਲ ਜ਼ਿੰਦਗੀ ਸਾਰੀ
ਯਾਦਾਂ, ਸੋਚਾਂ ਆ ਘੇਰਾ ਪਾਇਆ
ਆਖਰ ਸਬਰਾਂ ਦਾ ਘੁੱਟ ਭਰਨਾ ਹੀ ਪੈਣਾ।
***-ਦਰਸ਼ਨ ਪਾਲ ਦੋਸਾਂਝ***

# ਫਲਸਤੀਨੀਆ ਅਤੇ ਇਰਾਨ ਦੀ ਇਜ਼ਰਾਈਲ ਖ਼ਿਲਾਫ ਮਦਦ ਕਿਉਂ ਨਹੀਂ ਕਰ ਰਹੇ ਅਰਬ ਦੇਸ਼?

ਦੁਨੀਆਂ ਵਿਚ ਕੁੱਲ 22 ਅਰਬ ਦੇਸ਼ ਹਨ ਜੋ ਮੱਧ ਪੂਰਬ ਤੋਂ ਲੈ ਕੇ ਉੱਤਰੀ ਅਫਰੀਕਾ ਦੇ ਦੇਸ਼ਾਂ ਜਿਵੇਂ ਮਿਸਰ, ਲੀਬੀਆ, ਮੋਰੱਕੋ ਅਤੇ ਅਲਜੀਰੀਆ ਆਦਿ ਤੱਕ ਫੈਲੇ ਹੋਏ ਹਨ। ਇਨ੍ਹਾਂ ਵਿਚ ਸਭ ਤੋਂ ਜ਼ਿਆਦਾ ਦੌਲਤਮੰਦ ਸਾਊਦੀ ਅਰਬ, ਯੂਨਾਈਟਡ ਅਰਬ ਅਮੀਰਾਤ (ਦੁਬਈ, ਆਬੂਧਾਬੀ, ਸ਼ਾਰਜਾਹ, ਆਜਮਨ, ਉਮ ਅਲ ਕੁਵਾਇਨ, ਰਾਸ ਅਲ ਖੇਮਾਹ ਅਤੇ ਫੁਜ਼ਾਈਰਾਹ), ਉਮਾਨ, ਬਹਿਰੀਨ, ਕੁਵੈਤ ਅਤੇ ਕਤਰ ਹਨ। ਇਹ ਸਾਰੇ ਦੇਸ਼ ਸੁੰਨੀ ਫਿਰਕੇ ਨਾਲ ਸਬੰਧ ਰੱਖਦੇ ਹਨ ਤੇ ਫਲਸਤੀਨੀ (ਗਾਜ਼ਾ ਪੱਟੀ ਅਤੇ ਪੱਛਮੀ ਕਿਨਾਰਾ) ਵੀ ਸੁੰਨੀ ਹਨ। ਹੈਰਾਨੀ ਦੀ ਗੱਲ ਇਹ ਹੈ



**ਬਲਰਾਜ ਸਿੰਘ ਸਿੱਧੂ**
**ਏ.ਆਈ.ਜੀ. (ਰਿਟਾ)**
**ਫੋਨ: 95011-00062**

ਕਿ ਅੱਜ ਇਜ਼ਰਾਈਲ ਨੂੰ ਗਾਜ਼ਾ ਵਿਚ ਜ਼ੁਲਮ ਕਰਦਿਆਂ ਇੱਕ ਸਾਲ ਅੱਠ ਮਹੀਨੇ (7 ਅਕਤੂਬਰ 2023 ਨੂੰ ਸ਼ੁਰੂ ਹੋਏ) ਦੇ ਕਰੀਬ ਹੋ ਗਏ ਹਨ। ਲਗਭਗ ਰੋਜ਼ਾਨਾ ਹੋ ਰਹੇ ਹਵਾਈ ਹਮਲਿਆਂ ਵਿਚ ਸੈਂਕੜੇ ਮਾਸੂਮ ਬੱਚਿਆਂ, ਔਰਤਾਂ ਅਤੇ ਮਰਦਾਂ ਨੂੰ ਕਤਲ ਕੀਤਾ ਜਾ ਰਿਹਾ ਹੈ। ਹੁਣ ਤੱਕ 180 ਪੱਤਰਕਾਰਾਂ ਸਮੇਤ ਕਰੀਬ 56,000 ਲੋਕ ਮਾਰੇ ਜਾ ਚੁੱਕੇ ਹਨ। ਗਾਜ਼ਾ ਪੱਟੀ ਦੇ ਖਾਨ ਯੂਨਸ, ਰਫਾਹ, ਦੀਰ ਅਲ ਬਲਾਹ ਅਤੇ ਗਾਜ਼ਾ ਸਿਟੀ ਆਦਿ ਸ਼ਹਿਰਾਂ ਨੂੰ ਖੰਡਰਾਂ ਵਿਚ ਬਦਲ ਦਿੱਤਾ ਗਿਆ ਹੈ। ਹੁਣ ਤਾਂ ਜ਼ੁਲਮ ਦੀ ਇੰਤਹਾ ਹੋ ਗਈ ਹੈ, ਇਜ਼ਰਾਈਲੀ ਫੌਜ ਨੇ ਨਾਕਾਬੰਦੀ ਕਰ ਕੇ ਗਾਜ਼ਾ ਪੱਟੀ ਵਿਚ ਰਾਸ਼ਨ ਪਾਣੀ ਪਹੁੰਚਣਾ ਬਿਲਕੁਲ ਬੰਦ ਕਰ ਦਿੱਤਾ ਹੈ। ਹਜ਼ਾਰਾਂ ਲੋਕਾਂ ਦੀ ਭੁੱਖ ਨਾਲ ਮਰਨ ਦੀ ਨੌਬਤ ਆ ਗਈ ਹੈ। ਹੁਣ ਇਜ਼ਰਾਈਲੀ ਫੌਜ ਨੇ ਇੱਕ ਨਵਾਂ ਜ਼ੁਲਮ ਸ਼ੁਰੂ ਕੀਤਾ ਹੈ। ਗਾਜ਼ਾ ਵਿਚ ਇਸ ਵੇਲੇ ਇੱਕ ਅਮਰੀਕਨ ਸਵੈ-ਸੇਵੀ ਸੰਸਥਾ ਰਾਸ਼ਨ ਵੰਡ ਰਹੀ ਹੈ। ਇਜ਼ਰਾਇਲੀ ਫੌਜ ਹਰ ਦੂਸਰੇ-ਤੀਸਰੇ ਦਿਨ ਰਾਸ਼ਨ ਲੈਣ ਲਈ ਇਕੱਠੇ ਹੋਏ ਫਸਲਤੀਨੀਆਂ ਨੂੰ ਗੋਲੀਆਂ ਨਾਲ ਭੁੰਨ ਰਹੀ ਹੈ। ਪਿਛਲੇ ਹਫਤੇ ਹੀ ਇਸ ਗੋਲਾਬਾਰੀ ਕਾਰਨ 150 ਦੇ ਕਰੀਬ ਫਲਸਤੀਨੀ ਮੌਤ ਦੇ ਮੂੰਹ ਵਿਚ ਜਾ ਚੁੱਕੇ ਹਨ।

ਪਰ ਹੈਰਾਨੀਜਨਕ ਤੌਰ 'ਤੇ ਸਾਊਦੀ ਅਰਬ (ਜੋ ਅਰਬ ਦੇਸ਼ਾਂ ਦਾ ਸਵੈ-ਘੋਸ਼ਿਤ ਨੇਤਾ ਹੈ) ਸਮੇਤ ਸਾਰੇ ਅਰਬ ਦੇਸ਼ਾਂ ਨੇ ਇਸ ਜ਼ੁਲਮੋ-ਸਿਤਮ ਸਬੰਧੀ ਚੁੱਪ ਧਾਰੀ ਹੋਈ ਹੈ। ਇਰਾਨ ਤੇ ਤੁਰਕੀ, ਜੋ ਅਰਬ ਦੇਸ਼ ਨਹੀਂ ਹਨ, ਤੋਂ ਇਲਾਵਾ ਕਿਸੇ ਇਸਲਾਮੀ ਦੇਸ਼ ਨੇ ਕੋਈ ਖਾਸ ਬਿਆਨ ਤੱਕ ਜਾਰੀ ਨਹੀਂ ਕੀਤਾ। ਪਰ ਅਰਬ ਦੇਸ਼ਾਂ ਦੀ ਜਨਤਾ ਵਿਚ ਗਾਜ਼ਾ ਦੇ ਹਾਲਾਤ ਬਾਰੇ ਵਿਆਪਕ ਰੋਸ ਪਸਰਿਆ ਹੋਇਆ ਹੈ ਤੇ ਕਈ ਥਾਵਾਂ 'ਤੇ ਵਿਸ਼ਾਲ ਧਰਨੇ ਪ੍ਰਦਰਸ਼ਨ ਵੀ ਹੋਏ ਹਨ। ਜ਼ਿਆਦਾਤਰ ਅਰਬ ਦੇਸ਼ਾਂ ਵਿਚ ਬਾਦਸ਼ਾਹਾਂ, ਸੁਲਤਾਨਾਂ ਤੇ ਤਾਨਾਸ਼ਾਹਾਂ ਦਾ ਰਾਜ ਹੈ ਜੋ ਅਜਿਹੇ ਪ੍ਰਦਰਸ਼ਨਾਂ ਤੋਂ ਡਰਦੇ ਹਨ ਕਿ ਕਿਤੇ ਜਨਤਾ ਦੇ ਭੜਕੇ ਹੋਏ ਜਜ਼ਬਾਤ ਉਨ੍ਹਾਂ ਦੀ ਗੱਦੀ ਲਈ ਖਤਰਾ ਨਾ ਬਣ ਜਾਣ। ਇਸ ਕਾਰਨ ਸਾਊਦੀ ਅਰਬ, ਮਿਸਰ, ਜਾਰਡਨ, ਬਹਿਰੀਨ ਅਤੇ ਮੋਰੱਕੋ ਨੇ ਫਲਸਤੀਨ ਪੱਖੀ ਪ੍ਰਦਰਸ਼ਨਾਂ ਨੂੰ ਸਖਤੀ ਨਾਲ ਰੋਕ ਦਿੱਤਾ ਹੈ। ਤਾਨਾਸ਼ਾਹਾਂ ਨੂੰ ਜਨਤਾ ਦੇ ਵਿਰੋਧ ਤੋਂ ਹਮੇਸ਼ਾਂ ਡਰ ਰਹਿੰਦਾ ਹੈ, ਚਾਹੇ ਉਹ ਸੜਕਾਂ 'ਤੇ ਹੋਵੇ ਤੇ ਚਾਹੇ ਮੀਡੀਆ ਰਾਹੀਂ। ਅਰਬੀ ਸ਼ਾਸਕ ਅਲਜੀਰੀਆ, ਲਿਬੀਆ ਅਤੇ ਸੀਰੀਆ ਵਿਚ ਅਜਿਹਾ ਵਰਤਾਰਾ ਦੇਖ ਚੁੱਕੇ ਹਨ, ਜਿੱਥੇ ਜਨਤਕ ਰੋਹ ਨੇ ਸਥਾਨਕ ਤਾਨਾਸ਼ਾਹਾਂ ਦਾ ਤਖਤਾ ਪਲਟ ਦਿੱਤਾ ਸੀ। ਇਹ ਅਲੱਗ ਗੱਲ ਹੈ ਕਿ ਇਸ ਦੇ ਸਿੱਟੇ ਵਜੋਂ ਲੀਬੀਆ ਅਤੇ ਸੀਰੀਆ ਬਿਲਕੁਲ ਤਬਾਹ ਹੋ ਚੁੱਕੇ ਹਨ।

ਅਰਬ ਦੇਸ਼ ਤੇਲ ਦੀ ਦੌਲਤ ਨਾਲ ਮਾਲਾ-ਮਾਲ ਹਨ ਤੇ ਨਾਗਰਿਕਾਂ 'ਤੇ ਟੈਕਸ ਬਹੁਤ ਹੀ ਘੱਟ ਹਨ। ਇੱਕ ਖਾਸ ਪਾਲਿਸੀ ਤਹਿਤ ਇਨ੍ਹਾਂ ਦੇਸ਼ਾਂ ਦੇ ਹਾਕਮਾਂ ਨੇ ਜਨਤਾ ਨੂੰ ਜਾਣ-ਬੁੱਝ ਕੇ ਅੱਯਾਸ਼ੀ ਵੱਲ ਧੱਕ ਦਿੱਤਾ ਹੈ। ਉਹ ਚਾਹੁੰਦੇ ਹਨ ਕਿ ਪੈਟਰੋ ਡਾਲਰਾਂ ਨਾਲ ਰੱਜੀ ਜਨਤਾ ਆਪਣਾ ਪੈਸਾ, ਸਮਾਂ ਅਤੇ ਸੋਚ ਜ਼ਿੰਦਗੀ ਦੇ ਮਜ਼ੇ ਲੁੱਟਣ ਵਿਚ ਗੁਜ਼ਾਰੇ ਨਾ ਕਿ ਫਲਸਤੀਨ ਵਰਗੇ ਮਸਲਿਆਂ ਵੱਲ ਧਿਆਨ ਦੇਣ ਲਈ, ਅਜਿਹੇ ਕੰਮ ਸਰਕਾਰਾਂ 'ਤੇ ਛੱਡ ਦੇਣੇ ਚਾਹੀਦੇ ਹਨ। ਫਲਸਤੀਨ ਮਸਲੇ ਨੇ ਅਰਬ ਦੇਸ਼ਾਂ ਦੀ ਕਾਇਰਤਾ ਨੂੰ ਜੱਗ ਜ਼ਾਹਰ ਕਰ ਦਿੱਤਾ ਹੈ ਕਿ ਉਨ੍ਹਾਂ ਵਿਚ ਇਜ਼ਰਾਈਲ ਨਾਲ ਟੱਕਰ ਲੈਣ ਦੀ ਹਿੰਮਤ ਨਹੀਂ ਹੈ। ਕੋਈ ਵੀ ਤਾਨਾਸ਼ਾਹ ਵਿਲਾਸਤਾ ਭਰਪੂਰ ਜ਼ਿੰਦਗੀ ਤਿਆਗ ਕੇ ਜੰਗ ਦੀ ਭੱਠੀ ਵਿਚ ਨਹੀਂ ਪੈਣਾ ਚਾਹੁੰਦਾ। ਅਸਲ ਵਿਚ ਪਹਿਲਾਂ ਵੀ ਤਿੰਨ ਚਾਰ ਵਾਰ ਇਜ਼ਰਾਈਲ ਅਰਬ ਦੇਸ਼ਾਂ ਦੀਆਂ ਸਾਂਝੀਆਂ ਫੌਜਾਂ ਨੂੰ ਜੰਗਾਂ ਵਿਚ ਕਰਾਰੀ ਹਾਰ ਦੇ ਚੁੱਕਾ ਹੈ। ਇਸ ਤੋਂ ਇਲਾਵਾ ਇਜ਼ਰਾਈਲ ਦੇ ਖਿਲਾਫ ਫਲਸਤੀਨੀਆਂ ਦੀ ਮਦਦ ਕਰਨ ਦਾ ਸਿੱਧਾ ਮਤਲਬ ਅਮਰੀਕਾ ਨਾਲ ਸਬੰਧ ਵਿਗਾੜਨਾ ਹੋਵੇਗਾ ਜਿਸ 'ਤੇ ਅਰਬ ਦੇਸ਼ ਆਪਣੀ ਸੁਰੱਖਿਆ ਲਈ ਸ਼ਤ ਪ੍ਰਤੀਸ਼ਤ ਨਿਰਭਰ ਹਨ।

ਇਨ੍ਹਾਂ ਦੇਸ਼ਾਂ ਨੂੰ ਪਤਾ ਹੈ ਕਿ ਇਜ਼ਰਾਈਲ ਅਮਰੀਕਾ ਦੇ ਇੱਕ ਇਸ਼ਾਰੇ 'ਤੇ ਕਿਸੇ ਵੀ ਗੁਆਂਢੀ ਦੇਸ਼ ਦੀ ਧੌਣ ਮਰੋੜ ਸਕਦਾ ਹੈ। ਗਾਜ਼ਾ ਦੀ ਜੰਗ ਦਾ ਹਰੇਕ ਦਿਨ ਅਰਬ ਦੇਸ਼ਾਂ 'ਤੇ ਭਾਰੀ ਪੈ ਰਿਹਾ ਹੈ ਕਿਉਂਕਿ ਉਨ੍ਹਾਂ ਦੀਆਂ ਲੱਖ ਕੋਸ਼ਿਸ਼ਾਂ ਦੇ ਬਾਵਜੂਦ ਲੋਕਾਂ ਦਾ ਗੁੱਸਾ ਵਧਦਾ ਜਾ ਰਿਹਾ ਹੈ। ਇਸ ਮਜਬੂਰੀ ਕਾਰਨ ਅਰਬ ਦੇਸ਼ ਗਾਜ਼ਾ ਜੰਗ ਨੂੰ ਰੋਕਣ ਅਤੇ ਆਪਣੀਆਂ ਗੱਦੀਆਂ ਬਚਾਉਣ ਲਈ ਅਮਰੀਕਾ ਨੂੰ ਅਪੀਲਾਂ ਕਰ ਰਹੇ ਹਨ, ਉਨ੍ਹਾਂ ਨੂੰ ਫਲਸਤੀਨੀਆਂ ਨਾਲ ਕੋਈ ਲੈਣਾ ਦੇਣਾ ਨਹੀਂ ਹੈ। ਜਨਤਾ ਸਵਾਲ ਕਰਨ ਲੱਗ ਪਈ ਹੈ ਕਿ ਜਿਹੜੇ ਅਰਬ ਦੇਸ਼ ਹਰ ਸਾਲ ਅਮਰੀਕਾ ਤੋਂ ਅਰਬਾਂ ਡਾਲਰ ਦੇ ਹਥਿਆਰ ਖਰੀਦਦੇ ਹਨ, ਉਹ ਫਲਸਤੀਨੀਆਂ ਨੂੰ ਇੱਕ ਗੋਲੀ ਤੱਕ ਦੀ ਮਦਦ ਵੀ ਨਹੀਂ ਦੇ ਸਕੇ। ਯੂਨਾਈਟਡ ਅਰਬ ਅਮੀਰਾਤ, ਬਹਿਰੀਨ ਅਤੇ ਮੋਰੱਕੋ ਵਰਗੇ ਦੇਸ਼ ਜਿਨ੍ਹਾਂ ਨੇ ਅਮਰੀਕਾ ਦੇ ਦਬਾਅ ਹੇਠ ਇਜ਼ਰਾਈਲ ਨਾਲ ਕੂਟਨੀਤਕ ਸਬੰਧ ਸਥਾਪਿਤ ਕਰ ਲਏ ਸਨ, ਹੁਣ ਫਸੇ ਹੋਏ ਮਹਿਸੂਸ ਕਰ ਰਹੇ ਹਨ। ਇਸ ਤੋਂ ਇਲਾਵਾ ਇੱਕ ਹੋਰ ਮੁੱਦਾ ਵੀ ਅਰਬ ਦੇਸ਼ਾਂ ਲਈ ਮੁਸੀਬਤ ਦਾ ਕਾਰਨ ਬਣ ਸਕਦਾ ਹੈ। ਫਲਸਤੀਨ ਪੱਖੀ ਪ੍ਰਦਰਸ਼ਨ ਕੱਟੜ ਮੁਲਾਣਿਆਂ ਦੀ ਅਗਵਾਈ ਹੇਠ ਹੋ ਰਹੇ ਹਨ, ਜੋ ਅਰਬੀ ਤਾਨਾਸ਼ਾਹਾਂ ਦੇ ਕੱਟੜ ਵਿਰੋਧੀ ਹਨ। ਜੇ ਕਿਤੇ ਇਨ੍ਹਾਂ ਤਾਨਾਸ਼ਾਹਾਂ ਦੀ ਹਕੂਮਤ ਖਤਮ ਹੋਈ ਤਾਂ ਲੋਕਤੰਤਰ ਦੀ ਬਜਾਏ ਇਹ ਦੇਸ਼ ਸੀਰੀਆ ਅਤੇ ਇਰਾਨ ਵਾਂਗ ਕੱਟੜਪੰਥੀਆਂ ਦੇ ਕਬਜ਼ੇ ਹੇਠ ਆ ਜਾਣਗੇ।



ਫਲਸਤੀਨ ਵਾਂਗ ਇਰਾਨ ਅਤੇ ਇਜ਼ਰਾਈਲ ਦਰਮਿਆਨ ਚੱਲ ਰਹੇ ਘਮਸਾਣ ਵਿਚ ਵੀ ਕੋਈ ਅਰਬ ਦੇਸ਼ ਇਰਾਨ ਦੀ ਮਦਦ ਨਹੀਂ ਕਰ ਰਿਹਾ, ਸਿਰਫ ਬਿਆਨ ਦੇ ਕੇ ਖਾਨਾਪੂਰਤੀ ਕਰ ਰਹੇ ਹਨ। ਅਸਲ ਵਿਚ ਇਰਾਨ ਨਾ ਤਾਂ ਅਰਬ ਦੇਸ਼ ਹੈ ਤੇ ਨਾ ਹੀ ਸੁੰਨੀ। ਉਹ ਆਪਣੇ ਆਪ ਨੂੰ ਆਰੀਅਨ ਮੂਲ ਦਾ ਸਮਝਦਾ ਹੈ ਤੇ ਇਥੇ ਇਸਲਾਮ ਦੀ ਸ਼ੀਆ ਸ਼ਾਖਾ ਦਾ ਬੋਲ ਬਾਲਾ ਹੈ। ਸਾਊਦੀ ਅਰਬ ਅਤੇ ਇਰਾਨ ਦੇ ਸਬੰਧ ਬਾਦਸ਼ਾਹ ਸ਼ਾਹ ਰਜ਼ਾ ਪਹਿਲਵੀ (ਰਾਜ 1941 ਤੋਂ 1979) ਦੇ ਸਮੇਂ ਬਹੁਤ ਵਧੀਆ ਸਨ। 1979 ਵਿਚ ਇਰਾਨ ਵਿਚ ਇਸਲਾਮਿਕ ਕ੍ਰਾਂਤੀ ਹੋ ਗਈ ਤੇ ਸ਼ਾਹ ਦਾ ਤਖਤਾ ਪਲਟ ਕੇ ਆਯਤਉੱਲਾ ਖੋਮੇਨੀ ਇਰਾਨ ਦਾ ਸੁਪਰੀਮ ਲੀਡਰ ਬਣ ਗਿਆ। ਗੱਦੀ ਸੰਭਾਲਦੇ ਸਾਰ ਖੋਮੇਨੀ ਨੇ ਸਾਰੇ ਮੁਸਲਿਮ ਦੇਸ਼ਾਂ ਦੀ ਜਨਤਾ ਨੂੰ ਸੱਦਾ ਦਿੱਤਾ ਕਿ ਬਾਦਸ਼ਾਹਾਂ ਤੇ ਤਾਨਾਸ਼ਾਹਾਂ ਦਾ ਤਖਤਾ ਪਲਟ ਕੇ ਹਰ ਦੇਸ਼ ਵਿਚ ਇਸਲਾਮੀ ਰਾਜ ਕਾਇਮ ਕੀਤਾ ਜਾਵੇ।

ਇਸ ਕਾਰਨ ਅਰਬ ਦੇਸ਼ਾਂ ਵਿਚ ਭੈਅ ਦਾ ਮਾਹੌਲ ਬਣ ਗਿਆ ਤੇ ਉਨ੍ਹਾਂ ਨੇ ਇਰਾਨ ਤੋਂ ਦੂਰੀ ਬਣਾਉਣ ਵਿਚ ਹੀ ਭਲਾਈ ਸਮਝੀ। 4 ਨਵੰਬਰ 1979 ਨੂੰ ਆਯਤਉੱਲਾ ਖੋਮੇਨੀ ਪੱਖੀ ਵਿਦਿਆਰਥੀਆਂ ਨੇ ਤਹਿਰਾਨ ਸਥਿਤ ਅਮਰੀਕੀ ਦੂਤਘਰ 'ਤੇ ਕਬਜ਼ਾ ਕਰ ਕੇ ਅਧਿਕਾਰੀਆਂ ਨੂੰ ਬੰਧਕ ਬਣਾ ਲਿਆ। ਲੱਖ ਯਤਨ ਕਰਨ ਦੇ ਬਾਵਜੂਦ ਵੀ ਅਮਰੀਕਾ ਆਪਣੇ ਬੰਧਕ ਨਾ ਛੁਡਾ ਸਕਿਆ ਤੇ ਅਖੀਰ 20 ਜਨਵਰੀ 1981 ਵਾਲੇ ਦਿਨ ਉਸ ਨੂੰ ਇਰਾਨ ਦੀਆਂ ਮੰਗਾਂ ਮੰਨਣੀਆਂ ਪਈਆਂ। ਇਸ ਕਾਰਨ ਇਰਾਨ ਦੀ ਅਮਰੀਕਾ ਨਾਲ ਵੀ ਕੱਟੜ ਦੁਸ਼ਮਣੀ ਸ਼ੁਰੂ ਹੋ ਗਈ ਜੋ ਅੱਜ ਤੱਕ ਜਾਰੀ ਹੈ। ਅਮਰੀਕਾ ਅਤੇ ਅਰਬ ਦੇਸ਼ਾਂ ਦੀ ਸ਼ਹਿ 'ਤੇ 22 ਸਤੰਬਰ 1980 ਨੂੰ ਇਰਾਕ ਦੇ ਰਾਸ਼ਟਰਪਤੀ ਸਦਾਮ ਹੁਸੈਨ ਨੇ ਇਰਾਨ 'ਤੇ ਹਮਲਾ ਕਰ ਦਿੱਤਾ। ਅਮਰੀਕਾ ਅਤੇ ਅਰਬ ਦੇਸ਼ਾਂ ਤੋਂ ਮਿਲੀ ਭਾਰੀ ਆਰਥਿਕ ਤੇ ਸੈਨਿਕ ਮਦਦ ਦੇ ਬਾਵਜੂਦ ਇਰਾਕ ਸ਼ੁਰੂਆਤੀ ਬੜਤ ਕਾਇਮ ਨਾ ਰੱਖ ਸਕਿਆ ਤੇ ਲੜਾਈ ਫਸ ਗਈ। ਹੌਲੀ ਹੌਲੀ ਧਾਰਮਿਕ ਜੋਸ਼ ਨਾਲ ਲੜ ਰਹੀ ਇਰਾਨੀ ਫੌਜ ਨੇ ਆਪਣੇ ਸਾਰੇ ਇਲਾਕੇ ਵਾਪਸ ਲੈ ਲਏ ਤੇ ਇਰਾਕ 'ਤੇ ਹਮਲੇ ਕਰਨੇ ਸ਼ੁਰੂ ਕਰ ਦਿੱਤੇ। ਆਖਰ ਯੂ.ਐਨ.ਉ. ਦੇ ਦਖਲ ਨਾਲ 20 ਅਗਸਤ 1988 ਨੂੰ ਇਹ ਜੰਗ ਬੰਦ ਹੋਈ।

ਖੋਮੇਨੀ ਸਾਊਦੀ ਅਰਬ ਦੇ ਸ਼ਾਹੀ ਘਰਾਣੇ ਨੂੰ ਸ਼ੈਤਾਨ ਦੇ ਪੁੱਤਰ ਕਹਿੰਦਾ ਹੁੰਦਾ ਸੀ। ਉਹ ਚਾਹੁੰਦਾ ਸੀ ਕਿ ਮੱਕਾ ਮਦੀਨਾ ਸਥਿੱਤ ਇਸਲਾਮਿਕ ਧਾਰਮਿਕ ਸਥਾਨਾਂ 'ਤੇ ਸਾਰੇ ਮੁਸਲਿਮ ਦੇਸ਼ਾਂ ਦਾ ਬਰਾਬਰ ਅਧਿਕਾਰ ਹੋਵੇ। 1987 ਵਿਚ ਇਰਾਨ ਤੋਂ ਗਏ ਹਾਜੀਆਂ ਨੇ ਕਾਬਾ 'ਤੇ ਕਬਜ਼ਾ ਕਰ ਲਿਆ। ਸਾਊਦੀ ਪੁਲਿਸ ਨਾਲ ਹੋਈ ਲੜਾਈ ਵਿਚ 275 ਇਰਾਨੀ, 85 ਪੁਲਿਸ ਵਾਲੇ ਤੇ 42 ਹੋਰ ਦੇਸ਼ਾਂ ਦੇ ਹਾਜੀ ਮਾਰੇ ਗਏ ਪਰ ਕਬਜ਼ਾ ਛੁਡਾ ਲਿਆ ਗਿਆ। ਇਸ ਤੋਂ ਇਲਾਵਾ ਸੀਰੀਆ, ਯਮਨ, ਬਹਿਰੀਨ, ਲੈਬਨਾਨ ਅਤੇ ਇਰਾਕ ਵਿਚ ਹੋਈਆਂ ਸਿਵਲ ਜੰਗਾਂ ਸਮੇਂ ਸਾਊਦੀ ਅਰਬ ਅਤੇ ਇਰਾਨ ਇੱਕ ਦੂਸਰੇ ਦੇ ਵਿਰੋਧ ਵਿਚ ਖੜ੍ਹੇ ਨਜ਼ਰ ਆਏ ਸਨ। ਪਰ ਪਿਛਲੇ ਕੁਝ ਸਾਲਾਂ ਤੋਂ ਦੋਵੇਂ ਦੇਸ਼ ਨਜ਼ਦੀਕ ਆਉਣ ਲੱਗ ਪਏ ਹਨ। ਚੀਨ ਦੀ ਵਿਚੋਲਗੀ ਕਾਰਨ 10 ਮਾਰਚ 2023 ਨੂੰ ਦੋਵਾਂ ਦਰਮਿਆਨ ਇੱਕ ਸੰਧੀ ਹੋ ਗਈ ਤੇ ਇਰਾਨ ਨੇ ਸਾਊਦੀ ਅਰਬ ਦੀ ਮੁੱਖ ਮੰਗ ਮੰਨ ਲਈ ਕਿ ਉਹ ਹਾਊਥੀ ਬਾਗੀਆਂ ਨੂੰ ਹਥਿਆਰ ਨਹੀਂ ਦੇਵੇਗਾ। ਦੋਵਾਂ ਦੇਸ਼ਾਂ ਨੇ ਇੱਕ ਦੂਸਰੇ ਅੰਦਰ ਆਪਣੇ ਦੂਤਘਰ ਖੋਲ੍ਹ ਲਏ ਤੇ ਵਪਾਰ ਵੀ ਸ਼ੁਰੂ ਹੋ ਗਿਆ। ਪਰ ਹੁਣ ਅਰਬ ਦੇਸ਼ ਇਰਾਨ ਦੀਆਂ ਵਾਰ ਵਾਰ ਅਪੀਲਾਂ ਦੇ ਬਾਵਜੂਦ ਇਜ਼ਰਾਈਲ ਅਤੇ ਅਮਰੀਕਾ ਦੇ ਡਰੋਂ ਉਸ ਨੂੰ ਕੋਈ ਫੌਜੀ ਸਹਾਇਤਾ ਨਹੀਂ ਦੇ ਰਹੇ ਹਨ।

# ਦੋਹਾਂ ਦਾਰਿਆਂ ਦੀ ਅਸਲੀਅਤ ਨੂੰ ਬਿਆਨਦੀ ਪੁਸਤਕ - 'ਦਾਰੇ ਭਲਵਾਨਾਂ ਦੀ ਦਾਸਤਾਨ'

ਪਹਿਲਵਾਨਾਂ ਦੀ ਦੁਨੀਆ ਵਿਚ 'ਦਾਰਾ ਸਿੰਘ' ਮਸ਼ਹੂਰ ਨਾਂ ਹੈ। ਅਕਸਰ ਆਖਿਆ ਜਾਂਦੈ: ਦਾਰੇ ਦੀਆਂ ਰੀਸਾਂ ਕੌਣ ਕਰ-ਲੂ? ਤੂੰ ਕਿਹੜਾ ਦਾਰਾ ਭਲਵਾਨ ਐਂ? ਦੇਖ ਲਾਂ-ਗੇ ਤੈਨੂੰ ਵੱਡੇ ਭਲਵਾਨ ਨੂੰ! ਦਾਰਾ ਸਿੰਘ ਨੀ ਕਿਸੇ ਬਣ ਜਾਣਾ ਘਰ ਘਰ ਪੁੱਤ ਜੰਮਦੇ...। 'ਦਾਰਾ ਸਿੰਘ' ਦਾ ਨਾਂ 'ਸੁਪਰਮੈਨ' ਹੋਣ ਦੀ ਮਿੱਥ ਬਣ ਗਿਆ ਹੈ। ਮਿੱਥਾਂ ਦੀਆਂ ਦੰਦ ਕਥਾਵਾਂ ਚੱਲ ਪੈਂਦੀਆਂ ਹਨ ਜਿਨ੍ਹਾਂ ਵਿਚ ਸੱਚਾਈ ਨਾਲ ਗਲਪ ਵੀ ਰਲ ਜਾਂਦੀ ਹੈ। ਹੈਰਾਨੀ 'ਚ ਵਾਧਾ ਕਰਨ ਲਈ ਗੱਲ



**ਪ੍ਰਿੰ. ਸਰਵਣ ਸਿੰਘ**
**ਫੋਨ: 647-785-1661**

ਵਧਾਅ-ਚੜ੍ਹਾਅ ਕੇ ਜੁ ਕਰਨੀ ਹੋਈ। ਜਿਵੇਂ ਭੀਮ ਸੈਨ ਬਾਰੇ ਕਿਹਾ ਜਾਂਦੈ ਕਿ ਉਹਦੇ ਅਸਮਾਨਾਂ 'ਚ ਵਗਾਹੇ ਹਾਥੀ ਹਾਲੇ ਤੱਕ ਨਹੀਂ ਮੁੜੇ!


ਦੋਹਾਂ ਦਾਰਿਆਂ ਬਾਰੇ ਚਲਦੀਆਂ ਦੰਦ ਕਥਾਵਾਂ 'ਚ ਅਕਸਰ ਆਖਿਆ ਜਾਂਦੈ ਕਿ ਵੱਡਾ ਦਾਰਾ ਅਸਲੀ ਪਹਿਲਵਾਨ ਸੀ ਜਦਕਿ ਛੋਟਾ ਦਾਰਾ ਨਕਲੀ ਪਹਿਲਵਾਨ। ਅਖੇ ਨਕਲੀ ਪਹਿਲਵਾਨ ਨੇ ਅਸਲੀ ਪਹਿਲਵਾਨ ਦਾ ਨਾਂ ਵਰਤ ਕੇ ਉਹਦੀ ਖੱਟੀ ਖਾਧੀ। ਪਰ ਇਹ ਸੱਚ ਨਹੀਂ। ਮੈਂ ਦੋਹਾਂ ਦਾਰਿਆਂ ਨੂੰ ਆਪਣੀ ਅੱਖੀਂ ਵੇਖਿਆ ਹੈ। ਦੋਵੇਂ ਦਾਰੇ ਅਸਲੀ ਸਨ ਜਿਹੜੇ ਚੋਣਾਂ ਵਿਚ ਵੋਟਾਂ ਪਾਉਂਦੇ ਰਹੇ। ਵੱਡਾ ਦਾਰਾ ਤਾਂ ਦੋ ਵਾਰ ਪਿੰਡ ਦਾ ਸਰਪੰਚ ਵੀ ਬਣਿਆ।

ਦਾਰੇ ਪਹਿਲਵਾਨਾਂ ਦੀਆਂ ਮਸ਼ਹੂਰੀਆਂ ਦੇ ਕਾਰਨ ਅਤੇ ਅਸਲੀ ਨਕਲੀ ਹੋਣ ਦਾ ਸੱਚ ਦੱਸਣ ਲਈ ਹੀ ਇਹ ਪੁਸਤਕ ਪ੍ਰਕਾਸ਼ਿਤ ਕੀਤੀ ਜਾ ਰਹੀ ਹੈ। ਖਾਸ ਕਰਕੇ ਨਵੀਂ ਪੀੜ੍ਹੀ ਦੇ ਵਿਦਿਆਰਥੀਆਂ, ਨੌਜੁਆਨਾਂ ਤੇ ਕੁਸ਼ਤੀ ਪ੍ਰੇਮੀਆਂ ਨੂੰ ਪਤਾ ਲੱਗਣਾ ਚਾਹੀਦੈ ਕਿ ਦੋਹਾਂ ਦਾਰਿਆਂ ਦੀ ਅਸਲੀਅਤ ਕੀ ਸੀ?

ਇਹ ਹਕੀਕਤ ਹੈ ਕਿ ਦਾਰਾ ਸਿੰਘ ਨਾਂ ਦੇ ਦੋ ਸਮਕਾਲੀ ਭਲਵਾਨ ਸਨ ਜੋ ਦੇਸ਼ ਵਿਦੇਸ਼ ਵਿਚ ਮਸ਼ਹੂਰ ਹੋਏ। ਉਨ੍ਹਾਂ ਦੇ ਘੋਲ ਟਿਕਟਾਂ ਉਤੇ ਹੁੰਦੇ ਰਹੇ। ਦੂਰੋਂ ਨੇੜਿਓਂ ਲੋਕ ਉਨ੍ਹਾਂ ਦੇ ਦਰਸ਼ਨ ਕਰਨ ਆਉਂਦੇ। ਦੋਵੇਂ ਦਾਰੇ ਅੰਬਰਸਰੀਏ ਭਾਊ ਸਨ। ਵੱਡਾ ਦਾਰਾ ਦੁਲਚੀਪੁਰ ਦਾ ਸੀ ਤੇ ਛੋਟਾ ਦਾਰਾ ਧਰਮੂਚੱਕ ਦਾ। ਵੱਡੇ ਦਾ ਪੂਰਾ ਨਾਂ ਦਾਰਾ ਸਿੰਘ ਸਿੱਧੂ ਸੀ, ਛੋਟੇ ਦਾ ਦਾਰਾ ਸਿੰਘ ਰੰਧਾਵਾ। ਵੱਡੇ ਦਾਰੇ ਦਾ ਕੱਦ ਸੱਤ ਫੁੱਟ ਸੀ, ਛੋਟੇ ਦਾਰੇ ਦਾ ਸਵਾ ਛੇ ਫੁੱਟ। ਦਾਰਾ ਦੁਲਚੀਪੁਰੀਆ 1918 'ਚ ਜੰਮਿਆ ਸੀ, ਦਾਰਾ ਧਰਮੂਚੱਕੀਆ 1928 ਵਿਚ। ਬੇਸ਼ਕ ਹੁਣ ਉਹ ਜੀਵਤ ਨਹੀਂ ਪਰ ਉਨ੍ਹਾਂ ਦੀ ਉਲਾਦ ਜੀਵਤ ਹੈ।

ਦਾਰੇ ਦੁਲਚੀਪੁਰੀਏ ਨੂੰ ਕਤਲ ਦੇ ਜੁਰਮ 'ਚ ਪਹਿਲਾਂ ਫਾਂਸੀ ਦੀ ਸਜ਼ਾ ਹੋਈ ਸੀ ਜੋ ਅਪੀਲ ਕਰਨ ਨਾਲ ਵੀਹ ਸਾਲ ਦੀ ਜੇਲ੍ਹ ਵਿਚ ਬਦਲ ਗਈ ਸੀ। ਫਿਰੋਜ਼ਪੁਰ ਜੇਲ੍ਹ 'ਚੋਂ ਉਸ ਨੂੰ ਹੱਥਕੜੀ ਲਾ ਕੇ ਕੁਸ਼ਤੀਆਂ ਦੇ ਦੰਗਲਾਂ ਵਿਚ ਲਿਜਾਇਆ ਜਾਂਦਾ ਸੀ। ਕੁਸ਼ਤੀਆਂ ਵਿਖਾਉਣ ਪਿੱਛੋਂ ਮੁੜ ਹੱਥਕੜੀ ਲਾ ਲਈ ਜਾਂਦੀ ਸੀ। ਉਦੋਂ ਉਸ ਨੂੰ ਦਾਰਾ ਕਿੱਲਰ ਤੇ ਦਾਰਾ ਜੇਲ੍ਹਰ ਵੀ ਕਿਹਾ ਜਾਂਦਾ ਸੀ। ਉਸ ਦੀ ਇਕ ਕੁਸ਼ਤੀ ਮੈਂ ਫਾਜ਼ਿਲਕਾ ਦੇ ਗਊਸ਼ਾਲਾ ਗਰਾਊਂਡ ਵਿਚ ਆਪਣੀ ਅੱਖੀਂ ਵੇਖੀ ਸੀ। ਉਹ ਆਮ ਲੋਕਾਂ ਤੋਂ ਹੱਥ ਭਰ ਉਚਾ ਸੀ। ਫਿਰ ਰੈੱਡ ਕਰਾਸ ਲਈ ਫੰਡ 'ਕੱਠਾ ਕਰਨ ਬਦਲੇ ਉਸ ਨੂੰ ਅਗਾਊਂ ਰਿਹਾਈ ਮਿਲ ਗਈ ਸੀ।

ਜੇਲ੍ਹੋਂ ਰਿਹਾਅ ਹੋ ਕੇ ਦਾਰੇ ਨੇ ਦੋ ਵਾਰ ਪਿੰਡ ਦੀ ਸਰਪੰਚੀ ਕੀਤੀ ਤੇ ਧੜੇਬਾਜ਼ੀ ਵਿਚ ਵੀ ਪਿਆ। ਇਕ ਵਾਰ ਵਿਰੋਧੀਆਂ ਨੇ ਉਹਦੇ ਸੱਟਾਂ ਮਾਰੀਆਂ, ਲਹੂ ਡੁੱਲ੍ਹਿਆ, ਪਰ ਮਰਨੋਂ ਬਚ ਗਿਆ। ਉਹਦੇ




ਜੀਵਨ ਵਿਚ ਕਈ ਮੋੜ-ਘੋੜ ਆਏ। ਉਹਦਾ ਕਿਸਾਨੀ ਪਿਛੋਕੜ, ਪਹਿਲਵਾਨ, ਪੁਲੀਸਮੈਨ ਤੇ ਪੰਗੇਹੱਥਾ ਹੋਣ, ਫਿਰ ਕਾਤਲ, ਕੈਦੀ, ਸਰਪੰਚ, ਧੜੇਬਾਜ਼, ਆਸ਼ਕ, ਐਬੀ-ਕਬਾਬੀ ਤੇ ਰੁਸਤਮੇ-ਜ਼ਮਾਂ ਬਣਨ ਬਾਰੇ ਕਮਾਲ ਦੀ ਫਿਲਮ ਬਣ ਸਕਦੀ ਹੈ। ਅਜਿਹੀ ਫਿਲਮ ਕਿਸੇ ਨਿਰਮਾਤਾ ਨੂੰ ਬਣਾਉਣੀ ਵੀ ਚਾਹੀਦੀ ਹੈ।

ਦਾਰੇ ਧਰਮੂਚੱਕੀਏ ਦਾ ਜਮਾਂਦਰੂ ਨਾਂ ਦੀਦਾਰ ਸਿੰਘ ਰੱਖਿਆ ਗਿਆ ਸੀ ਜੋ ਬਚਪਨ ਵਿਚ ਦਾਰੀ ਤੇ ਜੁਆਨੀ 'ਚ ਦਾਰਾ ਸਿੰਘ ਪੱਕਿਆ। ਉਹਦੀ ਗੁੱਡੀ ਲੰਮਾ ਸਮਾਂ ਚੜ੍ਹੀ ਰਹੀ। ਇਹਦਾ ਕਾਰਨ ਪਹਿਲਵਾਨ ਹੋਣ ਨਾਲ ਉਹਦਾ ਫਿਲਮੀ ਅਦਾਕਾਰ ਹੋਣਾ ਵੀ ਸੀ। ਉਹ ਕੁਸ਼ਤੀਆਂ ਦੇ ਅਖਾੜਿਆਂ ਵਿਚ ਵੀ ਦਰਸ਼ਕਾਂ ਦੀਆਂ ਅੱਖਾਂ ਅੱਗੇ ਰਿਹਾ ਤੇ ਫਿਲਮਾਂ ਵਿਚ ਵੀ। ਉਸ ਨੇ ਉਮਰ ਵੀ ਵੱਧ ਭੋਗੀ। ਵੱਡਾ ਦਾਰਾ 70 ਸਾਲ ਜੀਵਿਆ ਜਦਕਿ ਛੋਟਾ ਦਾਰਾ 84 ਸਾਲ।

ਦੋਹਾਂ ਦਾਰਿਆਂ 'ਚ ਕੁਝ ਗੱਲਾਂ ਸਾਂਝੀਆਂ ਸਨ ਤੇ ਕੁਝ ਵੱਖਰੀਆਂ। ਵੱਡਾ ਦਾਰਾ ਸੁਭਾਅ ਦਾ ਜਿੰਨਾ ਗਰਮ ਸੀ, ਛੋਟਾ ਦਾਰਾ ਓਨਾ ਹੀ ਨਰਮ ਸੀ। ਉਂਜ ਤਾਂ ਦਾਰੇ ਰੰਧਾਵੇ ਦੇ ਪਿੰਡ ਧਰਮੂਚੱਕ ਵਿਚ ਵੀ ਲੜਾਈ ਝਗੜੇ ਹੁੰਦੇ ਸਨ ਪਰ ਦਾਰੇ ਦੁਲਚੀਪੁਰੀਏ ਵਾਂਗ ਉਹਨੇ ਕੋਈ ਬੰਦਾ ਤਾਂ ਕੀ ਮਾਰਨਾ ਸੀ, ਕਿਸੇ ਚਿੜੀ ਜਨੌਰ ਨੂੰ ਵੀ ਨਹੀਂ ਸੀ ਮਾਰਿਆ। ਬਚਪਨ ਵਿਚ ਸੰਤ ਬਾਬਾ ਸ਼ਾਮ ਸਿੰਘ ਦੀ ਸਿੱਖਿਆ ਸਦਕਾ ਉਹ ਸਾਊ ਬੰਦਾ ਬਣਿਆ ਰਿਹਾ ਤੇ ਲੜਾਈ-ਝਗੜੇ ਤੋਂ ਬਚਿਆ ਰਿਹਾ।

ਵੱਡਾ ਦਾਰਾ ਕੋਰਾ ਅਨਪੜ੍ਹ ਸੀ, ਜਦਕਿ ਛੋਟਾ ਦਾਰਾ ਮਾੜਾ ਮੋਟਾ ਪੜ੍ਹ ਲਿਖ ਲੈਂਦਾ ਸੀ। ਉਹ ਨਸ਼ੇ-ਪੱਤੇ ਤੋਂ ਬਚਿਆ ਰਿਹਾ, ਅਯਾਸ਼ੀ ਦੀਆਂ ਮਹਿਫ਼ਲਾਂ ਤੋਂ ਵੀ ਲਾਂਭੇ ਰਿਹਾ ਅਤੇ ਅਵਾਰਾ ਔਰਤਾਂ ਦੇ ਚੱਕਰਾਂ 'ਚ ਵੀ ਨਾ ਪਿਆ। ਇਸੇ ਕਰਕੇ ਉਹਦਾ ਅਕਸ ਸੱਚੇ-ਸੁੱਚੇ ਸਾਊ ਇਨਸਾਨ ਦਾ ਬਣਿਆ ਰਿਹਾ। ਉਹ ਮਿਲਾਪੜਾ ਵੀ ਬਹੁਤ ਸੀ। ਉਹਦੀ ਸੰਗਤ ਚੰਗੇ ਸੱਜਣਾਂ-ਮਿੱਤਰਾਂ ਤੇ ਹੀਰੇ ਬੰਦਿਆਂ ਨਾਲ ਹੁੰਦੀ ਰਹੀ ਜਿਸ ਨਾਲ ਉਸ ਨੂੰ ਵਧੇਰੇ ਪ੍ਰਸਿੱਧੀ ਮਿਲਦੀ ਗਈ।

84ਵੇਂ ਸਾਲ ਦੀ ਉਮਰੇ ਜਦੋਂ ਉਸ ਨੂੰ ਦਿਲ ਦਾ ਦੌਰਾ ਪਿਆ ਤਾਂ ਉਹ ਤੁਰਤ ਮੀਡੀਆ ਦੀਆਂ ਖਬਰਾਂ ਵਿਚ ਆ ਗਿਆ। ਮੀਡੀਆ ਉਹਦੀ ਵਿਗੜਦੀ ਹਾਲਤ ਦੀਆਂ ਪਲ-ਪਲ ਦੀਆਂ ਖ਼ਬਰਾਂ ਦੇਣ ਲੱਗਾ। ਉਹਦੀ ਮੌਤ ਦੀ ਖ਼ਬਰ 'ਬ੍ਰੇਕਿੰਗ ਨਿਊਜ਼' ਵਜੋਂ ਫਲੈਸ਼ ਹੋਈ। ਜੀਹਨੂੰ ਨਹੀਂ ਸੀ ਪਤਾ ਉਹਨੂੰ ਵੀ ਦਾਰੇ ਪਹਿਲਵਾਨ ਦੀ ਮੌਤ ਦਾ ਪਤਾ ਲੱਗ ਗਿਆ। ਉਹਦਾ ਦੇਹਾਂਤ 11 ਜੁਲਾਈ 2012 ਨੂੰ ਪਰਿਵਾਰ ਦੀ ਹਾਜ਼ਰੀ ਵਿਚ ਫਿਲਮਾਂ ਦੀ ਰਾਜਧਾਨੀ ਮੁੰਬਈ ਵਿਚ ਹੋਇਆ, ਜਿਥੋਂ ਕੁਲ ਦੁਨੀਆ 'ਚ ਤਾਰਾਂ ਖੜਕ ਗਈਆਂ। ਉਸ ਦੀ ਮੌਤ ਦਾ ਸੋਗ ਵਿਸ਼ਾਲ ਪੱਧਰ 'ਤੇ ਮਨਾਇਆ ਗਿਆ।

ਦਾਰੇ ਦੁਲਚੀਪੁਰੀਏ ਦੀ ਮ੍ਰਿਤੂ ਦਹਿਸ਼ਤੀ ਦੌਰ ਦੇ ਉਹਨਾਂ ਦਿਨਾਂ 'ਚ ਹੋਈ ਸੀ ਜਦੋਂ ਬੰਦੇ ਦੀ ਮੌਤ ਪਸ਼ੂਆਂ ਪੰਛੀਆਂ ਦੀ ਮੌਤ ਵਾਂਗ ਹੀ ਸਮਝੀ ਜਾਂਦੀ ਸੀ। ਅਜਿਹੀ ਹਾਲਤ ਵਿਚ ਲੋਕ ਕੀਹਦੀ-ਕੀਹਦੀ ਮੌਤ ਦਾ ਮਾਤਮ ਮਨਾਉਂਦੇ! ਉਂਜ ਵੀ ਬਿਮਾਰੀਆਂ ਦਾ ਭੰਨਿਆ ਤੇ ਬੁਢਾਪੇ 'ਚ ਅਸਲੋਂ ਅਣਗੌਲਿਆ ਰਹਿ ਜਾਣ ਵਾਲਾ ਵੱਡਾ ਦਾਰਾ 70ਵੇਂ ਸਾਲ ਦੀ ਉਮਰੇ ਗੁੰਮਨਾਮੀ ਵਿਚ ਹੀ ਗੁਜ਼ਰ ਗਿਆ ਸੀ ਜਿਸ ਦੀ ਕੋਈ 'ਬ੍ਰੇਕਿੰਗ ਨਿਊਜ਼' ਤਾਂ ਕੀ ਫਲੈਸ਼ ਹੋਣੀ ਸੀ, ਅਖ਼ਬਾਰਾਂ ਵਿਚ ਸਧਾਰਨ ਖ਼ਬਰ ਵੀ ਨਾ ਛਪੀ। ਕਿਥੇ ਮੁੰਬਈ ਦੀ ਫਿਲਮੀ ਨਗਰੀ ਤੇ ਕਿਥੇ ਖਡੂਰ ਸਾਹਿਬ ਨੇੜਲਾ ਛੋਟਾ ਜਿਹਾ ਪਿੰਡ ਦੁਲਚੀਪੁਰ!

ਦਾਰੇ ਦੇ ਦੇਹਾਂਤ ਤੋਂ 17-18 ਸਾਲ ਪਿੱਛੋਂ ਦੁਲਚੀਪੁਰ ਵਿਆਹੇ ਮੇਰੇ ਭਤੀਜੇ ਡਾ. ਬਲਵੰਤ ਸਿੰਘ ਸੰਧੂ ਨੇ ਉਹਦੇ ਬਾਰੇ ਨਾਵਲ ਲਿਖਿਆ 'ਗੁੰਮਨਾਮ ਚੈਂਪੀਅਨ'। ਉਹਦਾ ਆਧਾਰ ਦਾਰੇ ਦੀ ਪਤਨੀ, ਪੋਤਰੇ ਤੇ ਦਾਰੇ ਦੇ ਸਮਕਾਲੀ ਪੇਂਡੂਆਂ ਨਾਲ ਕੀਤੀਆਂ ਗੱਲਾਂ ਬਾਤਾਂ ਸਨ। ਉਸ ਨਾਲ ਮੈਂ ਵੀ ਦੁਲਚੀਪੁਰ ਗਿਆ ਤੇ ਉਹ ਬੀਹੀ ਵੇਖੀ ਜਿਥੇ ਸ਼ਰੀਕਾਂ ਨੇ ਦਾਰੇ ਦੇ ਭਰਾ ਦਲੀਪ ਸਿੰਘ ਨੂੰ ਕਤਲ ਕੀਤਾ ਸੀ। ਉਹ ਛੱਪੜ ਵੀ ਵੇਖਿਆ ਜਿਸ ਵਿਚ ਦਾਰੇ ਨੇ ਆਪਣੇ ਸਕੇ ਭਰਾ ਦੇ ਕਤਲ ਦਾ ਬਦਲਾ ਲੈਂਦਿਆਂ ਸ਼ਰੀਕ ਭਰਾ ਸਰਦਾਰੇ ਨੂੰ ਮਾਰ ਕੇ ਗਾਰ ਵਿਚ ਦੱਬਿਆ ਸੀ। ਪੂਰੀ ਜਾਣਕਾਰੀ ਲਈ ਇਹ ਪੁਸਤਕ ਸੰਗਮ ਪਬਲੀਕੇਸ਼ਨਜ਼ ਸਮਾਣਾ ਵੱਲੋਂ ਪ੍ਰਕਾਸ਼ਿਤ ਕੀਤੀ ਜਾ ਰਹੀ ਹੈ। ਪੁਸਤਕ ਤੇ ਟਾਈਟਲ ਬਾਰੇ ਕੋਈ ਸੁਝਾਅ ਹੋਵੇ ਤਾਂ ਕੁਮੈਂਟ ਕਰਨ ਦੀ ਕਿਰਪਾਲਤਾ ਕਰਨੀ, ਧੰਨਵਾਦੀ ਹੋਵਾਂਗੇ।

# ਆਪਣੇ ਆਪ ਨਾਲ ਤਾਂ ਲੜਿਆ ਹੀ ਨਹੀਂ

## ਸ਼ਬਦ ਜੋਤ



**ਡਾ. ਗੁਰਬਖਸ਼ ਸਿੰਘ ਭੰਡਾਲ**
ਫੋਨ: 216-556-2080

ਬੰਦਾ ਹਮੇਸ਼ਾਂ ਜੰਗ 'ਚ। ਕਦੇ ਆਪਣੇ ਆਪ ਨਾਲ ਅਤੇ ਕਦੇ ਬੇਗਾਨਿਆਂ ਨਾਲ। ਕਦੇ ਮਿੱਤਰਾਂ ਨਾਲ ਤੇ ਕਦੇ ਗੈਰਾਂ ਨਾਲ। ਕਦੇ ਇਹ ਅੰਦਰਲੀ ਜੰਗ ਹੁੰਦੀ ਅਤੇ ਕਦੇ ਬਾਹਰਲੀ। ਕਦੇ ਇਹ ਥੋਪੀ ਜਾਂਦੀ ਅਤੇ ਕਦੇ ਅਸੀਂ ਖੁਦ ਇਸ 'ਚ ਉਲਝ ਜਾਂਦੇ।

ਯੁੱਗਾਂ ਤੋਂ ਜੰਗ ਆਪਣੀ ਹੋਂਦ ਰਾਹੀਂ ਬੰਦੇ ਨੂੰ ਉਸਦੀ ਔਕਾਤ ਦਿਖਾਉਂਦੀ ਅਤੇ ਉਸਦੀ ਅਸਲੀਅਤ ਦੇ ਰੂਬਰੂ ਕਰਵਾਉਂਦੀ।

ਜੰਗ ਲੜਨ ਤੋਂ ਵੀ ਪਹਿਲਾਂ ਇਹ ਜ਼ਰੂਰ ਪਤਾ ਹੋਵੇ ਕਿ ਜੰਗ ਕਿਸ ਨਾਲ ਲੜਨੀ ਹੈ, ਕਿਉਂ ਲੜਨੀ ਹੈ, ਕਿਵੇਂ ਜਿੱਤਣੀ ਹੈ ਅਤੇ ਇਸ ਤੋਂ ਕੀ ਪ੍ਰਾਪਤ ਹੋਵੇਗਾ? ਜਦ ਅਸੀਂ ਹੋਣ ਵਾਲੀ ਜੰਗ ਪ੍ਰਤੀ ਸੁਚੇਤ ਹੋਵਾਂਗੇ। ਇਸ ਦੀਆਂ ਸਾਰੀਆਂ ਪਰਤਾਂ ਅਤੇ ਬਹੁ-ਪਸਾਰੀ ਆਯਾਮਾਂ ਦਾ ਪਤਾ ਹੋਵੇਗਾ ਤਾਂ ਅਸੀਂ ਪੂਰੀ ਤਿਆਰੀ ਨਾਲ ਜੰਗ ਲੜਾਂਗੇ ਵੀ ਅਤੇ ਜਿੱਤਾਂਗੇ ਵੀ।

ਜੰਗ ਹਮੇਸ਼ਾ ਬਾਹਰੀ ਦੁਸ਼ਮਣ ਨਾਲ ਹੀ ਨਹੀਂ ਲੜੀ ਜਾਂਦੀ। ਜੰਗ ਦਾ ਮੁੱਢ ਤਾਂ ਸਾਡੇ ਅੰਦਰੋਂ ਬੱਝਦਾ। ਸਾਨੂੰ ਇਹ ਸੁਰਤ ਹੀ ਨਹੀਂ ਕਿ ਅਸੀਂ ਕਸੂਰਵਾਰ ਹੁੰਦੇ ਹੋਏ ਵੀ ਖੁਦ ਨੂੰ ਬੇਕਸੂਰ ਸਾਬਤ ਕਰਨ ਲਈ ਹਰ ਹੀਲਾ ਵਰਤਦੇ।

ਐ ਬੰਦਿਆ! ਤੂੰ ਬਾਹਰ ਤਾਂ ਹਰ ਇਕ ਨਾਲ ਲੜਦਾ ਏਂ, ਕਦੇ ਖੁਦ ਨਾਲ ਤਾਂ ਲੜਿਆ ਹੀ ਨਹੀਂ। ਸੂਰਜਾਂ ਦੀ ਦੱਸ ਤਾਂ ਪਾਉਂਦਾ ਏਂ, ਤੇਰੇ ਅੰਦਰ ਤਾਂ ਚੰਦਰਮਾ ਚੜ੍ਹਿਆ ਹੀ ਨਹੀਂ। ਐਵੇਂ ਫੋਕੇ ਦਮਗਜੇ ਮਾਰਦਾ ਏਂ, ਕਦੇ ਖੁਦ ਦੇ ਸਾਹਵੇਂ ਤਾਂ ਖੜ੍ਹਿਆ ਹੀ ਨਹੀਂ। ਬਾਹਰੀ ਯਾਤਰਾ 'ਤੇ ਸਦਾ ਰਹਿਨਾ, ਕਦੇ ਆਪਣੇ ਅੰਦਰ ਤਾਂ ਵੜਿਆ ਹੀ ਨਹੀਂ। ਕਈ ਗ੍ਰੰਥ, ਵੇਦ ਤੇ ਕਿਤਾਬਾਂ ਪੜ੍ਹ ਛੱਡੀਆਂ, ਕਦੇ ਆਪਣੇ ਆਪ ਨੂੰ ਤਾਂ ਪੜ੍ਹਿਆ ਹੀ ਨਹੀਂ। ਵੈਰੀ ਨੂੰ ਸਾੜਦਾ ਫਿਰਦਾ ਏਂ, ਤੇਰੇ ਅੰਦਰਲਾ ਨਫ਼ਸ ਤਾਂ ਸੜਿਆ ਹੀ ਨਹੀਂ। ਐਵੇਂ ਸ਼ਬਦਾਂ ਦੇ ਅੰਬਰੀਂ ਉਡੀ ਫਿਰੇਂ, ਇਕ ਪਿਆਰ ਦਾ ਸ਼ਬਦ ਤਾਂ ਘੜਿਆ ਹੀ ਨਹੀਂ। ਦੂਜੇ ਦੇ ਭਾਵਾਂ ਨੂੰ ਪੜ੍ਹਨ ਦਾ ਦਾਅਵਾ ਕਰਦੈਂ, ਕਦੇ ਬੇਚੈਨ ਮਨ ਨੂੰ ਤਾਂ ਪੜ੍ਹਿਆ ਹੀ ਨਹੀਂ। ਐਵੇਂ ਡੁਬਦੇ ਨੂੰ ਬਚਾਉਣ ਦਾ ਲਾਰਾ ਲਾਉਨੈਂ, ਕਦੇ ਖੁਦ ਡੁੱਬਦੇ ਨੂੰ ਤਾਂ ਫੜਿਆ ਹੀ ਨਹੀਂ। ਤੇਰੀ ਰੂਹ ਦਾ ਮੁਲੰਮਾ ਕਿਵੇਂ ਲੱਥੂ, ਜੇ ਆਪਣੇ ਅੰਦਰ ਤੂੰ ਵੜਿਆ ਹੀ ਨਹੀਂ।

ਜੰਗ ਕਦੇ ਦੁੱਖਾਂ ਨਾਲ, ਕਦੇ ਸੁੱਖਾਂ ਨਾਲ। ਕਦੇ ਬੇਬਸੀ ਨਾਲ, ਕਦੇ ਬੇਯਕੀਨੀ ਨਾਲ। ਕਦੇ ਬਦਹਾਲੀ ਨਾਲ, ਕਦੇ ਬਰਬਾਦੀ ਨਾਲ। ਕਦੇ ਬੇਖੁਦੀ ਨਾਲ, ਕਦੇ ਬੰਦਗੀ ਨਾਲ। ਕਦੇ ਬੇਪ੍ਰਵਾਹੀ ਨਾਲ, ਕਦੇ ਬੇਗਾਨਗੀ ਨਾਲ। ਕਦੇ ਬਿਹਤਰੀ ਲਈ ਤੇ ਕਦੇ ਬੇਰੁਹਮਤੀ ਲਈ। ਕਦੇ ਬਹੁਤਾਤ ਨਾਲ ਅਤੇ ਕਦੇ ਘਾਟ ਨਾਲ। ਜੰਗ ਤਾਂ ਜਾਰੀ ਹੈ ਹਰ ਸਾਹੇ, ਹਰ ਪਲ, ਹਰ ਦਿਨ ਅਤੇ ਹਰ ਰਾਤ। ਇਸ ਜੰਗ ਵਿਚ ਉਲਝਿਆ ਬੰਦਾ ਆਖਰ ਨੂੰ ਆਪਣੀ ਆਉਧ ਗਵਾ ਲੈਂਦਾ ਅਤੇ ਇਹ ਜੰਗ ਤੋਂ ਹਾਰਿਆਂ, ਆਪਣੇ ਸਾਹਾਂ ਤੋਂ ਵੀ ਹਾਰ ਜਾਂਦਾ।

ਯਾਦ ਰੱਖਣਾ! ਜੰਗ ਕਦੇ ਵੀ ਲੜ ਕੇ ਨਹੀਂ ਜਿੱਤੀ ਜਾਂਦੀ। ਜੰਗ ਤਾਂ ਆਪਣੇ ਆਪ ਨੂੰ ਮਿਲ ਕੇ, ਆਪਣੀ ਹਉਮੈਂ 'ਤੇ ਕਾਬੂ ਪਾ, ਆਪਣੇ ਹੱਠੀ ਸੁਭਾਅ ਨੂੰ ਤਿਆਗ ਅਤੇ ਸਰਬੱਤ ਦੇ ਭਲੇ ਦੀ ਕਾਮਨਾ ਕਰਦਿਆਂ, ਹੀ ਜਿੱਤੀ ਜਾ ਸਕਦੀ।

ਇਹ ਸਰਹੱਦਾਂ ਤੇ ਹੱਦਾਂ, ਇਹ ਵਾੜਾਂ ਤੇ ਕੰਡਿਆਲੀਆਂ ਤਾਰਾਂ। ਇਹ ਵੱਖਰੇਵੇਂ ਅਤੇ ਵਰਣ-ਵੰਡ। ਇਹ ਜਾਤਾਂ-ਪਾਤਾਂ ਅਤੇ ਧਰਮ ਦੀਆ ਵੰਡੀਆਂ। ਇਹ ਉਚ-ਨੀਚ ਅਤੇ ਗਰੀਬ-ਅਮੀਰ ਦਾ ਪਾੜਾ। ਕਿਸੇ ਨੂੰ ਨੀਵਾਂ ਦਿਖਾ ਕੇ ਖੁਦ ਉਪਰ ਉਠਣ ਦੀ ਲਾਲਸਾ ਆਦਿ ਸਾਡੇ ਮਨ ਦੀ ਸੰਕੀਰਨਤਾ ਅਤੇ ਆਪਣੇ ਮਨ ਨੂੰ ਮਿਲਣ ਦੀ ਸਾਡੇ ਕੋਲ ਵਿਹਲ ਹੀ ਨਹੀਂ।

ਅਗਰ ਬੰਦਾ ਆਪਣੇ ਅੰਦਰਲੀ ਜੰਗ ਜਿੱਤ ਲਵੇ ਤਾਂ ਉਸ ਲਈ ਹਰ ਬਾਹਰੀ ਜੰਗ ਨੂੰ ਜਿੱਤਣਾ ਬਹੁਤ ਆਸਾਨ। ਜਦ ਕਿਸੇ ਦਾ ਅੰਦਰਲਾ ਹੀ ਕਮਜ਼ੋਰ ਅਤੇ ਕਮੀਨਗੀਆਂ ਤੇ ਕੁਹਜਾਂ ਨਾਲ ਭਰਿਆ ਹੋਵੇ ਤਾਂ ਬਾਹਰਲੀ ਜੰਗ ਨੂੰ ਬੰਦਾ ਕਦੇ ਵੀ ਜਿੱਤ ਨਹੀਂ ਸਕਦਾ।

ਬਾਹਰਲੀ ਜੰਗ ਤਾਂ ਸਾਨੂੰ ਹਰ ਵਕਤ ਹੀ ਲੜਨੀ ਪੈਂਦੀ। ਕਦੇ ਸਮਾਜ ਦੀਆਂ ਥੋਥੀਆਂ ਕਦਰਾਂ-ਕੀਮਤਾਂ ਨਾਲ। ਕਦੇ ਗਲਘੋਟੂ ਸਮਾਜਿਕ ਵਲਗਣਾਂ ਦੇ ਵਿਰੁੱਧ। ਕਦੇ ਬੇਇਨਸਾਫ਼ੀਆਂ ਵਿਰੁੱਧ ਅਤੇ ਕਦੇ ਆਪਣਿਆਂ ਵਲੋਂ ਹੀ ਆਪਣਿਆਂ ਨਾਲ ਕੀਤੀ ਧੱਕੇਸ਼ਾਹੀ, ਹੇਰਾ-ਫੇਰੀ ਜਾਂ ਬੇਇਨਸਾਫ਼ੀ ਖ਼ਿਲਾਫ਼। ਜੰਗ ਤਾਂ ਪਰਿਵਾਰ ਵਿਚ ਵੀ ਹੁੰਦੀ। ਭੈਣਾਂ, ਭਰਾਵਾਂ ਅਤੇ ਸਕੇ ਸਬੰਧੀਆਂ ਦਰਮਿਆਨ ਵੀ। ਫਰਕ ਸਿਰਫ਼ ਇੰਨਾ ਕਿ ਇਹ ਜੰਗ ਕਈ ਵਾਰ ਜੱਗ-ਜ਼ਾਹਰ ਹੁੰਦੀ। ਪਰ ਬਹੁਤੀ ਵਾਰ ਅਦਿੱਖ ਹੁੰਦੀ। ਸਭ ਤੋਂ ਖ਼ਤਰਨਾਕ ਹੁੰਦਾ ਹੈ ਅਦਿੱਖ ਜੰਗ ਦਾ ਸਾਹਮਣਾ ਕਰਦਿਆਂ ਜਿੱਤ ਪ੍ਰਾਪਤ ਕਰਨਾ। ਸਾਹਮਣੇ ਦਿਸਦੇ ਨੂੰ ਤਾਂ ਦੇਖ ਕੇ, ਸਮਝ ਕੇ ਅਤੇ ਇਸ ਦੀਆਂ ਚਾਲਾਂ ਸਮਝ ਕੇ ਅਸੀਂ ਆਪਣਾ ਪੈਂਤੜਾ ਬਦਲ ਸਕਦੇ ਹਾਂ। ਪਰ ਪਿੱਠ ਪਿੱਛੇ ਹੋਏ ਵਾਰਾਂ ਦਾ ਦਰਦ ਬਹੁਤ ਜ਼ਿਆਦਾ ਹੁੰਦਾ। ਜਦ ਇਹ ਜ਼ਖ਼ਮ ਆਪਣਿਆਂ ਦੇ ਦਿੱਤੇ ਹੋਣ ਤਾਂ ਇਸਦੀ ਚੀਸ ਤਾਅ ਉਮਰ ਚਸਕਦੀ ਹੈ।



ਸਫ਼ਰ 'ਤੇ ਤੁਰਨ ਵੇਲੇ ਮਾਨਸਿਕ ਅਤੇ ਸਰੀਰਕ ਜੰਗ ਲੜਨ ਲਈ ਸਾਨੂੰ ਅੰਦਰੋਂ ਮਜ਼ਬੂਤ ਹੋਣ ਦੀ ਜ਼ਰੂਰਤ ਹੁੰਦੀ। ਰਸਤੇ ਦੀਆਂ ਖੱਡਾਂ-ਖਾਈਆਂ ਨੂੰ ਟੱਪਣਾ, ਰਾਹਾਂ ਵਿਚ ਵਿਛੇ ਕੰਡਿਆਂ ਨੂੰ ਚੁਗਣਾ ਅਤੇ ਆਲੇ-ਦੁਆਲੇ ਦੀਆਂ ਅਲਾਮਤਾਂ ਤੋਂ ਸੁਚੇਤ ਰਹਿਣਾ ਜਿਹੜੀਆਂ ਤੁਹਾਨੂੰ ਰਾਹਾਂ ਤੋਂ ਭਟਕਾਉਣ ਲਈ ਆਪਣੀ ਪੂਰੀ ਵਾਹ ਲਾਉਂਦੀਆਂ। ਮੌਸਮਾਂ ਅਤੇ ਵਕਤਾਂ ਦੀ ਮਾਰ ਤੋਂ ਖੁਦ ਨੂੰ ਬਚਾਉਣਾ ਅਤੇ ਮੰਜ਼ਲ ਨੂੰ ਸੇਧ ਵਿਚ ਰੱਖ ਕੇ ਆਪਣੀਆਂ ਤਰਜੀਹਾਂ ਤੇ ਤਦਬੀਰਾਂ ਰਾਹੀਂ ਆਪਣੀ ਤਕਦੀਰ ਦੀ ਸਿਰਜਣਾ ਕਰਨਾ।

ਜੰਗ ਤਾਂ ਅਸੀਂ ਉਸ ਸਮੇਂ ਵੀ ਲੜਦੇ ਜਦ ਸੁਪਨੇ ਨੂੰ ਦੀਦਿਆਂ ਵਿਚ ਧਰਨ, ਇਸਦੀ ਸਲਾਮਤੀ ਲਈ ਸੁਹਿਰਦਤਾ ਅਤੇ ਸੰਜਮੀ ਸੁਭਾਅ ਰਾਹੀਂ ਸਿਰੜ ਅਤੇ ਸਾਧਨਾ ਨੂੰ ਯਾਰ ਬਣਾ, ਸੁਪਨੇ ਦੀ ਅੱਖ ਵਿਚ ਪੈਦਾ ਹੋਣ ਵਾਲੀ ਕਿਸੇ ਵੀ ਰੜਕ ਤੋਂ ਬਚਾ, ਇਸਦੀ ਪ੍ਰਾਪਤੀ ਦਾ ਸ਼ਿਲਾਲੇਖ ਮਨ-ਮਸਤਕ 'ਤੇ ਉਕਰਨਾ ਹੁੰਦਾ। ਬਹੁਤ ਸਾਰੀਆਂ ਔਕੜਾਂ ਅਤੇ ਪ੍ਰੇਸ਼ਾਨੀਆਂ ਨੂੰ ਝੱਲ ਕੇ ਪੂਰੇ ਹੋਏ ਸੁਪਨਿਆਂ ਦੀ ਸੁਰਮਈ ਰੰਗਤ ਨੂੰ ਮਾਨਣ ਦਾ ਮਾਣ ਮਿਲਦਾ। ਕਈ ਵਾਰ ਮੈਂ ਸੋਚਦਾ ਹਾਂ ਕਿ ਕਿੰਨਾ ਕਠਿਨ ਹੁੰਦਾ ਕਿਸੇ ਸੁਪਨੇ ਨੂੰ ਚਾਲੀ ਸਾਲ ਤੀਕ ਜਿਉਂਦਾ ਰੱਖਣਾ, ਇਸਦੀ ਪੂਰਨਤਾ ਲਈ ਖੁਦ ਨਾਲ ਜੱਦੋ-ਜਹਿਦ ਕਰਨਾ। ਫਿਰ ਚਾਲੀ ਸਾਲਾਂ ਬਾਅਦ ਸੁਪਨੇ ਦੀ ਅੱਖ ਵਿਚ ਅੱਖ ਪਾ ਕੇ ਸੁਪਨੇ ਦੇ ਚਿਹਰੇ 'ਤੇ ਆਏ ਹੁਲਾਸ, ਰੂਹਾਨੀਅਤ ਅਤੇ ਸਕੂਨਤਾ ਰਾਹੀਂ ਖੁਦ ਨੂੰ ਸੁਰਸ਼ਾਰ ਕਰਨਾ। ਵਿਦੇਸ਼ ਦੀ ਯੂਨੀਵਰਸਿਟੀ ਵਿਚ ਪੜ੍ਹਾਉਣ ਦਾ ਇਹ ਸੁਪਨਾ ਪੂਰਾ ਕਰਨ ਲਈ ਮੈਂ ਖੁਦ ਨਾਲ ਕਿੰਨੀ ਵਾਰ ਲੜਿਆ, ਕਿੰਨੀ ਵਾਰ ਹਾਰਿਆ ਪਰ ਆਖ਼ਰ ਨੂੰ ਮੈਂ ਇਸ ਜੰਗ ਨੂੰ ਜਿੱਤਣ ਵਿਚ ਕਾਮਯਾਬ ਤਾਂ ਹੋ ਹੀ ਗਿਆ।

ਕਈ ਵਾਰ ਅਸੀਂ ਨਿੱਕੇ ਨਿੱਕੇ ਮੁਫ਼ਾਦਾਂ ਖ਼ਾਤਰ ਆਪਣੀ ਜ਼ਮੀਰ ਨਾਲ ਐਵੇਂ ਹੀ ਯੁੱਧ ਕਰੀ ਜਾਂਦੇ। ਬਹੁਤੀ ਵਾਰ ਅਸੀਂ ਆਪਣੀ ਜ਼ਮੀਰ ਵੀ ਦਾਅ 'ਤੇ ਲਾ ਦਿੰਦੇ। ਚੇਤੇ ਰਹੇ ਕਿ ਆਪਣੀ ਜ਼ਮੀਰ ਦੀ ਕੀਮਤ 'ਤੇ ਜਿੱਤੀ ਹੋਈ ਕੋਈ ਵੀ ਜੰਗ ਬੇਮਾਅਨੀ ਹੁੰਦੀ। ਵਿਕੀ ਹੋਈ ਜ਼ਮੀਰ ਵਾਲਾ ਬੰਦਾ ਹਰ ਪਲ ਮਰਦਾ ਅਤੇ ਇਹ ਮਰਨਾ ਇਕ ਵਾਰ ਮਰ ਜਾਣਾ ਨਾਲੋਂ ਬਹੁਤ ਜ਼ਿਆਦਾ ਭਿਆਨਕ ਅਤੇ ਤਬਾਹਕੁੰਨ ਹੁੰਦਾ।

ਜੰਗ ਜਿੱਤਣ ਲਈ ਕਈ ਵਾਰ ਅਸੀਂ ਕੋਹਝੇ ਹੱਥਕੰਡੇ ਅਪਣਾਉਂਦੇ। ਆਪਣੀਆਂ ਨਾਕਾਮੀਆਂ ਅਤੇ ਕੁਤਾਹੀਆਂ ਛੁਪਾਉਂਦੇ ਅਤੇ ਹਾਰ ਦਾ ਉਲ੍ਹਾਮਾ ਕਿਸੇ ਹੋਰ ਦੇ ਸਿਰ ਲਾ ਖੁਦ ਸੁਰਖਰੂ ਹੋਣ ਦਾ ਢੌਂਗ ਰਚਦੇ। ਪਰ ਖੁਦ ਨੂੰ ਤਾਂ ਪਤਾ ਹੀ ਹੁੰਦਾ ਕਿ ਕਿਸ ਵਿਅਕਤੀ ਨੇ ਕਿਹੜੇ ਮੋੜ 'ਤੇ ਗਦਾਰੀ ਕੀਤੀ ਅਤੇ ਆਪਣੇ ਨਿੱਜੀ ਹਿੱਤਾਂ ਨੂੰ ਤਰਜੀਹ ਦਿੰਦਿਆਂ, ਆਪਣੀ ਵਫ਼ਾਦਾਰੀ ਅਤੇ ਸਮਰਪਿਤਾ ਨੂੰ ਜ਼ਲੀਲ ਕੀਤਾ?

ਜੰਗ ਵਿਚ ਜਿੱਤਣ ਵਾਲਿਓ! ਕਦੇ ਆਪਣੇ ਆਪ ਦੇ ਰੂਬਰੂ ਹੋ ਕੇ ਪੁੱਛਣਾ ਕਿ ਕੀ ਤੁਸੀਂ ਸੱਚੀਂ ਜੰਗ ਜਿੱਤੀ ਹੈ? ਕੀ ਤੁਸੀਂ ਆਪਣੀ ਅੰਦਰਲੀ ਜੰਗ ਹਾਰ ਕੇ ਇਹ ਜਿੱਤ ਪ੍ਰਾਪਤ ਕੀਤੀ ਹੈ ਜਾਂ ਅੰਦਰਲੀ ਜੰਗ ਜਿੱਤ ਕੇ ਬਾਹਰਲੀ ਜੰਗ ਹਾਰ ਕੇ ਆਪਣੇ ਆਪ ਨੂੰ ਖੁਸ਼ਗਵਾਰ ਸਮਝਦੇ ਹੋ। ਜੰਗ ਜਿੱਤਣਾ ਤਾਂ ਆਪਣੇ ਅੰਦਰਲੇ ਨੂੰ ਜਿੱਤਣਾ ਹੁੰਦਾ ਜਿਸ ਨਾਲ ਜਿੱਤ ਦੀ ਅਸੀਮ ਖੁਸ਼ੀ ਤੁਹਾਡੇ ਜੀਵਨੀ ਰੰਗ ਨੂੰ ਹੋਰ ਸੁਰਖ ਅਤੇ ਸੰਵੇਦਨਸ਼ੀਲ ਬਣਾਉਂਦੀ ਹੈ।

ਜੰਗ ਜਿੱਤਣ ਲਈ ਸੰਵੇਦਨਾ ਤੇ ਚੇਤਨਾ, ਸੂਹਜ ਤੇ ਸੋਚ, ਸਮਰਪਿਤਾ ਤੇ ਸੰਜੀਦਗੀ, ਸਿਆਣਪ ਤੇ ਸੱਜਣਤਾਈ, ਸੇਧ ਤੇ ਸਾਧਨਾ ਅਤੇ ਸਮਝੌਤਾ ਤੇ ਸਾਰਥਿਕਤਾ ਦਾ ਹੋਣਾ ਬਹੁਤ ਜ਼ਰੂਰੀ। ਬੰਦੇ ਦਾ ਸਮਤੋਲ ਵਿਵਹਾਰ, ਉਸਦੀ ਸ਼ਖ਼ਸੀ ਸੁੰਦਰਤਾ ਅਤੇ ਵਿਅਕਤੀਤਵ ਵਿਚਲੀ ਖਿੱਚ ਹੀ ਉਸ ਲਈ ਹਰ ਜੰਗ ਜਿੱਤਣ ਦੇ ਆਸਾਰ ਪੈਦਾ ਕਰਦੀ।

ਜੀਵਨ ਵਿਚ ਅੱਗੇ ਵਧਣ ਲਈ ਖੁਦ ਸੰਗ ਜੱਦੋ-ਜਹਿਦ ਜ਼ਰੂਰੀ ਹੁੰਦੀ ਕਿਉਂਕਿ ਉਪਰ ਉਠਣ ਲਈ ਇਹ ਜਾਣਨਾ ਜ਼ਰੂਰੀ ਹੁੰਦਾ ਕਿ ਡਿੱਗਣ 'ਤੇ ਕਿਹੋ ਜਿਹਾ ਮਹਿਸੂਸ ਹੁੰਦਾ। ਦਰਅਸਲ ਸਮੁੱਚੀ ਜ਼ਿੰਦਗੀ ਹੀ ਆਪਣੇ ਆਪ ਨਾਲ ਜੰਗ ਲੜਦਿਆਂ, ਕਦੇ ਜਿੱਤਦਿਆਂ ਅਤੇ ਕਦੇ ਹਾਰਦਿਆਂ ਲੰਘ ਜਾਂਦੀ। ਜਿੱਤਣ ਲਈ ਹਾਰਨਾ ਅਤਿ ਜ਼ਰੂਰੀ ਹੁੰਦਾ।

ਜੰਗ ਨੂੰ ਜਿੱਤਣ ਦੀ ਤਮੰਨਾ ਸਦਾ ਆਪਣੇ ਮਨ ਵਿਚ ਪੈਦਾ ਨਾ ਕਰਿਆ ਕਰੋ ਸਗੋਂ ਕਦੇ ਕਦਾਈਂ ਜੰਗ ਨੂੰ ਹਾਰਨਾ ਸਾਡੇ ਲਈ ਬਹੁਤ ਬਿਹਤਰ ਅਤੇ ਸੁਖਨਮਈ ਹੁੰਦਾ। ਆਪਣੇ ਮਿੱਤਰ ਪਿਆਰੇ ਨਾਲ ਸੰਵਾਦ ਰਚਾਉਂਦਿਆਂ, ਨਿੱਕੇ ਬੱਚਿਆਂ ਨਾਲ ਖੇਡਦਿਆਂ, ਆਪਣੇ ਹਮਸਫ਼ਰ ਨਾਲ ਨਿੱਕੀਆਂ ਰੰਜਸ਼ਾਂ ਤੇ ਰੋਸੇ ਕਰਦਿਆਂ, ਆਪਣੀ ਮੁਹੱਬਤ ਵਿਚ ਪੈਦਾ ਹੋਈ ਖਟਾਸ ਨੂੰ ਨਕਾਰਨ ਜਾਂ ਰੁੱਸੇ ਹੋਇਆਂ ਨੂੰ ਮਨਾਉਣ ਵੇਲੇ ਜਾਂ ਮੂੰਹ ਭਵਾਂ ਕੇ ਬੈਠੇ ਦਿਲਦਾਰ ਨੂੰ ਗਲੇ ਲਗਾਉਣ ਲੱਗਿਆਂ, ਆਪਣੀ ਭੁੱਲ ਬਖ਼ਸ਼ਾਉਣ ਲੱਗਿਆਂ ਮਾਫ਼ਿਆਂ ਕੋਲੋਂ ਮੁਆਫ਼ੀ ਮੰਗਣ ਜਾਂ ਆਪਣੇ ਰਹਿਬਰਾਂ ਕੋਲੋਂ ਅਣਜਾਣੇ ਵਿਚ ਹੋਈਆਂ ਭੁੱਲਾਂ ਬਖਸ਼ਾਉਣ ਵਾਸਤੇ, ਜਦ ਖੁਦ ਹੀ ਹਾਰ ਤਸਲੀਮ ਕਰਕੇ ਆਪਣੇ ਆਪ ਨੂੰ ਨਿਮਰ ਸਾਬਤ ਕਰਦੇ ਹਾਂ ਤਾਂ ਦਰਅਸਲ ਅਸੀਂ ਇਸ ਜੰਗ ਦੇ ਜੇਤੂ ਜਰਨੈਲ ਹੁੰਦੇ ਹਾਂ।

ਆਪਣੇ ਆਪ ਨਾਲ ਕੀਤੀ ਜਾ ਰਹੀ ਜੰਗ ਨੂੰ ਹੋਰ ਕੋਈ ਨਹੀਂ ਜਾਣ ਸਕਦਾ ਸਿਰਫ਼ ਤੁਸੀਂ ਜਾਣਦੇ ਹੋ। ਪਰ ਇਸਦੇ ਸਿੱਟਿਆਂ ਤੋਂ ਹਰ ਕੋਈ ਜਾਣੂ ਹੋ ਜਾਂਦਾ।

ਅੰਦਰੂਨੀ ਜੰਗ ਉਦੋਂ ਹੋਰ ਵੀ ਉਲਝ ਜਾਂਦੀ ਜਦ ਇਹ ਤੁਹਾਡੀ ਜਾਣਕਾਰੀ ਅਤੇ ਤੁਹਾਡੇ ਅਹਿਸਾਸਾਂ ਦਰਮਿਆਨ ਹੋਵੇ। ਔਖਾ ਹੁੰਦਾ ਹੈ ਇਕ ਨੂੰ ਸਹੀ ਕਹਿ ਕੇ, ਦੂਸਰੇ ਨੂੰ ਗਲਤ ਠਹਿਰਾਉਣਾ।

ਬਾਹਰਲੀਆਂ ਜੰਗਾਂ ਨੂੰ ਰੋਕਣ ਲਈ ਸਭ ਤੋਂ ਅਹਿਮ ਹੁੰਦਾ ਕਿ ਅਸੀਂ ਆਪਣੇ ਅੰਦਰਲਾ ਗੁੱਸਾ, ਨਫ਼ਰਤ, ਧਾਰਮਿਕ ਸੰਕੀਰਨਤਾ, ਈਰਖ਼ਾ, ਬਦਨੀਤੀ ਅਤੇ ਸ਼ਿਕਵੇ ਤੋਂ ਉਪਰ ਉਠ ਕੇ ਇਨਸਾਨੀਅਤ ਦੇ ਮਾਰਗੀ ਬਣੀਏ। ਨਿੱਕੀਆਂ-ਨਿੱਕੀਆਂ ਰੰਜਸ਼ਾਂ ਤੇ ਰੋਸਿਆਂ, ਉਲ੍ਹਾਮਿਆਂ ਅਤੇ ਨਹੋਰਿਆਂ ਨੂੰ ਦੂਰ ਕਰਨ ਲਈ ਖੁਦ ਹੀ ਪਹਿਲ ਕਰਾਂਗੇ ਤਾਂ ਅਸੀਂ ਆਪਣੇ ਅੰਦਰਲੀ ਜੰਗ ਜਿੱਤਣ ਦੇ ਨਾਲ ਨਾਲ ਬਹਾਰਲੀ ਜੰਗ ਹੋਣ ਦੀ ਨੌਬਤ ਹੀ ਖ਼ਤਮ ਹੋ ਜਾਵੇਗੀ।

ਆਪਣੇ ਨਾਲ ਲੜਦਿਆਂ ਸਦਾ ਯਾਦ ਰੱਖਣਾ ਵੀ ਚਾਹੀਦਾ;
ਅਜੇ ਤਾਂ ਕਈ ਜਿੱਤਾਂ ਮਾਣਨੀਆਂ ਨੇ, ਕਈ ਹਾਰਾਂ ਬਾਕੀ ਨੇ।
ਕਈ ਪੱਤਝੜਾਂ ਆਉਣੀਆਂ ਨੇ, ਤੇ ਕਈ ਬਹਾਰਾਂ ਬਾਕੀ ਨੇ।
ਅੱਖਾਂ ਵਿਚ ਤਰਦੇ ਸੁਪਨਿਆਂ ਦੀਆਂ, ਲੈਣੀਆਂ ਸਾਰਾਂ ਬਾਕੀ ਨੇ।
ਮਨ ਦੀ ਜੂਹੇ ਖਿੜਨਾ ਲੋਚਦੀਆਂ, ਰੰਗੀਨ ਗੁਲਜ਼ਾਰਾਂ ਬਾਕੀ ਨੇ।
ਜਿੰਦ ਦੇ ਸਾਜ਼ ਦੀਆਂ ਟੁਣਕਾਉਣੀਆਂ, ਖਾਮੋਸ਼ ਤਾਰਾਂ ਬਾਕੀ ਨੇ।
ਅੰਬਰ ਦੀ ਛੱਤ ਹੇਠ ਦੇਖਣੀਆਂ, ਕੂੰਜਾਂ ਦੀਆਂ ਡਾਰਾਂ ਬਾਕੀ ਨੇ।
ਆਪਣੇ ਅੰਦਰ ਉਤਰ ਕੇ ਖੁਦ ਨਾਲ ਹੋਣੀਆਂ ਤਕਰਾਰਾਂ ਬਾਕੀ ਨੇ।

ਅੰਤਰੀਵੀ ਸ਼ਾਂਤੀ ਲਈ ਜ਼ਰੂਰੀ ਹੁੰਦਾ ਹੈ ਕਿ ਆਪਣੇ-ਆਪ ਨਾਲ ਆਪਣੀਆਂ ਧਾਰਨਾਵਾਂ, ਸੋਚਾਂ, ਵਿਚਾਰਾਂ ਜਾਂ ਮੁਫ਼ਾਦਾਂ ਵਿਚਲੀ ਖਿੱਚੋਤਾਣ ਕਾਰਨ ਹੋ ਰਿਹਾ ਯੁੱਧ ਖਤਮ ਹੋ ਜਾਵੇ।

ਆਪਣੇ ਆਪ ਨਾਲ ਕੀਤਾ ਜਾਣ ਵਾਲਾ ਯੁੱਧ ਸਭ ਤੋਂ ਔਖਾ ਹੁੰਦਾ ਪਰ ਇਸ ਤੋਂ ਪ੍ਰਾਪਤ ਹੋਈ ਜਿੱਤ ਜ਼ਿੰਦਗੀ ਦਾ ਸਭ ਤੋਂ ਵੱਡਾ ਹਾਸਲ ਹੁੰਦਾ। ਸੁਕਰ, ਸਕੂਨ, ਸਹਿਜ, ਸੁਹਜ ਅਤੇ ਸੰਤੁਸ਼ਟੀ ਵਿਚੋਂ ਮਿਲਣ ਵਾਲਾ ਸੁਖਨ, ਸਿਰਫ਼ ਅੰਦਰੂਨੀ ਜੰਗ ਤੋਂ ਹੋਈ ਜਿੱਤ ਹੀ ਹੁੰਦੀ।

---

## ਗੱਲ

ਸਮੇਂ ਬਦਲੇ ਛੱਡ ਹੋਰ ਗੱਲਾਂ,
ਕਰ ਨਵੇਂ ਜ਼ਮਾਨਿਆਂ ਦੀ ਗੱਲ,
ਸ਼ਿਕਵਾ ਨ ਕਰ ਗਿਲਾ,
ਛੱਡ ਆਪਣੇ-ਬੇਗਾਨਿਆਂ ਦੀ ਗੱਲ।

ਜ਼ਿੰਦਗੀ ਨਿੱਤ ਬਦਲੇ ਤੌਰ,
ਕਰ ਬਦਲੇ ਪੈਮਾਨਿਆਂ ਦੀ ਗੱਲ,
ਅੱਖ ਦੱਬ ਕੇ ਛੱਡ ਤੂੰ ਤੀਰ,
ਹੋਵੇ ਫਿਰ ਨਿਸ਼ਾਨਿਆਂ ਦੀ ਗੱਲ।

ਲੁੱਟ ਧਰਤ ਮਾਂ ਦੀ ਅਸਮਤ,
ਕਰ ਭਰੇ ਖਜ਼ਾਨਿਆਂ ਦੀ ਗੱਲ,
ਜ਼ੁਲਮ ਸਹਿੰਦੇ ਪਰ ਨ ਝੁਕੇ,
ਕਰ ਉਨ੍ਹਾਂ ਦੀਵਾਨਿਆਂ ਦੀ ਗੱਲ।

ਵਾਰੀ ਸੀ ਜਿੰਦ ਜਾਨ ਦੇਸ਼ ਤੋਂ,
ਕਰ ਉਹ ਪਰਵਾਨਿਆਂ ਦੀ ਗੱਲ,
ਗਦਰ ਦੀ ਗੂੰਜ ਨੂੰ ਲੈ ਤੁਰੇ ਜੋ,
ਦੂਰ ਅੰਦੇਸ਼ ਦਾਨਿਆਂ ਦੀ ਗੱਲ।

ਸਰਾਭਾ, ਅਸ਼ਫਾਕ, ਭਗਤ, ਰਾਜ,
ਬੰਨ੍ਹੇ ਮੌਤ ਦੇ ਗਾਨਿਆਂ ਦੀ ਗੱਲ,
ਗਦਾਰ ਤਾਂ ਨਿੰਦੇ ਜਾਂਦੇ ਹਮੇਸ਼,
ਕਰ ਤੂੰ ਸਨਮਾਨਿਆਂ ਦੀ ਗੱਲ।

ਹਿੱਕ ਡਾਹ ਲੜਨ ਸੂਰਮੇ ਸਦਾ,
ਕਰ ਤੂੰ ਅਫ਼ਸਾਨਿਆਂ ਦੀ ਗੱਲ,
ਬੱਦਲ ਛੱਟਣੇ ਮੌਸਮ ਬਦਲਣੇ,
ਕਰ ਨ ਹਰਜਾਨਿਆਂ ਦੀ ਗੱਲ।

ਕਾਬਜ਼ ਸਤਾ 'ਤੇ ਪ੍ਰਵਾਸੀ ਪੰਛੀ,
ਕਰ ਤੂੰ ਬੇਜ਼ੁਬਾਨਿਆਂ ਦੀ ਗੱਲ,
ਵਾਧ-ਘਾਟ ਨਾਂਹੀ ਕਦੇ ਗਿਣੇ,
ਹੋਵੇ ਘੋਲ ਨੁਕਸਾਨਿਆਂ ਦੀ ਗੱਲ।

*-ਸੇਵਾ ਸਿੰਘ 'ਨੂਰਪੁਰੀ'*

---

## ਗੀਤ

ਵਸਿਓ ਨਾ ਪਿੰਡੋਂ ਬਾਹਰ ਜ਼ੋਰ ਪਾਉਂਦੀ ਰਹਿ ਗਈ
ਬੇਬੇ ਐਵੇਂ ਚਾਦਰਾਂ 'ਤੇ ਮੋਰ ਪਾਉਂਦੀ ਰਹਿ ਗਈ।

ਵਤਨਾਂ ਦੇ ਵਿਚ ਤੁਸੀਂ ਮਿੱਟੀ ਨੂੰ ਸੰਭਾਲਿਓ
ਰੁਲੀ ਜਾਂਦੀ ਵੇਖ ਕੇ ਹਾਏ ਗੌਰ ਫਰਮਾ ਲਿਓ
ਪਰਦੇਸੀਆਂ ਦੇ ਕੋਲ ਐਵੇਂ ਸ਼ੋਰ ਪਾਉਂਦੀ ਰਹਿ ਗਈ
ਓ ਬੇਬੇ ਐਵੇਂ ਚਾਦਰਾਂ 'ਤੇ ਮੋਰ ਪਾਉਂਦੀ ਰਹਿ ਗਈ।

ਪੰਜਾਬੀ ਤੋਂ ਦੂਰ ਹੋ ਕੇ ਰੁਲ ਕਿਤੇ ਜਾਇਓ ਨਾ
ਮਾਂ ਬੋਲੀ ਦੇ ਅਹਿਸਾਨ ਨੂੰ ਭੁੱਲ ਕਿਤੇ ਜਾਇਓ ਨਾ
ਵਾਰ ਵਾਰ ਬੋਲ ਕੇ ਓਹ ਗੌਰ ਪਾਉਂਦੀ ਰਹਿ ਗਈ
ਬੇਬੇ ਐਵੇਂ ਚਾਦਰਾਂ 'ਤੇ ਮੋਰ ਪਾਉਂਦੀ ਰਹਿ ਗਈ।

ਭੁੱਲ ਨਾ ਜਾਇਓ ਕਿਤੇ ਸੁਨਹਿਰੀ ਇਤਿਹਾਸ ਨੂੰ,
ਹਿੱਕ ਵਿਚ ਰੱਖੋ ਸ਼ਹੀਦਾਂ ਦੇ ਅਹਿਸਾਸ ਨੂੰ
ਸੁਣ ਸੁਣ ਵਾਰਾਂ ਓਹ ਲੋਰ ਪਾਉਂਦੀ ਰਹਿ ਗਈ
ਬੇਬੇ ਐਵੇਂ ਚਾਦਰਾਂ 'ਤੇ ਮੋਰ ਪਾਉਂਦੀ ਰਹਿ ਗਈ।

ਮਾੜੀ ਹੁੰਦੀ ਜਾਂਦੀ ਤੁਸੀਂ ਹਵਾ ਨੂੰ ਬਚਾ ਲਿਓ
ਘਰਾਂ ਕੋਲ ਆਪਣੇ ਹਾਏ ਰੁੱਖ ਲਗਾ ਲਿਓ
ਲਾ ਲਾ ਕੇ ਓਹ ਰੁੱਖ ਹੋਰ ਹੋਰ ਲਾਉਂਦੀ ਰਹਿ ਗਈ
ਬੇਬੇ ਐਵੇਂ ਚਾਦਰਾਂ 'ਤੇ ਮੋਰ ਪਾਉਂਦੀ ਰਹਿ ਗਈ।

ਵੱਸਿਓ ਨਾ ਪਿੰਡੋਂ ਬਾਹਰ ਜ਼ੋਰ ਪਾਉਂਦੀ ਰਹਿ ਗਈ
ਬੇਬੇ ਐਵੇਂ ਚਾਦਰਾਂ 'ਤੇ ਮੋਰ ਪਾਉਂਦੀ ਰਹਿ ਗਈ।

*-ਕੁਲਵੰਤ ਕੁਠਾਲਾ*
*ਫੋਨ: 88723-91936*

---

## ਵਿਚ ਕੈਨੇਡਾ ਦੇ

ਹੁੰਦਾ ਟੈਟੂਆਂ ਨਾਲ ਹਾਰ ਸ਼ਿੰਗਾਰ,
ਤੀਵੀਂ ਹੈ ਕਹਿਣੇ ਤੋਂ ਬਾਹਰ
ਹੈ ਨਹੀਂ ਮਾਂ ਪਿਓ ਨਾਲ ਪਿਆਰ
ਭਾਈ ਵਿਚ ਕੈਨੇਡਾ ਦੇ।

ਭੰਗ ਦੀ ਵੀ ਖੁੱਲ੍ਹੀ ਹੈ ਹੱਟ,
ਦੇਖੇ ਵਾਲ ਮੈਂ ਕੱਟਦੇ ਜੱਟ।
ਚਿੱਟਾ ਜੇਬ 'ਚ ਲੈ ਭਾਵੇਂ ਰੱਖ
ਭਾਈ ਵਿਚ ਕੈਨੇਡਾ ਦੇ।

ਮਿਲਦੀ ਕਈ ਕਈ ਦਿਨ ਨਾ ਰੋਟੀ
ਤੁਰਦੀ ਨਾਲ ਸੀ ਜਿਹੜੀ ਸੋਟੀ
ਜਾਂਦੀ ਦਿਹਾੜੀ ਦੇਖੀ ਯਾਰ
ਮੈਂ ਵਿਚ ਕੈਨੇਡਾ ਦੇ।

ਹੈ ਡਾਲਰਾਂ ਨਾਲ ਪਿਆਰ
ਧੀਆਂ-ਪੁੱਤ ਕਹਿਣੇ ਤੋਂ ਬਾਹਰ
ਪਤੀ-ਪਤਨੀ 'ਚ ਹੈ ਨਹੀਂ ਪਿਆਰ
ਭਾਈ ਵਿਚ ਕਨੇਡਾ ਦੇ।

ਓਥੇ ਨਾ ਸੋਟੀ ਨਾ ਸੰਗਲ
ਨਾ ਹੀ ਕਰਦਾ ਹੈ ਕੋਈ ਦੰਗਲ
ਬਣਾਏ ਕਰਜ਼ੇ ਨਾਲ ਗੁਲਾਮ
ਭਾਈ ਵਿਚ ਕੈਨੇਡਾ ਦੇ।

'ਜਸ' ਓਥੇ ਪਾਈ ਜਾਵੇ ਦੁਹਾਈ
ਤਾਂ ਵੀ ਆ ਨਹੀਂ ਸਕਦਾ ਭਾਈ
ਐਸੀ ਕੁੰਡੀ ਉਨ੍ਹਾਂ ਪਾਈ
ਭਾਈ ਵਿਚ ਕੈਨੇਡਾ ਦੇ।

*-ਜਸਕਰਨ ਲੰਡੇ*
*ਫੋਨ: 94171-03413*

## ਕਾਵਿ-ਕਿਆਰੀ

# ਕੱਠਿਆਂ ਨੂੰ ਚੁੱਕੀਂ ਵੇ ਰੱਬਾ

ਕੱਠਿਆਂ ਨੂੰ ਚੁੱਕੀਂ ਵੇ ਰੱਬਾ
ਜੋੜੀ ਵਿਚ ਭੰਗਣਾ ਨਾ ਪਾਵੀਂ...

ਸਾਡੇ ਤੋਂ ਪਹਿਲੀਆਂ ਪੀੜ੍ਹੀਆਂ ਕੋਲ ਸੁੱਖ, ਦੁੱਖ, ਦਰਦ ਦੱਸਣ ਦਾ ਬੱਸ ਇੱਕੋ ਹੀ ਢੰਗ ਹੁੰਦਾ ਸੀ, ਗਿੱਧਾ, ਬੋਲੀਆਂ, ਕੱਚੇ ਵਿਹੜਿਆਂ 'ਚ ਥਿਰਕਦੇ ਨੰਗੇ ਪੈਰ, ਇੱਕ ਸੁਰ 'ਚ ਵੱਜਦੀਆਂ ਹੱਥਾਂ ਦੀਆਂ ਤਾੜੀਆਂ, ਢੇਰਾਂ ਫਿਕਰ ਤੇ ਰੁੱਸੇ ਚਾਅ, ਬੋਲੀਆਂ ਰਾਹੀਂ ਉਨ੍ਹਾਂ ਦੇ ਚਿਹਰਿਆਂ ਦੇ ਹਾਵਾਂ-ਭਾਵਾਂ ਵਿਚ ਘੁਲ-ਮਿਲ ਜਾਂਦੇ।



ਪਰਵੇਜ਼ ਸੰਧੂ

ਹਰ ਬੋਲੀ 'ਤੇ ਉਨ੍ਹਾਂ ਦੀ ਆਵਾਜ਼ ਤੇ ਚਿਹਰਿਆਂ ਦੇ ਰੰਗ ਬਦਲਦੇ ਰਹਿੰਦੇ। ਕਈ ਵਾਰ ਬੋਲੀ ਪਾ ਕੇ ਮੂੰਹਾਂ 'ਚ ਚੁੰਨੀਆਂ ਦੇ ਲੜ ਲੈ ਕੇ ਖਚਰਾ ਜਿਹਾ ਹੱਸਣਾ, ਹੁਣ ਸੋਚਦੀ ਹਾਂ ਤਾਂ ਸਮਝ ਆਉਂਦੀ ਏ ਉਹ ਜ਼ਰੂਰ ਕੋਈ ਲੁੱਚੀਆਂ ਜਿਹੀਆਂ ਬੋਲੀਆਂ ਪਾਉਂਦੀਆਂ ਹੋਣਗੀਆਂ। ਭਰਾਵਾਂ ਦੀਆਂ ਬੋਲੀਆਂ ਪਾ ਕੇ ਉਨ੍ਹਾਂ ਦੇ ਚਿਹਰਿਆਂ ਦਾ ਖਿੜ ਜਾਣਾ ਤੇ ਕਈ ਵਾਰ ਕਿਸੇ ਬੋਲੀ ਪਾਉਣ ਵੇਲੇ ਉਨ੍ਹਾਂ ਦੇ ਚਿਹਰੇ ਮੁਰਝਾ ਜਾਣੇ ਤੇ ਆਵਾਜ਼ ਮੱਧਮ ਜਿਹੀ ਹੋ ਜਾਣੀ। ਉਨ੍ਹਾਂ ਵਿਚ ਹੀ ਇਹ ਇੱਕ ਬੋਲੀ ਸੀ ਜਿਹੜੀ ਉਮਰ ਭਰ ਮੇਰੇ ਨਾਲ ਤੁਰਦੀ ਰਹੀ ਹੈ। ਜਦ ਕਿ ਉਦੋਂ ਇਹ ਨਹੀਂ ਸੀ ਪਤਾ ਕਿ ਇਸ ਬੋਲੀ ਦੇ ਅਰਥ ਕੀ ਨੇ।

ਉਦੋਂ ਸਮਝ ਨਹੀਂ ਸੀ ਆਉਂਦੀ ਕਿ ਸਾਡੀਆਂ ਮਾਵਾਂ ਦੇ ਅੰਦਰ ਕੀ ਕੁਝ ਚਲਦਾ ਸੀ। ਮੈਨੂੰ ਭਾਵੇਂ ਆਪ ਬੋਲੀਆਂ ਕਦੇ ਨਾ ਯਾਦ ਰਹੀਆਂ ਨੇ, ਨਾ ਕਦੇ ਮੈਨੂੰ ਬੋਲੀ ਪਾਉਣੀ ਆਈ ਏ ਪਰ ਇਹ ਬੋਲੀ ਅਕਸਰ ਹੀ ਜ਼ਿੰਦਗੀ ਦੇ ਕਿਸੇ ਨਾ ਕਿਸੇ ਮੋੜ ਉੱਪਰ ਮੇਰੇ ਮੂਹਰੇ ਆ ਕੇ ਖਲੋ ਜਾਂਦੀ ਰਹੀ ਏ।

ਮਾਂ ਤੋਂ ਬਾਅਦ ਆਪਣੇ ਬਾਪੂ ਦੀ ਚੁੱਪ ਵੱਲ ਦੇਖ ਕੇ ਇਹ ਬੋਲੀ ਮੈਨੂੰ ਯਾਦ ਆ ਜਾਂਦੀ। ਸਾਡੇ ਮਾਂ ਬਾਪ ਗੋਰਿਆਂ ਵਰਗੇ ਨਹੀਂ। ਇਹ ਜਿਉਂਦੇ-ਜੀਅ ਚੁੱਪ ਹੋ ਜਾਂਦੇ ਨੇ ਆਪਣੇ ਜੀਵਨ ਸਾਥੀ ਦੇ ਵਿਛੋੜੇ ਦੀ ਖੁੱਲ੍ਹ ਕੇ ਗੱਲ ਨਹੀਂ ਕਰਦੇ। ਪਰ ਮੈਂ ਕਈ ਵਾਰ ਬਾਪੂ ਨੂੰ ਛੇੜ ਲੈਂਦੀ ਕਿ ਮਾਂ ਨੂੰ ਮਿਸ ਕਰਦੇ ਜਾਂ ਨਹੀਂ ਤਾਂ ਉਹ ਹੱਸ ਕੇ ਕਹਿ ਦਿੰਦੇ, ਸ਼ੇਰਾ ਚੇਤੇ ਤਾਂ ਆਉਂਦੀ ਏ ...।

ਹਰ ਵਾਰ ਉਹ ਹਉਕਾ ਜਿਹਾ ਲੈਂਦੇ। ਚੌਦਾਂ ਸਾਲ ਦੇ ਸੀ ਦੋਵੇਂ ਜਦ ਉਨ੍ਹਾਂ ਦਾ ਵਿਆਹ ਹੋਇਆ ਸੀ, ਮੁੜ ਸੋਲਾਂ ਸਤਾਰਾਂ ਦੇ ਹੋਣਗੇ ਜਦ ਇਕੱਠੇ ਹੋਏ ਤੇ ਮਾਂ ਬਾਨਵੇਂ ਦੀ ਹੋ ਕੇ ਤੁਰ ਗਈ। ਇੱਕ ਪੂਰੀ ਦੀ ਪੂਰੀ ਜ਼ਿੰਦਗੀ ਉਨ੍ਹਾਂ ਨੇ ਇਕੱਠੇ ਕੱਟੀ ਸੀ। ਵਿਛੋੜੇ ਬਾਅਦ ਜਿਉਣਾ ਤੇ ਔਖਾ ਹੁੰਦਾ ਈ ਹੋਵੇਗਾ? ਮੈਂ ਅਕਸਰ ਸੋਚ ਕੇ ਉਦਾਸ ਹੋ ਜਾਂਦੀ।

ਪਿਛਲੀ ਵਾਰ ਇੰਡੀਆ ਗਈ। ਦਾਊਮਾਜਰੇ ਮੈਂ ਤੇ ਬੀਬੀ ਮੰਜੇ 'ਤੇ ਬੈਠੀਆਂ ਗੱਲਾਂ ਕਰ ਰਹੀਆਂ ਸੀ। ਬੀਬੀ ਨੇ ਜਿਵੇਂ ਸਭ ਤੋਂ ਚੋਰੀ ਹੌਕਾ ਜਿਹਾ ਲਿਆ, ਹੌਲੀ ਜਿਹੇ ਬੀਬੀ ਦੇ ਬੋਲ ਮੈਨੂੰ ਉਦਾਸ ਕਰ ਗਏ।


'ਪੁੱਤ ਅੱਜ ਤੇਰੇ ਬਾਪੂ ਜੀ ਦੀ ਬਰਸੀ ਏ'

ਚੜ੍ਹਦੀ ਕਲਾ 'ਚ ਰਹਿਣ ਵਾਲੀ ਬੀਬੀ ਦੇ ਚਿਹਰੇ 'ਤੇ ਉਦਾਸੀ ਸੀ। ਬੀਬੀ ਭਰ ਜੁਆਨੀ 'ਚ ਬਾਪੂ ਜੀ ਤੋਂ ਵਿਛੜੀ ਸੀ। ਬੀਬੀ ਨੇ ਉਮਰ ਭਰ ਇਕੱਲ ਕੱਟੀ ਏ। ਬੀਬੀ ਦੇ ਹੌਕੇ ਦੇ ਨਾਲ ਹੀ ਇਹ ਬੋਲੀ ਵੀ ਮੇਰੇ ਮੂਹਰੇ ਆ ਖਲੋਈ ਸੀ। ਜ਼ਿੰਦਗੀ ਦੇ ਕਿਸੇ ਵੀ ਮੋੜ 'ਤੇ ਜਦ ਜਦ ਕੋਈ ਜੋੜੀ ਟੁੱਟੀ ਹੈ ਮੈਨੂੰ ਇਹ ਬੋਲੀ ਚੇਤੇ ਆਉਂਦੀ ਰਹੀ ਏ।

ਪਿਛਲੇ ਮਹੀਨੇ ਮੇਰੀ ਇੱਕ ਅਮਰੀਕਨ ਦੋਸਤ ਦਾ ਘਰਵਾਲਾ 'ਬੌਬ' ਕੈਂਸਰ ਨਾਲ ਲੰਬੀ ਲੜਾਈ ਲੜਦਾ ਅੰਬਰਾਂ 'ਚ ਜਾ ਵੱਸਿਆ। ਉਹ ਜਦੋਂ ਵੀ ਆਉਂਦਾ ਇੱਕ ਲਾਟਰੀ ਟਿਕਟ ਖਰੀਦਦਾ ਤੇ ਹਮੇਸ਼ਾਂ ਕਹਿੰਦਾ ਆਪਾਂ ਨੇ ਇੱਕ ਦਿਨ ਬਹੁਤ ਅਮੀਰ ਹੋਣਾ ਏ। ਅਸੀਂ ਦੋਵੇਂ ਇਸ ਗੱਲ ਤੋਂ ਹੱਸਦੇ ਪਰ ਉਹਨੇ ਕਦੇ ਆਪਣੀ ਬੀਮਾਰੀ ਦੀ ਗੱਲ ਨਹੀਂ ਸੀ ਕੀਤੀ।

ਛਾਰਲੋਟਟ ਮੈਨੂੰ ਰੱਜ ਕੇ ਪਿਆਰ ਕਰਦੀ ਏ, ਹਰ ਗੱਲ ਮੇਰੇ ਨਾਲ ਸਾਂਝੀ ਕਰ ਜਾਂਦੀ ਏ। ਹਰ ਤੀਜੇ ਚੌਥੇ ਦਿਨ ਆ ਕੇ ਬੌਬ ਦੀ ਰਿਪੋਰਟ ਦੇ ਜਾਂਦੀ। ਅੱਜ ਉਹਨੂੰ ਕੀਮੋ ਲੱਗਣੀ ਏ, ਅੱਜ ਉਹਦਾ ਟੈਸਟ ਏ, ਬੱਸ ਉਹਦੀਆਂ ਗੱਲਾਂ ਬੌਬ ਦੁਆਲੇ ਘੁੰਮਦੀਆਂ। ਇਨ੍ਹਾਂ ਦੋਵਾਂ ਦਾ ਇਸ਼ਕ ਇਨ੍ਹਾਂ ਦੀਆਂ ਗੱਲਾਂ ਵਿਚ ਹਮੇਸ਼ਾਂ ਝਲਕਦਾ।

ਇੱਕ ਦਿਨ ਸਵੇਰੇ ਸਵੇਰੇ ਸਟੋਰ 'ਤੇ ਆਈ।



ਚਿਹਰੇ ਤੋਂ ਪਤਾ ਲੱਗ ਗਿਆ ਕਿ ਬੌਬ ਨਹੀਂ ਰਿਹਾ। ਮੇਰੇ ਹੰਝੂ ਨਾ ਰੁਕਣ ਪਰ ਉਹ ਨਹੀਂ ਰੋਈ।

'ਬੌਬ ਬਾਥਰੂਮ 'ਚ ਡਿੱਗ ਪਿਆ ਸੀ, ਹਸਪਤਾਲ ਲੈ ਗਈ...ਬੱਸ ਮੇਰੇ ਹੱਥਾਂ 'ਚ ਈ ਤੁਰ ਗਿਆ, ਮੈਂ ਆਪਣੇ ਬੱਚਿਆਂ ਨੂੰ ਕਿਹਾ ਤੁਸੀਂ ਆਪਣੇ ਕੰਮ ਨਾ ਰੋਕੋ ਤੁਹਾਡੀ ਜ਼ਿੰਦਗੀ ਚਲਦੀ ਰਹਿਣੀ ਏ ਮੈਂ ਆਪੇ ਫਿਊਨਰਲ ਦਾ ਇੰਤਜ਼ਾਮ ਕਰ ਲਵਾਂਗੀ।'

ਉਹ ਨਿੱਕੀਆਂ ਨਿੱਕੀਆਂ ਗੱਲਾਂ ਕਰਦੀ ਮੈਨੂੰ ਜੱਫੀ ਪਾ ਕੇ ਤੁਰ ਗਈ। ਉਹਦੇ ਇੱਕ ਵੀ ਹੰਝੂ ਨਹੀਂ ਆਇਆ।

ਫਿਊਨਰਲ ਵਾਲੇ ਦਿਨ ਮੈਂ ਸ਼ਾਮ ਨੂੰ ਉਹਦੇ ਘਰ ਦਾ ਬੂਹਾ ਜਾ ਖੜਕਾਇਆ। ਮੈਨੂੰ ਦੇਖ ਕੇ ਉਹਦੀਆਂ ਅੱਖਾਂ 'ਚ ਹਮੇਸ਼ਾਂ ਵਾਂਗ ਚਮਕ ਆ ਗਈ। ਕਿਚਨ ਵਿਚੋਂ ਲੰਘਦੀ ਲਿਵਿੰਗਰੂਮ ਤੱਕ ਆਉਂਦੀ ਨੇ ਬੌਬ ਦੀਆਂ ਪੰਜਾਹ ਗੱਲਾਂ ਕਰ ਲਈਆਂ।

'ਉਹ ਗੌਡ ਬੌਬ ਅੱਜ ਹਮੇਸ਼ਾਂ ਲਈ ਤੁਰ ਗਿਆ...ਉਹਦੇ ਮੈਂ ਆਪਣੇ ਹੱਥੀਂ ਟਾਈ ਲਾਈ, ਉਹਦੇ ਪਸੰਦ ਦਾ ਸੂਟ ਪਾਇਆ, ਉਹ ਬਹੁਤ ਖੂਬਸੂਰਤ ਲਗਦਾ ਸੀ...ਖਾਣੇ ਵਿਚ ਉਹਦੇ ਪਸੰਦ ਦੀਆਂ ਚੀਜ਼ਾਂ, ਉਹਦੇ ਰੰਗਾਂ ਦੇ ਪਸੰਦ ਦੀਆਂ



ਪਲੇਟਾਂ, ਚਮਚੇ ਨੈਪਕਿਨ...ਉਹ ਮਾਈ ਗੌਡ ਅੱਜ ਦਾ ਦਿਨ ਬਹੁਤ ਖੂਬਸੂਰਤ ਲੰਘਿਆ...ਮੇਰੇ ਬੱਚੇ ਅੱਜ ਦੀ ਰਾਤ ਮੇਰੇ ਕੋਲ ਰਹਿਣਾ ਚਾਹੁੰਦੇ ਸੀ...ਪਰ ਮੈਂ ਕਿਹਾ ਤੁਸੀਂ ਆਪਣੇ ਘਰ ਜਾਉ...ਮੈਂ ਹੁਣ ਇਕੱਲੀ ਰਹਿਣਾ ਸਿੱਖ ਲੈਣਾ ਹੈ ਨਾਲੇ ਬੌਬ ਕਿਹੜਾ ਕਿਧਰੇ ਗਿਆ ਏ...ਉਹ ਤਾਂ ਇੱਥੇ ਹੀ ਤੁਰਿਆ ਫਿਰਦੈ ਬੱਸ ਕਿਸੇ ਨੂੰ ਦਿਖਾਈ ਨਹੀਂ ਦਿੰਦਾ।'

ਗੱਲਾਂ ਕਰਦੀ ਨੇ ਉਹਨੇ ਕਮਰੇ ਦੇ ਕਈ ਚੱਕਰ ਮਾਰੇ ਪਰ ਉਹਦੀ ਅੱਖ ਇੱਕ ਵਾਰ ਨਹੀਂ ਰੋਈ। ਮੈਂ ਕਿੰਨੀ ਵਾਰ ਬੌਬ ਦੀ ਤਸਵੀਰ ਦੇਖ ਕੇ ਰੋਈ ਪਰ ਮੇਰੀ ਸਹੇਲੀ ਦੇ ਇੱਕ ਵੀ ਹੰਝੂ ਨਾ ਡਿੱਗਿਆ। ਕਿੰਨੇ ਦਿਨ ਦੋਵੇਂ ਤੀਵੀਂ-ਆਦਮੀ ਮੇਰੀਆਂ ਅੱਖਾਂ ਮੂਹਰੇ ਘੁੰਮਦੇ ਰਹੇ ਤੇ ਨਾਲ ਹੀ ਉਹ ਬਚਪਨ ਵਾਲੀ ਬੋਲੀ ਕਈ ਵਾਰ ਚੇਤੇ ਆਈ।

ਕੁਝ ਦਿਨ ਪਹਿਲਾਂ ਸਟੋਰ 'ਤੇ ਵਿਹਲੀ ਲੈਪ ਟੌਪ ਲੈ ਕੇ ਬੈਠ ਗਈ ਸੋਚਿਆ ਕੁਝ ਲਿਖਾਂ ਅਣਗਿਣਤ ਇਕੱਲ ਕੱਟ ਰਹੇ ਬਜ਼ੁਰਗ, ਜੁਆਨ ਅੱਖਾਂ ਸਾਹਮਣੇ ਆ ਗਏ। ਅਜੇ ਚਾਰ ਸਤਰਾਂ ਵੀ ਨਹੀਂ ਲਿਖੀਆਂ ਹੋਣੀਆਂ, ਮੇਰੀ ਸਹੇਲੀ ਮੇਰੇ ਲਈ ਆਪਣੇ ਘਰ ਦੇ ਬਗੀਚੇ ਵਿਚੋਂ ਫੁੱਲ ਲੈ ਕੇ ਅੰਦਰ ਵੜੀ। ਕਹਿੰਦੀ ਤੇਰਾ ਸ਼ੁਕਰੀਆ ਇਸ ਦੁੱਖ ਦੀ ਘੜੀ ਤੂੰ ਮੇਰੇ ਨਾਲ ਰਹੀ। ਗੱਲਾਂ ਕਰਦੀ ਮੁੜ ਕੇ ਜਾਣ ਲੱਗੀ ਤੇ ਮੈਂ ਦੱਸਿਆ ਕਿ ਬੌਬ ਲਈ ਕੁਝ ਲਿਖਣ ਲਈ ਸੋਚਦੀ ਆਂ।

ਉਹਦੀ ਅੱਖ ਲਿਸ਼ਕੀ ਕਹਿੰਦੀ ਕੀ ਲਿਖੇਂਗੀ। ਮੈਂ ਉਹਨੂੰ ਦੱਸਿਆ ਕਿ ਸਾਡੀਆਂ ਮਾਵਾਂ ਆਪਣੇ ਦੁੱਖ ਸੁੱਖ ਗੀਤਾਂ ਰਾਹੀਂ ਸਾਂਝੇ ਕਰਦੀਆਂ ਸੀ। ਸ਼ਾਇਦ ਮੈਂ ਤੈਨੂੰ ਇਹ ਗੱਲ ਗੂਹੜੀ ਅੰਗਰੇਜ਼ੀ 'ਚ ਸਮਝਾ ਨਾ ਸਕਾਂ ਪਰ ਸਾਡੀਆਂ ਮਾਵਾਂ ਨੱਚਣ ਦੇ ਨਾਲ-ਨਾਲ ਇੱਕ ਖਾਸ ਾਰਮ ਾ ਾਲਕ ਸੋਨਗ ਗਾਉਂਦੀਆਂ ਸਨ। ਅਜਿਹਾ ਵਿਆਹੇ ਜੋੜੇ ਦਾ ਇੱਕ ਗੀਤ ਸੀ...।

ਅਜੇ ਮੈਂ ਜੋੜੇ ਦੀ ਸੈਪਰੇਸ਼ਨ ਦੀ ਗੱਲ ਹੀ ਸਮਝਾ ਰਹੀ ਸੀ...ਮੇਰੀ ਸਹੇਲੀ ਭੁੱਬੀਂ ਰੋ ਪਈ ਜਿਵੇਂ ਵਰ੍ਹਿਆਂ ਦੇ ਰੋਕੇ ਹੰਝੂ ਇੱਕੋ ਵਾਰ ਵਹਿ ਤੁਰੇ।

'ਆਈ ਮਿਸ ਬੌਬ...ਉਹ ਮੇਰਾ ਸਾਰਾ ਕੁਝ ਸੀ। ਉਹਦੇ ਬਿਨਾ ਮੈਨੂੰ ਦੁਨੀਆਂ ਖਾਲੀ-ਖਾਲੀ ਜਾਪਦੀ ਏ...ਘਰ ਵਿਚ ਤੁਰੀ ਫਿਰਦੀ ਮੈਂ ਉਹਦੇ ਨਾਲ ਗੱਲਾਂ ਕਰਦੀ ਹਾਂ ਮੈਂ ਉਹਨੂੰ ਕਹਿਨੀ ਹੁੰਦੀ ਆਂ ਕਿ ਆਪਣੇ ਕੋਲ ਸੱਦ ਲੈ...ਬੌਬ ਵਰਗਾ ਕੋਈ ਦੂਜਾ ਮਰਦ ਧਰਤੀ 'ਤੇ ਨਹੀਂ ਜੰਮਿਆ ਹੋਣੈ...ਹੀ ਵਾਜ਼ ਮਾਈ ਸੋਲ ਮੇਟ...ਮੈਂ ਆਪਣੀ ਵਸੀਅਤ ਬਣਾ ਦਿੱਤੀ ਹੈ ਤਾਂ ਕਿ ਮੇਰੇ ਬੱਚਿਆਂ ਨੂੰ ਕੋਈ ਔਖ ਨਾ ਹੋਵੇ...ਮੈਂ ਬੌਬ ਕੋਲ ਜਾਣਾ ਚਾਹੁੰਦੀ ਆਂ।' ਕਾਹਲੀ-ਕਾਹਲੀ ਗੱਲਾਂ ਕਰਦੀ ਉਹ ਕਿੰਨੀ ਦੇਰ ਮੇਰੇ ਗਲ ਲੱਗ ਕੇ ਰੋਂਦੀ ਰਹੀ।

ਮੈਨੂੰ ਮਹਿਸੂਸ ਹੋਇਆ ਜਿਵੇਂ ਅੱਜ ਪਹਿਲੀ ਵਾਰ ਉਸ ਬੋਲੀ ਦੇ ਅਸਲੀ ਮਾਇਨੇ ਸਮਝੀ ਹਾਂ ਇੱਕ ਪਲ ਲਈ ਖਿਆਲ ਆਇਆ ਕਿ ਜਿਹੜੀ ਵੀ ਔਰਤ ਨੇ ਇਹ ਬੋਲੀ ਬਣਾਈ ਹੋਵੇਗੀ ਜਾਂ ਜੀਹਨੇ ਵੀ ਪਹਿਲੇ ਬੋਲ ਇਸ ਬੋਲੀ ਨੂੰ ਦਿੱਤੇ ਹੋਣਗੇ ਖੌਰੇ ਉਹ ਕਿਹੜੇ ਪਲਾਂ ਵਿਚੋਂ ਲੰਘੀ ਹੋਵੇਗੀ।

ਕੱਠਿਆਂ ਨੂੰ ਚੁੱਕੀਂ ਵੇ ਰੱਬਾ
ਜੋੜੀ ਵਿਚ ਭੰਗਣਾ ਨਾ ਪਾਵੀਂ...।

# ਭਗਤ ਸਿੰਘ ਦੀ ਤਸਵੀਰ

ਅਮਰਜੀਤ ਚੰਦਨ

ਸਾਡੇ ਕੋਲ ਭਗਤ ਸਿੰਘ ਦੀਆਂ ਕੁਲ ਚਾਰ ਤਸਵੀਰਾਂ ਹਨ- ਬਚਪਨ ਵੇਲੇ ਦੀ ਜਿਸ ਵਿਚ ਭਗਤ ਸਿੰਘ ਦੇ ਹੱਥ ਵੀ ਦਿਸਦੇ ਹਨ; ਦੂਜੀ ਨੈਸ਼ਨਲ ਕਾਲਜ ਲਾਹੌਰ ਦੀ ਡਰਾਮਾ ਕਲੱਬ ਦੀ ਗਰੁੱਪ ਫ਼ੋਟੋ ਵਿਚੋਂ ਕੱਢੀ ਟੌਰ੍ਹੇ ਵਾਲੀ ਪੱਗ ਵਾਲੀ; ਤੀਜੀ ਪੁਲਸ ਹਿਰਾਸਤ ਵਿਚ ਮੰਜੀ ਉੱਤੇ ਬੈਠੇ ਦੀ ਅਤੇ ਅਖ਼ੀਰਲੀ ਟੋਪ ਵਾਲੀ। ਸਭ ਤੋਂ ਵਧ ਮਕਬੂਲ ਟੋਪ ਵਾਲੀ ਤਸਵੀਰ ਹੀ ਹੈ। ਇਹ ਤਸਵੀਰ ਭਾਵੇਂ ਸੁਹਜੀ ਨਹੀਂ, ਪਰ ਇਹ ਸਾਡੇ ਲਈ ਬਹੁਤ ਕੁਝ ਹੈ। ਮੈਂ ਹੁਣ ਇਸ ਤਸਵੀਰ ਬਾਰੇ ਗੱਲ ਕਰਨੀ ਹੈ।

ਇਸ ਸਦੀ ਵਿਚ ਪੰਜਾਬ ਵਿਚ ਜਿੰਨੀ ਭਗਤ ਸਿੰਘ ਦੇ ਨਾਂ ਦੀ ਸੋਭਾ ਹੋਈ, ਓਨੀ ਕਿਸੇ ਦੀ ਨਹੀਂ ਹੋਈ। ਸਿੱਖ ਗੁਰੂਆਂ ਜਿੰਨਾ ਪਿਆਰ ਤੇ ਸ਼ਰਧਾ ਲੋਕਾਂ ਦੇ ਮਨਾਂ ਵਿਚ ਭਗਤ ਸਿੰਘ ਵਾਸਤੇ ਵੀ ਹੈ। ਨਾਨਕ ਜਾਂ ਗੋਬਿੰਦ ਸਿੰਘ ਤੇ ਭਗਤ ਸਿੰਘ ਦੀ ਤਸਵੀਰ ਵਿਚ ਏਨਾ ਹੀ ਫ਼ਰਕ ਹੈ ਕਿ ਗੁਰੂਆਂ ਦੀ ਮੂਰਤ ਫ਼ਰਜ਼ੀ ਹੈ, ਪਰ ਭਗਤ ਸਿੰਘ ਦੀ ਨਹੀਂ। ਇਹ ਹਰ ਕਿਸੇ ਦੇ ਏਨਾ ਨੇੜੇ ਤੇ ਏਨਾ ਅਪਣੇ ਵਰਗਾ ਹੈ ਕਿ ਇਸ ਅੱਗੇ ਕੋਈ ਮੱਥਾ ਤਾਂ ਭਾਵੇਂ ਟੇਕਦਾ ਹੋਏ, ਪਰ ਮੰਨਤਾਂ ਨਹੀਂ ਮੰਨਦਾ ਹੋਣਾ। ਪਰ ਅਪਣੀ ਜ਼ਿੰਦਗੀ ਤੇ ਕੁਰਬਾਨੀ ਸਦਕਾ ਭਗਤ ਸਿੰਘ ਆਮ ਬੰਦੇ ਦੇ ਅਪਣੇ ਵਰਗਾ ਹੁੰਦਿਆਂ ਵੀ ਏਨਾ ਕੁ ਵੱਖਰਾ ਜ਼ਰੂਰ ਹੈ; ਜਿਸਤੋਂ ਅਹਿਸਾਨਮੰਦੀ, ਇਜ਼ਤ ਤੇ ਸ਼ਰਧਾ ਸ਼ੁਰੂ ਹੁੰਦੀ ਹੈ। ਢਾਬਿਆਂ ਤੇ ਨਾਈਆਂ ਦੀਆਂ ਹੱਟੀਆਂ ਵਿਚ ਲਟਕਦੇ ਕੈਲੰਡਰਾਂ, ਟਰੱਕਾਂ ਦੀਆਂ ਬਾਰੀਆਂ ਤੇ ਰਿਕਸ਼ਿਆਂ ਦੇ ਪਿਛਾੜੀ, ਮੇਲਿਆਂ ਵਿਚ ਵਿਕਦੇ ਕਿੱਸਿਆਂ ਦੇ ਮੋਹਰੇ ਭਗਤ ਸਿੰਘ ਦੀ ਟੋਪ ਵਾਲੀ ਮੂਰਤ ਆਮ ਨਜ਼ਰ ਆਉਂਦੀ ਹੈ। ਕੁੜੀਆਂ ਇਸ ਮੂਰਤ ਦਾ ਕਸੀਦਾ ਕਢਦੀਆਂ ਹਨ। ਟੋਪ ਤੇ ਮੁੱਛਾਂ ਨੂੰ ਛੱਡ ਕੇ ਹਰ ਮੂਰਤ ਵਿਚ ਨੈਣ-ਨਕਸ਼ਾਂ ਚ ਪਿਆ ਫ਼ਰਕ ਜਾਂ ਤਾਂ ਮੂਰਤ ਨੂੰ ਸੁਹਜਾ ਬਣਾ ਦਿੰਦਾ ਹੈ ਜਾਂ ਕੁਹਜਾ; ਪਰ ਇਹਦਾ ਸੁਨੇਹਾ ਕਦੇ ਨਹੀਂ ਬਦਲਦਾ; ਇਹ ਆਦਿ-ਜੁਗਾਦੀ ਜੁ ਹੋ ਗਿਆ ਹੈ।

ਇਹ ਤਸਵੀਰ ਭਗਤ ਸਿੰਘ ਨੇ ਬਟੁਕੇਸ਼ਵਰ ਦੱਤ ਨਾਲ ਜਾ ਕੇ ਕਸ਼ਮੀਰੀ ਗੇਟ ਦਿੱਲੀ ਦੇ ਫ਼ੋਟੋਗਰਾਫਰ ਰਾਮ ਨਾਥ ਤੋਂ 9 ਅਪ੍ਰੈਲ 1929 ਵਾਲੇ ਦਿਨ ਪਾਰਲੀਮੈਂਟ ਵਿਚ ਬੰਬ ਸੁੱਟਣ ਤੇ ਗ੍ਰਿਫ਼ਤਾਰ ਹੋਣ ਤੋਂ ਕੁਝ ਦਿਨ ਪਹਿਲਾਂ ਖਿਚਵਾਈ ਸੀ। ਇੱਕੋ ਦਿਨ ਇੱਕੋ ਵੇਲੇ ਅੱਗੜ-ਪਿੱਛੜ ਖਿਚਵਾਈਆਂ ਫ਼ੋਟੋਆਂ ਵਿਚ ਦੱਤ ਨੇ ਸਿਰ 'ਤੇ ਟੋਪ ਨਹੀਂ ਲਿਆ ਹੋਇਆ। ਸ਼ਾਇਦ ਉਹ ਟੋਪ ਲੈਣੋਂ ਸੰਙਦਾ ਹੋਏਗਾ। ਨਾਲੇ ਇਹ ਭਗਤ ਸਿੰਘ ਜਿੰਨਾ ਸ਼ੌਕੀਨ ਵੀ ਨਹੀਂ ਸੀ। ਦੱਤ ਤਸਵੀਰ ਵਿਚ ਕੈਮਰੇ ਜਾਂ ਦਰਸ਼ਕ ਵਲ ਨਹੀਂ ਦੇਖ ਰਿਹਾ। ਆਮ ਲੋਕਾਂ ਭਾਣੇ 'ਭਗਤ ਸਿੰਘ ਦੱਤ' ਇੱਕੋ ਬੰਦੇ ਦਾ ਨਾਂ ਹੈ।

ਭਗਤ ਸਿੰਘ ਦੀ ਇਹ ਤਸਵੀਰ ਜ਼ਿੰਦਾਦਿਲੀ, ਸਾਦਗੀ ਤੇ ਨਿਹਚੇ ਦਾ ਨਿਸ਼ਾਨ ਹੈ। ਫ਼ੋਟੋਗ੍ਰਾਫ਼ਰ ਦੇ ਗਾਹਕਾਂ ਵਾਸਤੇ ਰੱਖੇ ਫ਼ੈਲਟ ਹੈਟ ਨੂੰ ਪਾ ਕੇ ਭਗਤ ਸਿੰਘ ਬਾਂਕਾ ਛੈਲ ਜਵਾਨ ਨਜ਼ਰ ਆਉਂਦਾ ਹੈ। (ਇਹਨੂੰ ਫ਼ਿਲਮਾਂ ਦੇਖਣ ਦਾ ਬੜਾ ਸ਼ੌਕ ਸੀ)। ਪਰ ਏਨਾ ਜੈਂਟਲਮੈਨ ਵੀ ਨਹੀਂ ਕਿ ਟੋਪ ਨਾਲ ਜੈਕਟ ਪਾ ਲੈਂਦਾ। ਭਾਵੇਂ ਨਿਰੀ ਕਮੀਜ਼ ਨਾਲ ਪਾਇਆ ਟੋਪ ਬੇਢਬਾ ਲਗਦਾ ਹੈ, ਪਰ ਇਸ ਤੋਂ ਮਸਤੀ ਝਲਕਦੀ ਹੈ। ਇਹਨੇ ਜੇਲ 'ਚੋਂ ਚਿੱਠੀ ਲਿਖ ਕੇ 'ਸ਼ੈਕਸਪੀਅਰੀ' ਕਾਲਰਾਂ ਵਾਲੀ ਕਮੀਜ਼ ਮੰਗਵਾਈ ਸੀ। ਮੁੱਛਾਂ ਤੇ ਘੰਡੀ ਵਾਲੀ ਧੌਣ ਤੋਂ ਮਰਦਾਨਗੀ ਝਲਕਦੀ ਹੈ ਅਤੇ ਅਪਣੀ ਮਾਂ ਵਰਗੀਆਂ ਸੁਪਨਈ ਅੱਖਾਂ ਤੇ ਠੋਡੀ ਤੋਂ ਨਿਹਚਾ। ਬੁੱਲ੍ਹਾਂ ਵਿਚ ਸੰਵੇਦਨਾ ਹੈ।

ਰਾਮ ਨਾਥ ਇਹ ਤਾਂ ਜਾਣਦਾ ਹੀ ਹੋਣਾ ਹੈ ਕਿ ਭਗਤ ਸਿੰਘ ਮਫ਼ਰੂਰ ਹੈ। ਪਤਾ ਨਹੀਂ ਇਹਦੀ ਇਹ ਮੂਰਤ ਲਾਂਹਦਿਆਂ ਉਹਨੂੰ ਇਹਦੀ ਤਵਾਰੀਖ਼ੀ ਅਹਿਮੀਅਤ ਦਾ ਪਤਾ ਸੀ ਜਾਂ ਨਹੀਂ; ਪਰ ਭਗਤ ਸਿੰਘ ਦੱਤ ਨੂੰ ਜ਼ਰੂਰ ਪਤਾ ਸੀ। ਇਹ ਮੂਰਤ ਵਾਪਰਨ ਵਾਲੀ ਬਹੁਤ ਵੱਡੀ ਘਟਨਾ ਵਲ ਇਸ਼ਾਰਾ ਹੈ। ਕਿੰਨਾ ਚੰਗਾ ਹੁੰਦਾ, ਜੇ ਰਾਮ ਨਾਥ ਇਨ੍ਹਾਂ ਦੀਆਂ ਹੋਰ ਤਸਵੀਰਾਂ ਵੀ ਲਾਹ ਕੇ ਰਖ ਲੈਂਦਾ।

ਬਹੁਤ ਘਟ ਤਸਵੀਰਾਂ ਹੁੰਦੀਆਂ ਹਨ, ਜਿਨ੍ਹਾਂ ਦੇ ਸਿਰਲੇਖ ਲਿਖਣ ਦੀ ਲੋੜ ਨਹੀਂ ਹੁੰਦੀ। ਭਗਤ ਸਿੰਘ ਦੀ ਇਹ ਤਸਵੀਰ ਵੀ ਐਸੀਆਂ ਤਸਵੀਰਾਂ ਵਿਚ ਸ਼ੁਮਾਰ ਹੁੰਦੀ ਹੈ। ਫ਼ਰਾਂਸੀਸੀ ਫੈਲਸੂਫ ਰੋਲਾਂ ਬਾਰਤ ਦੇ ਕਹਿਣ ਵਾਂਙ ਤਸਵੀਰ ਦਾ ਸਿਰਲੇਖ ਜਾਂ ਤਾਂ ਤਸਵੀਰ ਨੂੰ ਉਚਿਆਣ ਵਾਸਤੇ ਲਿਖੀਦਾ ਹੈ, ਜਾਂ ਤਰਸ ਪੈਦਾ ਕਰਨ ਲਈ ਅਤੇ ਜਾਂ ਕੋਈ ਮੰਤਵ ਦੇਣ ਵਾਸਤੇ। ਭਗਤ ਸਿੰਘ ਲੋਕ ਮਨ ਵਿਚ ਏਨਾ ਵੱਸਿਆ ਹੋਇਆ ਹੈ ਕਿ ਇਹਦੀ ਇਕ ਝਲਕ ਮਾਤਰ ਹੀ ਅਪਣੇ ਆਪ ਨੂੰ ਉਚਿਆਂਦੀ ਵੀ ਹੈ ਤੇ



ਤਰਸ ਵੀ ਪੈਦਾ ਕਰਦੀ ਹੈ।

ਪੁਲਿਸ ਵਾਲੇ ਸ਼ਨਾਖ਼ਤ ਵਾਸਤੇ ਮੁਲਜ਼ਮ ਦੇ ਗਲ਼ ਵਿਚ ਨੰਬਰ ਵਾਲੀ ਸਲੇਟ ਪਾ ਕੇ ਸਾਹਮਣਿਓਂ ਤੇ ਪਾਸਿਓਂ ਫ਼ੋਟੋਆਂ ਉਤਾਰਦੇ ਹਨ। ਕਿਸੇ ਨੂੰ ਪਤਾ ਨਹੀਂ ਕਿ ਦਿੱਲੀ ਜਾਂ ਲਾਹੌਰ ਪੁਲਿਸ ਨੇ ਭਗਤ ਸਿੰਘ ਦੀਆਂ ਇਹੋ ਜਿਹੀਆਂ ਤਸਵੀਰਾਂ ਖਿੱਚੀਆਂ ਸਨ ਜਾਂ ਨਹੀਂ। ਜੇ ਕਿਤੇ ਇਹ ਲਭ ਪੈਣ, ਤਾਂ ਭਗਤ ਸਿੰਘ ਉਨ੍ਹਾਂ ਵਿਚ ਕਿਹੋ ਜਿਹਾ ਨਜ਼ਰ ਆਉਂਦਾ ਹੋਵੇਗਾ? ਟੋਪ ਤਾਂ ਉਨ੍ਹਾਂ 'ਚ ਕਦੇ ਹੋ ਨਹੀਂ ਹੋ ਸਕਦਾ। ਕੁਝ ਦਿਨਾਂ ਦੀ ਕਰੜ-ਬਰੜੀ ਦਾਹੜੀ ਹੋਏਗੀ। ਤਸ਼ੱਦਦ ਦੇ ਝੰਬੇ ਹੋਏ ਭਗਤ ਸਿੰਘ ਦੇ ਥੱਕੇ ਹੋਏ ਮੁੱਖੜੇ 'ਤੇ ਟੋਪ ਵਾਲੀ ਤਸਵੀਰ ਵਾਲੀ ਅਲਸਾਹਟ ਤੇ ਜਲਾਲ ਭਾਵੇਂ ਨਾ ਹੋਵੇ, ਪਰ ਨਿਹਚਾ ਜ਼ਰੂਰ ਹੋਏਗਾ।

ਭਗਤ ਸਿੰਘ ਨੇ ਅਮਰੀਕਾ ਰਹਿੰਦੇ ਅਪਣੇ ਗਰਾਈਂ ਅਮਰ ਚੰਦ ਨੂੰ ਮਈ 1927 ਵਿਚ ਚਿੱਠੀ ਲਿਖੀ ਸੀ: 'ਵੀਰ ਮੇਰੀ ਵਿਦੇਸ਼ ਜਾ ਕੇ ਤਾਲੀਮ ਹਾਸਿਲ ਕਰਨ ਦੀ ਖ਼ਵਾਹਿਸ਼ ਖ਼ੂਬ ਬਰਬਾਅਦ ਹੋ ਗਈ।' ਜੇ ਭਗਤ ਸਿੰਘ ਦੀ ਇਹ ਖ਼ਾਹਸ਼ ਪੂਰੀ ਹੋਈ ਹੁੰਦੀ ਜਾਂ ਇਹ ਹੋਰਨਾਂ ਪੰਜਾਬੀ ਇਨਕਲਾਬੀਆਂ ਵਾਂਙ ਰੂਸ ਗਿਆ ਹੁੰਦਾ, ਤਾਂ ਇਹਨੂੰ ਪਾਸਪੋਰਟ ਵਾਸਤੇ ਫ਼ੋਟੋ ਜ਼ਰੂਰ ਖਿਚਵਾਣੀ ਪੈਣੀ ਸੀ। ਪਾਸਪੋਰਟ ਵਾਲੀ ਫ਼ੋਟੋ ਵਿਚ ਟੋਪ ਨਹੀਂ ਪਾਈਦਾ। ਤਾਂ ਵੀ ਟੋਪ ਵਾਲੀ ਤਸਵੀਰ ਵਾਂਙ ਪਾਸਪੋਰਟ ਦੀ ਤਸਵੀਰ ਦਾ ਮੂੰਹ ਭਵਿਖ ਵਲ ਹੁੰਦਾ। ਪੁਲਿਸ ਦੀ ਲਾਹੀ ਤਸਵੀਰ ਦਾ ਮੂੰਹ ਹਮੇਸ਼ਾ ਅਤੀਤ ਵਲ ਹੁੰਦਾ ਹੈ। ਪੁਲਸੀਏ ਤਸੀਹੇ ਵੀ ਬੀਤੇ ਵੇਲੇ ਦੀਆਂ ਤਹਿਆਂ ਫੋਲਣ ਲਈ ਦਿੰਦੇ ਹਨ। ਪੁਲਿਸ ਹਿਰਾਸਤ ਵਿਚ ਭਵਿਖ ਅਲੋਪ ਹੋ ਜਾਂਦਾ ਹੈ।

ਭਗਤ ਸਿੰਘ ਦੀ ਇਸ ਤਸਵੀਰ ਦੀ ਇਕ ਹੋਰ ਸਿਫ਼ਤ ਇਹ ਵੀ ਹੈ ਕਿ ਇਹ ਰਿਆਸਤ (ਸਟੇਟ) ਦਾ ਲੋਕਾਂ ਉੱਤੇ ਮੜ੍ਹਿਆ ਹੋਇਆ ਇੱਮੇਜ ਨਹੀਂ। ਅਸੀਂ ਲੋਕਾਂ ਨੇ ਇਹਨੂੰ ਏਸ ਲਈ ਸਾਂਭ-ਸਾਂਭ ਰੱਖਿਆ ਹੈ, ਕਿਉਂਕਿ ਇਹ ਸਾਨੂੰ ਪਿਆਰਾ ਲਗਦਾ ਹੈ। ਏਸ ਪਿਆਰ ਵਿਚ ਰਹਿੰਦੀ ਦੁਨੀਆ ਤਕ ਕੋਈ ਫ਼ਰਕ ਨਹੀਂ ਪੈਣਾ। ਇਹ ਤਸਵੀਰ ਦੇਖਣ ਵਾਲੇ ਵਲ ਦੋਸਤੀ ਦਾ ਹੱਥ ਵਧਾਉਂਦੀ ਹੈ। ਇਹਦੇ ਐਨ ਉਲਟ ਸਤਾਲਿਨ ਦੀ ਤਸਵੀਰ ਵੀ ਹੈ। ਪੰਜਾਬ ਸਰਕਾਰ ਨੇ ਭਗਤ ਸਿੰਘ ਦੀ ਇਸ ਤਸਵੀਰ ਨੂੰ ਬਦਲਣ ਦੀ ਫ਼ਿਰਕਾਪ੍ਰਸਤ ਕਰਤੂਤ ਕੀਤੀ ਸੀ। ਚਿਤ੍ਰਕਾਰ ਅਮਰ ਸਿੰਘ ਬਾਂਸਲ ਨੇ ਟੋਪ ਲਾਹ ਕੇ ਪੱਗ ਰਖ ਦਿੱਤੀ। ਇਹੀ ਹਾਲ ਊਧਮ ਸਿੰਘ ਦੀ ਤਸਵੀਰ ਦਾ ਹੋਇਆ। ਪੰਜਾਬ ਸਰਕਾਰ ਨੂੰ ਤਾਂ ਕੀ ਦੋਸ਼ ਦਿੱਤਾ ਜਾ ਸਕਦਾ ਹੈ? ਬੜੇ ਸਾਲ ਪਹਿਲਾਂ ਕਿਰਤੀ ਪਾਰਟੀ ਦੇ ਬਾਬਿਆਂ ਨੇ ਕਰਤਾਰ ਸਿੰਘ ਸਰਾਭੇ ਦੀ ਮਿਲ਼ਦੀ ਇੱਕੋ-ਇਕ ਬੋਦਿਆਂ ਵਾਲੀ ਤਸਵੀਰ ਵਿਚ ਅਮ੍ਰਿਤਸਰ ਦੇ ਗੁਰਦਿਆਲ ਸਿੰਘ ਫ਼ੋਟੋਗਰਾਫ਼ਰ ਨੂੰ ਆਖ ਕੇ ਭੱਦੀ-ਜਿਹੀ ਪੱਗ ਬੰਨ੍ਹਵਾ ਦਿੱਤੀ ਸੀ। ਭਗਤ ਸਿੰਘ ਦੀ ਮੰਜੀ ਵਾਲੀ ਤਸਵੀਰ ਵਿਚ ਨਾਲ ਜੋ ਸੀ.ਆਈ.ਡੀ. ਦਾ ਬੰਦਾ ਬੈਠਾ ਹੈ, ਹੁਣ ਬਣਾਏ ਜਾਂਦੇ ਕੈਲੰਡਰਾਂ ਵਿਚ ਉਹ ਭਾਈ ਰਣਧੀਰ ਸਿੰਘ ਬਣਾਇਆ ਹੁੰਦਾ ਹੈ।

ਜਿਉਂ ਮੌਤ ਉਮਰ ਨੂੰ ਵਧਣੋਂ ਯਕਲਖ਼ਤ ਰੋਕ ਦਿੰਦੀ ਹੈ, ਇਵੇਂ ਕੈਮਰੇ ਦੀ ਕਲਿਕ ਵੇਲੇ ਦੇ ਅਨੰਤ ਵਹਿਣ ਨੂੰ ਤੋੜ ਕੇ ਦਰਜ ਕਰ ਲੈਂਦੀ ਹੈ। ਤਸਵੀਰ ਰੁਕੇ ਹੋਏ ਵੇਲੇ ਦੀ ਸਨਦ ਹੁੰਦੀ ਹੈ। ਅੱਜ ਅਸੀਂ ਅੱਸੀ ਸਾਲਾਂ ਦਾ ਬਾਬਾ ਭਗਤ ਸਿੰਘ ਨਹੀਂ ਚਿਤਵ ਸਕਦੇ। ਭਗਤ ਸਿੰਘ ਦੀ ਇਹ ਤਸਵੀਰ ਸਦਾ ਬਹਾਰ ਰੁੱਤ ਦੀ ਨਿਸ਼ਾਨੀ ਹੈ। ਲੋਕ ਅਮਰ ਬਿੰਬ ਦੀ ਲਾਲਸਾ ਕਰਦਿਆਂ ਬਹੁਤੀ ਵੇਰ ਖ਼ੁਦਗਰਜ਼ ਤੇ ਬੇਕਿਰਕ ਵੀ ਹੁੰਦੇ ਹਨ। ਪਰ ਭਗਤ ਸਿੰਘ ਦੇ ਕਰੀਬੀ ਸਾਕਾਂ ਖ਼ਾਸ ਕਰਕੇ ਇਹਦੀ ਮਾਂ ਨੂੰ ਅਪਣੇ ਪੁਤ ਦੀ ਮੌਤ ਦਾ ਕੋਈ ਚਾਅ ਨਹੀਂ ਹੋਣਾ। ਉਹਦੀ ਤਾਂ ਦੁਨੀਆ ਲੁੱਟੀ ਗਈ ਸੀ। ਇਹ ਤਸਵੀਰ ਹਮੇਸ਼ਾ ਮਾਂ ਨੂੰ ਸੱਲ੍ਹਦੀ ਹੋਣੀ ਹੈ।

ਭਗਤ ਸਿੰਘ ਦੀ ਇਹ ਤਸਵੀਰ ਪੰਜਾਬ ਦੀ ਕੌਮੀ ਤਸਵੀਰ ਹੈ। ਇਹ ਜੋ ਸਾਡੀਆਂ ਨਜ਼ਰਾਂ ਵਿਚ ਹੈ, ਉਹ ਗ਼ੈਰ-ਪੰਜਾਬੀਆਂ ਦੀਆਂ ਨਜ਼ਰਾਂ 'ਚ ਨਹੀਂ ਹੋ ਸਕਦਾ। ਸੋਵੀਅਤ ਰੂਸ ਦੇ ਕਿਸੇ ਸਮੁੰਦਰੀ ਜਹਾਜ਼ ਦਾ ਨਾਂ ਭਗਤ ਸਿੰਘ ਸੀ। ਪਰ ਕੀ ਉਸ ਜਹਾਜ਼ ਦਾ ਕਪਤਾਨ ਤੇ ਜਹਾਜ਼ੀ ਭਗਤ ਸਿੰਘ ਨੂੰ ਸਾਡੇ ਵਾਂਙ ਹੀ ਪਿਆਰ ਕਰਦੇ ਹੋਣਗੇ?

## ਪੁਰਾਣਾ ਸ਼ਹਿਦ

***ਹਜ਼ਾਰਾਂ ਗੁੰਮਨਾਮ ਸੂਰਮਿਆਂ ਦੀਆਂ ਬਹੁਤ ਹੀ ਦਿਲਚਸਪ ਅਣਲਿਖੀਆਂ ਕਹਾਣੀਆਂ (ਜਿਨ੍ਹਾਂ ਵਿਚ ਸਿੱਖਿਆ ਵੀ ਹੈ, ਇਤਿਹਾਸ ਵੀ ਤੇ ਸਾਹਿਤ ਵੀ) ਨੂੰ ਪਾਠਕਾਂ ਤਕ ਪੁਜਦਾ ਕਰਨ ਲਈ ਅਸੀਂ ਇਹ ਨਵਾਂ ਕਾਲਮ 'ਪੁਰਾਣਾ ਸ਼ਹਿਦ' ਸ਼ੁਰੂ ਕਰਨ ਜਾ ਰਹੇ ਹਾਂ। ਸਾਨੂੰ ਆਸ ਹੈ ਕਿ ਪਾਠਕਾਂ ਵਲੋਂ ਭਰਪੂਰ ਹੁੰਗਾਰਾ ਮਿਲੇਗਾ। -ਸੰਪਾਦਕ***

# ਰੋਗਾਂ ਤੋਂ ਬਚਾਅ ਦੇ ਨੁਸਖ਼ੇ

ਡਾ. ਬਲਰਾਜ ਬੈਂਸ
ਡਾ. ਕਰਮਜੀਤ ਕੌਰ ਬੈਂਸ
ਫੋਨ: 94630-38229

* ਗੁੜ ਜਾਂ ਸ਼ੱਕਰ ਦਾ ਘੱਟ ਮਿੱਠੇ ਵਾਲਾ ਪਤਲਾ ਸ਼ਰਬਤ ਚਾਹ, ਗਰੀਨ ਟੀ ਜਾਂ ਕੌਫੀ ਦੀ ਜਗ੍ਹਾ ਹਲਕਾ ਕੋਸਾ ਕਰ ਕੇ ਸਵੇਰੇ-ਸਵੇਰੇ ਹੌਲੀ ਹੌਲੀ ਪੀਣ ਨਾਲ ਅਨੇਕਾਂ ਰੋਗਾਂ ਤੋਂ ਬਚਾਅ ਹੁੰਦਾ ਹੈ। ਖਾਸ ਕਰਕੇ ਵਾਲ ਝੜਨੇ, ਸਮੇਂ ਤੋਂ ਪਹਿਲਾਂ ਵਾਲ ਸਫੈਦ ਹੋਣੇ, ਅੱਧਾ ਸਿਰ ਦਰਦ, ਅੱਖਾਂ ਥੱਲੇ ਕਾਲੇ ਘੇਰੇ, ਛਾਹੀਆਂ, ਦਾਗ, ਧੱਬੇ, ਜਲਦੀ ਥੱਕਣਾ, ਆਲਸ, ਹੱਥ ਪੈਰ ਸੌਣੇ, ਖੂਨ ਘੱਟ ਬਣਨਾ, ਕਮਜ਼ੋਰ ਯਾਦਾਸ਼ਤ, ਦੰਦਾਂ ਜਾੜਾਂ 'ਚੋਂ ਖੂਨ ਵਗਣਾ, ਸ਼ੁਕਰਾਣੂੰ ਘੱਟ ਬਣਨਾ, ਔਰਤ ਦੇ ਅੰਡਾ ਸਹੀ ਨਾ ਬਣਨਾ, ਜਲਦੀ ਗਰਭ ਨਾ ਠਹਿਰਨਾ ਆਦਿ ਠੀਕ ਹੁੰਦੇ ਹਨ।

ਇਸ ਸ਼ਰਬਤ ਵਿਚ ਛੋਟੀ ਇਲਾਇਚੀ, ਸੁੰਢ, ਅਜਵੈਣ ਦੇ ਚੂਰਨ ਦੀ ਇੱਕ ਚੁਟਕੀ ਅਤੇ ਦੋ ਸਾਬਤ ਕਾਲੀਆਂ ਮਿਰਚਾਂ ਪਾ ਕੇ ਉਬਾਲ ਕੇ ਪੀਣ ਨਾਲ ਗਲਾ ਖਰਾਬੀ, ਗਲੇ ਦੀ ਖਾਰਸ਼ ਆਦਿ ਤੋਂ ਛੁਟਕਾਰਾ ਮਿਲਦਾ ਹੈ। ਇਸ ਸ਼ਰਬਤ 'ਚ ਅੱਧਾ ਚਮਚ ਸੌਂਫ, ਇੱਕ ਚੁਟਕੀ ਦਾਲਚੀਨੀ, ਦੋ ਕੁ ਪੱਤੇ ਤੁਲਸੀ ਉਬਾਲ ਕੇ ਪੀਣ ਨਾਲ ਮੈਂਸਟਰੂਅਲ ਪੀਰੀਅਡਜ਼ ਖੁੱਲ੍ਹ ਕੇ ਆਉਣ ਲਗਦੇ ਹਨ। ਇਸੇ ਸ਼ਰਬਤ 'ਚ ਦੋ ਪੱਤੇ ਤੁਲਸੀ, ਦੋ ਪੱਤੇ ਪੂਤਨਾ ਪਾ ਕੇ ਉਬਾਲ ਕੇ ਠੰਡਾ ਕਰ ਕੇ ਅੱਧੇ ਤੋਂ ਅੱਧਾ ਨਿੰਬੂ ਨਿਚੋੜ ਕੇ ਪੀਣ ਨਾਲ ਖਾਣੇ ਬਾਅਦ ਪੇਟ ਦਰਦ, ਪੇਟ ਗੈਸ, ਖੱਟੇ ਡਕਾਰ, ਹਾਰਮੋਨਲ ਇੰਬੈਲੰਸ ਠੀਕ ਹੁੰਦਾ ਹੈ। ਇਹ ਵਾਰ ਵਾਰ ਭੁੱਖ ਲੱਗਣੋਂ ਵੀ ਹਟਾਉਂਦਾ ਹੈ।

ਸਵੇਰ ਦੇ ਖਾਣੇ ਤੋਂ ਬਾਅਦ ਇੱਕ ਗਿਲਾਸ ਖੱਟੀ ਲੱਸੀ 'ਚ ਇੱਕ ਚਮਚ ਸ਼ੱਕਰ ਮਿਲਾ ਕੇ ਪੀਣ ਨਾਲ ਪੁਰਾਣੀ ਕਬਜ਼, ਮਿਹਦੇ ਦੀ ਕਮਜ਼ੋਰੀ, ਬਵਾਸੀਰ, ਪੁਰਾਣਾ ਤੇਜ਼ਾਬੀਪਨ, ਖੁਰਾਕ ਨਾ ਲੱਗਣਾ ਆਦਿ ਰੋਗ ਠੀਕ ਹੁੰਦੇ ਹਨ।

ਦਿਨ 'ਚ ਇੱਕ-ਦੋ ਵਾਰ ਅੱਧਾ ਕੁ ਚਮਚ ਗੁੜ ਤੇ ਇਕ ਚੁਟਕੀ ਕਾਲੀ ਮਿਰਚ ਦਾ ਪਾਊਡਰ ਮਿਲਾ ਕੇ ਚੂਸ ਕੇ ਖਾਣ ਨਾਲ ਪੁਰਾਣੀ ਖੰਘ, ਵਾਰ ਵਾਰ ਲੱਗਣ ਵਾਲਾ ਜ਼ੁਕਾਮ, ਪੁਰਾਣਾ ਰੇਸ਼ਾ, ਗਲਾ ਬੈਠਣਾ, ਗਲੇ ਦੀ ਸੋਜ਼, ਟੌਂਸਿਲਜ਼, ਮੂੰਹ 'ਚੋਂ ਬਦਬੋਅ ਆਉਣੀ, ਭੁੱਖ ਨਾ ਲੱਗਣਾ, ਖੂਨ ਦੀ ਘਾਟ ਆਦਿ ਤੋਂ ਛੁਟਕਾਰਾ ਹੁੰਦਾ ਹੈ।

* ਇਕ ਗਿਲਾਸ ਪਾਣੀ 'ਚ ਅੱਧਾ ਚਮਚ ਗੁੜ ਜਾਂ ਸ਼ੱਕਰ ਘੋਲ ਕੇ ਤੇ ਅੱਠ-ਦਸ ਬੂੰਦਾਂ ਧਣੀਆਂ ਪੱਤੇ ਦਾ ਰਸ ਪਾ ਕੇ ਪੀਣ ਨਾਲ ਨਵਾਂ ਖੂਨ ਬਣਦਾ ਹੈ, ਕੈਂਸਰ, ਟੀਬੀ ਕਾਰਨ ਹੋਣ ਵਾਲੀ ਕਮਜ਼ੋਰੀ ਠੀਕ ਹੁੰਦੀ ਹੈ, ਪੁਰਾਣੇ ਤੇਜ਼ਾਬੀਪਨ ਵਾਲੇ ਦਾ ਹਾਜ਼ਮਾ ਵਧਦਾ ਹੈ, ਸਰੀਰਕ ਕਮਜ਼ੋਰੀ ਵਾਲੇ ਦੀ ਨਜ਼ਰ ਵਧਦੀ ਹੈ, ਬਚਪਨ ਤੋਂ ਦੁਬਲੇ ਪਤਲੇ ਬੱਚੇ ਨੂੰ ਖੁਰਾਕ ਲੱਗਣ ਲਗਦੀ ਹੈ, ਪ੍ਰੈਗਨੈਂਸੀ ਦੌਰਾਨ ਬਣਨ ਵਾਲੀਆਂ ਜਾਂ ਜ਼ਿਆਦਾ ਲਿਕੋਰੀਆ ਰਹਿਣ ਕਾਰਨ ਬਣਨ ਵਾਲੀਆਂ ਛਾਹੀਆਂ, ਅੱਖਾਂ ਥੱਲੇ ਕਾਲੇ ਘੇਰੇ ਤੇ ਕਾਲੇ ਦਾਗ ਹਟਦੇ ਹਨ।

*ਦਿਨ 'ਚ ਇੱਕ ਵਾਰ ਗੁੜ, ਸ਼ੱਕਰ ਤੇ ਮੱਝ ਦੇ ਦੇਸੀ ਘਿਉ ਦੀ ਚੂਰੀ ਖਾਣ ਨਾਲ ਲਿਗਾਮੈਂਟਸ, ਟੈਂਡਨਜ਼, ਮਾਸਪੇਸ਼ੀਆਂ, ਹੱਡੀਆਂ, ਜੋੜਾਂ, ਰੀੜ੍ਹ ਦੀ ਹੱਡੀ ਨੂੰ ਤਾਕਤ ਮਿਲਦੀ ਹੈ, ਵਾਲ ਲੰਬੇ ਹੁੰਦੇ ਹਨ, ਨਹੁੰ ਵਧਣ ਲਗਦੇ ਹਨ। ਬੱਚਿਆਂ ਨੂੰ ਵਾਰ ਵਾਰ ਭੁੱਖ ਲੱਗਣੀ, ਉਲਟ ਪੁਲਟ ਖਾਣ ਨੂੰ ਦਿਲ ਕਰਨਾ, ਚਿੜਚਿੜਾਪਨ, ਜਲਦੀ ਥੱਕਣਾ, ਸਵੇਰੇ ਉੱਠਣ ਨੂੰ ਦਿਲ ਨਾ ਕਰਨਾ ਆਦਿ ਠੀਕ ਹੁੰਦਾ ਹੈ। ਲੇਕਿਨ ਇਹ ਖਾਣ ਬਾਅਦ ਕੋਈ ਵਰਜਿਸ਼ ਜਾਂ ਹੱਥੀਂ ਕੰਮ ਕਰਨਾ ਚਾਹੀਦਾ ਹੈ। ਨਹੀਂ ਤਾਂ ਉਲਟਾ ਅਸਰ ਹੋ ਸਕਦਾ ਹੈ। ਮੋਟਾਪਾ ਵਧ ਸਕਦਾ ਹੈ ਜਾਂ ਬੀਪੀ ਦੀ ਪ੍ਰਾਬਲਮ ਬਣ ਸਕਦੀ ਹੈ।

* ਗੁੜ ਵਾਲੇ ਪਤਲੇ ਕੋਸੇ ਪਾਣੀ ਵਿਚ ਚਾਰ ਕੁ ਬੂੰਦਾਂ ਨਿੰਬੂ ਰਸ ਪਾ ਕੇ ਮੂੰਹ ਧੋਣ ਨਾਲ ਰੰਗ ਗੋਰਾ ਹੁੰਦਾ ਹੈ ਤੇ ਦਾਗ ਛਾਹੀਆਂ, ਚਮੜੀ ਦਾ ਢਿੱਲਾਪਨ ਠੀਕ ਹੁੰਦਾ ਹੈ। ਚਿਹਰੇ ਦੇ ਬਰੀਕ ਵਾਲਾਂ ਦਾ ਰੰਗ ਥੋੜਾ ਭੂਰਾ ਹੋਣਾ ਸ਼ੁਰੂ ਹੁੰਦਾ ਹੈ। ਨਤੀਜੇ ਵਜੋਂ ਔਰਤਾਂ ਨੂੰ ਬਲੀਚ ਤੇ ਫੇਸ਼ੀਅਲ ਟਰੀਟਮੈਂਟਸ ਦੀ ਜ਼ਰੂਰਤ ਘੱਟ ਪੈਂਦੀ ਹੈ।

ਗਰਮੀ ਰੁੱਤ 'ਚ ਖਾਣੇ ਤੋਂ ਬਾਅਦ ਗੁੜ ਖਾਣ ਨਾਲ ਪੇਟ ਦਾ ਭਾਰੀਪਨ, ਵੱਖੀਆਂ ਭਰਨਾ, ਬਦਹਜ਼ਮੀ, ਰਾਤ ਦੀ ਸੁੱਕੀ ਖੰਘ, ਸਵੇਰੇ ਸਵੇਰੇ ਗਲਾ ਖਰਾਬ ਰਹਿਣਾ, ਚੱਕਰ ਆਉਣੇ, ਬੱਚਾ ਜੰਮਣ ਜਾਂ ਕਿਸੇ ਰੋਗ ਦੀ ਕਮਜ਼ੋਰੀ ਬਾਅਦ ਵਾਲ ਝੜਨੇ, ਤਣਾਉ ਕਾਰਨ ਨੀਂਦ ਘੱਟ ਆਉਣੀ ਆਦਿ ਨੁਕਸ ਠੀਕ ਹੁੰਦੇ ਹਨ।

* ਇਕ ਕੱਪ ਪਾਣੀ 'ਚ ਅੱਧਾ-ਅੱਧਾ ਚਮਚ ਗੁੜ ਤੇ ਅਰਜਨ ਸੱਕ ਉਬਾਲ ਕੇ ਪੁਣ ਕੇ ਠੰਡਾ ਕਰ ਕੇ ਰੋਜ਼ਾਨਾ ਦੋ-ਤਿੰਨ ਵਾਰ ਥੋੜ੍ਹਾ ਥੋੜ੍ਹਾ ਪੀਂਦੇ ਰਹਿਣ ਨਾਲ ਹਰ ਤਰ੍ਹਾਂ ਦੀ ਐਲਰਜੀ ਨੂੰ ਫਾਇਦਾ ਹੁੰਦਾ ਹੈ। ਖੰਘ, ਜ਼ੁਕਾਮ, ਰੇਸ਼ਾ, ਗਲਾ ਖਰਾਬੀ, ਸਾਹ, ਦਮਾ, ਛਾਤੀ ਜਾਮ ਆਦਿ ਤੋਂ ਤੁਰੰਤ ਫਾਇਦਾ ਹੋਣ ਲਗਦਾ ਹੈ। ਇਹ ਜੋੜ ਦਰਦ, ਕਮਰ ਦਰਦ, ਮਾਸਪੇਸ਼ੀ ਦਰਦ, ਜੋੜ ਸੋਜ਼, ਗਠੀਆ, ਹਾਈ ਬੀਪੀ, ਹਾਈ ਕੋਲੈਸਟਰੋਲ ਅਤੇ ਵਿਗੜੇ ਪੁਰਾਣੇ ਮੋਟਾਪੇ ਤੋਂ ਵੀ ਲਾਭਦਾਇਕ ਹੈ।

* ਇਕ ਕੱਪ ਦੁੱਧ 'ਚ ਇਕ ਡਲੀ ਗੁੜ ਤੇ ਅੱਧਾ ਚਮਚ ਸੌਂਫ ਉਬਾਲ ਕੇ ਦੋ ਵਾਰ ਪੀਣ ਨਾਲ ਮਾਹਵਾਰੀ ਖੁੱਲ੍ਹ ਕੇ ਆਉਂਦੀ ਹੈ ਤੇ ਮਾਹਵਾਰੀ ਦਰਦ, ਮਾਹਵਾਰੀ ਕਾਰਨ ਕਮਜ਼ੋਰੀ, ਸਰੀਰ ਦਰਦ, ਕਮਰ ਦਰਦ, ਸਿਰ ਦਰਦ ਆਦਿ ਤੋਂ ਛੁਟਕਾਰਾ ਮਿਲਦਾ ਹੈ।

* ਗੁੜ ਦੇ ਗੁਲਗੁਲੇ, ਮਾਹਲ ਪੂੜੇ ਜਾਂ ਮਿੱਠੀ ਰੋਟੀ ਗਰਮੀਆਂ ਦੀ ਬਾਰਸ਼ ਰੁੱਤੇ ਖਾਣ ਨਾਲ ਚਮੜੀ ਦੀ ਖੁਸ਼ਕੀ ਠੀਕ ਹੋ ਜਾਂਦੀ ਹੈ, ਚਮੜੀ ਸੁੰਦਰ, ਮੁਲਾਇਮ ਬਣਦੀ ਹੈ। ਮਾਸਪੇਸ਼ੀਆਂ 'ਚ ਤਾਕਤ ਪੈਂਦੀ ਹੈ। ਅੰਤੜੀਆਂ ਵਧੇਰੇ ਕੰਮ ਕਰਨ ਲਗਦੀਆਂ ਹਨ। ਪ੍ਰੋਟੋਜ਼ੋਅਲ ਇਨਫੈਕਸ਼ਨ ਤੋਂ ਬਚਾਉ ਹੁੰਦਾ ਹੈ।

* ਗੁੜ ਨਾਲ ਮੱਕੀ ਦੀ ਰੋਟੀ ਖਾਣ ਨਾਲ ਕਮਰ ਦਰਦ, ਮਾਸਪੇਸ਼ੀ ਦਰਦ, ਅੱਡੀਆਂ ਦਰਦ, ਸ਼ਾਮ ਨੂੰ ਹੁੰਦਾ ਲੱਤਾਂ ਬਾਹਾਂ ਦਾ ਦਰਦ ਠੀਕ ਹੁੰਦਾ ਹੈ ਤੇ ਵਾਲ ਸਫੈਦ ਹੋਣੋਂ ਹਟਦੇ ਹਨ। ਘਟਦਾ ਐਚ ਬੀ ਬਹੁਤ ਜਲਦੀ ਪੂਰਾ ਹੋ ਜਾਂਦਾ ਹੈ।

* ਦੋ ਖਾਣਿਆਂ ਦੇ ਵਿਚਕਾਰਲੇ ਸਮੇਂ ਭੁੱਜੇ ਛੋਲੇ, ਭੁੱਜੇ ਬਾਜਰੇ, ਮੱਕੀ ਦੇ ਮੁਰਮੁਰੇ ਆਦਿ ਨਾਲ ਥੋੜ੍ਹਾ ਗੁੜ ਰੋਜ਼ਾਨਾ ਚੰਗੀ ਤਰ੍ਹਾਂ ਚਬਾ ਕੇ ਖਾਣ ਵਾਲੇ ਬੰਦੇ ਦੀ ਉਮਰ ਲੰਬੀ ਹੁੰਦੀ ਹੈ ਕਿਉਂਕਿ ਇਸ 'ਚ ਕੁੱਝ ਅਜੇਹੇ ਤੱਤ ਪਾਏ ਜਾਂਦੇ ਹਨ ਜੋ ਡੀ ਐਨ ਏ ਵਿਚਲੀ ਪਰੋਟੀਨਜ਼ ਨੂੰ ਨਸ਼ਟ ਹੋਣੋਂ ਬਚਾਉਂਦੇ ਹਨ, ਸੈੱਲ ਦਾ ਲਾਈਫ ਸਪੈਨ ਲੰਬਾ ਕਰਦੇ ਹਨ। ਖੂਨ 'ਚੋਂ ਫਰੀ ਰੈਡੀਕਲਜ਼ ਖਤਮ ਕਰਦੇ ਹਨ। ਖੂਨ 'ਚੋਂ ਖਤਰਨਾਕ ਤੱਤਾਂ ਨੂੰ ਬਾਹਰ ਕੱਢਣ 'ਚ ਮਦਦ ਕਰਦੇ ਹਨ। ਨਤੀਜੇ ਵਜੋਂ ਸਰੀਰ ਦਾ ਤਾਪਮਾਨ ਤੇ ਖੂਨ ਵਿਚਲੇ ਲਿਪਿਡਜ਼ ਕੰਟਰੋਲ 'ਚ ਰਹਿਣ ਕਾਰਨ ਵਿਅਕਤੀ ਦਾ ਸੁਭਾਅ ਵੀ ਨਰਮ ਬਣਦਾ ਹੈ। ਗੁੜ ਵਿਚਲਾ ਹਰ ਤੱਤ ਜਿਗਰ, ਅੰਤੜੀ, ਦਿਲ, ਗੁਪਤ ਅੰਗਾਂ, ਵਾਲਾਂ, ਚਮੜੀ ਤੇ ਹੱਡੀਆਂ ਲਈ ਬਹੁਤ ਹੀ ਮੁਫੀਦ ਹੁੰਦਾ ਹੈ।

* ਤਾਜ਼ਾ ਗੁੜ ਦਿਲ, ਦਿਮਾਗ ਤੇ ਅੰਤੜੀ ਰੋਗਾਂ ਲਈ ਬਹੁਤ ਹੀ ਵਧੀਆ ਰਹਿੰਦਾ ਹੈ। ਇਹ ਪਲੇਟਲੈਟਸ ਵੀ ਵਧਾਉਂਦਾ ਹੈ ਤੇ ਇਮਿਊਨਿਟੀ ਵਧਾਉਣ 'ਚ ਵੀ ਮਦਦ ਕਰਦਾ ਹੈ।



*ਦੁੱਧ ਚੁੰਘਾਉਣ ਵਾਲੀਆਂ ਛੋਟੀ ਉਮਰ ਦੀਆਂ ਸਲਿੱਮ ਟਰਿੱਮ ਅਤੇ ਹੱਥੀਂ ਕੰਮ ਕਰਨ ਵਾਲੀਆਂ ਔਰਤਾਂ ਨੂੰ ਹਫਤੇ 'ਚ ਦੋ ਵਾਰ ਘਿਉ ਸ਼ੱਕਰ ਦੀ ਚੂਰੀ, ਇੱਕ ਵਾਰ ਗੁੜ ਵਾਲੇ ਸੁਆਂਖਾਂ ਦੇ ਚੌਲ, ਖੀਰ ਜਾਂ ਘਰੇ ਵੱਟੀਆਂ ਸੇਵੀਆਂ ਜਾਂ ਸੂਜੀ ਦੀ ਖੀਰ ਖਾਣੀ ਚਾਹੀਦੀ ਹੈ। ਰੋਜ਼ਾਨਾ ਇੱਕ ਵਾਰ ਘੱਟ ਗੁੜ ਵਾਲਾ ਦੁੱਧ ਪੀਣਾ ਚਾਹੀਦਾ ਹੈ। ਤਿੰਨ ਵਾਰ ਖਾਣੇ ਨਾਲ ਸਲਾਦ ਵੀ ਖਾਣਾ ਜ਼ਰੂਰੀ ਹੈ। ਇਉਂ ਬੱਚੇ ਦਾ ਵਧੀਆ ਵਿਕਾਸ ਹੋਵੇਗਾ। ਬੱਚੇ ਨੂੰ ਕਿਸੇ ਵੀ ਕਿਸਮ ਦੀ ਇਨਫੈਕਸ਼ਨ ਐਲਰਜੀ ਹੋਣ ਦੇ ਚਾਂਸ ਘਟਦੇ ਹਨ। ਔਰਤ ਦੇ ਵਾਲ ਝੜਨੇ, ਖੁਸ਼ਕੀ, ਸਰੀਰ ਦਰਦ, ਦੁੱਧ ਘੱਟ ਬਣਨਾ, ਫਿਗਰ ਖਰਾਬ ਹੋਣਾ, ਇਕੱਲਾ ਪੇਟ ਵਧਣਾ ਜਾਂ ਚਮੜੀ ਦਾ ਢਿੱਲਾਪਨ ਆਦਿ ਤੋਂ ਬਚਾਅ ਹੋਵੇਗਾ। ਲੇਕਿਨ ਮਿੱਠਾ ਬਹੁਤ ਘੱਟ ਰੱਖਣਾ ਚਾਹੀਦਾ ਹੈ।

*ਕਿਸੇ ਵੀ ਕਿਸਮ ਦਾ ਨਸ਼ਾ ਛੱਡਣ ਵਾਲੇ ਨੂੰ ਵੀ ਅਨੇਕਾਂ ਤੱਤਾਂ ਦੀ ਸਖਤ ਘਾਟ ਹੋ ਜਾਂਦੀ ਹੈ ਲੇਕਿਨ ਗੁੜ, ਸ਼ੱਕਰ 'ਚੋਂ ਉਹ ਸਭ ਤੱਤ ਮਿਲਦੇ ਹਨ ਜਿਨ੍ਹਾਂ ਦੀ ਘਾਟ ਕਾਰਨ ਉਹ ਥਕਾਵਟ, ਕੜੱਲ, ਦਰਦ, ਘਬਰਾਹਟ, ਉਦਾਸੀ ਤੇ ਕਮਜ਼ੋਰੀ ਮਹਿਸੂਸ ਕਰਦਾ ਹੈ। ਅਸਲ ਵਿਚ ਗੁੜ ਸ਼ੱਕਰ ਦੀ ਜਗ੍ਹਾ ਖੰਡ ਦੀ ਵਰਤੋਂ ਨੇ ਲੋਕਾਂ ਦੀ ਸਿਹਤ ਦਾ ਸਤਿਆਨਾਸ ਕਰ ਦਿੱਤਾ ਹੈ। ਇਸ ਪਿੱਛੇ ਕਾਰਪੋਰੇਟ ਘਰਾਣਿਆਂ ਦੀ ਸਾਜ਼ਿਸ਼ ਹੈ। ਉਨ੍ਹਾਂ ਨੇ ਭੋਲੇ-ਭਾਲੇ ਕਿਸਾਨਾਂ ਨੂੰ ਗੁੜ ਬਣਾਉਣ ਦੀ ਬਜਾਏ ਖੰਡ ਮਿੱਲਾਂ ਕੋਲ ਗੰਨਾ ਵੇਚਣ ਦੀ ਆਦਤ ਪਾਈ। ਸ਼ੁਰੂ ਵਿਚ ਲੋਕਾਂ ਨੂੰ ਬਹੁਤ ਘੱਟ ਕੀਮਤ 'ਤੇ ਖੰਡ ਦਿੱਤੀ ਗਈ ਪਰ ਜਿਉਂ ਹੀ ਲੋਕ ਖੰਡ ਦੇ ਆਦੀ ਹੋ ਗਏ ਤੇ ਕਿਸਾਨਾਂ ਨੇ ਗੁੜ ਬਣਾਉਣ ਵਾਲੇ ਘੁਲਾੜੇ ਕਬਾੜੀਆਂ ਨੂੰ ਵੇਚ ਦਿੱਤੇ ਤਾਂ ਉਨ੍ਹਾਂ ਖੰਡ ਦੀਆਂ ਕੀਮਤਾਂ ਵੀ ਵਧਾ ਦਿੱਤੀਆਂ।

ਕੁੱਝ ਮਿੱਲਾਂ ਤਾਂ ਕਿਸਾਨਾਂ ਦੇ ਬਕਾਏ ਪੈਸੇ ਦੇਣ ਤੋਂ ਹੀ ਮੁੱਕਰ ਗਈਆਂ। ਇਉਂ ਬਹੁਤ ਕਿਸਾਨਾਂ ਨੂੰ ਗੰਨੇ ਬੀਜਣ ਤੋਂ ਇੱਕ ਸਾਜ਼ਿਸ਼ ਨਾਲ ਰੋਕ ਦਿੱਤਾ ਗਿਆ ਹੈ। ਹੁਣ ਬਹੁਤਿਆਂ ਨੂੰ ਖੀਰ, ਸੇਵੀਆਂ, ਚੌਲ, ਗੁੜ ਵਾਲੇ ਬਣਾਉਣੇ ਨਹੀਂ ਆਉਂਦੇ। ਹੁਣ ਕੋਈ ਵੀ ਸ਼ੱਕਰ ਵਾਲਾ ਸ਼ਰਬਤ ਪੀਣਾ ਪਸੰਦ ਨਹੀਂ ਕਰਦਾ।

ਅਸਲ ਵਿਚ ਸਭ ਨੂੰ ਖੰਡ ਨੇ ਅਪਣੀ ਜਕੜ 'ਚ ਲੈ ਲਿਆ ਹੈ। ਬਹੁਤੇ ਲੋਕਾਂ ਦੇ ਬਿਮਾਰ ਹੋਣ ਅਤੇ ਇਮਿਊਨਿਟੀ ਕਮਜ਼ੋਰ ਹੋਣ ਦਾ ਕਾਰਨ ਵੀ ਰੋਜ਼ਾਨਾ ਹਰ ਇੱਕ ਦੁਆਰਾ ਕਿਸੇ ਨਾ ਕਿਸੇ ਰੂਪ ਵਿਚ ਖੰਡ ਖਾਣਾ ਜਾਂ ਪੀਣਾ ਹੈ।

*ਭਾਵੇਂ ਗੁੜ ਬਹੁਤ ਪੌਸ਼ਟਿਕ ਹੁੰਦਾ ਹੈ ਪ੍ਰੰਤੂ ਫਿਰ ਵੀ ਗੁੜ ਦੀ ਵੀ ਘੱਟ ਵਰਤੋਂ ਹੀ ਲਾਭਦਾਇਕ ਹੈ। ਇਸਦੀ ਜ਼ਿਆਦਾ ਵਰਤੋਂ ਨੁਕਸਾਨਦਾਇਕ ਹੋ ਸਕਦੀ ਹੈ। ਕਿਉਂਕਿ ਜਿੰਨੀ ਕਿਸੇ ਨੂੰ ਸਖ਼ਤ ਮਿਹਨਤ ਕਰਨੀ ਚਾਹੀਦੀ ਹੈ ਓਨੀ ਤਾਂ ਕੋਈ ਵੀ ਨਹੀਂ ਕਰ ਰਿਹਾ। ਪਸੀਨਾ ਕੋਈ ਆਉਣ ਨਹੀਂ ਦਿੰਦਾ। ਜ਼ਰਾ ਵੀ ਕੋਈ ਭੁੱਖ ਬਰਦਾਸ਼ਤ ਨਹੀਂ ਕਰਦਾ। ਜੇ ਕੋਈ ਖਾਂਦਾ ਹੈ ਤਾਂ ਸਾਦਾ ਕੁਦਰਤੀ ਤੇ ਰੁੱਤ ਮੁਤਾਬਕ ਨਹੀਂ ਖਾਂਦਾ ਬਲਕਿ ਉਲਟਾ ਸੁਲਟਾ ਹੀ ਖਾਂਦਾ ਹੈ ਕਿਉਂਕਿ ਊਟ-ਪਟਾਂਗ ਖਾਣਿਆਂ ਦੇ ਲੋਕਾਂ ਦੇ ਫਰਿੱਜ ਭਰੇ ਹੋਏ ਹਨ।

* ਗੁੜ ਦਾ ਪੂਰਾ ਲਾਭ ਲੈਣ ਲਈ ਊਟ-ਪਟਾਂਗ ਖਾਣੇ ਬਿਲਕੁਲ ਨਹੀਂ ਖਾਣੇ ਚਾਹੀਦੇ। ਸਾਦਾ ਖਾਣ ਪੀਣ ਰੱਖਣਾ ਚਾਹੀਦਾ ਹੈ।

* ਮੋਟਾ ਆਟਾ, ਪੀਣਯੋਗ ਪਾਣੀ ਤੇ ਤਰੀਦਾਰ ਸਬਜ਼ੀ ਦਾਲ ਆਦਿ ਵਰਤਣੀ ਚਾਹੀਦੀ ਹੈ। ਸੁੱਕੀਆਂ ਸਬਜ਼ੀਆਂ ਘੱਟ ਖਾਣੀਆਂ ਚਾਹੀਦੀਆਂ ਹਨ। ਬੋਤਲਬੰਦ ਪਾਣੀ ਨਹੀਂ ਵਰਤਣਾ ਚਾਹੀਦਾ ਤੇ ਨਾ ਹੀ ਆਰ ਓ ਪਾਣੀ ਪੀਣਾ ਚਾਹੀਦਾ ਹੈ। ਨਮਕ, ਮਿਰਚ, ਮਸਾਲੇ ਆਦਿ ਘੱਟ ਤੋਂ ਘੱਟ ਵਰਤਣੇ ਚਾਹੀਦੇ ਹਨ। ਹੱਥੀਂ ਕੰਮ ਕਰਨ ਤੇ ਪੈਦਲ ਚੱਲਣ ਦੀ ਆਦਤ ਪਾਉਣੀ ਚਾਹੀਦੀ ਹੈ। ਜਿੰਨਾ ਹੋ ਸਕੇ ਏਸੀ, ਕੂਲਰ, ਪੱਖਿਆਂ ਤੋਂ ਪਰੇ ਰਹਿਣਾ ਚਾਹੀਦਾ ਹੈ। ਬਾਜ਼ਾਰੂ ਮਠਿਆਈਆਂ, ਬਾਜ਼ਾਰੂ ਬਿਸਕੁਟ, ਬਾਜ਼ਾਰੂ ਦੁੱਧ, ਦਹੀਂ, ਪਨੀਰ ਆਦਿ ਨਹੀਂ ਵਰਤਣਾ ਚਾਹੀਦਾ।

ਚਾਹ, ਕੌਫੀ, ਗਰੀਨ ਟੀ, ਕੋਲਡ ਡਰਿੰਕਸ, ਰੂਹ ਅਫਜ਼ਾ, ਫਰੂਟੀ, ਬਾਜ਼ਾਰੂ ਡੱਬਾਬੰਦ ਜੂਸ, ਰੇਹੜੀ ਵਾਲਿਆਂ ਦੇ ਅਣਧੋਤੇ ਗੰਨਿਆਂ ਦਾ ਜੂਸ, ਫਰੋਜ਼ਨ ਖਾਣੇ, ਸੌਸ, ਮੁਰੱਬਾ, ਜੈਮ, ਗੁਲਕੰਦ, ਚਵਨਪ੍ਰਾਸ਼ ਅਤੇ ਕਿਸੇ ਵੀ ਤਰ੍ਹਾਂ ਦੇ ਨਸ਼ੇ ਆਦਿ ਨਹੀਂ ਵਰਤਣੇ ਚਾਹੀਦੇ ਹਨ।

* ਸ਼ੂਗਰ ਰੋਗੀਆਂ ਨੂੰ ਖੰਡ, ਗੁੜ, ਸ਼ੱਕਰ, ਸ਼ਹਿਦ ਆਦਿ ਕਿਸੇ ਵੀ ਕਿਸਮ ਦਾ ਮਿੱਠਾ ਬਿਲਕੁਲ ਨਹੀਂ ਲੈਣਾ ਚਾਹੀਦਾ। ਇਵੇਂ ਹੀ ਮੋਟਾਪਾ, ਜਿਗਰ, ਗੁਰਦੇ, ਦਿਲ ਰੋਗੀ ਨੂੰ ਵੀ ਆਪਣੇ ਡਾਕਟਰ ਦੀ ਰਾਇ ਨਾਲ ਹੀ ਗੁੜ, ਸ਼ੱਕਰ ਖਾਣੇ ਚਾਹੀਦੇ ਹਨ।

ਜਿਹੜੇ ਕਿਸਾਨ ਖੁਦ ਗੁੜ, ਸ਼ੱਕਰ ਬਣਾਇਆ ਕਰਦੇ ਸੀ ਅੱਜ ਉਹ ਕਾਰਪੋਰੇਟ ਘਰਾਣਿਆਂ ਦੀ ਖੰਡ ਦੇ ਪੱਕੇ ਗਾਹਕ ਬਣ ਚੁੱਕੇ ਹਨ। ਹੁਣ ਖਾਨਦਾਨੀ ਤੌਰ 'ਤੇ ਖੇਤੀ ਕਰਨ ਵਾਲੇ ਕਿਸਾਨ ਜਦੋਂ ਖੇਤੀ ਤੋਂ ਬਿਲਕੁਲ ਅਣਜਾਣ ਦੁਕਾਨਦਾਰ ਲਾਲੇ ਨੂੰ ਪੁੱਛਦੇ ਹਨ ਕਿ ਗੁੜ ਕਿਹੜਾ ਵਧੀਆ ਹੈ, ਸਰ੍ਹੋਂ ਦਾ ਤੇਲ ਕਿਹੜਾ ਵਧੀਆ ਹੈ ਤਾਂ ਸਮਝੋ ਖੇਤੀ ਅੰਤਮ ਸਾਹਾਂ 'ਤੇ ਹੈ।

* ਗੁੜ ਕਦੇ ਵੀ ਗੂੜ੍ਹੇ ਰੰਗ ਦਾ ਜਾਂ ਜ਼ਿਆਦਾ ਹੀ ਪੀਲਾ, ਲਾਲ, ਗੁਲਾਬੀ ਨਹੀਂ ਲੈਣਾ ਚਾਹੀਦਾ। ਇਹ ਹਲਕਾ ਜਿਹਾ ਭੂਰਾ ਜਿਹਾ ਜਾਂ ਗੂੜਾ ਕਣਕ ਵੰਨਾ ਜਿਹਾ ਸਹੀ ਹੁੰਦਾ ਹੈ। ਗੁੜ ਲੈਣ ਤੋਂ ਪਹਿਲਾਂ ਦੇਖੋ ਕਿ ਉਸ 'ਤੇ ਉੱਲੀ ਤਾਂ ਨਹੀਂ ਲੱਗੀ ਹੋਈ ਜਾਂ ਗੁੜ ਗਿੱਲਾ ਜਿਹਾ ਤਾਂ ਨਹੀਂ ਹੈ। ਗੁੜ ਦੀ ਡਲੀ ਤੋੜ ਕੇ ਦੇਖ ਲਵੋ ਜਾਂ ਥੋੜ੍ਹਾ ਖਾ ਕੇ ਦੇਖ ਲਵੋ ਕਿ ਉਸ 'ਚ ਕੋਈ ਮਿੱਟੀ, ਕਿਣਕੇ, ਕਾਰਬਨ, ਡੱਕੇ ਜਾਂ ਜੰਗਾਲ ਆਦਿ ਨਾ ਹੋਵੇ। ਗੁੜ ਦੀ ਮਿਠਾਸ ਤੇ ਟੇਸਟ ਦਾ ਵੀ ਖਾ ਕੇ ਅੰਦਾਜ਼ਾ ਲਾਇਆ ਜਾ ਸਕਦਾ ਹੈ।

* ਖੇਤੀ ਅਤੇ ਜ਼ਮੀਨਾਂ 'ਤੇ ਕਾਬਜ਼ ਰਹਿਣ ਵਾਸਤੇ ਕਿਸਾਨਾਂ ਨੂੰ ਖੰਡ ਬੰਦ ਕਰ ਕੇ ਗੁੜ, ਸ਼ੱਕਰ ਆਪੇ ਬਣਾਉਣੀ ਸ਼ੁਰੂ ਕਰਨੀ ਪਵੇਗੀ। ਸਰ੍ਹੋਂ, ਤਾਰਾਮੀਰਾ, ਤਿਲ, ਸੂਰਜਮੁਖੀ ਤੇਲ ਆਪੇ ਬਣਾਉਣੇ ਤੇ ਵਰਤਣੇ ਸ਼ੁਰੂ ਕਰਨੇ ਪੈਣਗੇ। ਦਾਲਾਂ, ਸਬਜ਼ੀਆਂ, ਸਲਾਦ, ਫਲ ਆਪ ਹੀ ਉਗਾਉਣੇ ਤੇ ਘਰ ਦੇ ਵਰਤਣੇ ਪੈਣਗੇ।

* ਤੜਕ-ਭੜਕ ਵਾਲੀ ਤੇ ਵਿਖਾਵੇ ਵਾਲੀ ਜ਼ਿੰਦਗੀ ਜਿਉਣੀ ਛੱਡ ਕੇ ਸਾਦੀ ਤੇ ਕੁਦਰਤੀ ਜੀਵਨ ਜਾਚ ਅਪਣਾਉਣੀ ਪਵੇਗੀ। ਲੇਕਿਨ ਖੇਤੀ ਹਾਈ ਟੈਕ, ਐਡਵਾਂਸ ਤੇ ਵਿਗਿਆਨਕ ਤਰੀਕੇ ਨਾਲ ਕਰਨੀ ਪਵੇਗੀ। ਪਹਿਲਾਂ ਵਾਂਗ ਰਲ ਮਿਲ ਖੇਤੀ ਕਰਨੀ ਸ਼ੁਰੂ ਕਰਨੀ ਪਵੇਗੀ।

* ਕਿਸਾਨਾਂ ਨੂੰ ਬੈਂਕਾਂ, ਸਰਕਾਰਾਂ ਤੇ ਆੜ੍ਹਤੀਆਂ 'ਤੇ ਜ਼ਿਆਦਾ ਹੀ ਨਿਰਭਰ ਨਹੀਂ ਹੋਣਾ ਚਾਹੀਦਾ ਲੇਕਿਨ ਆਪਸ ਵਿਚ ਵੱਧ ਤੋਂ ਵੱਧ ਸਹਿਯੋਗ ਕਰਨਾ ਚਾਹੀਦਾ ਹੈ। ਸਰਕਾਰੀ ਸਕੀਮਾਂ ਦੀ ਪੂਰੀ ਜਾਣਕਾਰੀ ਰੱਖਣੀ ਚਾਹੀਦੀ ਹੈ ਤੇ ਸਰਕਾਰੀ ਸਕੀਮ ਦਾ ਲਾਭ ਵੀ ਲੈਣਾ ਚਾਹੀਦਾ ਹੈ। ਪਰ ਨਾਜਾਇਜ਼ ਫਾਇਦਾ ਵੀ ਨਹੀਂ ਉਠਾਉਣਾ ਚਾਹੀਦਾ ਤੇ ਅਜਿਹੀਆਂ ਸਕੀਮਾਂ ਦੇ ਭਾਗੀਦਾਰ ਵੀ ਨਹੀਂ ਹੋਣਾ ਚਾਹੀਦਾ ਜੋ ਕਾਰਪੋਰੇਟ ਘਰਾਣਿਆਂ ਦੇ ਹੱਕ 'ਚ ਅਤੇ ਕਿਸਾਨਾਂ ਦੇ ਵਿਰੁੱਧ ਜਾਂਦੀਆਂ ਹੋਣ।

* ਹਰ ਕਿਸਾਨ ਨੂੰ ਆਪਣੀ ਤੇ ਆਪਣੇ ਬੱਚਿਆਂ ਦੀ ਸਿਹਤ 'ਤੇ ਜ਼ਿਆਦਾ ਧਿਆਨ ਦੇਣਾ ਚਾਹੀਦਾ ਹੈ। ਨੌਕਰਾਂ 'ਤੇ ਨਿਰਭਰ ਹੋਣ ਦੀ ਬਜਾਏ ਪਰਿਵਾਰ ਸਮੇਤ ਹੱਥੀਂ ਸਖ਼ਤ ਕੰਮ ਕਰਨ ਦੀ ਆਦਤ ਪਾਉਣੀ ਚਾਹੀਦੀ ਹੈ ਤਾਂ ਕਿ ਸਰੀਰਕ ਤੌਰ 'ਤੇ ਸਿਹਤਮੰਦ ਰਿਹਾ ਜਾਏ।

ਆਪਣੀ ਸਿਹਤ ਦਾ ਧਿਆਨ ਵੱਧ ਤੋਂ ਵੱਧ ਰੱਖੋ, ਤਾਂ ਕਿ ਬੁਢਾਪੇ 'ਚ ਬੱਚਿਆਂ 'ਤੇ ਨਿਰਭਰ ਨਾ ਹੋਣਾ ਪਵੇ। ਪਰਿਵਾਰ ਦੀ ਸਿਹਤ ਦਾ ਵੀ ਧਿਆਨ ਰੱਖੋ ਤਾਂ ਕਿ ਮਸਾਂ ਕਮਾਏ ਪੈਸੇ ਐਵੇਂ ਇਲਾਜਾਂ 'ਤੇ ਨਾ ਖਰਚਣੇ ਪੈਣ।

# ਗੱਲਾਂ ਆਰਵ ਦੀਆਂ-ਮਹਿਕ ਵਿਰਸੇ ਦੀ

ਕੁਲਵੰਤ ਉੱਭੀ ਧਾਲੀਆਂ
ਫੋਨ: (559) 473-9264

ਅੰਤਰਰਾਸ਼ਟਰੀ ਪੰਜਾਬੀ ਸੱਭਿਆਚਾਰਕ ਸਟੇਜਾਂ ਦੀ ਸ਼ਾਨ ਆਸ਼ਾ ਸ਼ਰਮਾ ਦੇ ਦੋਹਤੇ ਆਰਵ ਨੇ ਵਧਾਇਆ ਆਪਣੇ ਨਾਨਕਿਆਂ ਦੇ ਦਾਦਕਿਆਂ ਦਾ ਮਾਣ। ਜੋ ਆਪਣੀ ਉਮਰ ਦੇ ਉਨ੍ਹਾਂ ਬੱਚਿਆਂ ਨੂੰ ਸੇਧ ਦੇਵੇਗਾ ਜੋ ਵਿਦੇਸ਼ੀ ਸੱਭਿਆਚਾਰ ਦੇ ਪ੍ਰਭਾਵ ਅਧੀਨ ਆਪਣੇ ਪੰਜਾਬੀ ਸੱਭਿਆਚਾਰ ਤੋਂ ਦੂਰ ਹੋ ਰਹੇ ਹਨ।

ਆਪਣੀ ਉੱਚ ਵਿੱਦਿਆ ਅਤੇ ਅਧਿਆਪਨ ਦੇ ਕਾਰਜ ਤੋਂ ਇਲਾਵਾ ਪਿਛਲੇ ਚਾਰ ਦਹਾਕਿਆਂ ਤੋਂ ਵਧੀਕ ਸਮਾਂ ਪੰਜਾਬੀ ਸੱਭਿਆਚਾਰਕ ਸਟੇਜਾਂ 'ਤੇ ਉੱਚਾ ਮੁਕਾਮ ਹਾਸਲ ਕਰ ਚੁੱਕੀ ਬੀਬੀ ਆਸ਼ਾ ਸ਼ਰਮਾ ਅੱਜ ਵੀ ਆਪਣੀ ਸਟੇਜ ਤੋਂ ਪੇਸ਼ਕਾਰੀ ਕਰਨ ਵਿਚ ਸਭ ਤੋਂ ਅੱਗੇ ਹੈ। ਉਸ ਕੋਲ ਸਾਹਿਤਕ ਸ਼ਬਦਾਵਲੀ ਹੈ ਅਤੇ ਸਮੇਂ ਦੇ ਅਨੁਸਾਰ ਸ਼ਬਦਾਂ ਨੂੰ ਜੋੜਨਾ ਆਉਂਦਾ ਹੈ। ਉਸ ਨੂੰ ਜੇਕਰ ਪੰਜਾਬੀ ਸੱਭਿਆਚਾਰ ਦਾ ਇਨਸਾਈਕਲੋਪੀਡੀਆ ਕਹੀਏ ਤਾਂ ਕੋਈ ਅੱਤਕਥਨੀ ਨਹੀਂ ਹੋਵੇਗੀ। ਜਿਨ੍ਹਾਂ ਤੋਂ ਹਰ ਕੋਈ ਕੁਝ ਨਾ ਕੁਝ ਸਿੱਖਦਾ ਰਹੇਗਾ। ਮੈਂ ਵੀ ਆਪਣੀ ਜ਼ਿੰਦਗੀ ਦੇ ਬਹੁਤ ਸਾਰੇ ਪਲਾਂ ਦੀ ਸਾਂਝ ਬਣਾ, ਬਹੁਤ ਕੁਝ ਸਿੱਖਿਆ ਹੈ। ਅਕਸਰ ਹੀ ਅਸੀਂ ਉਨ੍ਹਾਂ ਨੂੰ ਵੱਡੀ ਭੈਣ ਜੀ ਕਹਿ ਸਤਿਕਾਰ ਦਿੰਦੇ ਹਾਂ।

ਆਸ਼ਾ ਸ਼ਰਮਾ ਅਤੇ ਹਰਮੋਹਨ ਸਿੰਘ ਹੈਰੀ ਹੋਰਾਂ ਦੀ ਧੀ ਸੁਕ੍ਰਿਤੀ ਅਤੇ ਜਵਾਈ ਅਭੀਨਵ ਸਿੰਘ ਪਲਾਹੀ ਦਾ ਲਾਡਲਾ ਪੁੱਤਰ ਆਰਵ ਸਿੰਘ ਜੋ ਆਪਣੇ ਨਾਨਕੇ ਸਾਹਿਤਕ ਸੁਰੀਲੀਆਂ ਲੋਰੀਆਂ ਅਤੇ ਸੱਭਿਆਚਾਰਕ ਗੱਲਾਂ ਸੁਣਦਾ ਪਲਿਆ ਹੋਵੇ ਤੇ ਉਸ ਨੂੰ ਦਾਦਾ ਪੰਜਾਬੀ ਸਾਹਿਤਕਾਰ ਗੁਰਮੀਤ ਸਿੰਘ ਪਲਾਹੀ ਵਰਗਿਆਂ ਦਾ ਪਿਆਰ ਵੀ ਮਿਲਿਆ ਹੋਵੇ। ਉਹ ਕਿਸ ਤਰ੍ਹਾਂ ਪਿੱਛੇ ਰਹਿ ਸਕਦਾ ਹੈ। ਬੱਚਾ ਜੋ ਪਰਿਵਾਰ ਤੋਂ ਸਿੱਖਦਾ ਹੈ ਫਿਰ ਉਹੀ ਉਸ ਦੀ ਸ਼ਖ਼ਸੀਅਤ ਵਿਚ ਝਲਕਦਾ ਹੈ। ਇਹ ਸਾਰੇ ਗੁਣ ਛੋਟੇ ਬੱਚੇ ਆਰਵ ਵਿਚ ਵੇਖੇ ਜਾ ਸਕਦੇ ਹਨ। ਅਜਿਹੇ ਬੱਚੇ ਆਪਣੇ ਸਾਥੀਆਂ ਅਤੇ ਆਉਣ ਵਾਲੀ ਪੀੜ੍ਹੀ ਲਈ ਵੀ ਪ੍ਰੇਰਨਾ ਸਰੋਤ ਬਣਦੇ ਹਨ।

ਅੱਜ ਦੇ ਬੱਚੇ ਮਾਪਿਆਂ ਤੋਂ ਘੱਟ ਅਤੇ ਸੋਸ਼ਲ ਮੀਡੀਆ ਤੋਂ ਵੱਧ ਸਿੱਖਦੇ ਹਨ। ਪਰ ਪਰਿਵਾਰ ਦੇ ਚੰਗੇ ਪਾਲਣ ਪੋਸ਼ਣ ਅਤੇ ਸੇਧ ਕਰਕੇ ਆਰਵ ਸਿੰਘ ਹੁਣ ਆਪਣੀ ਉਮਰ ਦੇ ਪੰਜਵੇਂ ਸਾਲ ਵਿਚ ਮਾਪਿਆਂ ਤੋਂ ਸਿੱਖ ਕੇ ਆਪਣੀ ਹਮ ਉਮਰ ਅਤੇ ਬਾਕੀ ਬੱਚਿਆਂ ਨੂੰ ਜੋ ਸੋਸ਼ਲ ਮੀਡੀਏ ਨਾਲ ਜੁੜੇ ਹਨ, ਇਸ ਰਾਹੀਂ ਸਿਖਾਉਣ ਦੇ ਕਾਬਲ ਬਣ ਗਿਆ ਹੈ। ਉਸ ਨੇ ਆਪਣਾ ਯੂਟਿਊਬ ਚੈਨਲ ਸ਼ੁਰੂ ਕਰ ਦਿੱਤਾ ਹੈ। ਜਿਸ ਨੂੰ ਸਬਸਕਰਾਈਬ ਕਰ ਕੇ ਬਹੁਤ ਸਾਰੇ ਬੱਚੇ ਅਤੇ ਪਰਿਵਾਰ ਉਸ ਨਾਲ ਜੁੜ ਰਹੇ ਹਨ। ਵਿਦੇਸ਼ੀ ਪ੍ਰਭਾਵ ਅਧੀਨ ਅਕਸਰ ਮਾਪੇ ਆਪਣੇ ਬੱਚਿਆਂ ਦੇ ਭਵਿੱਖ ਪ੍ਰਤੀ ਚਿੰਤਤ ਹਨ ਕਿਉਂਕਿ ਬੱਚੇ ਆਪਣੇ ਸੱਭਿਆਚਾਰਕ ਵਿਰਸੇ ਤੋਂ ਦੂਰ ਹੋ ਰਹੇ ਹਨ। ਮਨੋਵਿਗਿਆਨਕ ਤੌਰ 'ਤੇ ਜੇ ਦੇਖੀਏ ਤਾਂ

(ਬਾਕੀ ਅਗਲੇ ਸਫੇ 'ਤੇ)



# ਕੰਪਿਊਟਰੀ ਸੇਵਾਵਾਂ ਦਾ ਭਾਈ ਘਨੱਈਆ ਕਿਰਪਾਲ ਸਿੰਘ ਪੰਨੂੰ

***ਕੈਨੇਡਾ ਦੇ ਟੋਰਾਂਟੋ ਸ਼ਹਿਰ ਵਿਚ ਓਨਟਾਰੀਓ ਸਰਕਾਰ ਵੱਲੋਂ ਪੰਜਾਬੀ ਦੇ ਪਿਆਰੇ ਤੇ ਸਤਿਕਾਰੇ ਲੇਖਕ ਅਤੇ ਕੰਪਿਊਟਰ ਦੇ ਮਾਹਿਰ ਕਿਰਪਾਲ ਸਿੰਘ ਪੰਨੂੰ ਨੂੰ 'ਓਨਟਾਰੀਓ ਸੀਨੀਅਰਜ਼ ਅਚੀਵਮੈਂਟ ਅਵਾਰਡ' ਨਾਲ ਸਨਮਾਨਿਤ ਕੀਤਾ ਗਿਆ ਹੈ।***

**ਪੂਰਨ ਸਿੰਘ ਪਾਂਧੀ**

ਸੰਸਾਰ ਦੇ ਰੌਣਕ ਮੇਲੇ ਵਿਚ ਕਿਰਪਾਲ ਸਿੰਘ ਪੰਨੂੰ ਸਭ ਤੋਂ ਨਿਆਰਾ ਦਿਖਾਈ ਦਿੰਦਾ ਹੈ। ਪਹਿਲਾਂ ਮੈਨੂੰ ਲੱਗਾ ਸੀ ਕਿ ਇਸ ਮਹਾਨ ਮਨੁੱਖ ਦੇ ਪਿਆਰ ਦੀ ਮਹਿਕ ਦਾ ਸਾਰੇ ਦਾ ਸਾਰਾ ਬਾਗ-ਬਗੀਚਾ ਕੇਵਲ ਮੇਰੇ ਲਈ ਹੀ ਹੈ। ਪਰ ਲੰਮੇ ਸਮੇਂ ਦੇ ਵਰਤ ਵਰਤਾਰੇ ਪਿੱਛੋਂ ਪਤਾ ਲੱਗਾ ਕਿ ਸਦਭਾਵਨਾ ਨਾਲ਼ ਮਹਿਕਦਾ ਇਹ ਗੁਲਦਸਤਾ ਤਾਂ ਸਰਬੱਤ ਨੂੰ ਮਹਿਕਾਂ ਵੰਡ ਰਿਹਾ ਹੈ। ਕਾਇਨਾਤ ਦੀ ਸਾਰੀ ਰਚਨਾ ਉਸ ਦੇ ਕਲਾਵੇ ਵਿਚ ਸਮਾਈ ਹੋਈ ਹੈ। ਉਹ ਪਿਆਰ ਤੇ ਪਰਉਪਕਾਰੀ ਕਾਰਜਾਂ ਲਈ ਦਰਿਆਈ ਹਿਰਦੇ ਦਾ ਮਾਲਕ ਹੈ।

ਵਰਤਿਆਂ ਹੀ ਪਤਾ ਲੱਗਾ ਕਿ ਕਿਰਪਾਲ ਸਿੰਘ ਪੰਨੂੰ ਉਨ੍ਹਾਂ ਵਿਰਲੇ ਬੰਦਿਆਂ ਵਿਚੋਂ ਇੱਕ ਹੈ; ਜਿਨ੍ਹਾਂ ਦੇ ਹਿਰਦੇ ਨਿਰਮਲ, ਨਿਰਮਾਣ ਤੇ ਨਿਰਛਲ ਹੁੰਦੇ ਹਨ; ਆਚਾਰ, ਵਿਚਾਰ ਤੇ ਕਿਰਦਾਰ ਵਿਚ ਕਸਤੂਰੀ ਵਰਗੀ ਮਹਿਕ, ਵਿਹਾਰ ਵਿਚ ਚੰਦਨ ਵਰਗੀ ਸੁਗੰਧੀ ਹੁੰਦੀ ਹੈ ਅਤੇ ਹਿਰਦਾ ਪਰਉਪਕਾਰੀ ਕਾਰਜਾਂ ਨਾਲ਼ ਲਬਰੇਜ ਹੁੰਦਾ ਹੈ। ਆਪਣੇ ਮਿੱਤਰ ਪਿਆਰਿਆਂ ਦੀ ਹਰ ਸਮੱਸਿਆ ਤੇ ਸੰਕਟ ਉਨ੍ਹਾਂ ਦੇ ਆਪਣੇ ਮਨ, ਤਨ ਦੀ ਪੀੜ ਹੁੰਦੀ ਹੈ ਅਤੇ ਉਸ ਦੀ ਨਵਿਰਤੀ ਲਈ ਆਪਣਾ ਆਪਾ ਨਿਛਾਵਰ ਕਰਨ ਦਾ ਜੇਰਾ ਹੁੰਦਾ ਹੈ। ਅਜਿਹੇ ਬੰਦਿਆਂ ਦੀ ਸੰਗਤ ਵਿਚ ਬੰਦਗੀ ਵਰਗਾ ਅਹਿਸਾਸ ਹੁੰਦਾ ਹੈ। ਅਜਿਹੇ ਬੰਦੇ ਇੱਕ ਹੋ ਕੇ ਵੀ ਇੱਕ ਸੰਸਥਾ ਵਰਗੇ ਹੁੰਦੇ ਹਨ। ਕਿਰਪਾਲ ਸਿੰਘ ਪੰਨੂੰ ਅਜਿਹਾ ਸਤੋ-ਗੁਣੀ ਨਿਧਾਨ ਤੇ ਪਰਮ-ਗੁਣੀ ਮਹਾਨ ਵਿਅਕਤੀ ਹੈ।

ਸਦਾਬਹਾਰ, ਟਹਿਕਦੇ, ਮਹਿਕਦੇ, ਸੁਹਿਰਦ ਇਨਸਾਨ ਕਿਰਪਾਲ ਸਿੰਘ ਪੰਨੂੰ ਨਾਲ ਮੁੱਢਲੇ ਮਿਲਾਪ ਦੀ ਕਹਾਣੀ ਬੜੀ ਨਾਟਕੀ ਹੈ। 1996 ਵਿਚ ਜਦੋਂ ਮੈਂ ਪਹਿਲੀ ਵਾਰ ਕੈਨੇਡਾ ਆਇਆ ਤਾਂ ਇੱਥੇ ਮੈਨੂੰ ਕੋਈ ਨਹੀਂ ਸੀ ਜਾਣਦਾ। ਮੇਰੇ ਅੰਦਰ ਓਪਰੇਪਣ ਦੀ ਕਸਕ ਸਮਾਈ ਹੋਈ ਸੀ। ਕਿਸੇ ਨਾਲ ਮੇਲ-ਜੋਲ ਕਰਨ, ਸਬੰਧ ਜੋੜਨ ਤੇ ਸਾਂਝ ਸਥਾਪਤ ਕਰਨ ਦੀ ਮੇਰੇ ਅੰਦਰ ਭੁੱਖ ਸੀ। ਇਸ ਵਿਚਾਰ ਨਾਲ ਮੈਂ ਆਪਣੀ ਇੱਕ ਕਹਾਣੀ, ਟੋਰਾਂਟੋ ਦੇ ਅਖਬਾਰ 'ਅਜੀਤ ਵੀਕਲੀ' ਨੂੰ ਭੇਜੀ। ਕਹਾਣੀ ਛਪਣ ਦੇ ਨਾਲ਼ ਹੀ ਮੇਲ-ਜੋਲ ਦੇ ਦੁਆਰ ਖੁੱਲ੍ਹ ਗਏ ਅਤੇ ਇੱਕ ਨਵਾਂ ਤੇ ਅਨੋਖਾ ਸੰਸਾਰ ਵਸ ਗਿਆ।

ਕਹਾਣੀ ਦੇ ਸਬੰਧ ਵਿਚ ਇੱਕ ਦਿਨ ਇੱਕ ਫੋਨ ਆਇਆ। ਇਹ ਸਹਿਜ, ਠਰੰਮੇ ਤੇ ਸੰਗੀਤਕ ਅਵਾਜ਼ ਕਿਰਪਾਲ ਸਿੰਘ ਪੰਨੂੰ ਦੀ ਸੀ। ਉਸ ਨੇ ਮੇਰੇ ਬਾਰੇ ਤਰਦੀ-ਤਰਦੀ ਜਾਣਕਾਰੀ ਲਈ ਤੇ ਕਹਾਣੀ ਦੀ ਰੱਜ ਕੇ ਪ੍ਰਸ਼ੰਸਾ ਕੀਤੀ। ਅਗਲੇ ਹਫਤੇ 'ਅਜੀਤ' ਵਿਚ ਉਸ ਨੇ ਮੇਰੀ ਕਹਾਣੀ ਦੀ ਬੋਲੀ, ਸ਼ੈਲੀ ਤੇ ਸ਼ਬਦਾਵਲੀ ਬਾਰੇ ਜੋ ਲਿਖਿਆ-ਬਿਆਨਿਆ ਉਸ ਨਾਲ ਮੇਰਾ ਰੋਮ-ਰੋਮ ਝੂੰਮ ਉੱਠਿਆ। ਉਦੋਂ ਉਹ ਵਾਟਰਲੂ ਰਹਿੰਦਾ ਸੀ ਤੇ ਮੈਂ ਬਰੈਂਪਟਨ। ਉਸ ਤੋਂ ਪਹਿਲਾਂ ਅਸੀਂ ਇੱਕ ਦੂਜੇ ਨੂੰ ਮਿਲੇ ਨਹੀਂ ਸੀ, ਇੱਕ ਦੂਜੇ ਨੂੰ ਜਾਣਦੇ ਵੀ ਨਹੀਂ ਸੀ। ਪਰ ਜਦੋਂ ਮਿਲੇ ਤਾਂ ਅਜਿਹੇ ਮਿਲੇ ਕਿ ਉਦੋਂ ਤੋਂ ਅੱਜ ਤੱਕ ਪਿਆਰ ਤੇ ਅਪਣੱਤ ਦੀ ਇਹ ਲਗਰ ਹਰੀ-ਭਰੀ ਤੁਰੀ ਆ ਰਹੀ ਹੈ।

ਕਿਰਪਾਲ ਸਿੰਘ ਪੰਨੂੰ ਬਹੁਤ ਮਿਹਨਤੀ, ਸਿਦਕੀ ਤੇ ਸਿਰੜੀ ਹੈ। ਵਡੇਰੀ ਉਮਰ ਅਰਾਮ ਕਰਨ ਤੇ ਸੁੱਖ ਭੋਗਣ ਦੀ ਹੁੰਦੀ ਹੈ, ਸੁਭਾਅ ਵਿਚ ਸਿਥਲਤਾ ਆ ਜਾਂਦੀ ਹੈ। ਪਰ ਉਸ ਨੇ ਇਸ ਉਮਰ ਨੂੰ ਵੀ ਇੱਕ ਆਦਰਸ਼ ਦੇ ਲੇਖੇ ਲਾ ਰੱਖਿਆ ਹੈ। ਉਹ ਕੰਪਿਊਟਰ ਦਾ ਮਤਵਾਲਾ ਹੈ। ਕੰਪਿਊਟਰ ਦੀਆਂ ਬਰੀਕ ਤੇ ਸੂਖਮ ਤੰਦਾਂ ਨੂੰ ਜਾਣਣ, ਸਮਝਣ ਦੀ ਜੋ ਮਿਹਨਤ ਇਸ ਵਿਅਕਤੀ ਨੇ ਕੀਤੀ ਹੈ ਅਤੇ ਨਵੀਆਂ ਤੋਂ ਨਵੀਆਂ ਕਾਢਾਂ ਕੱਢੀਆਂ ਹਨ; ਉਸ ਨਾਲ਼ ਕੰਪਿਊਟਰ ਦੀ ਦੁਨੀਆਂ ਵਿਚ ਇੱਕ ਵੱਖਰੇ ਤੇ ਵਿਸ਼ੇਸ਼ ਇਤਿਹਾਸ ਦਾ ਚੈਪਟਰ ਖੁੱਲ੍ਹਦਾ ਹੈ।

ਕਿਰਪਾਲ ਸਿੰਘ ਪੰਨੂੰ ਬਹੁਤ ਰੌਚਕ ਤੇ ਮਿਲਾਪੜਾ ਵਿਅਕਤੀ ਹੈ। ਉਸ ਨੂੰ ਕਦੇ ਅੱਕਿਆ-ਥੱਕਿਆ ਨਹੀਂ ਦੇਖਿਆ। ਜਦੋਂ ਦੇਖੋ, ਸਦਾ ਸੱਜਰਾ, ਸਦਾ ਜਵਾਨ। 'ਸਾਜਨ ਮੇਰਾ ਨੀਤ ਨਵਾਂ, ਸਦਾ ਸਦਾ ਦਾਤਾਰ।' ਉਸ ਦੀ ਮਿੱਤਰਤਾ ਤੇ ਮਿਲਾਪ ਵਿਚ ਸਿਖਿਆ, ਸੁਆਦ ਤੇ ਪ੍ਰੇਰਨਾ ਭਰੀ ਹੁੰਦੀ ਹੈ। ਆਪਣੇ ਪਿਆਰਿਆਂ ਨੂੰ ਕਿਸੇ ਨਾ ਕਿਸੇ ਆਹਰੇ ਲਾਉਣ ਅਤੇ ਕੰਮ ਵਿਚ ਖੁੱਭੇ ਰਹਿਣ ਦੀ ਉਸ ਦੀ ਪ੍ਰੇਰਨਾ ਤੋਂ ਕੋਈ ਅਣਭਿੱਜ ਨਹੀਂ ਰਹਿ ਸਕਦਾ। ਬਥੇਰੇ ਹਨ; ਜੋ ਉਸ ਦੀ ਪ੍ਰੇਰਨਾ ਨਾਲ ਲੇਖਕ ਬਣੇ ਹਨ ਅਤੇ ਕਹਾਣੀਕਾਰ, ਨਿਬੰਧਕਾਰ ਜਾਂ ਕਵੀ ਵਜੋਂ ਪ੍ਰਸਿੱਧੀ ਹਾਸਲ ਕਰ ਚੁੱਕੇ ਹਨ। ਪਰ ਕੰਪਿਊਟਰ ਕਲਾ ਵਿਚ ਤਾਂ ਉਹ ਸਭ ਦਾ ਉਸਤਾਦ ਹੈ। ਪੰਜਾਹ ਸਾਲ ਦੀ ਉਮਰ ਤੋਂ ਵਡੇਰੀਆਂ ਉਮਰਾਂ ਵਾਲੇ, ਟੋਰਾਂਟੋ ਵਾਸੀ ਬਾਬੇ ਤੇ ਬੀਬੀਆਂ, ਸਾਰੇ ਦੇ ਸਾਰੇ ਉਸ ਦੇ ਚੇਲੇ ਬਾਲਕੇ ਹਨ।

ਉਹ ਭਾਸ਼ਾ ਵਿਗਿਆਨੀ, ਸਿਹਤ ਵਿਗਿਆਨੀ ਤੇ ਸੁਹਜਵਾਦੀ ਸੋਚ ਦਾ ਮਾਲਕ ਹੈ। ਪਹਿਨਿਆਂ ਪੱਚਰਿਆ ਉਹ ਗੱਭਰੂਆਂ ਦੀ ਢਾਣੀ ਵਿਚ ਸਭ ਤੋਂ ਅਨੋਖਾ, ਨਿਆਰਾ ਤੇ ਪਿਆਰਾ ਦਿਖਾਈ ਦਿੰਦਾ ਹੈ। ਦਲੀਲ ਦਾ ਧਨੀ, ਹਾਸ ਹੁਲਾਸ ਤੇ ਵਿਅੰਗ ਦੇ ਅਣੀਆਲੇ ਤੀਰ ਮਾਰਨ ਦੀ ਕਲਾ ਦਾ ਵੀ ਮਾਹਿਰ ਹੈ।

ਸਹਿਯੋਗ ਤੇ ਸਹਾਇਤਾ ਦੀ ਹੱਦ ਕਿੱਥੋਂ ਤੱਕ ਹੋ ਸਕਦੀ ਹੈ, ਕਿੰਨੀ ਮਹਾਨ ਤੇ ਕਿੰਨੀ ਵਿਸ਼ਾਲ ਹੋ ਸਕਦੀ ਹੈ, ਇਸ ਦਾ ਗਿਆਨ ਵੀ ਪੰਨੂੰ ਸਾਹਿਬ ਦੇ ਵਿਹਾਰ ਤੇ ਕਿਰਦਾਰ ਦੇ ਝਰੋਖੇ ਵਿਚੋਂ ਦੇਖਿਆਂ ਪਤਾ ਲੱਗਾ। ਪਤਾ ਇਹ ਲੱਗਾ ਕਿ ਉਹ ਕੇਵਲ ਗੱਲਾਂ ਜਾਂ ਵਿਚਾਰਾਂ ਦਾ ਸੌਦਾ ਨਹੀਂ ਤੋਲਦਾ; ਸੁੱਚੇ ਵਿਹਾਰ, ਉੱਤਮ ਆਚਾਰ ਤੇ ਨਿਰਮਲ ਕਿਰਦਾਰ ਵਿਚ ਵੀ ਪਾਕ ਪਵਿੱਤਰ ਹੈ। ਜੋ ਵੀ ਉਸ ਦੇ ਸੰਪਰਕ ਵਿਚ ਆਇਆ ਉਹ ਗੁਣਾਂ ਦੀ ਗਠੜੀ ਲੈ ਕੇ ਗਿਆ।


ਵਡੇਰੀ ਉਮਰਾਂ ਵਾਲ਼ੇ ਲੇਖਕਾਂ ਦਾ ਉਹ ਕੰਪਿਊਟਰ ਦਾ ਗੁਰੂ ਹੈ ਅਤੇ ਸੱਚੇ ਹਿਰਦੇ ਦੀ ਸੁੱਚੀ ਭਾਵਨਾ ਨਾਲ਼ ਅਸੀਂ ਉਸ ਦੀ ਗੁਰੂ ਮੰਨ ਕੇ ਕਦਰ, ਮਾਣ ਤੇ ਸਤਿਕਾਰ ਕਰਦੇ ਹਾਂ। ਅਸਲ ਗੱਲ ਇਹ ਹੈ ਕਿ ਸਾਡੇ ਘੇਰੇ ਦੇ ਕੁਝ ਲੇਖਕਾਂ-ਵਿਚਾਰਕਾਂ ਦੀ ਉਹ ਇੱਕ ਸੱਚੀ ਅਦਾਲਤ ਹੈ। ਜੀਵਨ ਵਿਚ ਜੇ ਕਦੇ ਕਿਸੇ ਨੂੰ ਕੋਈ ਸਮੱਸਿਆ ਆਉਂਦੀ ਹੈ ਜਾਂ ਕੋਈ ਸ਼ਿਕਵਾ-ਸ਼ਿਕਾਇਤ ਹੁੰਦੀ ਹੈ ਜਾਂ ਕੋਈ ਵੱਡਾ ਫੈਸਲਾ ਲੈਣਾ ਹੁੰਦਾ ਹੈ ਤਾਂ ਇਸ ਮਹਾਂਪੁਰਸ਼ ਦੀ ਅਦਾਲਤ ਦਾ ਸਹਾਰਾ ਲਿਆ ਜਾਂਦਾ ਹੈ। ਉਸ ਦਾ ਧੀਰਜ, ਠਰੰਮੇ ਤੇ ਤਰਕ ਸੰਗਤ ਫੈਸਲਾ ਜਾਂ ਫਤਵਾ ਹਾਰਦਿਕ ਸਦਭਾਵਨਾ ਭਰਿਆ 'ਓਥੈ ਸਚੋ ਹੀ ਸਚ ਨਿਬੜੈ, ਚੁਣ ਵਖ ਕਢੇ ਜਜਮਾਲਿਆ' ਵਰਗਾ ਨਿਰਪੱਖ, ਸੰਤੁਸ਼ਟੀ ਭਰਿਆ ਅਤੇ ਇਲਾਹੀ ਮੋਹਰ ਵਰਗਾ ਪਿਆਰਾ ਤੇ ਨਿਆਰਾ ਹੁੰਦਾ ਹੈ।

ਅਠਾਰਾਂ-ਅਠਾਰਾਂ ਘੰਟੇ ਕੰਪਿਊਟਰ ਵਿਚ ਮਸਰੂਫ ਰਹਿਣ ਵਾਲੇ ਇਸ ਮਹਾਂਪੁਰਸ਼ ਨੇ ਕਿਸੇ ਨੂੰ ਕਿਸੇ ਕੰਮ ਲਈ ਕਦੇ ਜਵਾਬ ਨਹੀਂ ਦਿੱਤਾ। ਨਾ ਕਦੇ ਕੋਈ ਬਹਾਨਾ, ਨਾ ਇਵਜਾਨਾ। ਬੱਸ 'ਜੋ ਜੀ ਆਵੇ, ਸਦਾ ਪਰਸੰਨ ਜਾਵੇ' ਦੀ ਥਿਊਰੀ ਦਾ ਮਾਲਕ। ਮੇਰੇ ਸਮੇਤ ਸਾਡੇ ਘੇਰੇ ਦੇ ਸਮੂਹ ਲੇਖਕਾਂ ਦੀਆਂ ਕਿਤਾਬਾਂ ਦੇ ਖਰੜੇ ਸੋਧਣ, ਸ਼ਿੰਗਾਰਨ ਅਤੇ ਟਾਈਪ ਸੈਟਿੰਗ ਆਦਿ ਨੂੰ ਜਿਸ ਰੀਝ, ਨੀਝ ਤੇ ਮਿਹਨਤ ਨਾਲ਼ ਦੇਖਦਾ, ਸੁਆਰਦਾ ਤੇ ਸ਼ਿੰਗਾਰਦਾ ਹੈ, ਉਸ ਦੀ ਮਹਿਮਾ ਕਹਿਣ ਕਥਨ ਤੋਂ ਪਰ੍ਹੇ ਹੈ। ਸਾਡੇ ਚੰਗੇ ਭਾਗਾਂ ਨੂੰ ਇਸ ਸੁਲਝੀ, ਸ੍ਰੇਸ਼ਟ ਤੇ ਪਰਉਪਕਾਰੀ ਹਸਤੀ ਦਾ ਸੰਗ ਸਾਥ ਨਸੀਬ ਹੋਇਆ ਹੈ।

ਕਿਰਪਾਲ ਸਿੰਘ ਪੰਨੂੰ ਦਾ ਜਨਮ 25 ਮਾਰਚ, 1936 ਨੂੰ ਰਾੜਾ ਸਾਹਿਬ ਦੇ ਨੇੜੇ ਪਿੰਡ ਕਟਾਹਰੀ ਵਿਚ ਹੋਇਆ। ਮੁੱਢਲੀ ਪੜ੍ਹਾਈ ਆਪਣੇ ਜਨਮ ਨਗਰ ਕਟਾਹਰੀ ਤੋਂ, ਫਿਰ ਹਾਈ ਸਕੂਲ 'ਕਰਮਸਰ ਰਾੜਾ ਸਾਹਿਬ' ਤੋਂ ਪ੍ਰਾਪਤ ਕੀਤੀ। ਆਪਣੇ ਸਮੇਂ ਦਾ ਇਹ ਹਾਕੀ ਦਾ ਵਧੀਆ ਖਿਡਾਰੀ ਰਿਹਾ। ਪਹਿਲਾਂ ਪੰਜਾਬ ਪੁਲੀਸ ਵਿਚ ਠਾਣੇਦਾਰੀ ਕੀਤੀ, ਫਿਰ ਦੇਸ਼ ਦੀ ਬਾਰਡਰ ਸਕਿਉਰਿਟੀ ਫੋਰਸ ਦਾ ਡਿਪਟੀ ਕਮਾਡੈਂਟ ਬਣਿਆ। 1988 ਵਿਚ ਅਗਾਊਂ ਸੇਵਾ ਮੁਕਤੀ ਲੈ ਕੇ 1991 ਵਿਚ ਆਪਣੇ ਪਰਿਵਾਰ ਸਮੇਤ ਕੈਨੇਡਾ ਆ ਵਸਿਆ। ਹੁਣ ਉਹਦਾ ਸਾਰੇ ਦਾ ਸਾਰਾ ਸਮਾਂ ਕੰਪਿਊਟਰ ਨੂੰ ਸਮਰਪਿਤ ਹੈ।

ਕਿਰਪਾਲ ਸਿੰਘ ਪੰਨੂੰ 2007 ਤੋਂ 2019 ਤੱਕ ਬਾਰਾਂ ਸਾਲ ਟੋਰਾਂਟੋ ਦੇ ਵਡੇਰੀ ਉਮਰ ਦੇ ਬਾਬਿਆਂ ਤੇ ਬੀਬੀਆਂ ਲਈ ਕੰਪਿਊਟਰ ਦੀਆਂ ਕਲਾਸਾਂ ਲਾਉਂਦਾ ਰਿਹਾ। ਉਸ ਦੀ ਕਲਾਸ ਵਿਚ 40 ਤੋਂ 100 ਤੱਕ ਵਿਦਿਆਰਥੀ ਹੁੰਦੇ ਸਨ। ਸਵੇਰੇ ਸੱਤ ਤੋਂ ਸ਼ਾਮ ਸੱਤ ਵਜੇ ਤੱਕ ਵੱਖ-ਵੱਖ ਗਰੁੱਪ ਚਲਦੇ ਰਹਿੰਦੇ। ਇਸ ਦਰਮਿਆਨ ਕੋਈ ਅਰਾਮ ਨਹੀਂ। ਕਿਸੇ ਵਿਦਿਆਰਥੀ ਤੋਂ ਕਿਸੇ ਤਰ੍ਹਾਂ ਦੀ ਕੋਈ ਫੀਸ ਜਾਂ ਕੋਈ ਸੇਵਾ-ਫਲ ਨਹੀਂ। ਸੰਸਾਰ ਦਾ ਅਨੋਖਾ ਤੇ ਨਿਆਰਾ ਮਹਾਂ ਤਪੱਸਵੀ ਨਿਰਇੱਛਤ ਤੇ ਨਿਰਲੋਭ, ਨਿਰੋਲ ਸੇਵਾ ਕਰਦਾ ਰਿਹਾ ਹੈ। 2019 ਵਿਚ ਕਰੋਨਾ ਦੇ ਪ੍ਰਕੋਪ ਕਰਕੇ ਕੰਪਿਊਟਰ ਦੀ ਇਹ ਸਦਾਵਰਤ ਲੰਗਰ ਵਰਗੀ ਲਹਿਰ ਬੰਦ ਕਰਨੀ ਪਈ।






***ਕਿਰਪਾਲ ਸਿੰਘ ਪੰਨੂੰ ਅਤੇ ਕਿਤਾਬ 'ਕੰਪਿਊਟਰ ਦਾ ਧਨੰਤਰ ਕਿਰਪਾਲ ਸਿੰਘ ਪੰਨੂ' ਦਾ ਸਰਵਰਕ***

ਪੰਨੂੰ ਸਾਹਿਬ ਦੀ ਕੰਪਿਊਟਰੀ ਸੇਵਾ, ਸਿਦਕ ਤੇ ਪਰਉਪਕਾਰੀ ਗੁਣਾਂ ਦੇ ਮਤਵਾਲੇ, ਪੰਜਾਬੀ ਦੇ ਪ੍ਰਸਿੱਧ ਖੇਡ ਲੇਖਕ ਤੇ ਸਾਹਿਤਕਾਰ ਪ੍ਰਿੰਸੀਪਲ ਸਰਵਣ ਸਿੰਘ ਨੇ ਕਿਰਪਾਲ ਸਿੰਘ ਪੰਨੂੰ ਬਾਰੇ ਅਭਿਨੰਦਨ ਗ੍ਰੰਥ ਦੀ ਸੰਪਾਦਨਾ ਕੀਤੀ ਤੇ ਉਸ ਦਾ ਨਾਂ ਰੱਖਿਆ 'ਕੰਪਿਊਟਰ ਦਾ ਧਨੰਤਰ'। ਦੇਸ਼ ਵਿਦੇਸ਼ ਦੇ ਨਾਮਵਰ ਲੇਖਕਾਂ ਨੇ ਕਿਰਪਾਲ ਸਿੰਘ ਪੰਨੂੰ ਨਾਲ਼ ਆਪਣੀ ਨਿੱਜੀ ਸਾਂਝ ਜੋੜ ਕੇ ਉਸ ਦੀ ਘਾਲਣਾ ਤੇ ਪਰਉਪਕਾਰੀ ਕਾਰਜਾਂ ਦਾ ਵਰਣਨ ਕੀਤਾ ਅਤੇ ਆਪਣਾ ਪਿਆਰ, ਸਤਿਕਾਰ ਅਰਪਣ ਕੀਤਾ। ਉਸ ਵਿਚ ਪੰਨੂੰ ਸਾਹਿਬ ਦੀ ਸ਼ਖ਼ਸੀਅਤ ਤੇ ਕਾਰਜਾਂ ਬਾਰੇ ਅਨੇਕ ਲੇਖਕਾਂ ਤੇ ਚਿੰਤਕਾਂ ਨੇ ਸ਼ਰਧਾ ਭਾਵਨਾ ਨਾਲ਼ ਆਪਣੇ ਵਿਚਾਰ ਪ੍ਰਗਟ ਕੀਤੇ ਹਨ।

ਪ੍ਰਿੰ. ਸਰਵਣ ਸਿੰਘ ਨੇ ਸੰਪਾਦਕੀ ਲਿਖਿਆ: ਕਿਰਪਾਲ ਸਿੰਘ ਪੰਨੂੰ ਕੰਪਿਊਟਰ ਦੇ ਪੰਜਾਬੀਕਰਨ ਦਾ ਛੁਪਿਆ ਰੁਸਤਮ ਹੈ। ਉਸ ਨੇ ਪੰਜਾਬੀ ਭਾਸ਼ਾ ਲਈ ਕੰਪਿਊਟਰ ਦੀ ਵਰਤੋਂ ਬੜੀ ਸੁਖੈਣ ਬਣਾ ਦਿੱਤੀ ਹੈ। ਇਸ ਕਾਰਜ ਲਈ ਉਸ ਨੇ ਸਾਲਾਂ-ਬੱਧੀ ਮਿਹਨਤ ਕੀਤੀ ਹੈ। ਨਾ 'ਨੇਰ੍ਹਾ ਵੇਖਿਆ ਨਾ ਸਵੇਰਾ। ਬਾਰਾਂ ਮਹੀਨੇ ਤੀਹ ਦਿਨ ਇਸੇ ਕਾਰਜ ਵਿਚ ਲੱਗਾ ਰਿਹਾ ਹੈ। ਇਹ ਉਸ ਦੀ ਭਗਤੀ ਹੈ, ਜੋਗ ਹੈ ਤੇ ਤਪੱਸਿਆ ਹੈ ਜੋ ਸਾਧੂ ਸੁਭਾਅ ਪੰਨੂੰ ਪਿਛਲੇ ਪੰਦਰਾਂ ਸੋਲਾਂ ਸਾਲਾਂ ਤੋਂ ਕਰਦਾ ਆ ਰਿਹੈ। ਉਸ ਨੇ ਨਤੀਜੇ ਵੀ ਕਮਾਲ ਦੇ ਦਿੱਤੇ ਹਨ। ਜੋ ਨਹੀਂ ਸੋ ਕਰ ਵਿਖਾਇਆ ਹੈ ਪਰ ਉਸ ਦੀ ਪ੍ਰਤਿਭਾ ਤੇ ਘਾਲਣਾ ਨੂੰ ਅਜੇ ਪੂਰਾ ਗੌਲ਼ਿਆ ਨਹੀਂ ਗਿਆ। ਐਨ ਉਵੇਂ ਜਿਵੇਂ ਵਣਜਾਰਾ ਬੇਦੀ ਪੰਜਾਬੀ ਲੋਕ ਧਾਰਾ ਦੇ ਪਹਾੜ ਨਾਲ ਮੱਥਾ ਮਾਰਦਾ ਰਿਹਾ ਪਰ ਕਿਸੇ ਸੰਸਥਾ ਨੇ ਉਸ ਵੱਲ ਧਿਆਨ ਨਾ ਦਿੱਤਾ। ਉਹਦੇ ਕੂਚ ਕਰ ਜਾਣ ਤੋਂ ਬਾਅਦ ਉਹਦਾ ਕੀਤਾ ਕੰਮ ਵੇਖ ਕੇ ਵਿਦਵਾਨ ਦੰਗ ਹਨ। ਖੋਜ ਸੰਸਥਾਵਾਂ ਉਹਨੂੰ ਜੀਂਦੇ ਜੀਅ ਸਹਿਯੋਗ ਦਿੰਦੀਆਂ ਤਾਂ ਲੋਕ ਧਾਰਾ ਦੇ ਉਸ ਫਰਿਹਾਦ ਤੋਂ ਕਿਤੇ ਵੱਧ ਕੰਮ ਲੈ ਲੈਂਦੀਆਂ। ਨਾਭੇ ਤੇ ਪਟਿਆਲੇ ਦੇ ਮਹਾਰਾਜਿਆਂ ਨੇ ਇੰਜ ਹੀ ਭਾਈ ਕਾਨ੍ਹ ਸਿੰਘ ਤੋਂ ਮਹਾਨ ਕੋਸ਼ ਦੀ ਰਚਨਾ ਕਰਵਾਈ ਸੀ। ਹਾਲੇ ਵੀ ਕੋਈ ਪੰਜਾਬੀ ਸੰਸਥਾ ਉਸ ਦੀ ਪ੍ਰਤਿਭਾ ਦਾ ਲਾਹਾ ਲੈ ਸਕਦੀ ਹੈ...।

ਪੰਜਾਬੀ ਕਹਾਣੀ ਦੇ ਸ਼ਾਹ ਸਵਾਰ ਤੇ ਸਰਬਪੱਖੀ ਲੇਖਕ ਵਰਿਆਮ ਸਿੰਘ ਸੰਧੂ ਨੇ ਆਪਣੀ ਟੂਣੇਹਾਰੀ ਸ਼ੈਲੀ ਵਿਚ 'ਦਰਿਆ ਦਿਲ ਕਿਰਪਾਲ ਸਿੰਘ ਪੰਨੂੰ' ਬਾਰੇ ਲਿਖਿਆ: ਪੰਨੂੰ ਦੇ ਸੁਭਾਅ ਦੀ ਵਿਸ਼ੇਸ਼ਤਾ ਹੈ ਕਿ ਉਹ ਜਿਸ ਉੱਤੇ ਡੁੱਲ੍ਹਦਾ ਹੈ; ਪੂਰੇ ਦਾ ਪੂਰਾ ਡੁੱਲ੍ਹ ਜਾਂਦਾ ਹੈ। ਅਗਲਾ ਭਾਵੇਂ ਪੂਰੇ ਦਾ ਪੂਰਾ ਭਿੱਜ ਜਾਵੇ। ਏਨੇ ਸਮਰਪਣ ਭਾਵ ਨਾਲ ਅਗਲੇ ਦੇ ਕੰਮ ਆਉਣ ਦੀ ਲੋਚਾ ਉਸ ਅੰਦਰ ਏਨੀ ਪਰਬਲ ਹੈ ਕਿ ਹੋ ਸਕਦਾ ਜੇ ਅਗਲਾ ਉਸ ਤੋਂ ਵੀਹ ਫ਼ੀ-ਸਦੀ ਸਹਾਇਤਾ ਦੀ ਆਸ ਰੱਖ ਰਿਹਾ ਹੋਵੇ ਉਹ ਅੱਗੋਂ ਇੱਕ ਸੌ ਵੀਹ ਫ਼ੀ ਸਦੀ ਤੱਕ ਦੀ ਜ਼ਿੰਮੇਵਾਰੀ ਆਪ ਹੀ ਓੜ ਲੈਂਦਾ ਹੈ। ਕੰਪਿਊਟਰ ਮਾਹਿਰ ਡਾ. ਕੁਲਬੀਰ ਸਿੰਘ ਥਿੰਦ ਆਪਣੇ ਲੇਖ 'ਮੇਰਾ ਪਿਆਰਾ ਦੋਸਤ ਪੰਨੂੰ' ਵਿਚ ਲਿਖਦੇ ਹਨ: ਸ. ਕਿਰਪਾਲ ਸਿੰਘ ਪੰਨੂੰ ਜੀ ਨੇ ਪੰਜਾਬੀ ਦੇ ਕੰਪਿਊਟਰੀਕਰਨ ਵਿਚ ਜੋ ਆਪਣਾ ਯੋਗਦਾਨ ਪਾਇਆ ਹੈ, ਉਹ ਕਿਸੇ ਤੋਂ ਗੁੱਝਾ ਨਹੀਂ। ਉਨ੍ਹਾਂ ਦਾ ਬਾਰਡਰ ਸਕਿਉਰਿਟੀ ਫੋਰਸ ਦੀ ਕਮਾਂਡਰੀ ਤੋਂ ਕੰਪਿਊਟਰ ਦੇ ਧੰਨਾ ਜੱਟ ਬਣ ਜਾਣ ਤੱਕ ਦਾ ਪੈਂਡਾ; ਉਨ੍ਹਾਂ ਦੀ ਆਪਣੇ ਕੰਮ ਪ੍ਰਤੀ ਲਗਨ ਅਤੇ ਇਰਾਦੇ ਦੀ ਮਜ਼ਬੂਤੀ ਦੀ ਮੂੰਹ ਬੋਲਦੀ ਤਸਵੀਰ ਹੈ। ਜਦੋਂ ਤੋਂ ਉਹ ਕੰਪਿਊਟਰ ਦੀ ਦੁਨੀਆਂ ਨਾਲ ਜੁੜੇ ਹਨ, ਉਨ੍ਹਾਂ ਦਾ ਗੁਰਮੁਖੀ ਅਤੇ ਪੰਜਾਬੀ ਭਾਸ਼ਾ ਦੀ ਸੇਵਾ ਲਈ ਭਰਪੂਰ ਯੋਗਦਾਨ ਰਿਹਾ ਹੈ।

ਪੰਜਾਬ ਤੇ ਪੰਜਾਬੀਅਤ ਨੂੰ ਆਪਾ ਸਮਰਪਿਤ ਕਰਨ ਦੀ ਭਾਵਨਾ ਰੱਖਣ ਵਾਲੇ 'ਪੰਜਾਬੀ ਸੱਥ ਲਾਂਬੜਾਂ' ਦੇ ਸੰਚਾਲਕ ਡਾ. ਨਿਰਮਲ ਸਿੰਘ 'ਕੰਪਿਊਟਰ ਦੇ ਭਾਈ ਘਨੱਈਆ' ਕਿਰਪਾਲ ਸਿੰਘ ਪੰਨੂੰ ਨੂੰ ਉਚੇਚਾ ਸਨਮਾਨਿਤ ਕਰ ਚੁੱਕੇ ਹਨ। ਉਨ੍ਹਾਂ ਨੇ ਲਿਖਿਆ: ਪੰਜਾਬੀ ਦੇ ਫੌਂਟ ਕਨਵਰਟਰ ਤਿਆਰ ਕਰਨੇ, ਗੁਰਮੁਖੀ-ਸ਼ਾਹਮੁਖੀ ਲਿਪੀਅਂਤਰ ਟੂਲ ਬਣਾਉਣ ਵਿਚ ਪਹਿਲ ਕਰਨੀ, ਵਿਦੇਸ਼ੀ ਅਖ਼ਬਾਰਾਂ ਵਿਚ ਯੂਨੀਕੋਡ ਪ੍ਰਚੱਲਤ ਕਰਨ ਵਾਸਤੇ ਮੁੱਖ ਸੂਤਰਧਾਰ ਬਣਨਾ, ਗੁਰਮੁਖੀ ਦਾ ਇੱਕ ਮਿਆਰੀ ਕੀ-ਬੋਰਡ ਬਣਾਉਣ ਦੀ ਜ਼ਰੂਰਤ ਦੀ ਦੇਸ਼-ਵਿਦੇਸ਼ ਵਿਚ ਹਰ ਮੰਚ ਉੱਤੇ ਵਕਾਲਤ ਕਰਨੀ, ਪੰਜਾਬੀ ਦੇ ਕੰਪਿਊਟਰੀਕਰਨ ਸੰਬੰਧੀ ਦੇਸ਼-ਵਿਦੇਸ਼ ਦੀਆਂ ਅਖ਼ਬਾਰਾਂ ਅਤੇ ਰਸਾਲਿਆਂ ਵਾਸਤੇ ਖੋਜ ਭਰਪੂਰ ਸਮੱਗਰੀ ਮੁਹੱਈਆ ਕਰਵਾਉਣੀ, ਅਜੋਕੇ ਅਤੇ ਇਸ ਤੋਂ ਪਹਿਲਾਂ ਦੀ ਪੀੜ੍ਹੀ ਦੇ ਆਪਣੇ ਭਾਈਚਾਰੇ ਦੇ ਵਿਦਵਾਨਾਂ ਨੂੰ ਕੰਪਿਊਟਰ ਦਾ ਗਿਆਨ ਹਾਸਲ ਕਰਨ ਵਾਸਤੇ ਹੱਲਾਸ਼ੇਰੀ ਦੇਣ ਦੇ ਨਾਲ਼-ਨਾਲ਼ ਉਨ੍ਹਾਂ ਵਿਚ ਇਹ ਗਿਆਨ ਵੰਡਣਾ ਆਦਿ ਨੂੰ ਪੰਨੂੰ ਸਾਹਿਬ ਜੀ ਦੀਆਂ ਪ੍ਰਾਪਤੀਆਂ ਅਤੇ ਸੇਵਾਵਾਂ ਵਿਚ ਸ਼ੁਮਾਰ ਕੀਤਾ ਜਾ ਸਕਦਾ ਹੈ।

ਸੰਤ ਬਾਬਾ ਬਲਵਿੰਦਰ ਸਿੰਘ ਰਾੜਾ ਸਾਹਿਬ, ਕਹਾਣੀਕਾਰ ਜਰਨੈਲ ਸਿੰਘ, ਪ੍ਰਿੰ. ਬਲਕਾਰ ਸਿੰਘ ਬਾਜਵਾ, ਪਾਕਿਸਤਾਨੀ ਲੇਖਕ ਜਾਹਿਦ ਇਕਬਾਲ, ਆਲੋਚਕ ਪ੍ਰੋ. ਬਲਦੇਵ ਸਿੰਘ ਧਾਲੀਵਾਲ, ਪ੍ਰੋ. ਆਸ਼ਕ ਰਹੀਲ, ਸ਼ਮੀਲ, ਗੱਲ ਕੀ ਚਾਲੀ ਕੁ ਲੇਖਕਾਂ ਤੇ ਕਵੀਆਂ ਨੇ 'ਕੰਪਿਊਟਰ ਦੇ ਧਨੰਤਰ' ਕਿਰਪਾਲ ਸਿੰਘ ਪੰਨੂੰ ਦੀ ਸੇਵਾ ਤੇ ਪਰਉਪਕਾਰ ਨੂੰ ਸਿਜਦਾ ਕੀਤਾ ਹੈ। ਪੂਰਾ ਵੇਰਵਾ ਅਭਿਨੰਦਨ ਪੁਸਤਕ ਵਿਚੋਂ ਪੜ੍ਹਿਆ ਜਾ ਸਕਦੈ।

ਪੰਜਾਬ ਬਿਜਲੀ ਬੋਰਡ ਦੇ ਸੇਵਾ ਮੁਕਤ ਇੰਜਨੀਅਰ ਈਸ਼ਰ ਸਿੰਘ, ਜਿਨ੍ਹਾਂ ਨੇ ਖ਼ੁਦ ਪੰਨੂੰ ਸਾਹਿਬ ਤੋਂ ਕੰਪਿਊਟਰ ਦੀ ਸਿੱਖਿਆ ਲਈ, ਉਨ੍ਹਾਂ ਨੇ ਵੀ ਆਪਣਾ ਵਿਸ਼ੇਸ਼ ਰੋਲ ਨਿਭਾਇਆ। ਉਨ੍ਹਾਂ ਨੇ ਗੁਰੂ ਰੂਪੀ ਕਿਰਪਾਲ ਸਿੰਘ ਪੰਨੂੰ ਦੀਆਂ ਕੰਪਿਊਟਰ ਦੇ ਪੰਜਾਬੀਕਰਨ ਵਿਚ ਨਿਭਾਈਆਂ ਪਰਉਪਕਾਰੀ ਸੇਵਾਵਾਂ ਦਾ ਤਰਤੀਬਵਾਰ ਵੇਰਵਾ ਅੰਗਰੇਜ਼ੀ ਵਿਚ ਲਿਖ ਕੇ ਓਨਟਾਰੀਓ ਸਰਕਾਰ ਨੂੰ ਭੇਜਿਆ। ਸਰਕਾਰ ਦੇ ਮਾਹਿਰਾਂ ਦੀ ਕਮੇਟੀ ਵੱਲੋਂ ਲੋੜੀਂਦੀ ਨਿਰਖ ਪਰਖ ਕਰਨ ਪਿੱਛੋਂ ਓਨਟਾਰੀਓ ਸਰਕਾਰ ਨੇ ਪੰਨੂੰ ਸਾਹਿਬ ਨੂੰ 'ਓਨਟਾਰੀਓ ਸੀਨੀਅਰਜ਼ ਅਚੀਵਮੈਂਟ ਅਵਾਰਡ' ਨਾਲ ਸਨਮਾਨਿਤ ਕਰਨ ਦਾ ਐਲਾਨ ਕੀਤਾ ਹੈ। ਇਹ ਕੈਨੇਡਾ ਵਿਚ ਪੰਜਾਬੀ ਭਾਸ਼ਾ ਦੀ ਇਕ ਹੋਰ ਪ੍ਰਾਪਤੀ ਹੈ ਜਿਸ ਦਾ ਸਿਹਰਾ ਸਿਰੜੀ ਤੇ ਸਿਦਕੀ ਕਿਰਪਾਲ ਸਿੰਘ ਪੰਨੂੰ ਦੇ ਸਿਰ ਹੈ। ਜੁਗ-ਜੁਗ ਜੀਵੇ ਸਾਡਾ ਸਾਰਿਆਂ ਦਾ ਪਰਮ ਪਿਆਰਾ 'ਕੰਪਿਊਟਰ ਦਾ ਭਾਈ ਘਨੱਈਆ ਕਿਰਪਾਲ ਸਿੰਘ ਪੰਨੂੰ'। ਉਨ੍ਹਾਂ ਨੂੰ ਲੱਖ ਲੱਖ ਮੁਬਾਰਕਾਂ! ਓਨਟਾਰੀਓ ਸਰਕਾਰ ਦਾ ਵੀ ਸ਼ੁਕਰੀਆ ਜਿਸ ਨੇ ਕੈਨੇਡਾ 'ਚ ਪੰਜਾਬੀ ਭਾਸ਼ਾ ਵਿਚ ਨਿਭਾਈਆਂ ਜਾ ਰਹੀਆਂ ਵਲੰਟੀਅਰ ਸੇਵਾਵਾਂ ਦੀ ਕਦਰ ਪਾਈ ਤੇ ਪੰਜਾਬੀ ਲੇਖਕ ਨੂੰ ਮਾਣ ਸਨਮਾਨ ਬਖ਼ਸ਼ਿਆ।

---

***(ਪਿਛਲੇ ਸਫੇ ਦਾ ਬਾਕੀ)***

ਬੱਚੇ ਵੱਡਿਆਂ ਦਾ ਪ੍ਰਭਾਵ ਘੱਟ ਕਬੂਲਦੇ ਹਨ। ਪਰ ਹਮ ਉਮਰ ਦੀ ਗੱਲ ਝਟਪਟ ਮੰਨ ਲੈਂਦੇ ਹਨ। ਇਸ ਖੇਤਰ ਵਿਚ ਵੀ ਆਰਵ ਸਿੰਘ ਦੁਆਰਾ ਚਲਾਇਆ ਯੂ-ਟਿਊਬ ਚੈਨਲ ਬੱਚਿਆਂ ਨੂੰ ਚੰਗੀ ਸੇਧ ਦੇਣ ਲਈ ਸਾਰਥਿਕ ਸਿੱਧ ਹੋਵੇਗਾ। ਜਿਸ 'ਤੇ ਸਾਡਾ ਸਮੁੱਚਾ ਭਾਈਚਾਰਾ ਮਾਣ ਵੀ ਮਹਿਸੂਸ ਕਰਦਾ ਹੈ।

ਆਰਵ ਸਿੰਘ ਦੀ ਨਾਨੀ ਬੀਬੀ ਆਸ਼ਾ ਸ਼ਰਮਾ ਅਤੇ ਨਾਨਾ ਹਰਮੋਹਨ ਸਿੰਘ ਹੈਰੀ ਨੇ ਦੱਸਿਆ ਕਿ ਆਰਵ ਅਜੇ 5 ਕੁ ਸਾਲ ਦਾ ਬੱਚਾ ਹੈ। ਅਮਰੀਕਾ ਰਹਿੰਦੇ ਆਰਵ ਸਿੰਘ ਤੇ ਉਸ ਵਰਗੇ ਹੋਰ ਪੰਜਾਬੀ ਬੱਚਿਆਂ ਦੀ ਆਪਣੇ ਵਿਰਸੇ, ਬੋਲੀ ਅਤੇ ਸੱਭਿਆਚਾਰਕ ਕਦਰਾਂ ਕੀਮਤਾਂ ਨਾਲ਼ ਸਾਂਝ ਪੁਆਉਣ ਲਈ ਅਤੇ ਉਨ੍ਹਾਂ ਨੂੰ ਆਪੇ ਦੇ ਪ੍ਰਗਟਾਵੇ ਲਈ ਪ੍ਰੇਰਿਤ ਕਰਨ ਲਈ ਅਸੀਂ "ਗੱਲਾਂ ਆਰਵ ਦੀਆਂ - ਮਹਿਕ ਵਿਰਸੇ ਦੀ" ਨਾਮਕ ਯੂਟਿਊਬ ਚੈਨਲ ਬਣਾਇਆ ਹੈ।" ਅੱਗੇ ਉਨ੍ਹਾਂ ਕਿਹਾ ਕਿ ਅਸੀਂ ਆਸ ਕਰਦੇ ਹਾਂ ਕਿ ਆਰਵ ਸਿੰਘ ਦੀ ਪੰਜਾਬੀ ਬੋਲੀ ਵਿੱਚ ਆਪਣੇ ਜਜ਼ਬਾਤ ਸਾਂਝੇ ਕਰਨ ਦੀ ਕੋਸ਼ਿਸ਼ "ਗੱਲਾਂ ਆਰਵ ਦੀਆਂ - ਮਹਿਕ ਵਿਰਸੇ ਦੀ" ਆਪ ਨੂੰ ਪਸੰਦ ਆਏਗੀ। ਆਰਵ ਦੀ ਹੌਂਸਲਾ-ਅਫ਼ਜ਼ਾਈ ਅਤੇ ਹੋਰਨਾਂ ਬੱਚਿਆਂ ਨੂੰ ਵਿਰਸੇ ਨਾਲ਼ ਜੋੜਨ ਦੀ ਪ੍ਰੇਰਨਾ ਦੇਣ ਲਈ ਇਹ ਚੰਗਾ ਪ੍ਰੇਰਨਾ ਸਰੋਤ ਕਦਮ ਹੋਵੇਗਾ। ਉਨ੍ਹਾਂ ਕਿਹਾ ਕਿ ਜਦ ਤੁਸੀਂ ਉਸ ਦੀਆਂ ਵੀਡੀਓਜ਼ ਪਸੰਦ ਅਤੇ ਸ਼ੇਅਰ ਕਰ ਕੇ ਉਸ ਨੂੰ ਹੱਲਾਸ਼ੇਰੀ ਦਿਉਗੇ ਤਾਂ ਉਸ ਦਾ ਹੋਰ ਹੌਸਲਾ ਵਧੇਗਾ ਅਤੇ ਉਹ ਹੋਰ ਬੱਚਿਆਂ ਲਈ ਸੱਭਿਆਚਾਰਕ ਰੰਗਾਂ ਵਿਚ ਰੰਗੇ ਨਵੇਂ-ਨਵੇਂ ਵਿਸ਼ੇ ਆਪਣੀ ਨੰਨੀ ਪਿਆਰੀ ਮੁਸਕਾਨ ਅਤੇ ਅਵਾਜ਼ ਵਿਚ ਲਿਆ ਕੇ ਪੇਸ਼ ਕਰੇਗਾ।

ਮੇਰੇ ਵੱਲੋਂ ਆਰਵ ਸਿੰਘ ਅਤੇ ਉਸਦੇ ਮਾਪਿਆਂ ਲਈ ਢੇਰ ਸਾਰੀਆਂ ਸ਼ੁਭ ਕਾਮਨਾਵਾਂ ਹਨ ਕਿ ਉਹ ਆਪਣੇ ਨਾਨਕੇ ਅਤੇ ਦਾਦਕੇ ਪਰਿਵਾਰ ਦੀ ਤਰ੍ਹਾਂ ਪੰਜਾਬੀ ਮਾਂ ਬੋਲੀ ਅਤੇ ਸੱਭਿਆਚਾਰ ਨੂੰ ਹੋਰ ਪ੍ਰਫੁੱਲਤ ਕਰੇ। ਪਰਮਾਤਮਾ ਇਸ ਬੱਚੇ ਨੂੰ ਖੁਸ਼ੀਆਂ ਅਤੇ ਤਰੱਕੀਆਂ ਬਖਸ਼ੇ।

# ਅੰਮ੍ਰਿਤਸਰ ਸ਼ਹਿਰ ਦਾ ਇਤਿਹਾਸ -2

***'ਪੰਜਾਬ ਟਾਈਮਜ਼ ਨਾਈਟ' ਮੌਕੇ ਪੰਜਾਬ ਦੇ ਕਿਸੇ ਇਕ ਨਗਰ ਅਤੇ/ਜਾਂ ਇਕ ਪਿੰਡ ਦਾ ਇਤਿਹਾਸ ਸਾਂਝਾ ਕਰਨ ਬਾਰੇ ਪਾਠਕਾਂ ਨਾਲ ਕੀਤੇ ਵਾਅਦੇ ਨੂੰ ਅਨੁਸਾਰ ਅਸੀਂ ਪਿਛਲੇ ਅੰਕ ਵਿਚ ਅੰਮ੍ਰਿਤਸਰ ਸ਼ਹਿਰ ਤੇ ਇਸ ਦੇ ਇਤਿਹਾਸ ਬਾਰੇ ਲੇਖ ਦੀ ਪਹਿਲੀ ਕਿਸ਼ਤ ਛਾਪੀ ਸੀ। ਇਸ ਅੰਕ ਵਿਚ ਇਸ ਦੀ ਦੂਜੀ ਤੇ ਆਖਰੀ ਕਿਸ਼ਤ ਛਾਪ ਰਹੇ ਹਾਂ। ਇਹ ਮਜ਼ਮੂਨ ਪ੍ਰੋ. ਸ਼ਿਲਪੀ ਸੇਠ, ਮੁਖੀ ਟਰੈਵਲ ਐਂਡ ਮੈਨੇਜਮੈਂਟ ਡਿਪਾਰਟਮੈਂਟ, ਡੀ.ਏ.ਵੀ. ਕਾਲਜ ਅੰਮ੍ਰਿਤਸਰ ਨੇ ਵਿਸ਼ੇਸ਼ 'ਪੰਜਾਬ ਟਾਈਮਜ਼' ਵਾਸਤੇ ਲਿਖਿਆ ਹੈ। ਅਸੀਂ ਉਨ੍ਹਾਂ ਦੇ ਤਹਿ-ਦਿਲ ਤੋਂ ਧੰਨਵਾਦੀ ਹਾਂ} ਕਿਸੇ ਵੀ ਲੇਖਕ/ਪਾਠਕ ਵਲੋਂ ਆਪਣੇ ਨਗਰ ਜਾਂ ਪਿੰਡ ਬਾਰੇ ਭੇਜੇ ਲੇਖਾਂ ਦਾ ਸਵਾਗਤ ਕੀਤਾ ਜਾਵੇਗਾ।***

### ਅੰਮ੍ਰਿਤਸਰ ਅਤੇ ਦਰਬਾਰ ਸਾਹਿਬ

ਇਸ ਨਗਰ ਨੂੰ ਵਸਾਉਣ ਵਾਸਤੇ ਗੁਰੂ ਰਾਮਦਾਸ ਸਾਹਿਬ ਨੇ ਸੰਨ 1564 ਵਿਚ ਸੁਲਤਾਨਵਿੰਡ, ਤੁੰਗ ਤੇ ਗਿਲਵਾਲੀ ਪਿੰਡਾਂ ਦੇ ਜ਼ਿਮੀਂਦਾਰਾਂ ਤੋਂ ਉਸ ਵੇਲੇ ਦੇ 700 ਅਕਬਰੀ ਰੁਪਏ ਦੇ ਕੇ ਜ਼ਮੀਨ ਖ਼ਰੀਦੀ ਸੀ। ਉਦੋਂ ਸੰਤੋਖਸਰ ਸਰੋਵਰ ਦੀ ਖੁਦਾਈ ਸ਼ੁਰੂ ਕੀਤੀ ਗਈ ਸੀ, ਜੋ ਪੂਰੀ ਤਰ੍ਹਾਂ ਤਿਆਰ ਨਾ ਹੋ ਸਕਿਆ। ਫਿਰ ਸੰਨ 1574 ਵਿਚ ਗੁਰੂ ਅਮਰ ਦਾਸ ਸਾਹਿਬ ਦੇ ਜੋਤੀ-ਜੋਤਿ ਸਮਾਉਣ ਤੋਂ ਕੁਝ ਚਿਰ ਮਗਰੋਂ ਗੁਰੂ ਰਾਮਦਾਸ ਸਾਹਿਬ ਇੱਥੇ ਆ ਕੇ ਰਹਿਣ ਲੱਗ ਪਏ। ਸੰਨ 1577 ਵਿਚ ਅੰਮ੍ਰਿਤਸਰ ਸਰੋਵਰ ਦੀ ਖੁਦਾਈ ਸ਼ੁਰੂ ਹੋ ਗਈ। ਸੰਨ 1581 ਤਕ ਇਹ ਸਰੋਵਰ ਤਿਆਰ ਹੋ ਗਿਆ ਸੀ। ਇਸੇ ਸਾਲ ਗੁਰੂ ਰਾਮਦਾਸ ਸਾਹਿਬ ਜੋਤੀ-ਜੋਤਿ ਸਮਾ ਗਏ। ਗੁਰੂ ਅਰਜਨ ਸਾਹਿਬ ਨੇ ਇਸ ਸਰੋਵਰ ਨੂੰ ਪੱਕਿਆਂ ਕੀਤਾ ਤੇ ਇਸ ਦੇ ਨਾਲ ਹੀ ਸੰਤੋਖਸਰ ਸਰੋਵਰ ਵੀ



**ਪ੍ਰੋ. ਸ਼ਿਲਪੀ ਸੇਠ**
ਮੁਖੀ ਟਰੈਵਲ ਐਂਡ ਮੈਨੇਜਮੈਂਟ ਡਿਪਾਰਟਮੈਂਟ, ਡੀ.ਏ.ਵੀ. ਕਾਲਜ ਅੰਮ੍ਰਿਤਸਰ

ਤਿਆਰ ਕਰਵਾ ਲਿਆ। 1587 ਵਿਚ ਦੋਵੇਂ ਸਰੋਵਰ ਤਿਆਰ ਹੋ ਚੁੱਕੇ ਸਨ। 3 ਜਨਵਰੀ 1588 ਦੇ ਦਿਨ ਗੁਰੂ ਅਰਜਨ ਸਾਹਿਬ ਨੇ ਅੰਮ੍ਰਿਤਸਰ ਸਰੋਵਰ ਦੇ ਵਿਚਕਾਰ ਦਰਬਾਰ ਸਾਹਿਬ ਦੀ ਨੀਂਹ ਰੱਖੀ। (ਮਗਰੋਂ ਇਕ ਮੁਸਲਮਾਨ ਲਿਖਾਰੀ ਬੂਟੇ ਸ਼ਾਹ ਨੇ ਆਪਣੀ ਕਿਤਾਬ ਵਿਚ ਇਹ ਪ੍ਰਚਾਰ ਕੀਤਾ ਕਿ ਦਰਬਾਰ ਸਾਹਿਬ ਦੀ ਨੀਂਹ ਸਾਈਂ ਮੀਆਂ ਮੀਰ ਨੇ ਰੱਖੀ ਸੀ। (ਕੁਝ ਭੋਲੇ ਸਿੱਖ ਲੇਖਕਾਂ ਨੇ ਇਸ ਸ਼ਰਾਰਤੀ ਪ੍ਰਚਾਰ ਨੂੰ ਸੱਚ ਮੰਨ ਲਿਆ)। ਇਸੇ ਨਗਰ ਵਿਚ ਸਰੋਵਰ ਰਾਮਸਰ ਦੇ ਮੁਕਾਮ 'ਤੇ 1603-04 ਵਿਚ ਗੁਰੂਆਂ, ਭਗਤਾਂ ਤੇ ਸੂਫ਼ੀ ਫ਼ਕੀਰਾਂ ਦੀ ਬਾਣੀ ਇਕ ਜਿਲਦ ਵਿਚ ਬੰਨ੍ਹ ਕੇ, ਗੁਰੂ ਗ੍ਰੰਥ ਸਾਹਿਬ ਦਾ ਸਰੂਪ ਤਿਆਰ ਕੀਤਾ ਗਿਆ ਸੀ। ਗੁਰੂ ਗ੍ਰੰਥ ਸਾਹਿਬ ਦਾ ਇਹ ਸਰੂਪ 31 ਜੁਲਾਈ 1604 ਦੇ ਦਿਨ ਮੁਕੰਮਲ ਹੋਇਆ ਅਤੇ 16 ਅਗਸਤ 1604 ਦੇ ਦਿਨ ਇਸ ਦਾ ਪ੍ਰਕਾਸ਼ ਦਰਬਾਰ ਸਾਹਿਬ ਵਿਚ ਕੀਤਾ ਗਿਆ ਸੀ।

ਗੁਰੂ ਹਰਿਗੋਬਿੰਦ ਸਾਹਿਬ ਇੱਥੇ ਸੰਨ 1612 ਤੱਕ ਰਹੇ। ਸੰਨ 1634 ਵਿਚ ਗੁਰੂ ਹਰਿਗੋਬਿੰਦ ਸਾਹਿਬ ਦੇ ਇੱਥੇ ਦੋਬਾਰਾ ਰਹਿਣ ਦਾ ਜ਼ਿਕਰ ਮਿਲਦਾ ਹੈ। 13 ਅਪਰੈਲ, 1634 ਦੇ ਦਿਨ ਜਰਨੈਲ ਮੁਰਤਜ਼ਾ ਖ਼ਾਨ ਦੀ ਅਗਵਾਈ ਹੇਠ ਮੁਗ਼ਲਾਂ ਨੇ ਇੱਥੇ ਹਮਲਾ ਕਰ ਦਿੱਤਾ ਪਰ ਬੁਰੀ ਤਰ੍ਹਾਂ ਹਾਰ ਖਾਧੀ। ਸੰਨ 1635 ਤੋਂ 1696 ਤਕ ਦਰਬਾਰ ਸਾਹਿਬ ਦੀ ਸੇਵਾ ਸੰਭਾਲ ਮਿਹਰਬਾਨ (ਪੁੱਤਰ ਪ੍ਰਿਥੀ ਚੰਦ ਮੀਣਾ) ਤੇ ਉਸ ਦੇ ਟੱਬਰ ਕੋਲ ਰਹੀ। ਮਈ 1698 ਵਿਚ ਭਾਈ ਮਨੀ ਸਿੰਘ ਇੱਥੋਂ ਦੇ ਮੁਖ ਸੇਵਾਦਾਰ ਬਣ ਕੇ ਆਏ ਤੇ ਕੁਝ ਵਕਫ਼ੇ ਤੋਂ ਬਿਨਾਂ ਸੰਨ 1734 ਤਕ ਸੇਵਾ ਕਰਦੇ ਰਹੇ। ਇਸ ਦੌਰਾਨ ਅਪਰੈਲ 1709 ਵਿਚ ਮੁਗ਼ਲਾਂ ਨੇ ਅੰਮ੍ਰਿਤਸਰ 'ਤੇ ਦੋ ਹਮਲੇ ਕੀਤੇ ਪਰ ਬੁਰੀ ਤਰ੍ਹਾਂ ਪਛਾੜੇ ਗਏ।


### *ਕੀ ਗੁਰੂ ਗੋਬਿੰਦ ਸਿੰਘ ਜੀ ਅੰਮ੍ਰਿਤਸਰ ਆਏ ਸਨ?*

ਕਟੜਾ ਦਲ ਸਿੰਘ ਵਿਚ ਇਕ ਘਰ ਹੈ ਜਿਸ ਬਾਰੇ ਕਰਮ ਸਿੰਘ ਹਿਸਟੋਰੀਅਨ ਦਾ ਕਹਿਣਾ ਹੈ ਕਿ ਇੱਥੇ ਗੁਰੂ ਗੋਬਿੰਦ ਸਿੰਘ ਆਏ ਸਨ।

ਬੰਦਾ ਸਿੰਘ ਬਹਾਦਰ ਦੀ ਚੜ੍ਹਤ ਵੇਲੇ ਮੁਗ਼ਲ ਬਾਦਸ਼ਾਹ ਬਹਾਦਰ ਸ਼ਾਹ ਨੇ ਅਜੀਤ ਸਿੰਘ ਪਾਲਿਤ ਨੂੰ ਬੰਦਾ ਸਿੰਘ ਦੇ ਖ਼ਿਲਾਫ਼ ਵਰਤਣ ਵਾਸਤੇ 30 ਦਸੰਬਰ 1711 ਦੇ ਦਿਨ ਅੰਮ੍ਰਿਤਸਰ ਦਾ ਕਬਜ਼ਾ ਉਸ ਨੂੰ ਦੇ ਦਿੱਤਾ। 28 ਫ਼ਰਵਰੀ 1712 ਨੂੰ ਬਹਾਦਰ ਸ਼ਾਹ ਦੀ ਮੌਤ ਮਗਰੋਂ ਅਜੀਤ ਸਿੰਘ ਪਾਲਿਤ ਫੇਰ ਦਿੱਲੀ ਚਲਾ ਗਿਆ। ਇਸ ਤੋਂ ਬਾਅਦ ਫੇਰ ਫ਼ਰੁਖ਼ਸੀਅਰ ਦੇ ਜ਼ੁਲਮ ਦਾ ਦੌਰ ਚੱਲ ਪਿਆ। ਜਦੋਂ ਕੁਝ ਠਲ੍ਹ ਪਈ ਤੋਂ 1721 ਵਿਚ ਭਾਈ ਮਨੀ ਸਿੰਘ ਫੇਰ ਅੰਮ੍ਰਿਤਸਰ ਆ ਗਏ। ਇਸ ਮਗਰੋਂ ਕੁਝ ਚਿਰ ਚੁੱਪ ਰਹੀ, ਪਰ 1726 ਤੋਂ ਮਗਰੋਂ ਫੇਰ ਜ਼ੁਲਮ ਦਾ ਦੌਰ ਚੱਲ ਪਿਆ। 29 ਮਾਰਚ, 1733 ਦੇ ਦਿਨ ਮੁਗ਼ਲ ਗਵਰਨਰ ਜ਼ਕਰੀਆ ਖ਼ਾਨ ਦੇ ਨੁਮਾਇੰਦੇ ਨੇ ਦਰਬਾਰ ਸਾਹਿਬ ਹਾਜ਼ਿਰ ਹੋ ਕੇ ਸਿੱਖਾਂ ਨੂੰ ਜਗੀਰ ਦੀ ਪੇਸ਼ਕਸ਼ ਕੀਤੀ। ਸੰਗਤ ਨੇ ਵਕਤੀ ਤੌਰ 'ਤੇ ਇਸ ਜਗੀਰ ਦੀ ਪੇਸ਼ਕਸ਼ ਨੂੰ ਕਬੂਲ ਕਰ ਲਿਆ। ਇਹ ਮਾਹੌਲ ਦੋ-ਤਿੰਨ ਮਹੀਨੇ ਹੀ ਕਾਇਮ ਰਿਹਾ।

ਅਕਤੂਬਰ 1733 ਵਿਚ ਭਾਈ ਮਨੀ ਸਿੰਘ ਨੇ ਮੁਗ਼ਲ ਗਵਰਨਰ ਤੋਂ ਦੀਵਾਲੀ ਦੇ ਮੌਕੇ 'ਤੇ ਇਕੱਠ ਕਰਨ ਦੀ ਇਜਾਜ਼ਤ ਮੰਗੀ। ਕੁਝ ਹਜ਼ਾਰ ਰੁਪਏ ਦੇ ਤਾਵਾਨ (ਟੈਕਸ) ਦੀ ਅਦਾਇਗੀ ਦੀ ਸ਼ਰਤ 'ਤੇ ਇਸ ਦੀ ਇਜਾਜ਼ਤ ਦੇ ਦਿੱਤੀ ਗਈ। ਦੂਜੇ ਪਾਸੇ ਸਰਕਾਰ ਨੇ ਇਸ ਮੌਕੇ 'ਤੇ ਸਿੱਖਾਂ ਦਾ ਕਤਲੇਆਮ ਕਰਨ ਦੀ ਅਫ਼ਵਾਹ ਫੈਲਾ ਕੇ ਸਿੱਖਾਂ ਦੇ ਇਕੱਠ ਵਿਚ ਰੁਕਾਵਟਾਂ ਪਾਈਆਂ, ਜਿਸ ਨਾਲ ਭਾਈ ਮਨੀ ਸਿੰਘ ਤਾਵਾਨ ਨਾ ਦੇ ਸਕੇ ਤੇ ਵਿਸਾਖ ਤਕ ਦੀ ਮੁਹਲਤ ਲੈ ਲਈ। ਪਹਿਲੀ ਵਿਸਾਖ ਦੇ ਦਿਨ ਵੀ ਚੜ੍ਹਾਵਾ ਕਾਫ਼ੀ ਨਾ ਹੋ ਸਕਣ ਕਰ ਕੇ ਭਾਈ ਮਨੀ ਸਿੰਘ ਅਜੇ ਵੀ ਰਕਮ ਨਾ ਦੇ ਸਕੇ। ਮੁਗ਼ਲ ਸੂਬੇਦਾਰ ਤਾਂ ਪਹਿਲੋਂ ਹੀ ਬਹਾਨਾ ਲੱਭ ਰਿਹਾ ਸੀ। ਉਸ ਨੇ ਭਾਈ ਮਨੀ ਸਿੰਘ ਅਤੇ ਉਨ੍ਹਾਂ ਦੇ ਦਰਜਨ ਦੇ ਕਰੀਬ ਰਿਸ਼ਤੇਦਾਰ ਤੇ ਸਾਥੀ ਗ੍ਰਿਫ਼ਤਾਰ ਕਰ ਕੇ 24 ਜੂਨ 1734 ਦੇ ਦਿਨ ਲਾਹੌਰ ਵਿਚ ਤਸੀਹੇ ਦੇ-ਦੇ ਕੇ ਸ਼ਹੀਦ ਕਰ ਦਿੱਤੇ।

ਸੰਨ 1740 ਵਿਚ ਮੁਗ਼ਲ ਬਾਦਸ਼ਾਹ ਨੇ ਅੰਮ੍ਰਿਤਸਰ 'ਤੇ ਕਬਜ਼ਾ ਕਰ ਕੇ, ਮੰਡਿਆਲਾ ਪਿੰਡ ਦੇ, ਇਕ ਧੱਕੜ ਤੇ ਅੱਯਾਸ਼ ਮੱਸਾ ਰੰਘੜ ਨੂੰ ਇੱਥੇ ਬਿਠਾ ਦਿੱਤਾ। ਉਸ ਨੇ ਇਸ ਜਗ੍ਹਾ 'ਤੇ ਬੇਹੁਰਮਤੀ ਦੀਆਂ ਕਾਰਵਾਈਆਂ ਕਰਨੀਆਂ ਸ਼ੁਰੂ ਕਰ ਦਿੱਤੀਆਂ। 11 ਅਗਸਤ 1740 ਦੇ ਦਿਨ ਭਾਈ ਸੁੱਖਾ ਸਿੰਘ ਤੇ ਭਾਈ ਮਹਿਤਾਬ ਸਿੰਘ ਨੇ ਬੀਕਾਨੇਰ ਤੋਂ ਆ ਕੇ ਮੱਸਾ ਰੰਘੜ ਦਾ ਸਿਰ ਵੱਢਿਆ ਅਤੇ ਇਕ ਵਾਰ ਤਾਂ ਗੁਰਦੁਆਰੇ ਦੀ ਬੇਅਦਬੀ ਰੋਕ ਦਿੱਤੀ। ਅਪਰੈਲ-ਮਈ 1757 ਵਿਚ ਅਫ਼ਗਾਨ ਫ਼ੌਜ ਨੇ ਅੰਮ੍ਰਿਤਸਰ 'ਤੇ ਕਬਜ਼ਾ ਕਰ ਕੇ ਇੱਥੇ ਬੇਹੁਰਮਤੀ ਕੀਤੀ ਤੇ ਦਰਬਾਰ ਸਾਹਿਬ ਢਾਹ ਦਿੱਤਾ। ਖ਼ਬਰ ਮਿਲਣ ਮਗਰੋਂ (ਬਾਬਾ) ਦੀਪ ਸਿੰਘ ਦੀ ਅਗਵਾਈ ਵਿਚ ਸਿੱਖਾਂ ਨੇ ਅੰਮ੍ਰਿਤਸਰ ਵੱਲ ਕੂਚ ਕਰ ਦਿੱਤਾ। 11 ਨਵੰਬਰ 1757 ਦੇ ਦਿਨ ਗਹਿਗੱਚ ਲੜਾਈ ਵਿਚ (ਬਾਬਾ) ਦੀਪ ਸਿੰਘ ਤੇ ਹਜ਼ਾਰਾਂ ਸਿੱਖ ਮਾਰੇ ਗਏ, ਪਰ ਦਰਬਾਰ ਸਾਹਿਬ ਦਾ ਕਬਜ਼ਾ ਮੁਗ਼ਲਾਂ ਕੋਲ ਹੀ ਰਿਹਾ। ਇਸ ਸ਼ਹਿਰ ਦਾ ਜ਼ੱਰਰਾ-ਜ਼ੱਰਰਾ ਸਿੱਖ ਸ਼ਹੀਦਾਂ ਦੇ ਖ਼ੂਨ ਵਿਚ ਸਿੰਜਿਆ ਹੋਇਆ ਹੈ। ਘੱਟ ਤੋਂ ਘੱਟ ਇਕ ਲੱਖ ਸਿੱਖ ਇਕੱਲੇ ਅੰਮ੍ਰਿਤਸਰ ਵਿਚ ਸ਼ਹੀਦ ਹੋ ਚੁੱਕੇ ਹਨ।



ਅੰਮ੍ਰਿਤਸਰ ਹਾਲ ਗੇਟ ਦੀ ਇਕ ਪੁਰਾਣੀ ਤਸਵੀਰ।

ਕੁਝ ਚਿਰ ਮਗਰੋਂ ਸਿੱਖਾਂ ਨੇ ਦਰਬਾਰ ਸਾਹਿਬ ਮੁੜ ਬਣਾ ਲਿਆ। ਸੰਨ 1762 ਵਿਚ ਅਹਿਮਦ ਸ਼ਾਹ ਦੁਰਾਨੀ ਨੇ ਫੇਰ ਦਰਬਾਰ ਸਾਹਿਬ 'ਤੇ ਹਮਲਾ ਕੀਤਾ ਅਤੇ ਇਸ ਨੂੰ ਬਾਰੂਦ ਨਾਲ ਉਡਵਾ ਦਿੱਤਾ। 17 ਅਕਤੂਬਰ 1762 ਦੇ ਦਿਨ ਅੰਮ੍ਰਿਤਸਰ ਦੇ ਬਾਹਰ ਸਿੱਖਾਂ ਨੇ ਅਹਿਮਦ ਸ਼ਾਹ ਦੁਰਾਨੀ ਦੀ ਵੱਡੀ ਫ਼ੌਜ ਨੂੰ ਬੁਰੀ ਤਰ੍ਹਾਂ ਹਰਾਇਆ। ਪਹਿਲੀ ਦਸੰਬਰ 1764 ਦੇ ਦਿਨ ਫੇਰ ਅਬਦਾਲੀ ਦੀਆਂ ਫ਼ੌਜਾਂ ਇੱਥੇ ਹਮਲਾਵਰ ਹੋਈਆਂ। ਜਥੇਦਾਰ ਗੁਰਬਖ਼ਸ਼ ਸਿੰਘ ਦੀ ਅਗਵਾਈ ਵਿਚ 30 ਸਿੱਖਾਂ ਨੇ ਸੈਂਕੜੇ ਅਫ਼ਗਾਨ ਮਾਰ ਕੇ ਸ਼ਹੀਦੀਆਂ ਹਾਸਲ ਕੀਤੀਆਂ।

ਸੰਨ 1765 ਵਿਚ ਜੱਸਾ ਸਿੰਘ ਆਹਲੂਵਾਲੀਆ ਦੀ ਅਗਵਾਈ ਵਿਚ ਦਰਬਾਰ ਸਾਹਿਬ ਦੀ ਮੁੜ ਉਸਾਰੀ ਸ਼ੁਰੂ ਕਰਵਾਈ ਗਈ। 1776 ਤਕ ਇਸ ਦਾ ਸੈਂਟਰਲ ਹਿੱਸਾ ਤਿਆਰ ਹੋ ਚੁੱਕਾ ਸੀ। ਇਸ ਮਗਰੋਂ ਭੰਗੀ ਮਿਸਲ ਦੇ ਸਿਰਦਾਰਾਂ, ਰਣਜੀਤ ਸਿੰਘ ਤੇ ਹੋਰ ਸਿੱਖਾਂ ਨੇ ਦਰਬਾਰ ਸਾਹਿਬ 'ਤੇ ਸੋਨੇ ਦਾ ਪੱਤਰਾ ਚੜ੍ਹਵਾਇਆ (ਇਸ ਨਾਲ ਇਹ ਵੀ ਹੋਇਆ ਕਿ ਦਰਬਾਰ ਸਾਹਿਬ ਨੂੰ ਅੰਗ੍ਰੇਜ਼ਾਂ ਵਲੋਂ 'ਗੋਲਡਨ ਟੈਂਪਲ' ਯਾਨਿ 'ਸੋਨੇ ਦਾ ਮੰਦਿਰ' ਕਹਿਣਾ ਸ਼ੁਰੂ ਹੋ ਗਿਆ)।

ਸੰਨ 1845-46 ਦੀ ਲੜਾਈ ਤੋਂ ਬਾਅਦ ਲਾਹੌਰ 'ਚ ਬ੍ਰਿਟਿਸ਼ ਰੈਜ਼ੀਡੈਂਟ ਰਹਿਣ ਲੱਗ ਪਿਆ ਤੇ ਉਹ ਅੰਮ੍ਰਿਤਸਰ ਵੀ ਅਕਸਰ ਆਉਣ ਲੱਗ ਪਿਆ। ਸੰਨ 1849 ਵਿਚ ਪੰਜਾਬ ਨੂੰ ਅੰਗਰੇਜ਼ਾਂ ਨੇ ਆਪਣੀ ਹਕੂਮਤ ਵਿਚ ਪੂਰੀ ਤਰ੍ਹਾਂ ਸ਼ਾਮਿਲ ਕਰ ਲਿਆ। ਇਸ ਦੇ ਨਾਲ ਹੀ ਬਹੁਤ ਸਾਰੇ ਅੰਗਰੇਜ਼ੀ ਅਫ਼ਸਰ ਤੇ ਫ਼ੌਜੀ ਜਰਨੈਲ ਵੀ ਅੰਮ੍ਰਿਤਸਰ ਆਉਣ ਲੱਗ ਪਏ। ਇਸ ਕਰ ਕੇ 24 ਮਾਰਚ 1887 ਦੇ ਦਿਨ ਰੈਜ਼ੀਡੈਂਟ ਨੇ ਇਕ ਚਿੱਠੀ ਜਾਰੀ ਕਰ ਕੇ ਬਰਤਾਨਵੀ ਅਫ਼ਸਰਾਂ ਨੂੰ ਹਿਦਾਇਤ ਕੀਤੀ ਕਿ ਅੰਮ੍ਰਿਤਸਰ ਸ਼ਹਿਰ 'ਚ ਦਾਖ਼ਲ ਹੋਣ ਸਮੇਂ ਇਸ ਪਵਿੱਤਰ ਸ਼ਹਿਰ ਦੀ ਮਰਿਆਦਾ 'ਤੇ ਅਮਲ ਕੀਤਾ ਜਾਏ।

ਸੰਨ 1873 ਵਿਚ ਇਸੇ ਨਗਰ ਵਿਚ ਸਿੰਘ ਸਭਾ ਦੀ ਕਾਇਮੀ ਹੋਈ ਸੀ। ਸੰਨ 1902 ਵਿਚ ਚੀਫ਼ ਖਾਲਸਾ ਦੀਵਾਨ ਵੀ ਇੱਥੇ ਹੀ ਬਣਿਆ ਸੀ। 1919 ਦੀ 13 ਅਪ੍ਰੈਲ ਨੂੰ ਜਲ੍ਹਿਆਂ ਵਾਲੇ ਬਾਗ਼ ਵਿਚ ਜਨਰਲ ਡਾਇਰ ਨੇ ਗੋਲੀ ਚਲਾ ਕੇ 379 ਬੰਦੇ ਮਾਰ ਦਿੱਤੇ ਸਨ। ਇਸੇ ਸਾਲ ਦੇ ਅਖ਼ੀਰ ਵਿਚ ਇੱਥੇ ਸਿੱਖ ਲੀਗ ਕਾਇਮ ਹੋਈ। 12 ਅਕਤੂਬਰ 1920 ਦੇ ਦਿਨ ਸਿੱਖਾਂ ਨੇ ਅਕਾਲ ਬੁੰਗਾ ਅਤੇ ਦਰਬਾਰ ਸਾਹਿਬ ਨੂੰ ਮਹੰਤਾਂ ਤੋਂ ਆਜ਼ਾਦ ਕਰਵਾ ਲਿਆ। 15-16 ਨਵੰਬਰ 1920 ਦੇ ਦਿਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ 14 ਦਸੰਬਰ 1920 ਦੇ ਦਿਨ ਸ਼੍ਰੋਮਣੀ ਅਕਾਲੀ ਦਲ ਵੀ ਇੱਥੇ ਹੀ ਕਾਇਮ ਹੋਏ ਸਨ।

ਅੰਮ੍ਰਿਤਸਰ ਵਿਚੋਂ ਬਹੁਤ ਸਾਰੇ ਪੰਥਕ ਮੋਰਚੇ ਵੀ ਚਲਾਏ ਗਏ: 1920-25 ਤਕ ਗੁਰਦੁਆਰਾ ਸੁਧਾਰ ਲਹਿਰ (ਚਾਬੀਆਂ ਦਾ ਮੋਰਚਾ, ਗੁਰੂ ਦਾ ਬਾਗ਼ ਮੋਰਚਾ, ਜੈਤੋ ਮੋਰਚਾ ਵਗੈਰਾ), ਪੰਜਾਬੀ ਸੂਬਾ ਮੋਰਚਾ (1955 ਅਤੇ 1960), ਜ: ਦਰਸ਼ਨ ਸਿੰਘ ਫੇਰੂਮਾਨ ਦਾ ਮਰਨ ਵਰਤ (1969), ਧਰਮ ਯੁੱਧ ਮੋਰਚਾ (1982-84)।

13 ਅਪ੍ਰੈਲ 1978 ਦੇ ਦਿਨ ਨਿਰੰਕਾਰੀਆਂ ਦੇ ਸਮਾਗਮ ਦੌਰਾਨ ਇੱਥੇ ਭਾਈ ਫ਼ੌਜਾ ਸਿੰਘ ਅਤੇ 12 ਹੋਰ ਸਿੱਖ ਮਾਰੇ ਗਏ ਸਨ। ਇਸ ਮਗਰੋਂ ਪੰਜਾਬ 'ਚ 'ਖ਼ਾਲਿਸਤਾਨ' ਲਹਿਰ ਦਾ ਦੌਰ ਸ਼ੁਰੂ ਹੋ ਗਿਆ। ਕੁਝ ਕਤਲਾਂ, ਜਲੂਸਾਂ, ਜਲਸਿਆਂ ਤੇ ਬੰਬ ਧਮਾਕਿਆਂ ਮਗਰੋਂ ਪੰਜਾਬ 'ਚ ਅਣ-ਐਲਾਨੀ ਖਾੜਕੂ-ਹਕੂਮਤ ਜਿਹੀ ਕਾਇਮ ਹੋ ਗਈ ਸੀ।

4 ਜੂਨ 1984 ਦੇ ਦਿਨ ਭਾਰਤੀ ਫ਼ੌਜ ਨੇ ਦਰਬਾਰ ਸਾਹਿਬ ਤੇ ਦਰਜਨਾਂ ਹੋਰ ਗੁਰਦੁਆਰਿਆਂ 'ਤੇ ਐਕਸ਼ਨ ਕੀਤਾ। ਇਸ ਐਕਸ਼ਨ ਵਿਚ ਗਿਆਨੀ ਜਰਨੈਲ ਸਿੰਘ ਭਿੰਡਰਾਂਵਾਲੇ, ਜਨਰਲ ਸੁਬੇਗ ਸਿੰਘ ਤੇ ਭਾਈ ਅਮਰੀਕ ਸਿੰਘ ਤੇ ਹੋਰ ਬਹੁਤ ਸਾਰੇ ਸਿੱਖ ਮਾਰੇ ਗਏ। ਫ਼ੌਜੀ ਐਕਸ਼ਨ ਵਿਚ ਅਕਾਲ ਬੁੰਗਾ ਬੁਰੀ ਤਰ੍ਹਾਂ ਤਬਾਹ ਹੋ ਗਿਆ। ਬਾਕੀ ਕੰਪਲੈਕਸ ਦਾ ਵੀ ਗੋਲਾਬਾਰੀ 'ਚ ਬਹੁਤ ਹੀ ਨੁਕਸਾਨ ਹੋਇਆ। ਸਤੰਬਰ 84 ਮਗਰੋਂ ਭਾਵੇਂ ਫ਼ੌਜ ਪਰਿਕਰਮਾਂ 'ਚੋਂ ਬਾਹਰ ਹੋ ਗਈ, ਪਰ ਅਮਲੀ ਤੌਰ 'ਤੇ ਅਜੇ ਵੀ ਉਸ ਦਾ ਹੀ ਕਬਜ਼ਾ ਸੀ। ਇਸ ਦੌਰਾਨ ਭਾਰਤ ਸਰਕਾਰ ਨੇ ਅਕਾਲ ਬੁੰਗਾ ਦੀ ਇਮਾਰਤ ਦੀ ਮੁਰੰਮਤ ਕਰਵਾਈ। ਪਰ 26 ਜਨਵਰੀ 1986 ਨੂੰ ਭਿੰਡਰਾ-ਮਹਿਤਾ ਜੱਥੇ ਨਾਲ ਸਬੰਧਤ ਸਿੱਖ ਨੌਜਵਾਨਾਂ ਨੇ ਸਰਕਾਰ ਵੱਲੋਂ ਬਣਾਈ ਇਮਾਰਤ ਢਾਹ ਕੇ ਨਵੀਂ ਉਸਾਰੀ ਸ਼ੁਰੂ ਕਰਵਾਈ। ਇਸ ਦੌਰਾਨ 29 ਅਪਰੈਲ 1986 ਨੂੰ ਇੱਥੋਂ 'ਖ਼ਾਲਿਸਤਾਨ ਸਰਕਾਰ' ਦਾ ਐਲਾਨ ਹੋ ਗਿਆ। ਚੀਫ਼ ਮਨਿਸਟਰ ਸੁਰਜੀਤ ਬਰਨਾਲੇ ਨੇ 30 ਅਪਰੈਲ ਨੂੰ ਦਰਬਾਰ ਸਾਹਿਬ 'ਚ ਪੁਲਿਸ ਭੇਜ ਕੇ ਕਬਜ਼ਾ ਕਰ ਲਿਆ। ਫਿਰ 9 ਮਈ 1988 ਨੂੰ ਰਾਜੀਵ ਗਾਂਧੀ ਦੀ ਹਦਾਇਤ 'ਤੇ ਪੁਲੀਸ ਅਤੇ ਫ਼ੌਜ ਨੇ ਐਕਸ਼ਨ ਕਰ ਕੇ ਦਰਬਾਰ ਸਾਹਿਬ 'ਤੇ ਫੇਰ ਕਬਜ਼ਾ ਕੀਤਾ। 31 ਅਗਸਤ 1995 ਦੇ ਦਿਨ ਚੀਫ਼ ਮਨਿਸਟਰ ਬੇਅੰਤ ਸਿੰਘ ਦੇ ਕਤਲ ਮਗਰੋਂ ਅੰਮ੍ਰਿਤਸਰ ਦਾ ਨਕਸ਼ਾ ਬਦਲਣ ਲਗ ਪਿਆ। 1997 ਵਿਚ ਸ਼ਾਂਤੀ ਹੋ ਜਾਣ ਨਾਲ ਇਸ ਨਗਰ ਦੀ ਅਹਿਮੀਅਤ ਬਹੁਤ ਵਧ ਗਈ।

(ਸਮਾਪਤ)

# ਜਿਹੜੀ ਕੌਮ ਚਾਨਣ ਤੋਂ ਖੁੰਝ ਜਾਂਦੀ ਹੈ?

ਜਿਸ ਰਾਹੀ ਦੀਆਂ ਅੱਖਾਂ ਅੰਦਰੋਂ ਚਾਨਣ ਖੁੰਝ ਜਾਵੇ, ਉਹ ਰਸਤਾ ਲੱਭਣ ਦੀ ਕੋਸ਼ਿਸ਼ ਨਹੀਂ ਕਰਦਾ, ਸਿਰਫ਼ ਪੈਰ ਚੁੱਕਦਾ ਹੈ, ਤੇ ਪੈਰ ਕਿਤੇ ਵੀ ਧਰ ਦਿੰਦਾ ਹੈ। ਜਦੋਂ ਕਿਸੇ ਕੌਮ ਦੀ ਜਵਾਨੀ ਦੀ ਹਾਲਤ ਵੀ ਅੱਖੋਂ ਚਾਨਣ ਖੁੰਝੇ ਰਾਹਗੀਰ ਵਰਗੀ ਹੋ ਜਾਵੇ ਤਾਂ ਉਹ ਕੌਮ ਕਿਧਰ ਜਾ ਰਹੀ ਹੋਵੇਗੀ?

ਜਿਸ ਮਿੱਟੀ ਦੀ ਕੁੱਖੋਂ ਸ਼ਹੀਦ ਜਨਮੇ, ਜਿਸ ਦੇ ਪਾਣੀ ਨੇ ਗਿਆਨੀ, ਧਿਆਨੀ, ਦਰਵੇਸ਼ ਤੇ ਦਿਲਾਂ ਦੀਆਂ ਹਨੇਰੀਆਂ ਗਲੀਆਂ 'ਚ ਜੋਤ ਜਗਾਉਣ ਵਾਲੇ ਪੈਦਾ ਕੀਤੇ, ਅੱਜ ਉਸੇ ਮਿੱਟੀ ਦੇ



**ਮਦਨਦੀਪ ਸਿੰਘ**

ਜਾਏ ਕਾਤਲਾਂ ਨੂੰ ਇਨਕਲਾਬੀ ਕਹਿ ਕੇ ਸਲਾਮੀਆਂ ਦਿੰਦੇ ਫਿਰਦੇ ਹਨ।

ਇਹ ਕੋਈ ਆਮ ਤਬਦੀਲੀ ਨਹੀਂ, ਇਹ ਤਬਾਹੀ ਦੀ ਚੀਖ ਹੈ। ਜਦੋਂ ਗੁਨਾਹ ਬਹਾਦਰੀ ਬਣ ਜਾਵੇ, ਜਦੋਂ ਕਾਮ ਕਰਤੂਤਾਂ ਨੂੰ ਆਜ਼ਾਦੀ ਦੇ ਨਾਅਰਿਆਂ ਵਿਚ ਲਪੇਟ ਦਿੱਤਾ ਜਾਵੇ, ਜਦੋਂ ਨਸ਼ੇ ਨੂੰ ਵਿਰਾਸਤ ਅਤੇ ਦਹਿਸ਼ਤ ਨੂੰ ਰਾਖੀ ਸਮਝ ਲਿਆ ਜਾਵੇ, ਤਾਂ ਇਹ ਅਸਲ ਦੀ ਮੌਤ ਹੈ। ਜਿਹੜੀ ਜਵਾਨੀ ਕਦੇ ਦਿੱਲੀ ਦੇ ਤਖ਼ਤ ਨੂੰ ਝੁਕਾਉਣ ਦਾ ਹੌਸਲਾ ਰੱਖਦੀ ਸੀ, ਅੱਜ ਉਹ ਜਵਾਨੀ ਟਿੱਕਟੋਕੀ ਵੀਡੀਓ, ਗੋਲੀਆਂ, ਤੇ ਨਸ਼ਿਆਂ ਦੇ ਜਸ਼ਨਾਂ ਵਿੱਚੋਂ ਹੀਰੋ ਲੱਭਦੀ ਫਿਰਦੀ ਹੈ।

ਕੀ ਇਹੀ ਸਾਡੀ ਵਿਰਾਸਤ ਸੀ? ਇਹ ਪੁਰਖੇ ਛੱਡ ਕੇ ਗਏ ਸੀ?

ਕੀ ਇਸ ਧਰਤੀ ਦੀ ਇਹੀ ਅਸਲ ਪਛਾਣ ਜਾਂ ਸੱਭਿਆਚਾਰ ਹੈ? ਕਿਹੜਾ ਰਾਹ ਲੱਭ ਰਹੀ ਹੈ ਇਹ ਜਵਾਨੀ? ਕਿਹੜਾ ਰੰਗ ਲੱਭ ਰਹੀ ਹੈ ਇਹ ਕੌਮ?

ਇਸ ਧਰਤ ਦੇ ਵੱਡੇ ਕਹਿ ਗਏ ਸਨ ਕਿ ਕੌਮਾਂ ਦੀ ਹਾਰ ਮੈਦਾਨਾਂ ਵਿਚ ਨਹੀਂ, ਸੋਚ ਵਿਚ ਹੁੰਦੀ ਹੈ। ਇਸ ਧਰਤੀ ਦੀ ਮਹਾਨ ਕੌਮ ਅੱਜ ਸੋਚ ਹਾਰ ਰਹੀ ਹੈ। ਇਸ ਮਹਾਨ ਕੌਮ ਦੀ ਸੋਚ ਨੂੰ ਮੂਕ ਕਰ ਦਿੱਤਾ ਗਿਆ ਹੈ। ਉਨ੍ਹਾਂ ਦੀ ਵਾਹ-ਵਾਹ ਕੀਤੀ ਜਾ ਰਹੀ ਹੈ ਤੇ ਸੋਹਲੇ ਗਾਏ ਜਾ ਰਹੇ ਨੇ ਜੋ ਕਲਮ ਨੂੰ ਗੋਲੀ ਨਾਲ ਬਦਲਣਾ ਚਾਹੁੰਦੇ ਹਨ। ਜਿਹੜੇ ਕਾਲੀ ਦੁਨੀਆ ਦੇ ਸੰਗੀ ਹਨ, ਉਨ੍ਹਾਂ ਨੂੰ ਸਟੇਜਾਂ 'ਤੇ ਚੜ੍ਹਾ ਕੇ ਵਾਹ-ਵਾਹੀ ਖੱਟ ਰਹੇ ਹਨ। ਪਰ ਯਾਦ ਰੱਖਿਓ ਜੋ ਕੌਮ ਆਪਣੇ ਨੌਜਵਾਨਾਂ ਦੀ ਦਿਸ਼ਾ ਨਹੀਂ ਸੰਭਾਲਦੀ, ਉਸ ਦੀਆਂ ਇਤਿਹਾਸੀ ਲਕੀਰਾਂ ਕਬਰਾਂ ਵਿਚ ਦੱਬ ਜਾਂਦੀਆਂ ਹਨ।

ਖ਼ੁਦ ਨੂੰ ਪੁੱਛੋ ਹੋਣਾ ਕੀ ਚਾਹੀਦਾ ਸੀ ਤੇ ਹੋ ਕੀ ਰਿਹਾ ਹੈ? ਜਦੋਂ ਕੋਈ ਕੌਮ ਆਪਣੀ ਜਵਾਨੀ ਤੋਂ ਉਮੀਦਾਂ ਖੋਹ ਬੈਠੇ, ਉਹ ਕੌਮ ਵਿਰਾਸਤਾਂ ਦੀ ਪੀੜ੍ਹੀ ਨਹੀਂ ਰਹਿੰਦੀ, ਉਹ ਮਾਫ਼ੀਆਂ ਦੀ ਪੀੜ੍ਹੀ ਬਣ ਜਾਂਦੀ ਹੈ। ਜਾਗੋ, ਜੇ ਅਜੇ ਵੀ ਨਾ ਜਾਗੇ, ਤਾਂ ਕੱਲ੍ਹ ਤੁਹਾਡੀਆਂ ਮਜ਼ਾਰਾਂ ਉੱਤੇ ਵੀ ਇਹੀ ਜਵਾਨੀ ਨੱਚ ਰਹੀ ਹੋਵੇਗੀ, ਕਿਸੇ ਗੀਤ 'ਚ, ਕਿਸੇ ਗੋਲੀਆਂ ਦੇ ਕੰਨ ਪਾੜਦੇ ਧਮਾਕਿਆਂ 'ਚ।

ਤੁਸੀਂ ਕਦੇ ਸੋਚਿਆ ਕਿ ਤੁਸੀਂ ਕਿੰਨੀ ਡੂੰਘੀ ਖੱਡ ਵੱਲ ਵਧ ਰਹੇ ਹੋ? ਤੁਸੀਂ ਕਦੇ ਰੁਕੇ ਹੋ ਇਹ ਪੁੱਛਣ ਲਈ ਕਿ ਤੁਸੀਂ ਆਪਣੇ ਬੱਚਿਆਂ ਨੂੰ ਕਿਹੜੀ ਦਿਸ਼ਾ ਦੇ ਰਹੇ ਹੋ? ਤੁਸੀਂ ਕਦੇ ਅੱਖਾਂ ਖੋਲ੍ਹ ਕੇ ਦੇਖਿਆ ਹੈ ਕਿ ਤੁਹਾਡੀ ਨੌਜਵਾਨੀ ਕਿਧਰ ਚੱਲ ਪਈ ਹੈ? ਜਦੋਂ ਗੁਨਾਹਗਾਰ ਤੁਹਾਡੇ ਮੰਚਾਂ ਦੇ ਮੁੱਖਾਤਬੀ ਬਣਨ ਲੱਗ ਪੈਣ, ਜਦੋਂ ਕਾਤਲਾਂ ਨੂੰ ਤੁਸੀਂ ਇਨਕਲਾਬੀ ਕਹਿ ਕੇ ਸਿਰ ਉੱਤੇ ਚੁੱਕ ਲਓ, ਜਦੋਂ ਨਸ਼ੇ ਅਤੇ ਔਰਤਾਂ ਦੇ ਸੌਦਾਗਰਾਂ ਨੂੰ ਤੁਸੀਂ ਆਪਣੇ ਨੌਜਵਾਨਾਂ ਲਈ ਆਈਕਨ ਬਣਾ ਲਵੋ ਤਾਂ ਸਮਝ ਲਓ ਕਿ ਤੁਸੀਂ ਆਪਣੀ ਹੀ ਲਕੀਰ ਮਿਟਾ ਰਹੇ ਹੋ।

ਇਹ ਕੋਈ ਫ਼ਿਲਮ ਨਹੀਂ, ਇਹ ਹਕੀਕਤ ਹੈ। ਤੁਸੀਂ ਕੌਣ ਹੋ? ਤੁਸੀਂ ਉਹ ਹੋ ਜਿਨ੍ਹਾਂ ਦੇ ਵਡਿਆਂ ਨੇ ਆਪਣੀਆਂ ਹੱਡੀਆਂ ਰੋਲ ਕੇ ਮਿੱਟੀ ਨੂੰ ਮਕਸਦ ਦਿੱਤਾ, ਪਿੱਠ ਨਾ ਮੋੜੋ। ਤੁਸੀਂ ਉਹ ਹੋ ਜਿਨ੍ਹਾਂ ਨੇ ਇਤਿਹਾਸ ਲਿਖਿਆ ਸੀ ਤੇ ਹੁਣ ਤੁਸੀਂ ਆਪਣੇ ਹੀ ਇਤਿਹਾਸ ਉੱਤੇ ਮਿੱਟੀ ਪਾ ਰਹੇ ਹੋ। ਤੁਸੀਂ ਹੁਣ ਗੀਤ ਗਾ ਰਹੇ ਹੋ ਉਨ੍ਹਾਂ ਲਈ ਜਿਨ੍ਹਾਂ ਨੇ ਤੁਹਾਡੀ ਆਤਮਾ ਵੇਚੀ। ਤੁਸੀਂ ਤਾੜੀਆਂ ਵਜਾ ਰਹੇ ਹੋ ਉਨ੍ਹਾਂ ਲਈ ਜੋ ਤੁਹਾਡੀ ਕੌਮ ਦੇ ਵਿਅਕਤੀਗਤ ਜ਼ਖ਼ਮਾਂ ਨੂੰ ਮਿਊਜ਼ਿਕ ਵੀਡੀਓ ਬਣਾ ਕੇ ਵੇਚ ਰਹੇ ਹਨ।

ਇਹ ਕੌਣ ਹਨ, ਜੋ ਤੁਸੀਂ ਉਨ੍ਹਾਂ ਦੀਆਂ ਟੈਟੂਆਂ ਤੇ ਲਟਾਂ ਵਿਚ ਇਨਕਲਾਬ ਲੱਭਦੇ ਹੋ? ਇਹ ਕੌਣ ਹਨ, ਜੋ ਪੰਜ ਗੋਲੀਆਂ ਚਲਾ ਕੇ ਆਪਣੇ ਆਪ ਨੂੰ ਕੌਮ ਦਾ ਵਾਰਸ ਕਹਿੰਦੇ ਹਨ? ਇਹ ਉਹੀ ਹਨ ਜੋ ਤੁਸੀਂ ਹੀ ਚੁਣ ਰਹੇ ਹੋ, ਤੁਹਾਡੇ ਹੀ ਸਟੇਜਾਂ 'ਤੇ ਚੜ੍ਹੇ ਹਨ, ਤੁਹਾਡੇ ਹੀ ਘਰਾਂ ਵਿਚ ਪਸੰਦ ਕੀਤੇ ਜਾਂਦੇ ਹਨ। ਤੁਸੀਂ ਹੀ ਉਹ ਜਵਾਬ ਹੋ, ਜੋ ਤੁਹਾਡੇ ਬੱਚਿਆਂ ਨੂੰ ਕੱਲ੍ਹ ਮਿਲਣੇ ਹਨ।

ਕੌਮਾਂ ਦੇ ਨਕਸ਼ੇ ਹਥਿਆਰਾਂ ਨਾਲ ਨਹੀਂ, ਸੋਚਾਂ ਨਾਲ ਬਣਦੇ ਹਨ। ਤੁਸੀਂ ਆਪਣੀ ਸੋਚ ਕਿਵੇਂ ਗੁਆ ਬੈਠੇ? ਕਿਵੇਂ ਤੁਸੀਂ ਇਤਨਾ ਥੱਕ ਗਏ ਕਿ ਗੁਨਾਹ ਨੂੰ ਸ਼ਬਦਾਂ ਦੀ ਸ਼ਾਨ ਬਣਾਉਣ ਲੱਗ ਪਏ? ਕਿਵੇਂ ਤੁਸੀਂ ਧਰਮ ਅਤੇ ਨੈਤਿਕਤਾ ਨੂੰ ਰੌਲੇ ਵਿਚ ਪਾ ਦਿੱਤਾ?

ਸੁਣੋ! ਜੇ ਤੁਸੀਂ ਅਜੇ ਵੀ ਨਾ ਜਾਗੇ, ਤਾਂ ਇਕ ਦਿਨ ਤੁਹਾਡੀ ਨਵੀਂ ਪੀੜ੍ਹੀ ਤੁਹਾਡੀਆਂ ਤਸਵੀਰਾਂ ਦੇ ਅੱਗੇ ਦੀਵੇ ਨਹੀਂ ਲਗਾਏਗੀ। ਉਨ੍ਹਾਂ ਨੂੰ ਸ਼ਰਮ ਆਉਣ ਲੱਗ ਜਾਵੇਗੀ ਇਹ ਦੱਸਣ 'ਚ ਕਿ ਉਹ ਕਿਸ ਕੌਮ ਦੇ ਨੇ।

ਇਹ ਤੁਹਾਡਾ ਸਮਾਂ ਹੈ। ਇਹ ਤੁਹਾਡਾ ਇਤਿਹਾਸ ਹੈ। ਇਹ ਤੁਹਾਡੀ ਜ਼ਿੰਮੇਵਾਰੀ ਹੈ। ਆਪਣੇ ਅਸਲ ਹੀਰੋਆਂ ਦੇ ਨਕਸ਼ ਯਾਦ ਕਰੋ। ਉਹ ਜੋ ਸੱਚੇ ਸਨ। ਉਹ ਜੋ ਸਿਰਫ਼ ਬੰਦੂਕ ਨਾਲ ਨਹੀਂ, ਸੋਚ ਨਾਲ ਵੀ ਲੜੇ ਸਨ। ਆਪਣੇ ਗੀਤਾਂ ਵਿਚ ਇਨਸਾਫ਼ ਲਿਆਉ। ਆਪਣੇ ਜਸ਼ਨਾਂ ਵਿਚ ਸ਼ਹੀਦੀ ਦਾ ਮਾਣ ਲਿਆਉ। ਆਪਣੇ ਨੌਜਵਾਨਾਂ ਨੂੰ ਦੱਸੋ ਕਿ 'ਸ਼ੇਰ ਬਣੋ' ਦਾ ਅਰਥ ਗੁੱਸਾ ਨਹੀਂ, ਸਬਰ ਹੈ। ਹੱਕ ਹੈ। ਇਨਸਾਫ਼ ਹੈ।

# ਸੌ ਸੈਂਕੜੇ ਮਾਰਨ ਵਾਲਾ ਸਚਿਨ ਤੇਂਦੁਲਕਰ

ਵਿਸ਼ਵ ਦੇ ਮਹਾਨ ਖਿਡਾਰੀ



ਪ੍ਰਿੰ. ਸਰਵਣ ਸਿੰਘ
ਫੋਨ: 647-785-1661

**ਸਚਿਨ ਤੇਂਦੁਲਕਰ ਨੂੰ ਕੋਈ 'ਦੌੜਾਂ ਦੀ ਮਸ਼ੀਨ' ਕਹਿੰਦਾ ਹੈ, ਕੋਈ 'ਕ੍ਰਿਕਟ ਦਾ ਭਗਵਾਨ'।** ਉਸ ਨੇ ਅੰਤਰਰਾਸ਼ਟਰੀ ਪੱਧਰ 'ਤੇ ਕ੍ਰਿਕਟ 'ਚ 100 ਸੈਂਚਰੀਆਂ ਮਾਰੀਆਂ, 200 ਟੈੱਸਟ ਮੈਚ ਅਤੇ 463 ਇਕ ਰੋਜ਼ਾ ਇੰਟਰਨੈਸ਼ਨਲ ਮੈਚ ਖੇਡੇ ਜਿਨ੍ਹਾਂ ਵਿਚ 34357 ਦੌੜਾਂ ਬਣਾਈਆਂ! ਵਨ ਡੇਅ ਇੰਟਨੈਸ਼ਨਲ ਦੇ ਇਕੋ ਮੈਚ ਵਿਚ 200 ਦੌੜਾਂ ਬਟੋਰੀਆਂ ਤੇ 62 ਵਨ ਡੇਅ ਮੈਚਾਂ ਵਿਚ ਮੈਨ ਆਫ਼ ਦਾ ਮੈਚ ਬਣਿਆ। ਉਹ ਭਾਰਤ ਦਾ ਪਹਿਲਾ ਖਿਡਾਰੀ ਹੈ ਜਿਸ ਨੂੰ ਦੇਸ਼ ਦੇ ਸਰਬਉੱਚ ਸਿਵਲੀਅਨ ਅਵਾਰਡ 'ਭਾਰਤ ਰਤਨ' ਨਾਲ ਸਨਮਾਨਿਤ ਕੀਤਾ ਗਿਆ।

ਸਚਿਨ ਤੇਂਦੁਲਕਰ ਨੂੰ ਰੁਸਤਮੇ ਜ਼ਮਾਂ ਗਾਮੇ ਭਲਵਾਨ ਵਾਂਗ ਕ੍ਰਿਕਟ ਦਾ ਰੁਸਤਮੇ ਜ਼ਮਾਂ ਕਿਹਾ ਜਾ ਸਕਦੈ। ਜਿਵੇਂ ਗਾਮੇ ਨੇ ਭਲਵਾਨੀ ਵਿਚ ਆਲਮੀ ਗੁਰਜ ਜਿੱਤੀ ਉਵੇਂ ਸਚਿਨ ਨੇ ਕ੍ਰਿਕਟ ਦਾ ਵਿਸ਼ਵ ਕੱਪ ਜਿੱਤਿਆ। ਗਾਮਾ 5 ਫੁੱਟ 6 ਇੰਚ ਕੱਦ ਦਾ ਸਮੱਧਰ ਪਹਿਲਵਾਨ ਸੀ, ਸਚਿਨ 5 ਫੁੱਟ 5 ਇੰਚ ਕੱਦ ਦਾ ਸਮੱਧਰ ਕ੍ਰਿਕਟਰ ਹੈ। ਖੇਡ ਪ੍ਰਤਿਭਾ ਵੱਡੇ ਕੱਦ ਕਾਠ ਵਾਲੇ ਖਿਡਾਰੀਆਂ ਵਿਚ ਹੀ ਨਹੀਂ ਹੁੰਦੀ, ਜੂਝ ਮਰੋ ਦੇ ਜਜ਼ਬੇ ਨਾਲ ਖੇਡਣ ਵਾਲੇ ਖਿਡਾਰੀਆਂ 'ਚ ਵੀ ਹੁੰਦੀ ਹੈ। ਲੰਮੇ ਕੱਦ ਕਾਠਾਂ ਵਾਲੇ ਕਈ ਐਸੇ ਨੌਜੁਆਨ ਵੇਖੀਦੇ ਹਨ ਜੋ ਆਪਣੇ ਵਜ਼ਨ ਜਿੰਨਾ ਵੇਟ ਵੀ ਨਹੀਂ ਚੁੱਕ ਸਕਦੇ। ਐਸੇ ਪੰਜ ਫੁੱਟੇ ਵੇਟਲਿਫਟਰ ਵੇਖੇ ਹਨ ਜਿਹੜੇ ਆਪਣੇ ਵਜ਼ਨ ਨਾਲੋਂ ਤਿੰਨ ਗੁਣਾਂ ਤੋਂ ਵੀ ਵੱਧ ਵੇਟ ਦੇ ਬਾਲੇ ਕੱਢਦੇ ਹਨ!

ਸਚਿਨ 2011 ਵਿਚ ਵਰਲਡ ਕੱਪ ਜਿੱਤਣ ਵਾਲੀ ਭਾਰਤੀ ਕ੍ਰਿਕਟ ਟੀਮ ਦਾ ਸਭ ਤੋਂ ਵੱਧ ਦੌੜਾਂ ਬਣਾਉਣ ਵਾਲਾ ਬੱਲੇਬਾਜ਼ ਸੀ। ਵਰਲਡ ਕੱਪ ਦੀ ਜਿੱਤ ਨੂੰ ਉਹ ਆਪਣੇ ਕ੍ਰਿਕਟ ਕੈਰੀਅਰ ਦੀ ਸਭ ਤੋਂ ਵੱਡੀ ਜਿੱਤ ਮੰਨਦਾ ਹੈ। ਜੇਤੂ ਵਿਸ਼ਵ ਕੱਪ ਖੇਡਦਿਆਂ ਸਚਿਨ ਨੇ 99ਵੀਂ ਸੈਂਚਰੀ ਮਾਰੀ ਸੀ। ਉਸ ਨੂੰ ਮਲਾਲ ਸੀ, ਕਾਸ਼! ਉਹ 100ਵੀਂ ਸੈਂਚਰੀ ਵੀ ਮਾਰ ਸਕਦਾ। ਉਸ ਦਾ ਸਕੋਰ 67 ਤਕ ਤਾਂ ਪਹੁੰਚ ਗਿਆ ਸੀ ਪਰ 100ਵੀਂ ਸੈਂਚਰੀ ਤੋਂ 33 ਦੌੜਾਂ ਘੱਟ ਰਹਿ ਗਿਆ ਸੀ। ਆਖ਼ਰ ਉਹ ਟੀਚਾ ਉਸ ਨੇ ਮਾਰਚ 2012 ਵਿਚ ਸਰ ਕੀਤਾ ਜਦੋਂ ਬੰਗਲਾਦੇਸ਼ ਵਿਰੁੱਧ ਇਕ ਰੋਜ਼ਾ ਇੰਟਰਨੈਸ਼ਨਲ ਮੈਚ ਵਿਚ ਆਪਣੀ 100ਵੀਂ ਸੈਂਚਰੀ ਮਾਰੀ। ਉਹਦੇ ਨਾਲ ਉਹਦੀਆਂ 51 ਸੈਂਚਰੀਆਂ ਟੈਸਟ ਮੈਚਾਂ ਦੀਆਂ ਹੋ ਗਈਆਂ ਤੇ 49 ਸੈਂਚਰੀਆਂ ਇਕ ਰੋਜ਼ਾ ਮੈਚਾਂ ਦੀਆਂ। 2013 ਵਿਚ ਜਦ ਉਹ ਕ੍ਰਿਕਟ ਤੋਂ ਰਿਟਾਇਰ ਹੋਇਆ ਤਾਂ ਉਹਦੇ ਟੈਸਟ ਮੈਚਾਂ ਦੀਆਂ 15921 ਤੇ ਇਕ ਰੋਜ਼ਾ ਇੰਟਰਨੈਸ਼ਨਲ ਮੈਚਾਂ ਦੀਆਂ 18426 ਦੌੜਾਂ ਬਣ ਚੁੱਕੀਆਂ ਸਨ।

**2010 'ਚ 'ਟਾਈਮ' ਮੈਗਜ਼ੀਨ ਨੇ ਸਚਿਨ ਤੇਂਦੁਲਕਰ ਦਾ ਨਾਂ ਵਿਸ਼ਵ ਦੇ ਸਭ ਤੋਂ ਵੱਧ ਪ੍ਰਭਾਵਸ਼ਾਲੀ ਵਿਅਕਤੀਆਂ ਵਿਚ ਦਰਜ ਕੀਤਾ। ਇੰਟਰਨੈਸ਼ਨਲ ਕ੍ਰਿਕਟ ਕੌਂਸਲ ਨੇ 2011 ਵਿਚ ਉਸ ਨੂੰ ਸਰ ਗਾਰਫੀਲਡ ਸੋਬਰਜ਼ ਟਰਾਫੀ ਨਾਲ ਸਨਮਾਨਿਤ ਕੀਤਾ।** ਭਾਰਤ ਸਰਕਾਰ ਵੱਲੋਂ ਸਚਿਨ ਨੂੰ ਵੱਡੇ ਮਾਨ ਸਨਮਾਨ ਮਿਲੇ। 1994 ਵਿਚ ਉਸ ਨੂੰ ਅਰਜੁਨ ਅਵਾਰਡ ਮਿਲਿਆ ਤੇ 1997 'ਚ ਮੇਜਰ ਧਿਆਨ ਚੰਦ ਖੇਲ ਰਤਨ ਅਵਾਰਡ। 1998 ਵਿਚ ਪਦਮ ਸ੍ਰੀ ਅਤੇ 2008 'ਚ ਪਦਮ ਭੂਸ਼ਨ। ਨਵੰਬਰ 2013 ਵਿਚ ਪ੍ਰਧਾਨ ਮੰਤਰੀ ਦਫਤਰ ਵੱਲੋਂ ਉਸ ਨੂੰ ਭਾਰਤ ਦਾ ਸਰਬੋਤਮ ਸਿਵਲੀਅਨ ਅਵਾਰਡ ਭਾਰਤ ਰਤਨ ਦੇਣ ਦਾ ਐਲਾਨ ਹੋਇਆ। ਉਹ ਭਾਰਤ ਦਾ ਪਹਿਲਾ ਖਿਡਾਰੀ ਹੈ ਜਿਸ ਨੂੰ 2014 ਵਿਚ ਭਾਰਤ ਰਤਨ ਦੀ ਉਪਾਧੀ ਨਾਲ ਸਨਮਾਨਿਤ ਕੀਤਾ ਗਿਆ। ਸਚਿਨ ਉਦੋਂ ਕੇਵਲ 41 ਸਾਲਾਂ ਦਾ ਸੀ। ਓਲੰਪਿਕ ਖੇਡਾਂ 'ਚੋਂ ਹਾਕੀ ਦੇ ਤਿੰਨ-ਤਿੰਨ ਗੋਲਡ ਮੈਡਲ ਜਿੱਤਣ ਵਾਲੇ ਧਿਆਨ ਚੰਦ ਤੇ ਬਲਬੀਰ ਸਿੰਘ ਵਰਗੇ ਖਿਡਾਰੀ ਮੌਜੂਦ ਸਨ ਪਰ ਭਾਰਤ ਸਰਕਾਰ ਵੱਲੋਂ ਖੇਡਾਂ ਦਾ ਪਹਿਲਾ ਭਾਰਤ ਰਤਨ ਸਚਿਨ ਤੇਂਦੁਲਕਰ ਨੂੰ ਬਣਾਇਆ ਗਿਆ। **ਉਹ 2012 ਤੋਂ 2018 ਤਕ ਰਾਜ ਸਭਾ ਦਾ ਮੈਂਬਰ ਰਿਹਾ ਤੇ ਉਹਦੇ ਨਾਂ ਦੀ ਡਾਕ ਟਿਕਟ ਵੀ ਜਾਰੀ ਕੀਤੀ ਗਈ।**

**ਸਚਿਨ ਦਾ ਜਨਮ 24 ਅਪ੍ਰੈਲ 1973 ਨੂੰ ਨਿਰਮਲ ਨਰਸਿੰਗ ਹੋਮ ਦਾਦਰ, ਬੰਬਈ ਵਿਖੇ ਹੋਇਆ ਜਿਸ ਨੂੰ ਹੁਣ ਮੁੰਬਈ ਕਿਹਾ ਜਾਂਦਾ ਹੈ। ਉਸ ਦੇ ਪਿਤਾ ਰਮੇਸ਼ ਤੇਂਦੁਲਕਰ ਮਰਾਠੀ ਦੇ ਪ੍ਰਸਿੱਧ ਕਵੀ ਤੇ ਲੇਖਕ ਸਨ। ਉਨ੍ਹਾਂ ਦੇ ਪਹਿਲੇ ਵਿਆਹ 'ਚੋਂ ਇਕ ਧੀ ਤੇ ਦੋ ਪੁੱਤਰ ਪੈਦਾ ਹੋਏ।**



**ਤੀਜੇ ਬੱਚੇ ਦੇ ਜਣੇਪੇ ਪਿੱਛੋਂ ਪਤਨੀ ਦੀ ਮ੍ਰਿਤੂ ਹੋ ਗਈ। ਫਿਰ ਉਸ ਨੇ ਬੀਮੇ ਦੀ ਸਨਅਤ ਵਿਚ ਕੰਮ ਕਰਦੀ ਰਜਨੀ ਨਾਲ ਦੂਜਾ ਵਿਆਹ ਕਰਵਾ ਲਿਆ। ਸ੍ਰੀਮਤੀ ਰਜਨੀ ਦੀ ਕੁੱਖੋਂ ਉਸ ਦਾ ਇਕ ਹੋਰ ਪੁੱਤਰ ਪੈਦਾ ਹੋਇਆ। ਪਿਤਾ ਨੇ ਸੰਗੀਤਕਾਰ ਸਚਿਨ ਦੇਵ ਬਰਮਨ ਦਾ ਪ੍ਰਸ਼ੰਸਕ ਹੋਣ ਕਰਕੇ ਆਪਣੇ ਛਿੰਦੇ ਪੁੱਤਰ ਦਾ ਨਾਂ ਸਚਿਨ ਰੱਖਿਆ।** ਪਰ ਉਹ ਬਚਪਨ ਵਿਚ ਹੀ ਬੁੱਲੀ ਬੁਆਏ ਬਣ ਗਿਆ। ਸਕੂਲੇ ਪੜ੍ਹਨ ਜਾਂਦਾ ਨਵੇਂ ਵਿਦਿਆਰਥੀਆਂ ਨਾਲ ਆਢਾ ਲਾ ਬਹਿੰਦਾ। ਪਹਿਲਾਂ ਉਹ ਟੈਨਿਸ ਖੇਡਣ ਲੱਗਾ ਸੀ ਤੇ ਅਮਰੀਕਨ ਟੈਨਿਸ ਸਟਾਰ ਜੌਨ੍ਹ ਮਕੈਨਰੋ ਵਾਂਗ ਲੰਮੇ ਵਾਲ ਰੱਖਣ ਲੱਗ ਪਿਆ ਸੀ। ਉਹਦੇ ਵਾਂਗ ਹੀ ਗੁੱਟ-ਬੈਂਡ ਤੇ ਹੈਡ-ਬੈਂਡ ਬੰਨ੍ਹਦਾ ਅਤੇ ਹੱਥ 'ਚ ਟੈਨਿਸ ਦਾ ਰੈਕਟ ਰੱਖਦਾ।

**ਉਸ ਦਾ ਵੱਡਾ ਭਰਾ ਅਜੀਤ ਬੰਬੇ ਦੀ ਕੰਗਾ ਕ੍ਰਿਕਟ ਲੀਗ ਖੇਡਣ ਲੱਗਾ ਤਾਂ ਉਸ ਨੇ ਸਚਿਨ ਨੂੰ ਵੀ ਕ੍ਰਿਕਟ ਖੇਡਣ ਦੀ ਚੇਟਕ ਲਾ ਦਿੱਤੀ।** 1984 'ਚ ਅਜੀਤ ਉਸ ਨੂੰ ਸ਼ਿਵਾ ਜੀ ਪਾਰਕ ਵਿਚ ਕੋਚਿੰਗ ਦਿੰਦੇ ਰਮਾਕਾਂਤ ਅਚਰੇਕਰ ਕੋਲ ਲੈ ਗਿਆ। ਕੋਚ ਨੇ ਉਸ ਨੂੰ ਖਿਡਾਇਆ ਤਾਂ ਉਹ ਸੰਗਦਾ ਝਿਜਕਦਾ ਬੜਾ ਮਾੜਾ ਖੇਡਿਆ। ਕੋਚ ਨੇ ਸਚਿਨ ਨੂੰ ਟਾਲਣ ਦੀ ਕੋਸ਼ਿਸ਼ ਕੀਤੀ ਪਰ ਅਜੀਤ ਦੇ ਜ਼ੋਰ ਪਾਉਣ 'ਤੇ ਆਪਣੀ ਕ੍ਰਿਕਟ ਅਕੈਡਮੀ 'ਚ ਦਾਖਲ ਕਰ ਹੀ ਲਿਆ। ਬਾਅਦ ਵਿਚ ਅਚਰੇਕਰ ਨੂੰ ਸਚਿਨ ਦਾ ਪਹਿਲਾ ਕੋਚ ਹੋਣ ਦਾ ਬੜਾ ਮਾਣ ਮਿਲਿਆ।

ਕ੍ਰਿਕਟ ਅਕੈਡਮੀ ਵਿਚ ਉਹ ਘੰਟਿਆਂ ਬੱਧੀ ਪ੍ਰੈਕਟਿਸ ਕਰਦਾ। ਜਦੋਂ ਥੱਕ ਜਾਂਦਾ ਤਾਂ ਕੋਚ ਇਕ ਰੁਪਏ ਦਾ ਸਿੱਕਾ ਟਰੰਪ ਦੀ ਟੀਸੀ 'ਤੇ ਟਿਕਾਅ ਕੇ ਕੁਝ ਹੋਰ ਓਵਰ ਖੇਡਣ ਦਾ ਇਨਾਮ ਰੱਖਦਾ। ਜੇ ਗੇਂਦਬਾਜ਼ ਉਸ ਨੂੰ ਮਿਥੇ ਓਵਰਾਂ ਵਿਚ ਆਊਟ ਕਰ ਦਿੰਦਾ ਤਾਂ ਸਿੱਕਾ ਗੇਂਦਬਾਜ਼ ਨੂੰ ਮਿਲ ਜਾਂਦਾ। ਜੇ ਸਚਿਨ ਆਊਟ ਨਾ ਹੁੰਦਾ ਤਾਂ ਸਿੱਕਾ ਉਸੇ ਦਾ ਹੋ ਜਾਂਦਾ। ਇੰਜ ਸਚਿਨ ਨੇ 13 ਰੁਪਏ ਕਮਾਏ ਜੋ ਉਹ ਆਪਣਾ ਸਭ ਤੋਂ ਵੱਡਾ ਇਨਾਮ ਸਮਝਦਾ ਹੈ। ਉਹ ਸਕੂਲਾਂ ਦੀ ਕ੍ਰਿਕਟ ਖੇਡਣ ਨਾਲ ਕਲੱਬਾਂ ਦੀ ਕ੍ਰਿਕਟ ਵੀ ਖੇਡਿਆ। 1984 ਵਿਚ 11 ਸਾਲ ਦੀ ਉਮਰੇ ਉਹ ਜੌਨ੍ਹ ਬ੍ਰਾਈਟ ਕ੍ਰਿਕਟ ਕਲੱਬ ਵੱਲੋਂ ਕਾਂਗਾ ਕ੍ਰਿਕਟ ਲੀਗ ਖੇਡਣ ਲੱਗ ਪਿਆ। ਫਿਰ ਤਾਂ ਚੱਲ ਸੁ ਚੱਲ ਹੋ ਗਈ। ਵੱਡਾ ਹੋ ਕੇ ਉਸ ਨੇ ਮਹਾਨ ਸੰਗੀਤਕਾਰ ਸਚਿਨ ਦੇਵ ਬਰਮਨ ਦੇ ਨਾਂ ਉਤੇ ਰੱਖੇ ਨਾਂ ਸਚਿਨ ਦੀ ਸੱਚਮੁੱਚ ਲਾਜ ਰੱਖ ਵਿਖਾਈ।

ਸਚਿਨ ਨੇ ਭਾਰਤੀ ਕ੍ਰਿਕਟ ਟੀਮਾਂ ਦੀਆਂ ਟੈਸਟ ਮੈਚਾਂ ਤੇ ਵਨ ਡੇਅ ਕੱਪਾਂ 'ਚ ਕਪਤਾਨੀਆਂ ਵੀ ਕੀਤੀਆਂ ਤੇ ਦੋ ਦਹਾਕੇ ਅੰਤਰਰਾਸ਼ਟਰੀ ਕ੍ਰਿਕਟ ਮੈਚਾਂ ਦਾ ਸ਼ਿੰਗਾਰ ਬਣਿਆ ਰਿਹਾ। ਉਸ ਨੂੰ ਸਰਬ ਸਮਿਆਂ ਦਾ ਮਹਾਨਤਮ ਕ੍ਰਿਕਟਰ ਐਲਾਨਿਆ ਗਿਆ। ਉਸ ਦੇ ਕਈ ਰਿਕਾਰਡ ਹਾਲੇ ਵੀ ਕਾਇਮ ਹਨ। ਉਹ ਬਹੁਤ ਸਾਰੇ ਅੰਤਰਰਾਸ਼ਟਰੀ ਇਕ ਰੋਜ਼ਾ ਅਤੇ ਟੈਸਟ ਮੈਚਾਂ ਵਿਚ ਸਭ ਤੋਂ ਵੱਧ ਦੌੜਾਂ ਬਣਾਉਣ ਕਰਕੇ 'ਪਲੇਅਰ ਆਫ਼ ਦਾ ਮੈਚ' ਦੇ ਕਈ ਅਵਾਰਡ ਜਿੱਤ ਚੁੱਕੈ। ਕੌਮਾਂਤਰੀ ਪੱਧਰ 'ਤੇ ਸੈਂਚਰੀਆਂ ਦੀ ਸੈਂਚਰੀ ਮਾਰਨ ਵਾਲਾ ਵਿਸ਼ਵ ਦਾ ਉਹ ਪਹਿਲਾ ਕ੍ਰਿਕਟ ਖਿਡਾਰੀ ਹੈ।

1987 ਵਿਚ ਪਹਿਲੀ ਵਾਰ ਉਸ ਨੂੰ ਮਹਾਨ ਕ੍ਰਿਕਟ ਖਿਡਾਰੀ ਸੁਨੀਲ ਗਵਾਸਕਰ ਨੇ ਖੇਡਦੇ ਵੇਖਿਆ ਤਾਂ ਆਪਣੇ ਹਲਕੇ ਕ੍ਰਿਕਟ ਪੈਡ ਉਹਨੂੰ ਇਨਾਮ ਵਜੋਂ ਦੇ ਦਿੱਤੇ ਜੋ ਉਸ ਲਈ ਹੌਸਲਾ ਵਧਾਊ ਸਾਬਤ ਹੋਏ। 14 ਨਵੰਬਰ 1987 ਨੂੰ 14 ਸਾਲ ਦੀ ਕਿਸ਼ੋਰ ਉਮਰੇ ਉਹ ਰਾਂਜੀ ਟਰਾਫੀ ਖੇਡਣ ਲਈ ਬੰਬਈ ਦੀ ਟੀਮ ਵਿਚ ਚੁਣਿਆ ਗਿਆ। ਉਥੋਂ ਉਹਦੀ ਗੁੱਡੀ ਚੜ੍ਹਨੀ ਸ਼ੁਰੂ ਹੋ ਗਈ। 1988 'ਚ ਉਹ ਕ੍ਰਿਕਟ ਕਲੱਬ ਆਫ਼ ਇੰਡੀਆ ਦੀ ਟੀਮ 'ਚ ਚੁਣ ਲਿਆ ਗਿਆ। 1989-90 'ਚ ਉਹ ਦਿੱਲੀ ਵਿਖੇ ਇਰਾਨੀ ਟਰਾਫੀ ਦੇ ਮੈਚ ਰੈਸਟ ਆਫ਼ ਇੰਡੀਆ ਟੀਮ ਦੀ ਵੱਲੋਂ ਖੇਡਿਆ।

1992 ਤੋਂ ਉਹ ਯੌਰਕਸ਼ਾਇਰ ਵੱਲੋਂ ਕਾਊਂਟੀ ਕ੍ਰਿਕਟ ਖੇਡਣ ਲੱਗਾ ਤਾਂ ਉਸ ਦੇ ਟੂਰ ਲੱਗਣੇ ਸ਼ੁਰੂ ਹੋ ਗਏ। ਉਹ 17ਵੇਂ ਸਾਲ ਦੀ ਉਮਰੇ ਅੰਤਰਰਾਸ਼ਟਰੀ ਟੈਸਟ ਮੈਚ ਖੇਡਣ ਲੱਗ ਪਿਆ ਸੀ। 1994 ਤੋਂ ਉਹ ਵਨ ਡੇ ਇੰਟਨੈਸ਼ਨਲ ਮੈਚ ਖੇਡਣ ਲੱਗਾ। 1995-96 ਦੇ ਇਰਾਨੀ ਕੱਪ ਵਿਚ ਉਸ ਨੇ ਰੈਸਟ ਆਫ਼ ਇੰਡੀਆ ਦੀ ਟੀਮ ਵਿਰੁੱਧ ਮੁੰਬਈ ਟੀਮ ਦੀ ਕਪਤਾਨੀ ਕੀਤੀ। **1995 ਵਿਚ ਜਦੋਂ ਉਹਦੀ ਗੁੱਡੀ ਸਿਖਰ 'ਤੇ ਸੀ, ਉਹਦਾ ਵਿਆਹ ਗੁਜਰਾਤੀ ਮੂਲ ਦੀ ਚਕਿਤਸਿਕ ਅੰਜਲੀ ਮਹਿਤਾ ਨਾਲ ਹੋ ਗਿਆ। ਉਨ੍ਹਾਂ ਦੀ ਪਹਿਲੀ ਮੁਲਾਕਾਤ** 1990 ਵਿਚ ਮੁੰਬਈ ਏਅਰਪੋਰਟ ਉੱਤੇ ਹੋਈ ਸੀ ਜਦੋਂ ਸਚਿਨ ਭਾਰਤ ਦੀ ਟੀਮ ਨਾਲ ਵਾਪਸ ਘਰ ਆ ਰਿਹਾ ਸੀ। **ਵਿਆਹ ਪਿੱਛੋਂ ਅੰਜਲੀ ਨੇ ਨੌਕਰੀ ਛੱਡ ਦਿੱਤੀ ਸੀ। ਉਨ੍ਹਾਂ ਦੇ ਬੱਚੇ ਸਾਰਾ ਤੇਂਦੁਲਕਰ ਤੇ ਅਰਜੁਨ ਤੇਂਦੁਲਕਰ ਹਨ।**

ਸਚਿਨ 11 ਸਾਲਾਂ ਦਾ ਸੀ ਜਦੋਂ ਕ੍ਰਿਕਟ ਨੂੰ ਸਮਰਪਿਤ ਹੋ ਗਿਆ ਸੀ। ਸਕੂਲਾਂ 'ਚ ਖੇਡਦਾ ਉਹ ਕਲੱਬਾਂ ਨਾਲ ਖੇਡਣ ਲੱਗ ਪਿਆ ਸੀ। 15 ਨਵੰਬਰ 1989 ਨੂੰ ਉਹ ਮੁੰਬਈ ਵੱਲੋਂ ਕਰਾਚੀ ਵਿਖੇ ਆਪਣੇ ਖੇਡ ਕੈਰੀਅਰ ਦਾ ਪਹਿਲਾ ਟੈਸਟ ਮੈਚ ਖੇਡਣ ਗਿਆ। ਉਹ 24 ਸਾਲ ਮੁੰਬਈ ਤੇ ਭਾਰਤ ਦੀਆਂ ਟੀਮਾਂ ਦੀ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਨੁਮਾਇੰਦਗੀ ਕਰਦਾ ਰਿਹਾ। 1996 ਦੇ ਵਰਲਡ ਕੱਪ ਵਿਚ ਉਸ ਨੇ 2 ਸੈਂਕੜੇ ਮਾਰੇ ਤੇ 1998 ਦੇ ਆਸਟ੍ਰੇਲੀਅਨ ਟੂਰ ਵਿਚ ਲਗਾਤਾਰ 3 ਸੈਂਚਰੀਆਂ ਮਾਰੀਆਂ। 1999 ਦੌਰਾਨ ਏਸ਼ੀਅਨ ਟੈਸਟ ਚੈਂਪੀਅਨਸ਼ਿਪ, ਟੈਸਟ ਮੈਚ ਤੇ ਵਰਲਡ ਕੱਪਾਂ ਵਿਚ ਉਸ ਦੀ ਖੇਡ ਦੇ ਅੰਕੜੇ ਹੋਰ ਉੱਚੇ ਤੋਂ ਉੱਚੇ ਹੁੰਦੇ ਚਲੇ ਗਏ।

2002 ਵਿਚ ਜਦੋਂ ਉਹ ਆਪਣੇ ਖੇਡ ਕੈਰੀਅਰ ਦੇ ਅੱਧ ਵਿਚਾਲੇ ਸੀ ਤਾਂ ਵਿਜ਼ਡਨ ਰੈਂਕ ਅਨੁਸਾਰ ਡੌਨ ਬਰੈਡਮੈਨ ਨਾਲ ਉਹ ਵਿਸ਼ਵ ਦਾ ਦੂਜਾ ਮਹਾਨਤਮ ਬੱਲੇਬਾਜ਼ ਬਣ ਚੁੱਕਾ ਸੀ। ਉਸੇ ਸਾਲ ਸਚਿਨ ਦੀ ਟੀਮ ਨੇ 2002 ਦੀ ਆਈਸੀਸੀ ਚੈਂਪੀਅਨਜ਼ ਟਰਾਫੀ ਜਾਇੰਟ ਵਿਨਰਜ਼ ਵਜੋਂ ਜਿੱਤਣ ਦਾ ਮਾਅਰਕਾ ਮਾਰਿਆ। 2003 ਦੇ ਵਰਲਡ ਕੱਪ ਵਿਚ ਉਹ 'ਪਲੇਅਰ ਆਫ਼ ਦਾ ਟੂਰਨਾਮੈਂਟ' ਐਲਾਨਿਆ ਗਿਆ। 2011 ਵਿਚ ਉਹ ਕ੍ਰਿਕਟ ਦਾ ਵਰਲਡ ਕੱਪ ਜਿੱਤਣ ਵਾਲੀ ਭਾਰਤੀ ਟੀਮ ਦਾ ਸਭ ਤੋਂ ਮਹੱਤਵ ਪੂਰਨ ਖਿਡਾਰੀ ਸੀ।

ਸਚਿਨ ਇਕ ਰੋਜ਼ਾ ਅੰਤਰਰਾਸ਼ਟਰੀ ਕ੍ਰਿਕਟ ਤੋਂ 2012 ਵਿਚ ਰਿਟਾਇਰ ਹੋਇਆ ਜਦ ਕਿ ਆਪਣਾ 200ਵਾਂ ਟੈਸਟ ਮੈਚ ਖੇਡਣ ਪਿੱਛੋਂ ਨਵੰਬਰ 2013 ਵਿਚ ਸਰਗਰਮ ਕ੍ਰਿਕਟ ਖੇਡਣ ਤੋਂ ਪੱਕੇ ਤੌਰ 'ਤੇ ਰਿਟਾਇਰ ਹੋ ਗਿਆ। ਉਸ ਨੇ 664 ਅੰਤਰਰਾਸ਼ਟਰੀ ਮੈਚ ਖੇਡੇ ਅਤੇ 34,357 ਦੌੜਾਂ ਬਣਾਈਆਂ। 2019 ਵਿਚ ਉਸ ਦਾ ਨਾਂ ਆਈਸੀਸੀ ਕ੍ਰਿਕਟ ਹਾਲ ਆਫ਼ ਫੇਮ ਵਿਚ ਫਰੇਮ ਕੀਤਾ ਗਿਆ।

ਉਹ ਕਮਾਲ ਦਾ ਬੱਲੇਬਾਜ਼ ਹੀ ਨਹੀਂ ਲੋੜ ਪੈਣ 'ਤੇ ਮੈਚ ਜਿੱਤ ਵੱਲ ਲਿਜਾਣ ਵਾਲਾ ਗੇਂਦਬਾਜ਼ ਵੀ ਸੀ। ਜਦੋਂ ਕੋਈ ਜੋੜੀ ਲਗਾਤਾਰ ਰੱਨ 'ਤੇ ਰੱਨ ਬਣਾਈ ਜਾਂਦੀ ਤਾਂ ਜੋੜੀ ਨੂੰ ਤੋੜਨ ਲਈ ਸਚਿਨ ਨੂੰ ਗੇਂਦ ਸੁੱਟਣ ਲਈ ਕਿਹਾ ਜਾਂਦਾ। ਬਹੁਤੇ ਬੱਲੇਬਾਜ਼ ਉਹਦੀ ਗੇਂਦਬਾਜ਼ੀ ਤੋਂ ਅਣਜਾਣ ਹੁੰਦੇ ਤੇ ਉਹਦੇ ਗੇਂਦ ਜਾਲ ਵਿਚ ਫਸ ਕੇ ਆਊਟ ਹੋ ਜਾਂਦੇ। 1993 ਵਿਚ ਕੋਲਕੱਤੇ ਦੇ ਈਡਨ ਗਾਰਡਨ ਸਟੇਡੀਅਮ ਵਿਖੇ ਇੰਡੀਆ ਵਿਰੁੱਧ ਖੇਡੇ ਮੈਚ ਵਿਚ ਦੱਖਣੀ ਅਫਰੀਕਾ ਨੂੰ ਮੈਚ ਜਿੱਤਣ ਲਈ ਕੇਵਲ 5 ਦੌੜਾਂ ਚਾਹੀਦੀਆਂ ਸਨ। ਆਖ਼ਰੀ ਓਵਰ ਸੁੱਟਣ ਲਈ ਗੇਂਦ ਸਚਿਨ ਨੂੰ ਦਿੱਤੀ ਗਈ ਤਾਂ ਕਈਆਂ ਨੂੰ ਹੈਰਾਨੀ ਹੋਈ! ਪਰ ਉਸ ਨੇ ਆਖ਼ਰੀ ਓਵਰ 'ਚ 5 ਦੌੜਾਂ ਵੀ ਨਾ ਬਣਨ ਦਿੱਤੀਆਂ ਜਿਸ ਨਾਲ ਭਾਰਤੀ ਟੀਮ ਹਾਰਦੀ-ਹਾਰਦੀ ਮੈਚ ਜਿੱਤ ਗਈ। ਸਚਿਨ ਨੇ ਦੌੜਾਂ ਬਣਾਉਣ ਦੇ ਤਾਂ ਢੇਰ ਲਾਏ ਹੀ ਲਾਏ, ਨਾਲ 201 ਵਿਕਟਾਂ ਵੀ ਲਈਆਂ! 2001 ਵਿਚ ਈਡਨ ਦੇ ਮੈਦਾਨ ਵਿਚ ਹੀ ਆਸਟ੍ਰੇਲੀਆ ਦੀਆਂ 3 ਵਿਕਟਾਂ ਲੈ ਕੇ ਭਾਰਤੀ ਟੀਮ ਨੂੰ ਜਿਤਾਇਆ ਤੇ ਟੈਸਟ ਮੈਚਾਂ ਦੀ ਲੜੀ ਜਿੱਤੀ।

ਸਚਿਨ 16 ਸਾਲ 205 ਦਿਨਾਂ ਦਾ ਸੀ ਜਦੋਂ ਇੰਟਰਨੈਸ਼ਨਲ ਟੈੱਸਟ ਮੈਚ ਖੇਡਣ ਲੱਗਾ। ਉਸ ਦੇ ਪਹਿਲੇ ਹੀ ਟੈੱਸਟ ਮੈਚ ਵਿਚ ਨੱਕ ਉਤੇ ਬਾਲ ਲੱਗ ਗਈ ਸੀ ਪਰ ਅਸ਼ਕੇ ਉਸ ਦੇ ਕਿ ਜ਼ਖ਼ਮੀ ਨੱਕ ਨਾਲ ਵੀ ਕਰੀਜ਼ 'ਤੇ ਡਟਿਆ ਰਿਹਾ। ਉਹਦੀ ਪਹਿਲੀ ਸੈਂਚਰੀ 1990 'ਚ ਇੰਗਲੈਂਡ ਵਿਚ ਵੱਜੀ। 1991-92 ਵਿਚ ਉਸ ਨੇ ਆਸਟ੍ਰੇਲੀਆ ਦੇ ਸ਼ਹਿਰ ਸਿਡਨੀ ਵਿਚ 148 ਦੌੜਾਂ ਤੇ ਪਰਥ ਵਿਚ 114 ਦੌੜਾਂ ਬਣਾਈਆਂ। 1990 ਤੋਂ 2000 ਤਕ ਉਹ ਸਿਖਰ ਦੀ ਫਾਰਮ ਵਿਚ ਸੀ। 2000 ਦੌਰਾਨ ਉਸ ਨੂੰ ਕੁਝ ਐਸੀਆਂ ਸੱਟਾਂ ਲੱਗੀਆਂ ਕਿ ਬੱਲੇਬਾਜ਼ੀ ਕਰਨੀ ਮੁਸ਼ਕਲ ਹੋ ਗਈ ਸੀ। ਪਰ ਉਹ ਵਿਵੀਅਨ ਰਿਚਰਡਜ਼ ਦੀ ਸਲਾਹ ਨਾਲ ਫਿਰ ਵੀ ਖੇਡਦਾ ਰਿਹਾ। 2008 ਵਿਚ ਉਸ ਦੀ ਮੇਜਰ ਸਰਜਰੀ ਹੋਈ। ਉਸ ਨੇ ਫਿਰ ਵੀ ਖੇਡਣਾ ਜਾਰੀ ਰੱਖਿਆ ਤੇ ਲੀਜੈਂਡਰੀ ਬੱਲੇਬਾਜ਼ ਬਰੀਆਨ ਲਾਰਾ ਦਾ ਰਿਕਾਰਡ ਤੋੜਿਆ। ਅਗਸਤ 2009 ਤੋਂ ਅਗਸਤ 2010 ਵਿਚਾਲੇ 1000 ਤੋਂ ਵੱਧ ਦੌੜਾਂ ਬਣਾਈਆਂ ਜਿਨ੍ਹਾਂ 'ਚ ਦੱਖਣੀ ਅਫਰੀਕਾ ਵਿਰੁੱਧ ਇਕ ਡਬਲ ਸੈਂਚਰੀ ਵੀ ਸੀ। 2010 ਵਿਚ ਆਈਸੀਸੀ ਨੇ ਉਸ ਨੂੰ ਕ੍ਰਿਕਟਰ ਆਫ਼ ਦਾ ਈਅਰ ਘੋਸ਼ਿਤ ਕੀਤਾ।

1996 ਦੇ ਕ੍ਰਿਕਟ ਵਰਲਡ ਕੱਪ 'ਚ ਦੋ ਸੈਂਕੜਿਆਂ ਸਮੇਤ 523 ਦੌੜਾਂ ਬਣਾ ਕੇ ਉਹ ਟੌਪ ਸਕੋਰਰ ਰਿਹਾ। 1999 ਦੇ ਵਿਸ਼ਵ ਕੱਪ ਸਮੇਂ ਉਸ ਦੇ ਪਿਤਾ ਦੀ ਮ੍ਰਿਤੂ ਹੋ ਗਈ ਸੀ ਜਿਸ ਕਰਕੇ ਉਸ ਨੂੰ ਇੰਗਲੈਂਡ ਤੋਂ ਘਰ ਪਰਤਣਾ ਪਿਆ ਤੇ ਤੁਰਤ ਵਾਪਸੀ ਕਰ ਕੇ ਕੀਨੀਆ ਵਿਰੁਧ ਖੇਡਣਾ ਪਿਆ ਸੀ। ਉਸ ਮੈਚ ਵਿਚ ਸਚਿਨ ਨੇ ਸੈਂਚਰੀ ਮਾਰੀ ਜੋ ਆਪਣੇ ਸਵਰਗਵਾਸੀ ਪਿਤਾ ਨੂੰ ਅਰਪਿਤ ਕੀਤੀ।

ਸਚਿਨ ਮੁੰਬਈ ਇੰਡੀਅਨਜ਼ ਟੀਮ ਦਾ ਕੈਪਟਨ ਬਣ ਕੇ 2008 ਤੋਂ 2011 ਤਕ ਇੰਡੀਅਨ ਪ੍ਰੀਮੀਅਰ ਲੀਗ ਖੇਡਿਆ ਪਰ ਉਦੋਂ ਜਿੱਤ ਹਾਸਲ ਨਾ ਕਰ ਸਕਿਆ। 2013 ਵਿਚ ਜਦੋਂ ਮੁੰਬਈ ਇੰਡੀਅਨਜ਼ ਨੇ ਆਈਪੀਐੱਲ ਟਰਾਫੀ ਜਿੱਤੀ ਤਾਂ ਉਹ ਟੀਮ ਦਾ ਮਹੱਤਵ ਪੂਰਨ ਅੰਗ ਸੀ। ਉਸ ਤੋਂ ਬਾਅਦ ਉਹ ਰਿਟਾਇਰ ਹੋ ਗਿਆ। 6 ਨਵੰਬਰ 2014 ਨੂੰ ਉਸ ਦੀ ਸਵੈ-ਜੀਵਨੀ 'ਪਲੇਇੰਗ ਇਟ ਮਾਈ ਵੇਅ' ਰਿਲੀਜ਼ ਹੋਈ। ਲਿਮਕਾ ਬੁੱਕ ਆਫ਼ ਰਿਕਾਰਡਜ਼ ਅਨੁਸਾਰ ਉਸ ਪੁਸਤਕ ਦੀਆਂ 150,289 ਕਾਪੀਆਂ ਅਗਾਊਂ ਵਿਕਣ ਦਾ ਰਿਕਾਰਡ ਕਾਇਮ ਹੋਇਆ। 2017 ਵਿਚ 'ਸਚਿਨ: ਏ ਬਿਲੀਅਨ ਡਰੀਮਜ਼' ਤੇ 2023 ਵਿਚ 'ਸਚਿਨ: ਦਿ ਅਲਟੀਮੇਟ ਵਿਨਰ' ਫਿਲਮਾਂ ਰਿਲੀਜ਼ ਹੋਈਆਂ।

ਸਚਿਨ ਨੇ ਟੈਸਟ ਮੈਚ, ਓਡੀਆਈ, ਟੀ-ਟਵੰਟੀ ਗੱਲ ਕੀ ਹਰ ਤਰ੍ਹਾਂ ਦੀ ਕ੍ਰਿਕਟ ਖੇਡਣ ਨਾਲ 6 ਵਿਸ਼ਵ ਕੱਪ ਵੀ ਖੇਡੇ। 2011 ਵਿਚ ਵਿਸ਼ਵ ਕੱਪ ਜਿੱਤਿਆ ਤਾਂ ਖ਼ੁਸ਼ੀ ਵਿਚ ਉਹਦੇ ਹੰਝੂ ਵਹਿ ਤੁਰੇ ਸਨ। 2013 'ਚ ਵਾਨਖੇੜੇ ਸਟੇਡੀਅਮ ਮੁੰਬਈ ਵਿਚ ਵਿਦਾਇਗੀ ਮੈਚ ਖੇਡਿਆ ਤਾਂ ਉਹਦੇ ਅੱਥਰੂਆਂ ਨਾਲ ਦਰਸ਼ਕਾਂ ਦੀਆਂ ਅੱਖਾਂ ਵੀ ਭਰ ਆਈਆਂ ਸਨ। ਭਰੇ ਸਟੇਡੀਅਮ ਨੇ ਹਉਕਾ ਭਰਿਆ ਸੀ। ਭਾਰਤ ਹੀ ਨਹੀਂ ਸਮੁੱਚੇ ਖੇਡ ਜਗਤ ਲਈ ਉਹ ਭਾਵਕ ਪਲ ਸਨ। ਕ੍ਰਿਕਟ ਤੋਂ ਰਿਟਾਇਰ ਹੋ ਕੇ ਸਚਿਨ ਨੇ ਸਪੋਰਟਸ, ਸਿਹਤ ਤੇ ਸਿੱਖਿਆ ਲਈ ਪੁੰਨ ਦੇ ਕਈ ਐਸੇ ਕਾਰਜ ਵਿਢੇ ਹੋਏ ਨੇ ਜੋ ਲੋੜਵੰਦਾਂ ਦੀਆਂ ਅਸੀਸਾਂ ਲੈ ਰਹੇ ਨੇ। ਉਹ ਖੇਡ ਮੈਦਾਨਾਂ ਵਿਚ ਤਾਂ ਚਮਕਿਆ ਹੀ ਹੈ, ਸੇਵਾ ਦੇ ਖੇਤਰ ਵਿਚ ਵੀ ਲਿਸ਼ਕਦਾ ਰਹੇਗਾ। ਦੌੜਾਂ ਦੀਆਂ ਝੜੀਆਂ ਲਾਉਣ ਵਾਲੇ ਕ੍ਰਿਕਟ ਦੇ ਰੁਸਤਮੇ ਜ਼ਮਾਂ ਸਚਿਨ ਤੇਂਦੁਲਕਰ ਦੀ ਬਾਤ ਅਜੇ ਮੁੱਕੀ ਨਹੀਂ। ਇਹ ਆਉਣ ਵਾਲੀਆਂ ਪੀੜ੍ਹੀਆਂ ਲਈ ਪ੍ਰੇਰਨਾ ਦਾ ਸੋਮਾ ਬਣੀ ਰਹੇਗੀ।

# ਜੀਣ ਦਾ ਸਲੀਕਾ

ਪ੍ਰੋ. ਨਵ ਸੰਗੀਤ ਸਿੰਘ

ਜੀਵਨ ਜੀਣ ਦਾ ਸਹੀ ਸਲੀਕਾ ਹਰ ਵਿਅਕਤੀ ਨੂੰ ਨਹੀਂ ਆਉਂਦਾ। ਹਾਲਾਂਕਿ ਕੁਝ ਗੱਲਾਂ ਦਾ ਧਿਆਨ ਰੱਖ ਕੇ ਜ਼ਿੰਦਗੀ ਨੂੰ ਸੁਖਾਵਾਂ ਬਣਾਇਆ ਜਾ ਸਕਦਾ ਹੈ। ਮਨੁੱਖੀ ਜੀਵਨ ਵਿਚ ਦੁਖ-ਸੁਖ ਆਉਂਦੇ ਹੀ ਹਨ। ਇਨ੍ਹਾਂ ਦੋ ਪੱਖਾਂ ਵਿਚਾਲੇ ਆਪਣੇ-ਆਪ ਨੂੰ ਸੰਤੁਲਿਤ ਰੱਖ ਕੇ ਜ਼ਿੰਦਗੀ ਨੂੰ ਕਿਵੇਂ ਇੱਕ ਬਿਹਤਰੀਨ ਤਰੀਕੇ ਨਾਲ ਜੀਵਿਆ ਜਾਏ- ਇਹ ਕਲਾ ਹਰ ਕਿਸੇ ਨੂੰ ਨਹੀਂ ਆਉਂਦੀ। ਇਸੇ ਨੂੰ ਜੀਣ ਦਾ ਸਲੀਕਾ ਕਹਿੰਦੇ ਹਨ। ਜੀਹਨੂੰ ਇਹ ਕਲਾ ਆਉਂਦੀ ਹੈ, ਉਹ ਕੰਡਿਆਂ ਵਿਚੋਂ ਗੁਲਾਬ ਤੋੜ ਕੇ ਲੈ ਜਾਂਦਾ ਹੈ; ਜੀਹਨੂੰ ਨਹੀਂ ਆਉਂਦੀ, ਉਹ ਗੁਲਾਬ ਨੂੰ ਤੋੜਨ ਵਿਚ ਆਪਣੇ ਹੱਥ ਲਹੂ-ਲੁਹਾਨ ਕਰ ਲੈਂਦਾ ਹੈ। ਜੀਵਨ ਜੀਣ ਲਈ ਕੈਰੀਅਰ ਬਣਾਉਣ ਦੀ ਲੋੜ ਪੈਂਦੀ ਹੈ। ਪਰ ਸਿਰਫ਼ ਕੈਰੀਅਰ ਲਈ ਹੀ ਜ਼ਿੰਦਗੀ ਜੀਣਾ ਕੋਈ ਮਾਇਨੇ ਨਹੀਂ ਰੱਖਦਾ।

ਸੰਤੁਲਿਤ, ਸੁਖਾਵੇਂ ਅਤੇ ਚੰਗੇਰੇ ਜੀਵਨ ਲਈ ਇਹ ਗੱਲਾਂ ਧਿਆਨ ਵਿਚ ਰੱਖਣੀਆਂ ਚਾਹੀਦੀਆਂ ਹਨ -ਸਾਕਾਰਾਤਮਕ ਪਹਿਲੂ 'ਤੇ ਧਿਆਨ ਦੇਣਾ; ਪ੍ਰਕਿਰਤੀ ਵਿਚ ਸਮਾਂ ਬਿਤਾਉਣਾ; ਸੰਗੀਤ ਨੂੰ ਆਪਣਾ ਪਰਮ ਮਿੱਤਰ ਬਣਾਉਣਾ। ਜੀਵਨ ਜੀਣ ਦੇ ਸਲੀਕੇ ਦਾ ਸਹੀ ਢੰਗ ਹੈ- ਸਿਹਤਮੰਦ ਰਹੋ; ਖੁਦ 'ਤੇ ਭਰੋਸਾ ਰੱਖੋ; ਰਿਸ਼ਤਿਆਂ ਨੂੰ ਅਹਿਮੀਅਤ ਦਿਉ; ਗੁੱਸੇ ਨੂੰ ਕਾਬੂ ਵਿਚ ਰੱਖੋ; ਹਮੇਸ਼ਾ ਕੁਝ ਨਾ ਕੁਝ ਸਿੱਖਦੇ ਰਹੋ; ਕ੍ਰਿਆਸ਼ੀਲ ਰਹੋ, ਵਿਹਲੇ ਜਾਂ ਨਿਕੰਮੇ ਨਾ ਬੈਠੋ; ਸਮੇਂ ਦਾ ਸਦਉਪਯੋਗ ਕਰੋ; ਮਾਨਸਿਕ ਸਿਹਤ ਦਾ ਖਿਆਲ ਰੱਖੋ; ਪੂਰੀ ਨੀਂਦ ਲਓ; ਨਿਯਮਿਤ ਤੌਰ ਤੇ ਕਸਰਤ/ਸੈਰ ਕਰੋ; ਆਪਣੇ-ਆਪ 'ਤੇ ਭਰੋਸਾ ਰੱਖੋ; ਆਪਣੇ 'ਤੋਂ ਵੱਡਿਆਂ ਦਾ ਆਦਰ-ਸਤਿਕਾਰ ਕਰੋ, ਪਰ ਇਹ ਜ਼ਰੂਰੀ ਨਹੀਂ ਕਿ ਉਨ੍ਹਾਂ ਦੀ ਹਰ ਗੱਲ ਅੱਖਾਂ ਬੰਦ ਕਰਕੇ ਮੰਨ ਲਓ"; ਸਾਦਾ ਜੀਵਨ ਅਤੇ ਉੱਚ ਵਿਚਾਰ ਰੱਖੋ। ਜੋ ਤੁਹਾਨੂੰ ਮਿਲਣਾ ਹੈ, ਉਹ ਕੋਈ ਖੋਹ ਨਹੀਂ ਸਕਦਾ ਅਤੇ ਦੂਜਾ ਕੋਈ ਆਪਣਾ ਹਿੱਸਾ ਤੁਹਾਨੂੰ ਦੇ ਨਹੀਂ ਸਕਦਾ।

ਕਈ ਲੋਕ ਜੀਵਨ ਜੀਣ ਤੋਂ ਵੱਧ ਸਮਾਂ ਜੀਵਨ ਨੂੰ ਸੰਵਾਰਨ ਵਿਚ ਖਰਚ ਕਰ ਦਿੰਦੇ ਹਨ। ਕੋਈ ਵਿਅਕਤੀ ਪੈਸੇ ਕਮਾਉਣ ਨੂੰ ਮਹੱਤਵ ਦਿੰਦਾ ਹੈ ਤੇ ਕਈ ਰਾਜਸੀ ਸੱਤਾ ਪ੍ਰਾਪਤ ਕਰਨ ਨੂੰ ਅਹਿਮੀਅਤ ਦਿੰਦਾ ਹੈ। ਇਸ ਤਰ੍ਹਾਂ ਜੀਵਨ ਦੇ ਮਹੱਤਵਪੂਰਨ ਸਮੇਂ ਨੂੰ ਭੱਜ-ਦੌੜ ਵਿਚ ਨਸ਼ਟ ਕਰ ਦਿੰਦਾ ਹੈ। ਅੱਜਕੱਲ੍ਹ ਹਰ ਚੀਜ਼ 'ਤੇ ਉਹਦੀ ਵਰਤੋਂ ਦੀ ਮਿਆਦ ਲਿਖੀ ਹੁੰਦੀ ਹੈ। ਜੇਕਰ ਉਹਨੂੰ ਨਿਸ਼ਚਿਤ ਸਮੇਂ ਦੇ ਅੰਦਰ ਇਸਤੇਮਾਲ ਨਾ ਕੀਤਾ ਜਾਵੇ, ਤਾਂ ਉਹਦੀ ਮਿਆਦ ਪੁੱਗ ਜਾਂਦੀ ਹੈ ਤੇ ਨਾ ਵਰਤੀ ਗਈ ਚੀਜ਼ ਵਰਤਣਯੋਗ ਨਹੀਂ ਰਹਿੰਦੀ। ਇਸੇ ਤਰ੍ਹਾਂ ਬਹੁਤੇ ਮਨੁੱਖ ਜੀਵਨ ਵਿਚ ਭੱਜ-ਦੌੜ ਕਰਦੇ ਹੀ ਮੌਤ ਦੀ ਦਹਿਲੀਜ਼ 'ਤੇ ਪਹੁੰਚ ਜਾਂਦੇ ਹਨ, ਫਿਰ ਉਨ੍ਹਾਂ ਨੂੰ ਅਫ਼ਸੋਸ ਹੁੰਦਾ ਹੈ ਕਿ ਜੀਵਨ ਤਾਂ ਉਨ੍ਹਾਂ ਜੀਵਿਆ ਹੀ ਨਹੀਂ!

ਇਸ ਲਈ ਮਨੁੱਖ ਨੂੰ ਹਮੇਸ਼ਾ ਸੰਤੁਲਿਤ ਅਵਸਥਾ ਵਿਚ ਜੀਵਨ ਬਿਤਾਉਣਾ ਚਾਹੀਦਾ ਹੈ। ਯਾਨੀ ਦੁਖ ਵਿਚ ਬਹੁਤਾ ਵਿਚਲਿਤ ਨਹੀਂ ਹੋਣਾ ਚਾਹੀਦਾ ਤੇ ਸੁਖ ਵਿਚ ਛਾਲਾਂ ਨਹੀਂ ਮਾਰਨੀਆਂ ਚਾਹੀਦੀਆਂ। ਇਹੋ ਹੀ ਜੀਵਨ ਜੀਣ ਦਾ ਉੱਤਮ ਸਲੀਕਾ ਹੈ।

# ਗਿਆਨ ਦਾ ਖ਼ਜ਼ਾਨਾ ਹੈ ਪੁਸਤਕ –'ਗੁਰੂ ਨਾਨਕ ਸਾਹਿਬ ਦੀਆਂ ਅਨਮੋਲ ਹਿਦਾਇਤਾਂ'


ਡਾ. ਸਤਿੰਦਰ ਪਾਲ ਸਿੰਘ ਗੁਰਬਾਣੀ ਦਾ ਗਿਆਤਾ, ਵਿਸ਼ਲੇਸ਼ਣਕਾਰ, ਚਿੰਤਕ ਤੇ ਸਮਰੱਥ ਵਿਦਵਾਨ ਹੈ। ਉਸਨੇ ਗੁਰਬਾਣੀ ਵਿਚਾਰਧਾਰਾ ਦਾ ਅਧਿਐਨ ਕੀਤਾ ਹੋਇਆ ਹੈ। ਉਸਨੂੰ ਗੁਰਮਤਿ ਤੇ ਗੁਰਬਾਣੀ ਨਾਲ ਅਥਾਹ ਪ੍ਰੇਮ ਹੈ, ਇਸ ਲਈ ਉਸ ਦੀਆਂ ਸਾਰੀਆਂ ਪੁਸਤਕਾਂ ਹੀ ਗੁਰਬਾਣੀ ਦੀ ਵਿਚਾਰਧਾਰਾ ਨਾਲ ਓਤ-ਪੋਤ ਹੁੰਦੀਆਂ ਹਨ। ਪੜਚੋਲ ਅਧੀਨ ਉਸ ਦੀ ਪੁਸਤਕ 'ਗੁਰੂ ਨਾਨਕ ਸਾਹਿਬ ਦੀਆਂ ਅਨਮੋਲ ਹਿਦਾਇਤਾਂ' ਵੀ ਸੁਚੱਜਾ ਜੀਵਨ ਜਿਉਣ ਲਈ ਸ੍ਰੀ ਗੁਰੂ ਨਾਨਕ ਦੇਵ ਜੀ ਬਾਣੀ ਦਾ ਸਾਰੰਸ਼ ਹਨ। ਉਸਨੇ ਇਸ ਪੁਸਤਕ ਵਿਚ ਪੰਜ ਲੇਖ 'ਗੁਰੂ ਨਾਨਕ ਸਾਹਿਬ ਦਾ ਮਿਸ਼ਨ', 'ਗੁਰੂ ਨਾਨਕ ਸਾਹਿਬ ਦੀ ਬਾਣੀ', 'ਸੁਣਿ ਸੁਣਿ ਸਿਖ ਹਮਾਰੀ', 'ਹਿਦਾਇਤਾਂ ਦਾ ਅੰਮ੍ਰਿਤ ਕਲਸ਼' ਅਤੇ 'ਗੁਰੂ ਨਾਨਕ ਸਾਹਿਬ ਦਾ ਰਿਨ' ਦਿੱਤੇ ਹਨ, ਜਿਹੜੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਮਨੁੱਖਤਾ ਨੂੰ ਦਿੱਤੀ ਅਗਵਾਈ ਨਾਲ ਸੰਬੰਧਤ ਹਨ, ਤਾਂ ਜੋ ਉਹ ਆਪਣਾ

ਉਜਾਗਰ ਸਿੰਘ
ਫੋਨ: 94178-13072

ਸੁਖਮਈ ਜੀਵਨ ਸਾਰਥਿਕ ਤਰੀਕੇ ਨਾਲ ਬਸਰ ਕਰ ਸਕਣ। ਇਹ ਸਾਰੇ ਲੇਖ ਇੱਕ-ਦੂਜੇ ਨਾਲ ਇੱਕ-ਮਿਕ ਹਨ। ਪਹਿਲਾ ਲੇਖ 'ਗੁਰੂ ਨਾਨਕ ਸਾਹਿਬ ਦਾ ਮਿਸ਼ਨ' ਹੈ, ਜਿਸ ਵਿਚ ਗੁਰੂ ਸਾਹਿਬ ਦਾ ਮਾਨਵਤਾ ਦੀ ਭਲਾਈ ਲਈ ਜਿਹੜਾ ਮਿਸ਼ਨ ਸੀ, ਉਸ ਬਾਰੇ ਗੁਰਬਾਣੀ ਵਿਚੋਂ ਉਦਾਹਰਣਾਂ ਦੇ ਕੇ ਸਾਬਤ ਕੀਤਾ ਹੈ ਕਿ ਉਹ ਸਰਬੱਤ ਦੇ ਭਲੇ ਦੇ ਮਿਸ਼ਨ ਨਾਲ ਲੋਕਾਈ ਨੂੰ ਸਿੱਧੇ ਰਸਤੇ ਪਾ ਰਹੇ ਸਨ। ਉਦਾਹਰਣਾਂ ਰੋਜ਼ਾਨਾ ਜੀਵਨ ਵਿਚੋਂ ਦਿੱਤੀਆਂ ਹਨ। ਇਸ ਲੇਖ ਵਿਚ ਸੁਦ੍ਰਿੜ੍ਹ ਲੇਖਕ ਨੇ ਸਰਬੱਤ ਦੇ ਭਲੇ ਲਈ ਬਰਾਬਰਤਾ, ਇਨਸਾਫ਼ ਦੀ ਵਕਾਲਤ, ਜਾਤ-ਪਾਤ, ਵਹਿਮ-ਭਰਮ, ਧਾਰਮਿਕ ਕੁਰੀਤੀਆਂ ਨੂੰ ਦੂਰ ਕਰਨ ਅਤੇ ਜ਼ਬਰ-ਜ਼ੁਲਮ ਵਿਰੁੱਧ ਆਵਾਜ਼ ਉਠਾਉਣ ਬਾਰੇ ਜਾਣਕਾਰੀ ਦਿੱਤੀ ਹੈ, ਕਿਉਂਕਿ ਉਸ ਸਮੇਂ ਲੋਕਾਈ ਧਾਰਮਿਕ ਅਡੰਬਰਾਂ ਅਤੇ ਵਹਿਮਾਂ-ਭਰਮਾਂ ਦੀ ਜਕੜ ਵਿਚ ਫਸੀ ਹੋਈ ਸੀ। ਲੋਕ ਲਾਲਚ, ਫਰੇਬ, ਧੋਖੇ, ਹੰਕਾਰ, ਝੂਠ ਉਚ-ਨੀਚ ਵਿਚ ਗ੍ਰਸਤ ਸਨ। ਇਸ ਲਈ ਗੁਰੂ ਸਾਹਿਬ ਨੇ ਲੋਕਾਈ ਦੇ ਸੁਖਮਈ ਜੀਵਨ ਬਤੀਤ ਕਰਨ ਦੇ ਸੌਖੇ ਢੰਗ ਤਰੀਕਿਆਂ ਦੀ ਜਾਣਕਾਰੀ ਤੇ ਪ੍ਰੇਮ ਭਗਤੀ ਵਿਚ ਮਗਨ ਹੋਣ ਦੀ ਪ੍ਰੇਰਨਾ ਦਿੱਤੀ। ਸੰਗਤ ਤੇ ਪੰਗਤ ਰਾਹੀਂ ਜਾਤ-ਪਾਤ ਤੇ ਉਚ-ਨੀਚ ਖ਼ਤਮ ਕਰਨ ਦਾ ਸੰਦੇਸ਼ ਦਿੱਤਾ। ਕਰਮ-ਕਾਂਡ ਅਤੇ ਵਹਿਮ-ਭਰਮ ਲੋਕਾਈ ਦਾ ਭਲਾ ਨਹੀਂ ਕਰ ਸਕਦੇ, ਉਨ੍ਹਾਂ ਸੰਵਾਦ ਦਾ ਢੰਗ ਵੀ ਅਪਣਾਇਆ। ਬਰਾਬਰਤਾ ਦਾ ਸੰਦੇਸ਼ ਦੇਣ ਲਈ ਗੁਰੂ ਸਾਹਿਬ ਨੇ ਉਚਾਰਿਆ:

ਰਾਣਾ ਰੰਕੁ ਬਰਾਬਰੀ ਪੈਰੀ ਪਵਣਾ ਜਗਿ ਵਰਤਾਇਆ।

ਗੁਰੂ ਸਾਹਿਬ ਨੇ ਦੱਸਿਆ ਜੀਵਾਂ ਦੇ ਕੀਤੇ ਕਰਮਾਂ ਅਨੁਸਾਰ ਹੀ ਯੁਗ ਹੁੰਦਾ ਹੈ। ਉਨ੍ਹਾਂ ਕਿਹਾ ਕਿ ਸੁਖ ਸੰਸਾਰਕ ਪਦਾਰਥਾਂ ਰੂਪ, ਰਸ, ਗੰਧ, ਬਲ ਵਿਚ ਨਹੀਂ, ਸਗੋਂ ਚੰਗੇ ਕੰਮ ਕਰਨ ਨਾਲ ਪਰਮਾਤਮਾ ਦੀ ਕਿਰਪਾ ਵਿਚ ਹੈ। ਗੁਰੂ ਸਾਹਿਬ ਨੇ ਸਮੁੱਚੀ ਮਨੁੱਖਤਾ ਲਈ ਜੀਵਨ-ਜਾਚ ਦੱਸੀ ਹੈ। ਦੂਜਾ ਲੇਖ 'ਗੁਰੂ ਨਾਨਕ ਦੀ ਬਾਣੀ' ਦੇ ਸਿਰਲੇਖ ਵਾਲਾ ਹੈ, ਜਿਸ ਵਿਚ ਲੇਖਕ ਨੇ ਗੁਰੂ ਸਾਹਿਬ ਦਾ ਗੁਰਬਾਣੀ ਰਾਹੀਂ ਸਮਾਜ ਨੂੰ ਗਿਆਨ ਵੰਡਣ ਦੇ ਮੰਤਵ ਬਾਰੇ ਦੱਸਿਆ ਹੈ। ਗੁਰਬਾਣੀ ਰਾਹੀਂ ਸਮਾਜਿਕ ਸੋਚ ਨੂੰ ਨਵੀਂ ਦਿਸ਼ਾ ਦੇ ਕੇ ਨਵੇਂ ਰਾਹ 'ਤੇ ਤੋਰਨਾ ਵੀ ਹੈ। ਗੁਰੂ ਜੀ ਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ 974 ਸ਼ਬਦ ਦਰਜ ਹਨ। ਉਨ੍ਹਾਂ ਆਪਣੀ ਬਾਣੀ ਇੱਕ ਪੋਥੀ ਵਿਚ ਲਿਖ ਕੇ ਸਾਂਭ ਲਈ ਸੀ। ਇਹ ਬਾਣੀ ਕਈ ਰੂਪਾਂ ਵਿਚ ਹੈ। ਬਹੁਪੱਖੀ ਤੇ ਸਮਾਜਿਕ ਸਰੋਕਾਰਾਂ ਵਾਲੀ ਹੈ। ਆਸਾ ਦੀ ਵਾਰ ਆਤਮ ਚੇਤਨਾ ਦੀ ਖ਼ੁਰਾਕ ਹੈ, ਗੁਰਬਾਣੀ/ਪਰਮਾਤਮਾ ਗ੍ਰਹਿਸਥ ਜੀਵਨ ਦੀ ਹਾਮੀ, ਵਿਗਿਆਨਕ, ਪਰਮਾਤਮਾ ਨਿਰਾਕਾਰ, ਸਰਵ ਸ੍ਰੇਸ਼ਟ, ਹਰ ਥਾਂ ਮੌਜੂਦ, ਸ੍ਰਿਸ਼ਟੀ ਦੇ ਕਣ-ਕਣ ਵਿਚ, ਸਿਰਜਕ, ਸਾਰੇ ਧਰਮ-ਕਰਮ ਵਿਚ, ਗੁਣਾਂ ਦਾ ਸਾਗਰ, ਸਰਵਉਚ, ਕਿਸੇ ਪ੍ਰਤੀ ਜਵਾਬਦੇਹ ਨਹੀਂ, ਹਰ ਕਾਰਜ ਮਨੁੱਖ ਦੇ ਹਿੱਤ ਲਈ, ਨਿਰਵੈਰ ਅਤੇ ਸੱਚ ਦੀ ਪਛਾਣ ਹੈ। ਪਰਮਾਤਮਾ ਦੀ ਪ੍ਰਾਪਤੀ ਲਈ ਕਿਸੇ ਵਿਚੋਲੇ ਦੀ ਲੋੜ ਨਹੀਂ, ਪਰਮਾਤਮਾ ਭਗਤੀ ਦੇ ਜ਼ਰੀਏ ਮਨੁੱਖ ਦਾ ਜੀਵਨ ਆਨੰਦਮਈ ਕਰਦਾ ਹੈ। ਤੀਜਾ ਲੇਖ 'ਸੁਣਿ ਸੁਣਿ ਸਿਖ ਹਮਾਰੀ' ਵਿਚ ਲੇਖਕ ਨੇ ਦੱਸਿਆ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਇੱਕ ਪਿਤਾ ਪਾਲਿਕ ਦੀ ਤਰ੍ਹਾਂ ਗੁਰਬਾਣੀ ਵਿਚ ਸੰਬੋਧਨ ਕਰਦੇ ਹੋਏ ਮਨੁੱਖਤਾ ਨੂੰ ਪਰਮਾਤਮਾ ਨਾਲ ਅਥਾਹ ਪ੍ਰੇਮ ਕਰਨ ਦੀ ਪ੍ਰੇਰਨਾ ਦਿੰਦੇ ਹਨ, ਕਿਉਂਕਿ ਪਰਮਾਤਮਾ ਪ੍ਰੇਮ ਵਿਚ ਪੂਰੇ ਬ੍ਰਹਿਮੰਡ ਸ਼ਾਮਲ ਹੈ। ਮਨਮੁੱਖ ਤੋਂ ਗੁਰਮੁੱਖ ਬਣਨ ਦਾ ਰਾਹ ਚੁਣਨਾ ਹੈ। ਜੀਵਨ ਦੀ ਮੁਕਤੀ ਲਈ ਮਨੁੱਖ ਨੂੰ ਖ਼ੁਦ ਜਤਨ ਕਰਨੇ ਪੈਣਗੇ। ਜੇਕਰ ਮਨੁੱਖ ਗੁਰੂ ਸਾਹਿਬ ਦੇ ਦੱਸੇ ਮਾਰਗ ਤੇ ਚਲੇਗਾ ਤਾਂ ਸਾਰੇ ਭਰਮ ਭੁਲੇਖੇ ਦੂਰ ਹੋ ਜਾਂਦੇ ਹਨ, ਵਿਕਾਰ ਸ਼ਾਂਤ ਹੋ ਜਾਂਦੇ ਹਨ। ਭਗਤੀ ਤੇ ਕਿਰਪਾ ਸੰਪੂਰਨ ਗਿਆਨ ਬਖ਼ਸ਼ਣ ਵਾਲੀ ਹੈ। ਮਨੁੱਖ ਆਤਮ ਪੜਚੋਲ ਕਰਕੇ ਪਰਮਾਤਮਾ ਨਾਲ ਜੁੜ ਜਾਂਦਾ ਹੈ। ਗੁਰਸਿੱਖ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਹੀ ਹੁਕਮ ਹੈ, ਜੀਵਨ ਜਿਓਣ ਦੇ ਢੰਗ ਲਈ ਹਿਦਾਇਤ ਹੈ। ਚੌਥਾ ਲੇਖ 'ਹਿਦਾਇਤਾਂ ਦਾ ਅੰਮ੍ਰਿਤ ਕਲਸ਼' ਵਿਚ ਲੇਖਕ ਨੇ ਵਿਸਤਾਰ ਨਾਲ ਗੁਰੂ ਨਾਨਕ ਦੇਵ ਜੀ ਵੱਲੋਂ ਲੋਕਾਈ ਨੂੰ ਉਨ੍ਹਾਂ ਦੇ ਸੁਨਹਿਰੀ ਜੀਵਨ ਜਿਓਣ ਲਈ ਹਿਦਾਇਤਾਂ ਦਾ ਵਰਣਨ ਕੀਤਾ ਹੈ। ਡਾ.ਸਤਿੰਦਰਪਾਲ ਸਿੰਘ ਨੇ ਗੁਰਬਾਣੀ ਦੀਆਂ ਉਦਾਹਰਨਾਂ ਦੇ ਕੇ ਮਾਨਵਤਾ ਨੂੰ ਸੌਖੇ ਢੰਗ ਨਾਲ ਸਮਝਾਉਣ ਦੀ ਕੋਸ਼ਿਸ਼ ਕੀਤੀ ਹੈ। ਗੁਰੂ ਸਾਹਿਬ ਨੇ ਵਿਖਾਵਾ, ਸੁੰਦਰ ਨਾਰੀ, ਸੁਹਣੇ ਤੇ ਵੱਡੇ ਘਰ, ਵਾਸ਼ਨਾਵਾਂ, ਘੁੰਮਡ, ਬਿਹਤਰੀਨ ਆਵਾਜਾਈ ਅਤੇ ਹੋਰ ਮਨ ਨੂੰ ਲੁਭਾਉਣ ਵਾਲੀਆਂ ਵਸਤਾਂ ਤੋਂ ਦੂਰ ਰਹਿਣ ਦੀ ਤਾਕੀਦ ਕੀਤੀ ਹੈ। ਇਨ੍ਹਾਂ ਨਾਲ ਇਨਸਾਨ ਭੁਲੇਖਿਆਂ ਵਿਚ ਹੀ ਉਲਝਿਆ ਰਹਿੰਦਾ ਹੈ। ਪਰਮਾਤਮਾ ਦੀ ਭਗਤੀ ਨਾਲ ਇਨ੍ਹਾਂ ਵਸਤਾਂ ਤੋਂ ਖਹਿੜਾ ਛੁਡਾ ਕੇ ਸਫਲ ਜੀਵਨ ਬਿਤਾਇਆ ਜਾ ਸਕਦਾ ਹੈ। ਵਿਅਕਤੀ ਦਾ ਚੰਗਾ ਕਿਰਦਾਰ ਹੀ ਉਸਦਾ ਬੇੜਾ ਪਾਰ ਕਰ ਸਕਦਾ ਹੈ। ਮੁੱਖ ਤੌਰ 'ਤੇ ਲੋਕਾਈ ਕੁਝ ਚੀਜ਼ਾਂ ਨੂੰ ਪਾਉਣ ਦੀ ਲਾਲਸਾ ਕਰਕੇ ਆਪਣਾ ਜੀਵਨ ਮੁਸ਼ਕਲਾਂ ਵਿਚ ਪਾ ਲੈਂਦਾ ਹੈ, ਜਿਨ੍ਹਾਂ ਵਿਚ, ਮੋਹ, ਮਾਇਆ, ਸੁਆਦ, ਸ਼ਿੰਗਾਰ, ਕੀਮਤੀ ਵਸਤਰ, ਸੁੰਦਰ





ਨਾਰੀ ਅਤੇ ਰਿਸ਼ਤੇ ਸ਼ਾਮਲ ਹਨ। ਇਹ ਸਾਰੀਆਂ ਵਸਤਾਂ ਨਾਲ ਮਾਨਸਿਕ ਸ਼ਾਂਤੀ ਨਹੀਂ ਮਿਲ ਸਕਦੀ। ਗੁਰਸਿੱਖ ਦਾ ਪੂਰਨ ਸਮਰਪਣ ਤੇ ਭਰੋਸਾ ਗੁਰੂ ਲਈ ਹੋਣਾ ਚਾਹੀਦਾ ਹੈ। ਸੰਸਾਰ ਮਾਇਆ ਦੇ ਵਿਕਾਰਾਂ ਵਿੱਚ ਠੱਗਿਆ ਹੋਇਆ ਹੈ। ਵਿਕਾਰਾਂ ਦਾ ਤਿਆਗ ਕਰਕੇ ਮਨੁੱਖ ਸਹਿਜ, ਸੰਤੋਖ, ਸੰਜਮ ਅਤੇ ਦਇਆ ਜਿਹੇ ਗੁਣ ਧਾਰਨ ਕਰ ਲੈਂਦਾ ਹੈ, ਜੋ ਮੁਕਤੀ ਦਾ ਰਾਹ ਹਨ। ਕਰਮ-ਕਾਂਡੀ ਪ੍ਰਵਿਰਤੀ ਤੋਂ ਖਹਿੜਾ ਛੁਡਾਉਣਾ ਜ਼ਰੂਰੀ ਹੈ। ਨਾਸ਼ਵਾਨ ਵਸਤਾਂ ਦੀ ਖਿੱਚ ਨਹੀਂ ਹੋਣੀ ਚਾਹੀਦੀ। ਗੁਰਸਿੱਖ ਆਪਣਾ ਸ਼ਿੰਗਾਰ ਸ਼ਬਦ ਨਾਲ ਕਰੇ। ਦੁਨਿਆਵੀ ਸ਼ਿੰਗਾਰ ਵਕਤੀ ਤੇ ਬੇਕਾਰ ਹਨ। ਗੁਰਸਿੱਖ ਦਾ ਪਰਮਾਤਮਾ ਨਾਲ ਪਿਆਰ ਗੂੜ੍ਹਾ ਹੋਵੇ ਤੇ ਫਿਰ ਉਹ ਆਪਾ ਨਿਸ਼ਾਵਰ ਕਰਨ ਲਈ ਤਿਆਰ ਰਹੇਗਾ। ਸੰਸਾਰ ਵਿਚ ਨਾਮ ਜਪਣ ਤੁਲ ਕੋਈ ਕਰਮ ਨਹੀਂ। ਪਰਮਾਤਮਾ ਦਾ ਭੈਅ ਸਿੱਧੇ ਰਸਤੇ ਪਾਉਂਦਾ ਰਹੇਗਾ। ਮਨੁੱਖੀ ਜੀਵਨ ਅਨਮੋਲ ਹੈ, ਕਰਮਾਂ ਦੀ ਕਮਾਈ ਨਾਲ ਸਫਲ ਬਣਾਇਆ ਜਾ ਸਕਦਾ ਹੈ। ਸੰਸਾਰਿਕ ਪ੍ਰਾਪਤੀਆਂ ਬੇਕਾਰ ਹਨ। ਧਰਮ ਦੇ ਭੇਖੀਆਂ ਦੇ ਪਖੰਡ ਤੋਂ ਦੂਰ ਰਹਿਣ ਦੀ ਨਸੀਅਤ ਦਿੱਤੀ ਹੈ। ਪਖੰਡੀ ਲੋਕ ਧਰਮੀ ਵੇਸ਼ ਧਾਰਨ ਕਰ ਲੈਂਦੇ ਹਨ। ਦੂਜੇ ਦੀ ਨਿੰਦਿਆ ਤੋਂ ਪ੍ਰਹੇਜ਼ ਕਰੋ। ਪਰਮਾਤਮਾ ਦਾ ਗਿਆਨ ਸੱਚਾ ਗਿਆਨ ਹੈ। ਪੰਜ ਤੱਤਾਂ ਪਵਨ, ਪਾਣੀ, ਅਗਨੀ, ਆਕਾਸ਼ ਤੇ ਧਰਤੀ ਦੀ ਰਚਨਾ ਮੰਨਿਆ ਹੈ, ਪ੍ਰੰਤੂ ਇਹ ਨਾਸ਼ਵਾਨ ਸਰੀਰ ਹੈ। ਪਰਮਾਤਮਾ ਦਾ ਨਾਮ ਤੇ ਭਗਤੀ ਹਮੇਸ਼ਾ ਨਾਲ ਰਹਿੰਦੇ ਹਨ। ਗੁਣ ਹੀ ਸੱਚੇ ਸੰਗੀ-ਸਾਥੀ ਹੁੰਦੇ ਹਨ। ਸਤਿਗੁਰ ਬਿਨਾ ਜੀਵਨ ਵਿਅਰਥ ਹੁੰਦਾ ਹੈ, ਨਾਮ ਤੇ ਜੀਵਨ ਦਾ ਅਟੁੱਟ ਸੰਬੰਧ ਹੈ। ਸੁੱਖ ਦੀ ਪ੍ਰਾਪਤੀ ਨਾਮ ਸਿਮਰਨ ਨਾਲ ਹੀ ਮਿਲਦੀ ਹੈ। ਗੁਰਸਿੱਖ ਮਨਮਤ ਤੋਂ ਕੋਹਾਂ ਦੂਰ ਹੈ। ਗੁਰਸਿੱਖ ਜਦੋਂ ਗੁਰ ਸ਼ਬਦ ਵਿਚ ਮਨ ਇਕਾਗਰ ਕਰਦਾ ਹੈ ਤਾਂ ਉਸਦੀ ਸੁਰਤਿ ਉਚੀ ਉਠ ਜਾਂਦੀ ਹੈ। ਭਗਤੀ ਗੁਰਸਿੱਖ ਲਈ ਵਿਖਾਵਾ ਨਹੀਂ। ਆਵਾਗਮਨ ਦੇ ਚੱਕਰ ਤੋਂ ਮੁਕਤ ਹੋ ਜਾਂਦਾ ਹੈ। ਗੁਰਸਿੱਖ ਦਾ ਮਨ ਨਿਰਮਲ ਹੋ ਜਾਂਦਾ ਹੈ। ਪਰਮਾਤਮਾ ਦਾ ਨਾਮ ਜਪਣਾ ਹੀ ਸੱਚੀ ਭਗਤੀ ਹੈ। ਪਰਮਾਤਮਾ ਸਤਿ ਹੈ, ਕਰਤਾ ਪੁਰਖੁ ਹੈ, ਨਿਰਭਉ ਹੈ, ਨਿਰਵੈਰ ਹੈ, ਅਕਾਲ ਰੂਪ ਤੇ ਆਵਾਗਮਨ ਤੋਂ ਪਰ੍ਹੇ ਹੈ। ਉਹ ਸ੍ਰਿਸ਼ਟੀ ਦੀ ਹਰ ਰਚਨਾ ਵਿਚ ਵਿਦਮਾਨ ਹੈ। ਬਹੁ ਗਿਣਤੀ ਲੋਕ ਇੱਕ ਧਰਮੀ ਨੂੰ ਸਹਿਣ ਨਹੀਂ ਕਰਦੇ। ਇੰਦ੍ਰੀਆਂ ਨੂੰ ਵਸ ਵਿਚ ਰੱਖਣਾ ਜ਼ਰੂਰੀ ਹੈ। ਗੁਰੂ ਸਾਹਿਬ ਦੀ ਮੁੱਖ ਹਿਦਾਇਤ ਔਗੁਣਾ ਦਾ ਤਿਆਗ ਕਰਕੇ ਸਮੁੱਚੀ ਮਨੁੱਖਤਾ ਦਾ ਭਲਾ ਸੋਚਣਾ ਹੈ। ਭਲਾਈ ਅੰਮ੍ਰਿਤ ਹੈ, ਮੋਹ ਮਾਇਆ ਦਾ ਜੰਜਾਲ ਖ਼ਤਰਨਾਕ ਹੈ। ਅਗਿਆਨੀ ਅਨਮੋਲ ਜੀਵਨ ਭੋਗ ਵਿਲਾਸ, ਸੰਸਾਰਕ ਰਸਾਂ ਵਿਚ ਬਤੀਤ ਕਰ ਦਿੰਦੇ ਹਨ। ਤਾਕਤ, ਸੱਤਾ, ਦੌਲਤ, ਸਰੀਰਕ ਸੁੰਦਰਤਾ, ਉਚੀ ਜ਼ਾਤ ਅਤੇ ਜਵਾਨੀ ਪੰਜ ਠੱਗ ਹਨ, ਜਿਹੜੇ ਹਰ ਮਨੁੱਖ ਨੂੰ ਭਰਮ ਵਿਚ ਪਾ ਦਿੰਦੇ ਹਨ। ਗੁਰੂ ਸਾਹਿਬ ਨੇ ਕੂੜ ਤੋਂ ਬਚਾਇਆ ਹੈ, ਸੁਚੇਤ ਰਹਿਣ ਅਤੇ ਜੀਵਨ-ਜਾਚ ਦੱਸੀ ਹੈ। ਗੁਰੂ ਨਾਨਕ ਨੇ ਪਰਮਾਤਮਾ ਦੀ ਨਦਰਿ ਪ੍ਰਾਪਤ ਕਰਨ ਲਈ ਗੁਰਸਿੱਖੀ ਦੀ ਭਗਤੀ ਦੇ ਤਿੰਨ ਪੱਧਰ ਦੱਸੇ: 'ਗਾਵੀਐ ਸੁਣੀਐ ਮਨਿ ਰਖੀਐ ਭਾਉ॥' ਆਖ਼ਰੀ ਪੰਜਵਾਂ ਲੇਖ 'ਗੁਰੂ ਨਾਨਕ ਸਾਹਿਬ ਦਾ ਰਿਨ' ਹੈ ਜਿਸ ਵਿਚ ਲੇਖਕ ਨੇ ਦੱਸਿਆ ਹੈ ਕਿ ਗੁਰੂ ਸਾਹਿਬ ਨੇ ਆਪਣੀਆਂ ਹਿਦਾਇਤਾਂ ਰਾਹੀਂ ਲੋਕਾਈ ਦਾ ਭਲਾ ਕਰਕੇ ਉਨ੍ਹਾਂ ਨੂੰ ਆਵਾਗਮਨ ਦੇ ਰਸਤੇ ਵਿਚੋਂ ਕੱਢ ਕੇ ਸਿੱਧੇ ਰਸਤੇ ਪਾ ਕੇ ਉਨ੍ਹਾਂ ਦਾ ਜੀਵਨ ਸਫਲ ਕਰ ਦਿੱਤਾ ਹੈ। ਇਹ ਸਾਰਾ ਕੁਝ ਪਰਮਾਤਮਾ ਦੇ ਹੁਕਮ ਨਾਲ ਹੀ ਸੰਭਵ ਹੋ ਸਕਿਆ ਹੈ। ਅਖ਼ੀਰ ਵਿਚ ਕਿਹਾ ਜਾ ਸਕਦਾ ਹੈ ਪਰਮਾਤਮਾ ਦੀ ਮਿਹਰ ਤੋਂ ਬਿਨਾਂ ਕੁਝ ਵੀ ਸੰਭਵ ਨਹੀਂ।

150 ਪੰਨਿਆਂ, 300 ਰੁਪਏ ਭੇਟਾ ਵਾਲੀ ਇਹ ਪੁਸਤਕ ਭਾ.ਚਤਰ ਸਿੰਘ ਜੀਵਨ ਸਿੰਘ ਅੰਮ੍ਰਿਤਸਰ ਨੇ ਪ੍ਰਕਾਸ਼ਤ ਕੀਤੀ ਹੈ। ਡਾ.ਸੁਰਿੰਦਰ ਪਾਲ ਸਿੰਘ ਨਾਲ ਫੋਨ ਨੰਬਰ 84178-52899 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਕੁਦਰਤ ਅਤੇ ਸਭਿਆਚਾਰ ਦਰਮਿਆਨ ਖ਼ੂਨੀ ਟਕਰਾਅ

ਸੋਸ਼ਲ ਮੀਡੀਆ 'ਤੇ ਵਾਇਰਲ ਹੋਈ ਇੱਕ ਅਜੀਬੋ-ਗਰੀਬ ਪੋਸਟ ਨੇ ਸਮਾਜਿਕ ਸਮੱਸਿਆਵਾਂ ਦੀਆਂ ਡੂੰਘੀਆਂ ਪਰਤਾਂ ਨੂੰ ਚਰਚਾ ਦਾ ਵਿਸ਼ਾ ਬਣਾਇਆ। ਇੱਕ ਹਿੰਦੀ ਅਖ਼ਬਾਰ ਵਿਚ ਛਪੇ ਇਸ਼ਤਿਹਾਰ ਦੀ ਕਾਪੀ ਸਾਂਝੀ ਕੀਤੀ ਗਈ ਸੀ, ਜਿਸ ਵਿਚ ਇੱਕ ਨੌਜਵਾਨ ਲੜਕੇ ਨੇ ਐਲਾਨ ਕੀਤਾ ਸੀ ਕਿ ਉਹ ਇੱਕ ਖਾਸ ਲੜਕੀ (ਜਿਸ ਦਾ ਨਾਂ ਅਤੇ ਪਤਾ ਵੀ ਇਸ਼ਤਿਹਾਰ ਵਿਚ ਸੀ) ਨਾਲ ਵਿਆਹ ਕਰਨ ਜਾ ਰਿਹਾ ਹੈ। ਇਸ਼ਤਿਹਾਰ ਵਿਚ ਇਹ ਵੀ ਕਿਹਾ ਗਿਆ ਸੀ ਕਿ ਜੇਕਰ ਉਸ ਲੜਕੀ ਦਾ ਕੋਈ ਪ੍ਰੇਮੀ ਹੈ, ਤਾਂ ਉਹ ਵਿਆਹ ਤੋਂ ਪਹਿਲਾਂ ਸੰਪਰਕ ਕਰ ਸਕਦਾ ਹੈ। ਇਹ ਇਸ਼ਤਿਹਾਰ, ਭਾਵੇਂ ਇੱਕ ਚੁਟਕਲਾ ਹੀ ਕਿਉਂ ਨਾ ਹੋਵੇ, ਸਾਡੇ ਸਮਾਜ ਦੀਆਂ ਕੁਝ ਗੰਭੀਰ ਸਮੱਸਿਆਵਾਂ ਨੂੰ ਉਜਾਗਰ ਕਰਦਾ ਹੈ। ਸੋਸ਼ਲ ਮੀਡੀਆ 'ਤੇ ਇਸ ਨੂੰ ਲੈ ਕੇ ਹਾਸੋ-ਹੀਣੀਆਂ ਟਿੱਪਣੀਆਂ ਤਾਂ ਆਈਆਂ, ਪਰ ਇਸ ਨੇ ਸਾਡੇ ਸਮਾਜਿਕ ਢਾਂਚੇ ਦੀਆਂ ਕਮਜ਼ੋਰੀਆਂ ਅਤੇ ਮਨੁੱਖੀ ਸੁਭਾਅ ਦੇ ਟਕਰਾਅ ਨੂੰ ਵੀ ਸਾਹਮਣੇ ਲਿਆਂਦਾ। ਇਹ ਇਸ਼ਤਿਹਾਰ ਸਿਰਫ਼ ਇੱਕ



ਡਾ. ਪਰਮਜੀਤ ਸਿੰਘ ਕੱਟੂ
ਫੋਨ: 70873-20578

ਮਜ਼ਾਕ ਨਹੀਂ, ਸਗੋਂ ਸਮਾਜਿਕ ਨਿਯਮਾਂ ਅਤੇ ਮਨੁੱਖੀ ਕੁਦਰਤ ਦੇ ਵਿਚਕਾਰ ਚੱਲ ਰਹੇ ਟਕਰਾਅ ਦਾ ਪ੍ਰਤੀਕ ਹੈ। ਮਨੁੱਖ ਇੱਕ ਕੁਦਰਤੀ ਜੀਵ ਹੈ, ਜਿਸ ਦੀਆਂ ਇੱਛਾਵਾਂ ਅਤੇ ਜਜ਼ਬਾਤ ਕੁਦਰਤੀ ਹੁੰਦੇ ਹਨ। ਪਰ ਸਮਾਜਿਕ ਢਾਂਚਾ, ਜੋ ਵਿਆਹ, ਪਰਿਵਾਰ, ਅਤੇ ਸਮਾਜਿਕ ਨੈਤਿਕਤਾ ਦੇ ਨਿਯਮਾਂ 'ਤੇ ਆਧਾਰਤ ਹੈ, ਇਨ੍ਹਾਂ ਕੁਦਰਤੀ ਇੱਛਾਵਾਂ ਨੂੰ ਕਾਬੂ ਕਰਨ ਦੀ ਕੋਸ਼ਿਸ਼ ਕਰਦਾ ਹੈ। ਇਹ ਟਕਰਾਅ ਕਈ ਵਾਰ ਤਬਾਹਕੁੰਨ ਸਾਬਤ ਹੁੰਦਾ ਹੈ। ਅੱਜ-ਕੱਲ੍ਹ ਖ਼ਬਰਾਂ ਵਿਚ ਅਕਸਰ ਅਜਿਹੀਆਂ ਘਟਨਾਵਾਂ ਸੁਰਖ਼ੀਆਂ ਬਣਦੀਆਂ ਹਨ, ਜਿੱਥੇ ਜੀਵਨਸਾਥੀ ਨੇ ਪ੍ਰੇਮ ਸੰਬੰਧਾਂ ਦੇ ਚੱਲਦਿਆਂ ਇੱਕ-ਦੂਜੇ ਦਾ ਕਤਲ ਕਰ ਦਿੱਤਾ। ਅਣਖ, ਸਮਾਜਿਕ ਦਬਾਅ, ਅਤੇ ਵਿਅਕਤੀਗਤ ਇੱਛਾਵਾਂ ਦਾ ਅਸੰਤੁਲਨ ਅਜਿਹੀਆਂ ਘਟਨਾਵਾਂ ਨੂੰ ਜਨਮ ਦਿੰਦਾ ਹੈ।

ਅਸਲ ਵਿਚ, ਕੁਦਰਤ ਅਤੇ ਸੱਭਿਆਚਾਰ ਦੇ ਖ਼ੂਨੀ ਟਕਰਾਅ ਵਿਚ ਇੱਕ ਵੱਡਾ ਕਾਰਨ ਵਰਚੁਅਲ ਸੰਸਾਰ ਬਣ ਰਿਹਾ ਹੈ। ਸੋਸ਼ਲ ਮੀਡੀਆ ਅਤੇ ਇੰਟਰਨੈੱਟ ਦੀ ਦੁਨੀਆਂ ਵਿਅਕਤੀ ਨੂੰ ਆਜ਼ਾਦੀ ਦਾ ਭਰਮ ਪ੍ਰਦਾਨ ਕਰਦੀ ਹੈ, ਜਿੱਥੇ ਉਹ ਆਪਣੀਆਂ ਇੱਛਾਵਾਂ, ਸੰਬੰਧਾਂ, ਅਤੇ ਜਜ਼ਬਾਤਾਂ ਨੂੰ ਬਿਨਾਂ ਕਿਸੇ ਸਮਾਜਿਕ ਪਾਬੰਦੀ ਦੇ ਪ੍ਰਗਟ ਕਰ ਸਕਦਾ ਹੈ। ਪਰ ਇਹ ਵਰਚੁਅਲ ਆਜ਼ਾਦੀ ਅਕਸਰ ਜ਼ਮੀਨੀ ਹਕੀਕਤਾਂ ਨਾਲ ਟਕਰਾਉਂਦੀ ਹੈ, ਜਿਸ ਨਾਲ ਸੰਘਰਸ਼ ਅਤੇ ਹਿੰਸਾ ਪੈਦਾ ਹੁੰਦੀ ਹੈ। ਵਰਚੁਅਲ ਸੰਸਾਰ ਵਿਚ ਬਣੇ ਸੰਬੰਧ ਜਾਂ ਇੱਛਾਵਾਂ, ਜਦੋਂ ਸਮਾਜਿਕ ਨਿਯਮਾਂ ਅਤੇ ਵਿਆਹੁਤਾ ਜੀਵਨ ਦੀਆਂ ਜ਼ੰਜੀਰਾਂ ਨਾਲ ਟਕਰਾਉਂਦੀਆਂ ਹਨ, ਤਾਂ ਅਕਸਰ ਕਤਲੋਆਮ ਦਾ ਕਾਰਨ ਬਣਦੀਆਂ ਹਨ। ਇਹ ਵਰਚੁਅਲ ਅਤੇ ਅਸਲ ਜੀਵਨ ਦਾ ਅੰਤਰ, ਸਮਾਜਿਕ ਸੰਘਰਸ਼ ਨੂੰ ਹੋਰ ਗੰਭੀਰ ਬਣਾਉਂਦਾ ਹੈ।

ਫਰਾਂਸੀਸੀ ਫ਼ਿਲਾਸਫਰ ਰੂਸੋ ਨੇ ਆਪਣੀਆਂ ਰਚਨਾਵਾਂ, The Social Contract (1762) ਅਤੇ Discourse on Inequality (1755), ਵਿਚ ਮਨੁੱਖੀ ਸੁਤੰਤਰਤਾ ਅਤੇ ਸਮਾਜਿਕ ਗੁਲਾਮੀ 'ਤੇ ਡੂੰਘੀ ਚਰਚਾ ਕੀਤੀ। ਉਸ ਦਾ ਮਸ਼ਹੂਰ ਵਾਕ, "ਮਨੁੱਖ ਪੈਦਾ ਆਜ਼ਾਦ ਹੁੰਦਾ ਹੈ, ਪਰ ਹਰ ਥਾਂ ਜ਼ੰਜੀਰਾਂ ਵਿਚ ਜਕੜਿਆ ਹੋਇਆ ਹੈ," ਸਮਾਜਿਕ ਢਾਂਚੇ ਦੀਆਂ ਜ਼ੰਜੀਰਾਂ ਨੂੰ ਉਜਾਗਰ ਕਰਦਾ ਹੈ। ਰੂਸੋ ਮੁਤਾਬਕ, ਮਨੁੱਖ ਕੁਦਰਤੀ ਅਵਸਥਾ ਵਿਚ ਪੂਰੀ ਤਰ੍ਹਾਂ ਆਜ਼ਾਦ ਹੁੰਦਾ ਹੈ, ਪਰ ਸਮਾਜਿਕ ਸੰਧੀ, ਜਾਇਦਾਦ ਦੀ ਵੰਡ, ਅਤੇ ਅਸਮਾਨਤਾ ਉਸ ਨੂੰ ਜ਼ੰਜੀਰਾਂ ਵਿਚ ਜਕੜ ਦਿੰਦੇ ਹਨ। ਜੇਕਰ ਸਮਾਜਿਕ ਸੰਧੀ ਸਮਾਨਤਾ ਅਤੇ ਸਾਂਝੀ ਇੱਛਾ 'ਤੇ ਆਧਾਰਤ ਨਾ ਹੋਵੇ, ਤਾਂ ਇਹ ਮਨੁੱਖ ਨੂੰ ਸੁਤੰਤਰਤਾ ਦੀ ਬਜਾਏ ਗੁਲਾਮੀ ਵੱਲ ਧੱਕਦੀ ਹੈ।

ਇਹ ਜ਼ੰਜੀਰਾਂ ਸਿਰਫ਼ ਆਰਥਿਕ ਜਾਂ ਸਮਾਜਿਕ ਅਸਮਾਨਤਾ ਤੱਕ ਸੀਮਤ ਨਹੀਂ, ਸਗੋਂ ਨੈਤਿਕਤਾ, ਵਿਆਹ, ਅਤੇ ਪਰਿਵਾਰਕ ਨਿਯਮਾਂ ਦੇ ਰੂਪ ਵਿਚ ਵੀ ਸਾਹਮਣੇ ਆਉਂਦੀਆਂ ਹਨ। ਇਹ ਨਿਯਮ ਕਈ ਵਾਰ ਮਨੁੱਖੀ ਇੱਛਾਵਾਂ ਨੂੰ ਦਬਾਉਂਦੇ ਹਨ, ਜਿਸ ਨਾਲ ਅੰਦਰੂਨੀ ਅਸੰਤੁਸ਼ਟੀ ਅਤੇ ਟਕਰਾਅ ਪੈਦਾ ਹੁੰਦਾ ਹੈ। ਜਦੋਂ ਇਹ ਟਕਰਾਅ ਸਹਿਣਯੋਗ ਸੀਮਾ ਤੋਂ ਬਾਹਰ ਨਿਕਲ ਜਾਂਦਾ ਹੈ, ਤਾਂ ਇਹ ਹਿੰਸਕ ਰੂਪ ਵੀ ਲੈ ਸਕਦਾ ਹੈ, ਜਿਵੇਂ ਕਿ ਅਣਖ ਦੇ ਨਾਂ 'ਤੇ ਹੋਣ ਵਾਲੇ ਕਤਲ।

ਸਮਾਜਿਕ ਜ਼ੰਜੀਰਾਂ ਨੂੰ ਤੋੜਨ ਦੇ ਦੋ ਤਰੀਕੇ ਹੁੰਦੇ ਹਨ: 'ਸਭਿਅਕ' ਅਤੇ 'ਅਸਭਿਅਕ'। 'ਸਭਿਅਕ' ਮਨੁੱਖ ਇਨ੍ਹਾਂ ਜ਼ੰਜੀਰਾਂ ਨੂੰ ਸੰਵਾਦ, ਸਮਝ, ਅਤੇ ਸੁਧਾਰ ਰਾਹੀਂ ਤੋੜਨ ਦੀ ਕੋਸ਼ਿਸ਼ ਕਰਦੇ ਹਨ। ਉਹ ਸਮਾਜਿਕ ਨਿਯਮਾਂ ਨੂੰ ਸਵੀਕਾਰ ਕਰਦੇ ਹੋਏ ਵੀ ਆਪਣੀ ਸੁਤੰਤਰਤਾ ਦੀ ਭਾਲ ਕਰਦੇ ਹਨ। ਪਰ 'ਅਸਭਿਅਕ' ਮਨੁੱਖ, ਜੋ ਸਮਾਜਿਕ ਦਬਾਅ ਅਤੇ ਅੰਦਰੂਨੀ ਟਕਰਾਅ ਨੂੰ ਸਹਿਣ ਨਹੀਂ ਕਰ ਪਾਉਂਦੇ, ਅਕਸਰ ਹਿੰਸਕ ਜਾਂ ਵਿਨਾਸ਼ਕਾਰੀ ਰਾਹ ਅਪਣਾਉਂਦੇ ਹਨ। ਅਜਿਹੇ ਮਾਮਲਿਆਂ ਵਿਚ, ਜੀਵਨਸਾਥੀ ਦਾ ਕਤਲ ਜਾਂ ਪ੍ਰੇਮ ਸੰਬੰਧਾਂ ਨਾਲ ਜੁੜੀ ਹਿੰਸਾ ਸਮਾਜਿਕ ਨਿਯਮਾਂ ਦੇ ਵਿਰੁੱਧ ਬਗਾਵਤ ਦਾ ਇੱਕ 'ਅਸਭਿਅਕ' ਰੂਪ ਹੈ। ਹਾਲਾਂਕਿ ਇਹ 'ਸਭਿਅਕ' ਅਤੇ 'ਅਸਭਿਅਕ' ਤਰੀਕੇ ਵੱਖਰੀ ਚਰਚਾ ਦੀ ਮੰਗ ਕਰਦੇ ਹਨ ਕਿਉਂਕਿ ਅੰਗਰੇਜ਼ ਸਾਨੂੰ ਸਭਿਅਕ ਬਣਾਉਣ ਆਏ ਸੀ, ਕੰਗਾਲ ਕਰ ਕੇ ਤੁਰਗੇ।

ਇਨ੍ਹਾਂ ਸਮਾਜਿਕ ਜ਼ੰਜੀਰਾਂ ਦਾ ਸਭ ਤੋਂ ਵੱਡਾ ਪ੍ਰਭਾਵ ਔਰਤਾਂ 'ਤੇ ਪੈਂਦਾ ਹੈ। ਸੁਰਜੀਤ ਪਾਤਰ ਦੀਆਂ ਇਹ ਪੰਕਤੀਆਂ ਇਸ ਸੱਚਾਈ ਨੂੰ ਬੜੀ ਸੰਵੇਦਨਸ਼ੀਲਤਾ ਨਾਲ ਪੇਸ਼ ਕਰਦੀਆਂ ਹਨ:

ਇਕ ਕੈਦ 'ਚੋਂ ਦੂਜੀ ਕੈਦ 'ਚ ਪਹੁੰਚ ਗਈ ਏਂ
ਕੀ ਖੱਟਿਆ ਮਹਿੰਦੀ ਲਾ ਕੇ ਤੇ ਵਟਣਾ ਮਲ ਕੇ।

ਔਰਤ ਦੀ ਜ਼ਿੰਦਗੀ ਅਕਸਰ ਇੱਕ ਕੈਦ ਤੋਂ ਦੂਜੀ ਕੈਦ ਵੱਲ ਦੀ ਯਾਤਰਾ ਬਣ ਜਾਂਦੀ ਹੈ। ਮਾਪਿਆਂ ਦੇ ਘਰ ਦੀਆਂ ਪਾਬੰਦੀਆਂ ਤੋਂ ਲੈ ਕੇ ਵਿਆਹ ਤੋਂ ਬਾਅਦ ਸਹੁਰੇ-ਘਰ ਦੀਆਂ ਜ਼ਿੰਮੇਵਾਰੀਆਂ ਅਤੇ ਸਮਾਜਿਕ ਨਿਯਮਾਂ ਦੀਆਂ ਬੇੜੀਆਂ ਤੱਕ, ਔਰਤ ਨੂੰ ਆਪਣੀ ਸੁਤੰਤਰਤਾ ਦੀ ਭਾਲ ਵਿਚ ਅਕਸਰ ਸੰਘਰਸ਼ ਕਰਨਾ ਪੈਂਦਾ ਹੈ। ਵਿਆਹ, ਜੋ ਸਮਾਜਿਕ ਢਾਂਚੇ ਦਾ ਅਹਿਮ ਹਿੱਸਾ ਹੈ, ਕਈ ਵਾਰ ਔਰਤ ਲਈ ਸੁਤੰਤਰਤਾ ਦੀ ਬਜਾਏ ਇੱਕ ਨਵੀਂ ਜ਼ੰਜੀਰ ਬਣ ਜਾਂਦਾ ਹੈ। ਇਹ ਸਮਾਜਿਕ ਦਬਾਅ ਅਤੇ ਰਵਾਇਤੀ ਰੀਤੀ-ਰਿਵਾਜ ਔਰਤ ਦੀਆਂ ਵਿਅਕਤੀਗਤ ਇੱਛਾਵਾਂ ਨੂੰ ਦਬਾਉਂਦੇ ਹਨ, ਜਿਸ ਨਾਲ ਅੰਦਰੂਨੀ ਅਸੰਤੁਸ਼ਟੀ ਅਤੇ ਮਾਨਸਿਕ ਤਣਾਅ ਪੈਦਾ ਹੁੰਦਾ ਹੈ।

ਕੁਦਰਤ ਅਤੇ ਸੱਭਿਆਚਾਰ ਦਾ ਖ਼ੂਨੀ ਟਕਰਾਅ ਸਭ ਤੋਂ ਵਧੇਰੇ ਮੱਧ-ਵਰਗ ਅਤੇ ਨਿਮਨ-ਵਰਗ ਵਿਚ ਵਾਪਰਦਾ ਹੈ, ਕਿਉਂਕਿ ਇਨ੍ਹਾਂ ਵਰਗਾਂ ਨੇ ਹੀ ਸਭਿਆਚਾਰ ਨੂੰ ਘੁੱਟ ਕੇ ਕਰਿੰਗੜੀ ਪਾਈ ਹੁੰਦੀ ਹੈ। ਇਹ ਵਰਗ ਆਪਣੇ ਆਪ ਨੂੰ ਸਭਿਆਚਾਰ ਅਤੇ ਨੈਤਿਕਤਾ ਦੇ ਰਖਵਾਲੇ ਸਮਝਦੇ ਹਨ, ਜਿਸ ਕਾਰਨ ਉਹ ਸਮਾਜਿਕ ਨਿਯਮਾਂ ਨੂੰ ਸਖ਼ਤੀ ਨਾਲ ਅਪਣਾਉਂਦੇ ਹਨ। ਇਸ ਸਖ਼ਤੀ ਨਾਲ ਉਹ ਆਪਣੀਆਂ ਕੁਦਰਤੀ ਇੱਛਾਵਾਂ ਨੂੰ ਦਬਾਉਂਦੇ ਹਨ, ਜੋ ਅੰਦਰੂਨੀ ਸੰਘਰਸ਼ ਅਤੇ ਹਿੰਸਕ ਪ੍ਰਤੀਕਰਮ ਦਾ ਕਾਰਨ ਬਣਦੀ ਹੈ। ਦੂਜੇ ਪਾਸੇ, ਉਚ-ਵਰਗ ਨੇ ਆਪਣੇ ਲਈ ਕਈ ਤਰ੍ਹਾਂ ਦੀਆਂ ਸਹੂਲਤਾਂ, ਚੋਰ-ਮੋਰੀਆਂ, ਜਾਂ ਸਮਝੌਤੇ ਬਣਾ ਰੱਖੇ ਹਨ। ਉਹ ਸਮਾਜਿਕ ਨਿਯਮਾਂ ਦੀ ਸਖ਼ਤੀ ਨੂੰ ਬਾਈਪਾਸ ਕਰ ਕੇ ਸਮਝੌਤਿਆਂ ਨੂੰ ਪਹਿਲ ਦਿੰਦੇ ਹਨ, ਜਿਸ ਨਾਲ ਉਨ੍ਹਾਂ ਵਿਚ ਖ਼ੂਨੀ ਟਕਰਾਅ ਦੀ ਸੰਭਾਵਨਾ ਘੱਟ ਹੁੰਦੀ ਹੈ।

ਇਹ ਇਸ਼ਤਿਹਾਰ, ਭਾਵੇਂ ਇੱਕ ਮਜ਼ਾਕ ਦੇ ਰੂਪ ਵਿਚ ਸਾਹਮਣੇ ਆਇਆ ਹੋਵੇ, ਸਾਨੂੰ ਸਮਾਜਿਕ ਸੁਧਾਰ ਦੀ ਲੋੜ ਵੱਲ ਇਸ਼ਾਰਾ ਕਰਦਾ ਹੈ। ਸਮਾਜਿਕ ਨਿਯਮਾਂ ਅਤੇ ਕੁਦਰਤੀ ਇੱਛਾਵਾਂ ਵਿਚਕਾਰ ਸੰਤੁਲਨ ਬਣਾਉਣ ਦੀ ਜ਼ਰੂਰਤ ਹੈ। ਸਮਾਜਿਕ ਸੰਧੀ, ਜਿਸ ਦੀ ਗੱਲ ਰੂਸੋ ਨੇ ਕੀਤੀ, ਨੂੰ ਸਮਾਨਤਾ ਅਤੇ ਸਾਂਝੀ ਇੱਛਾ 'ਤੇ ਆਧਾਰਤ ਹੋਣਾ ਚਾਹੀਦਾ ਹੈ। ਔਰਤਾਂ ਅਤੇ ਮਰਦਾਂ ਨੂੰ ਬਰਾਬਰ ਦੇ ਅਧਿਕਾਰ ਅਤੇ ਸੁਤੰਤਰਤਾ ਮਿਲਣੀ ਚਾਹੀਦੀ ਹੈ, ਤਾਂ ਜੋ ਵਿਅਕਤੀਗਤ ਇੱਛਾਵਾਂ ਅਤੇ ਸਮਾਜਿਕ ਜ਼ਿੰਮੇਵਾਰੀਆਂ ਵਿਚਕਾਰ ਸੰਘਰਸ਼ ਨੂੰ ਘਟਾਇਆ ਜਾ ਸਕੇ।

ਇਸ ਤੋਂ ਇਲਾਵਾ, ਸਮਾਜ ਨੂੰ ਅਜਿਹੇ ਨਿਯਮਾਂ ਅਤੇ ਰੀਤੀ-ਰਿਵਾਜਾਂ 'ਤੇ ਮੁੜ ਵਿਚਾਰ ਕਰਨ ਦੀ ਲੋੜ ਹੈ, ਜੋ ਵਿਅਕਤੀ ਦੀ ਸੁਤੰਤਰਤਾ ਨੂੰ ਦਬਾਉਂਦੇ ਹਨ। ਸੰਵਾਦ, ਸਿੱਖਿਆ, ਅਤੇ ਸਮਾਜਿਕ ਜਾਗਰੂਕਤਾ ਰਾਹੀਂ ਅਸੀਂ ਅਜਿਹੇ ਟਕਰਾਅ ਨੂੰ ਘਟਾ ਸਕਦੇ ਹਾਂ, ਜੋ ਹਿੰਸਕ ਅਤੇ ਵਿਨਾਸ਼ਕਾਰੀ ਰੂਪ ਲੈਂਦੇ ਹਨ।

ਇਹ ਵਿਅੰਗਮਈ ਇਸ਼ਤਿਹਾਰ ਸਾਡੇ ਸਮਾਜ ਦੀਆਂ ਡੂੰਘੀਆਂ ਸਮੱਸਿਆਵਾਂ ਦਾ ਇੱਕ ਅਜਿਹਾ ਅਕਸ ਹੈ, ਜੋ ਹਾਸੇ ਦੇ ਪਿੱਛੇ ਕੌੜਾ ਸੱਚ ਲੁਕਾਉਂਦਾ ਹੈ। ਸਮਾਜਿਕ ਜ਼ੰਜੀਰਾਂ ਅਤੇ ਕੁਦਰਤੀ ਸੁਤੰਤਰਤਾ ਵਿਚਕਾਰ ਦਾ ਸੰਘਰਸ਼ ਸਦੀਆਂ ਤੋਂ ਚੱਲ ਰਿਹਾ ਹੈ, ਅਤੇ ਇਸ ਦਾ ਹੱਲ ਸਿਰਫ਼ ਸਮਾਜਿਕ ਸੁਧਾਰ ਅਤੇ ਸਮਾਨਤਾ 'ਤੇ ਆਧਾਰਤ ਸੰਧੀ ਵਿਚ ਹੀ ਸੰਭਵ ਹੈ। ਜਦੋਂ ਤੱਕ ਅਸੀਂ ਇਨ੍ਹਾਂ ਜ਼ੰਜੀਰਾਂ ਨੂੰ 'ਸਭਿਅਕ ਢੰਗ' ਨਾਲ ਤੋੜਨ ਦੀ ਕੋਸ਼ਿਸ਼ ਨਹੀਂ ਕਰਦੇ, 'ਅਸਭਿਅਕ ਰਾਹ' ਅਪਣਾਏ ਜਾਣ ਦਾ ਖ਼ਤਰਾ ਬਣਿਆ ਰਹੇਗਾ।

# ਫ਼ਿਲਮ ਲੋਕ

## ਨਰਗਿਸ ਫਾਖਰੀ ਦੁੱਖ ਭਰੇ ਦਿਨ ਬੀਤੇ

**ਅਮਰੀਕਨ** ਮਾਡਲ ਅਭਿਨੇਤਰੀ ਨਰਗਿਸ ਫਾਖਰੀ 'ਕਿੰਗਫਿਸ਼ਰ' ਦੇ ਕੈਲੰਡਰ ਨਾਲ ਭਾਰਤ 'ਚ ਐਸੀ ਚਰਚਿਤ ਹੋਈ ਸੀ ਕਿ ਇਮਤਿਆਜ਼ ਅਲੀ ਨੇ ਉਸ ਨੂੰ ਲੱਭ ਕੇ ਹੀਰੋਇਨ ਬਣਾ ਦਿੱਤਾ। ਨਰਗਿਸ ਦਾ ਨਾਂਅ ਤਾਂ ਖ਼ੂਬ ਬਣਿਆ ਪਰ ਉਹ ਦਰਦਾਂ ਦਾ ਦਰਿਆ ਬਣ ਰਹਿ ਗਈ। ਨਿੱਕੀ ਹੁੰਦੀ ਦੇ ਮਾਪੇ ਅੱਡ-ਅੱਡ ਹੋਏ ਤੇ ਖ਼ੁਦਾ ਨੂੰ ਪਿਆਰੇ ਵੀ ਹੋ ਗਏ ਤੇ ਫਿਰ ਉਦੈ ਚੋਪੜਾ ਨਾਲ ਹੁੰਦਾ-ਹੁੰਦਾ ਵਿਆਹ ਵਿਚਾਲੇ ਹੀ ਰਹਿ ਗਿਆ। ਹੁਣ ਨਰਗਿਸ ਫਿਰ ਚਰਚਾ 'ਚ ਹੈ ਤੇ ਚਰਚਾ ਉਸ ਨੂੰ ਉਸ ਦੀ ਭੈਣ ਆਲੀਆ ਕਰਕੇ ਮਿਲ ਰਹੀ ਹੈ। ਨਰਗਿਸ ਦੇ ਦੋ ਮਹੀਨੇ ਪਹਿਲਾਂ ਲਾਸ ਏਂਜਲਸ ਵਿਚ ਟੋਨੀ ਬੇਗ ਨਾਲ ਵਿਆਹ ਕਰਵਾ ਲਿਆ ਹੈ। ਅਧਿਕਾਰਤ ਤੌਰ 'ਤੇ ਨਰਗਿਸ ਚੁੱਪ ਹੈ ਪਰ ਸੋਸ਼ਲ ਮੀਡੀਆ 'ਤੇ ਦੋ ਮਹੀਨੇ ਪਹਿਲਾਂ ਵਪਾਰੀ ਟੋਨੀ ਬੇਗ ਨਾਲ ਉਸ ਦੇ ਵਿਆਹ ਦੀਆਂ ਤਸਵੀਰਾਂ ਵਾਇਰਲ ਹੋ ਰਹੀਆਂ ਹਨ। ਹਾਂ, ਉਸ ਦੇ ਪ੍ਰਸੰਸਕਾਂ ਲਈ ਇਕ ਹੋਰ ਗੀ ਖ਼ਬਰ ਹੈ ਕਿ ਦੋ ਸਾਲ ਬਾਅਦ ਨਰਗਿਸ ਫਾਖਰੀ ਨੇ 'ਹਾਊਸਫੁਲ-5 ਨਾਲ ਪਰਦੇ 'ਤੇ ਅਕਸ਼ੈ ਕੁਮਾਰ ਨਾਲ ਵਾਪਸੀ ਕੀਤੀ ਹੈ।ਨਰਗਿਸ ਨੇ ਕਿਹਾ ਹੈ ਕਿ ਚਲੋ ਆਲੀਆ ਅਧਿਆਏ ਬੰਦ।ਉਸ ਦੀ ਗੱਲ ਤਾਂ ਉਹ ਸਦਾ ਬਾਲੀਵੁੱਡ ਲਈ ਹੈ ਤੇ ਉਸ ਦਾ ਕੰਮ ਹੁਣ ਹੋਰ ਫ਼ਿਲਮਾਂ ਕਰਨਾ ਹੈ। ਪਹਿਲਾਂ ਨਾਲੋਂ ਜ਼ਿਆਦਾ ਤਾਕਤਵਰ ਹੋ ਕੇ ਸ਼ਾਨ ਨਾਲ ਆਈ ਹਾਂ, ਇਹ ਵੀ ਫਾਖਰੀ ਨੇ ਕਿਹਾ ਹੈ। ਖ਼ਾਸ ਗੱਲ ਇਹ ਹੈ ਕਿ ਨਰਗਿਸ ਅਨੁਸਾਰ 'ਹਾਊਸਫੁਲ-5' ਦਾ ਕਲਾਈਮੈਕਸ ਇਸ ਸਿਨੇਮੇ ਲਈ ਹੋਰ ਤੇ ਦੂਜੇ ਲਈ ਹੋਰ ਅਲੱਗ ਤਜਰਬਾ ਹੈ। ਇਹ ਕਤਲ ਦੁਖਾਂਤ 'ਤੇ ਆਧਾਰਿਤ ਹੈ ਤੇ ਇਧਰ ਕਾਤਲ ਹੋਰ ਤੇ ਤੁਹਾਡੇ ਸ਼ਹਿਰ ਹੋਰ ਦਿਖਾਈ ਦੇਵੇਗਾ। ਅਜੀਬ ਤਜਰਬਾ ਹੈ ਤੇ ਅਜੀਬ ਇਹ ਵੀ ਹੈ ਕਿ 83 ਸਾਲ ਦੇ ਐਕਟਰ ਰਣਜੀਤ ਤੋਂ ਨਰਗਿਸ ਬਹੁਤ ਪ੍ਰਭਾਵਿਤ ਹੋਈ ਹੈ ਤੇ ਆਖਦੀ ਹੈ ਕਿ ਰਣਜੀਤ ਦੀਆਂ ਗੱਲਾਂ 'ਤੇ ਅਮਲ ਕੀਤਾ ਤਾਂ ਉਸ ਦਾ ਵਿਆਹੁਤਾ ਜੀਵਨ ਖ਼ੁਸ਼ਗਵਾਰ ਰਹੇਗਾ। ਸ਼ੁਕਰ ਹੈ ਨਰਗਿਸ ਫਾਖਰੀ ਦੇ ਦਰਦਾਂ ਦੀ ਦਵਾ ਤਾਂ ਮਿਲ ਗਈ।


-0-



## ਅਹਾਨ ਪਾਂਡੇ ਦੀ ਧੂੰਆਂਧਾਰ ਐਂਟਰੀ



ਐਕਟਰ ਚੰਕੀ ਪਾਂਡੇ ਦੇ ਭਰਾ ਚਿੱਕੀ ਪਾਂਡੇ ਦੇ ਬੇਟੇ ਅਹਾਨ ਪਾਂਡੇ ਵਾਈ.ਆਰ.ਐਫ. ਦੀ ਇੰਟੈਲ ਲਵ ਸਟੋਰੀ ਫ਼ਿਲਮ 'ਸੈਯਾਰਾ' ਜ਼ਰੀਏ ਬਾਲੀਵੁੱਡ ਵਿਚ ਆ ਰਹੇ ਹਨ। ਕਈ ਐਡ ਫ਼ਿਲਮਾਂ ਤੋਂ ਇਲਾਵਾ ਕਾਜੋਲ ਅਤੇ ਆਮਿਰ ਖਾਨ ਨਾਲ 'ਸਲਾਮ ਵੈਂਕੀ' ਵਿਚ ਨਜ਼ਰ ਆ ਚੁੱਕੀ ਅਨੀਤ ਪਾਂਡੇ ਇਸ ਫ਼ਿਲਮ ਵਿਚ ਅਹਾਨ ਪਾਂਡੇ ਨਾਲ ਨਜ਼ਰ ਆਉਣ ਵਾਲੀ ਹੈ। ਇਸ ਫ਼ਿਲਮ ਨੂੰ 'ਆਸ਼ਿਕੀ-2', 'ਏਕ ਵਿਲੇਨ', 'ਮਲੰਗ', 'ਮਰਡਰ-2' ਅਤੇ 'ਅਵਾਰਾਪਨ' ਵਰਗੀਆਂ ਸਫਲ ਰੁਮਾਂਟਿਕ, ਥ੍ਰਿਲਰ ਫ਼ਿਲਮਾਂ ਦਾ ਨਿਰਦੇਸ਼ਨ ਕਰ ਚੁੱਕੇ ਮੋਹਿਤ ਸੂਰੀ ਨਿਰਦੇਸ਼ਨ ਕਰ ਰਹੇ ਹਨ ਜੋ ਕਿ ਪਹਿਲੀ ਵਾਰ ਅਦਿੱਤਿਆ ਚੋਪੜਾ ਦੇ ਨਾਲ ਸਾਂਝੇ ਤੌਰ 'ਤੇ ਕਰ ਰਹੇ ਹਨ। 18 ਜੁਲਾਈ, 2025 ਨੂੰ ਦੁਨੀਆ ਭਰ ਵਿਚ ਸਿਨੇਮਾਘਰਾਂ ਵਿਚ ਇਹ ਫ਼ਿਲਮ ਰਿਲੀਜ਼ ਹੋਵੇਗੀ। ਲਗਭਗ ਪੰਜ ਸਾਲ ਪਹਿਲਾਂ ਅਹਾਨ ਨੂੰ ਦਿਵਿਆ ਚੋਪੜਾ ਵਲੋਂ ਤਿਆਰ ਕੀਤੇ ਗਏ ਇੰਟੈਂਸ ਟ੍ਰੇਨਿੰਗ ਪ੍ਰੋਗਰਾਮ ਕਰਨ ਲਈ ਵਾਈ.ਆਰ.ਐਫ. ਟੈਲੇਂਟ ਦੇ ਰੂਪ ਵਿਚ ਸਾਈਨ ਕੀਤਾ ਗਿਆ ਸੀ। ਅਹਾਨ ਪਾਂਡੇ ਨੇ ਰਾਣੀ ਮੁਖਰਜੀ ਦੀ ਫ਼ਿਲਮ 'ਮਰਦਾਨੀ-2' ਵਿਚ ਸਹਾਇਕ ਨਿਰਦੇਸ਼ਕ ਦੇ ਤੌਰ 'ਤੇ ਕੰਮ ਕੀਤਾ। ਇਸ ਤੋਂ ਬਾਅਦ ਉਸ ਨੇ 'ਫਰੀਕੀ ਅਲੀ', 'ਰਾਕ ਆਨ-2' ਅਤੇ 'ਦ ਰੇਲਵੇ ਮੈਨ' ਵਰਗੀਆਂ ਫ਼ਿਲਮਾਂ ਦੇ ਨਿਰਦੇਸ਼ਨ ਦਾ ਸਹਾਇਕ ਦੇ ਤੌਰ 'ਤੇ ਕੰਮ ਕੀਤਾ। ਯਸ਼ਰਾਜ ਫ਼ਿਲਮਜ਼ ਬੈਨਰ ਹੇਠ ਕਈ ਸਾਲਾਂ ਤੱਕ ਕੰਮ ਕਰਨ ਤੋਂ ਬਾਅਦ ਅਹਾਨ ਲੰਮੇ ਸਮੇਂ ਤੋਂ ਫ਼ਿਲਮ ਸਨਅਤ ਵਿਚ ਜਾਂਦਾ ਚੋਪੜਾ ਅਹਾਨ ਦੀ ਲਗਨ ਅਤੇ ਡੈਡੀਕੇਸ਼ਨ ਤੋਂ ਏਨੇ ਪ੍ਰਭਾਵਿਤ ਹੋਏ ਕਿ ਇਸ ਪ੍ਰਾਜੈਕਟ ਲਈ ਉਸ ਨੂੰ ਬਤੌਰ ਮੁੱਖ ਐਕਟਰ ਚੁਣ ਲਿਆ ਗਿਆ। ਅਦਿੱਤਿਆ ਚੋਪੜਾ ਅਨੁਸਾਰ ਅਹਾਨ ਆਉਣ ਵਾਲੇ ਦਿਨਾਂ ਵਿਚ ਭਾਰਤ ਦੇ ਮੰਨੇ ਹੋਏ ਕਲਾਕਾਰ ਬਣ ਸਕਦੇ ਹਨ।



## ਵੈੱਬ ਸੀਰੀਜ਼ ਤੋਂ ਮਸ਼ਹੂਰ ਹੋਈ ਅਦਾਕਾਰਾ ਰਾਜਸ਼੍ਰੀ ਦੇਸ਼ਪਾਂਡੇ

**2012** ਵਿਚ ਆਮਿਰ ਖਾਨ ਦੀ ਫ਼ਿਲਮ 'ਤਲਾਸ਼' ਵਿਚ ਇਕ ਛੋਟੀ ਜਿਹੀ ਭੂਮਿਕਾ ਨਾਲ ਰਾਜਸ਼ੀ ਨੂੰ ਬਾਲੀਵੁੱਡ ਵਿਚ ਮੌਕਾ ਮਿਲਿਆ। ਫਿਰ ਉਹ ਟੈਲੀਵਿਜ਼ਨ 'ਤੇ ਚਲੀ ਗਈ ਅਤੇ 'ਕੁਛ ਤੋ ਲੋਗ ਕਹੇਂਗੇ ਅਤੇ '24' ਵਿਚ ਦਿਖਾਈ ਦਿੱਤੀ। ਸਲਮਾਨ ਖਾਨ ਦੀ ਫ਼ਿਲਮ 'ਕਿੱਕ' ਦੀ ਇਕ ਛੋਟੀ ਜਹੀ ਭੂਮਿਕਾ ਨਾਲ ਉਸ ਨੇ ਬਾਲੀਵੁੱਡ ਵਿਚ ਵਾਪਸੀ ਕੀਤੀ। ਰਾਜਸ਼ੀ ਦੇਸ਼ਪਾਂਡੇ ਦੀਆਂ ਹੋਰ ਬਾਲੀਵੁੱਡ ਫ਼ਲਮਾਂ ਵਿਚ 'ਮੁੰਬਈ ਸੈਂਟਰਲ' ਅਤੇ 'ਐਸ. ਦੁਰਗਾ' ਦੇ ਨਾਂਅ ਸ਼ਾਮਿਲ ਹਨ। ਰਿਲੀਜ਼ ਤੋਂ ਪਹਿਲਾਂ ਫ਼ਿਲਮ ਜੈਕਸੀ ਦੁਰਗਾ' ਦੇ ਟਾਈਟਲ ਨੂੰ ਲੈ ਕੇ ਕਾਫ਼ੀ ਵਿਵਾਦ ਹੋਇਆ ਸੀ। ਰਾਜਸ਼ੀ ਨੇ ਜੇਮਜ਼ ਵਾਟਕਿੰਸ ਵਲੋਂ ਨਿਰਦੇਸ਼ਿਤ ਬਰਤਾਨਵੀ ਟੈਲੀਵਿਜ਼ਨ ਸੀਰੀਜ਼ 'ਮੈਕਮਾਫੀਆ' ਨਾਲ ਡਿਜੀਟਲ ਦੀ ਸ਼ੁਰੂਆਤ ਕੀਤੀ। ਉਸ ਤੋਂ ਬਾਅਦ ਮੈਗਮਾ ਨੇ ਅਨੁਰਾਗ ਕਸ਼ਿਅਪ ਵੱਲੋਂ ਨਿਰਦੇਸ਼ਿਤ ਨੈੱਟ ਫ਼ਿਕਸ ਸ਼ੋਅ 'ਸੈਕਰਡ ਗੇਮਜ਼' ਵਿਚ ਨਵਾਜ਼ੂਦੀਨ ਸਿੱਦੀਕੀ ਦੀ ਪਤਨੀ ਸੁਭਦਰਾਂ ਦਾ ਕਿਰਦਾਰ ਨਿਭਾਇਆ। 'ਸੈਕਰਡ ਗੇਮਜ਼ (2018) ਲਈ ਰਾਜਸ਼੍ਰੀ ਦੀ ਜੰਮ ਕੇ ਪ੍ਰਸੰਸਾ ਹੋਈ। ਦੇਸ਼ਪਾਂਡੇ ਨੇ ਨੰਦਿਤਾ ਦਾਸ ਦੀ 'ਮੰਟੋ' ਵਿਚ ਇਸਮਤ ਚੁਗਤਾਈ ਦਾ ਕਿਰਦਾਰ ਨਿਭਾਇਆ। ਸੀਰੀਜ਼ 'ਦ ਫੇਮ ਗੇਮ' ਵਿਚ ਰਾਜਸ਼ੀ ਨੂੰ ਮਾਧੁਰੀ ਦੀਕਸ਼ਿਤ ਨਾਲ ਕੰਮ ਕਰਨ ਦਾ ਮੌਕਾ ਮਿਲਿਆ। ਵੈੱਬ ਸੀਰੀਜ਼ 'ਟ੍ਰਾਇਲ ਬਾਈ ਫਾਇਰ' ਰਾਜਸ਼ੀ ਦੇ ਕਰੀਅਰ ਲਈ ਕਾਫ਼ੀ ਅਹਿਮ ਰਹੀ ਹੈ। ਇਸ ਲਈ ਉਸ ਨੇ ਸਰਬੋਤਮ ਅਭਿਨੇਤਰੀ ਕੈਟੇਗਰੀ ਵਿਚ ਫ਼ਿਲਮ ਫੇਅਰ ਓ.ਟੀ.ਟੀ. ਪੁਰਸਕਾਰ ਜਿੱਤਿਆ।

## ਵੱਡੀ ਅਦਾਕਾਰਾ ਦਿਵਿਆਂਕਾ

**ਦਿਵਿਆਂਕਾ** ਤ੍ਰਿਪਾਠੀ ਨੇ ਬਚਪਨ ਤੋਂ ਹੀ ਫ਼ੌਜੀ ਅਫ਼ਸਰ ਬਣਨ ਦਾ ਸੁਪਨਾ ਦੇਖ ਰੱਖਿਆ ਸੀ । 2003 ਵਿਚ ਦਿਵਿਆਂਕਾ ਨੇ 'ਮਿਸ ਬਿਊਟੀਫੁੱਲ ਸਕਿਨ' ਅਤੇ ਉਸ ਤੋਂ ਬਾਅਦ 2004 ਵਿਚ ਟੈਲੇਂਟ ਹੰਟ ਸ਼ੋਅ 'ਦ ਜ਼ੀ ਸਿਨੇਮਾ ਸਟਾਰਜ਼ ਖੋਜ' ਦੀ ਜੇਤੂ ਬਣੀ। ਇਸ ਤੋਂ ਬਾਅਦ ਉਹ ਟੀ.ਵੀ. ਸ਼ੋਅ 'ਵਿਰਾਸਤ' ਦੇ ਇਕ ਛੋਟੇ ਪਰ ਸਪੈਸ਼ਲ ਹਿੱਸੇ ਵਿਚ ਨਜ਼ਰ ਆਈ।

ਜ਼ੀ ਟੀ.ਵੀ. ਦੇ ਸ਼ੋਅ 'ਬਨੂੰ ਮੈਂ ਤੇਰੀ ਦੁਲਹਨ' ਵਰਗੇ ਸ਼ੋਆਂ ਤੋਂ ਦਿਵਿਆਂਕਾ ਦੀ ਪਛਾਣ ਬਣਨ ਲੱਗੀ। ਇਸ ਸ਼ੋਅ ਵਿਚ ਵਿਦਿਆ ਅਤੇ ਦਿਵਿਆ ਦੀ ਦੋਹਰੀ ਭੂਮਿਕਾ ਵਿਚ ਪੇਸ਼ਕਾਰੀ ਲਈ ਉਸ ਨੇ ਕਈ ਪੁਰਸਕਾਰ ਵੀ ਜਿੱਤੇ ।

ਦਿਵਿਆਂਕਾ ਦੀ ਅਸਲੀ ਪਛਾਣ ਟੀ.ਵੀ. ਸੀਰੀਅਲ 'ਯੇ ਹੈਂ ਮੁਹੱਬਤੇਂ" ਤੋਂ ਮਿਲੀ। ਉਸ ਦਾ ਇਹ ਸ਼ੋਅ ਸੁਪਰਹਿਟ ਰਿਹਾ ਸੀ। ਇਸ ਸ਼ੋਅ ਵਿਚ ਉਸ ਵਲੋਂ ਨਿਭਾਏ ਗਏ ਡਾ. ਇਸ਼ਿਤਾ ਭੱਲਾ ਦੇ ਕਿਰਦਾਰ ਵਿਚ ਦਰਸ਼ਕਾਂ ਨੇ ਉਸ ਨੂੰ ਬਹੁਤ ਪਸੰਦ ਕੀਤਾ ਸੀ। ਇਸ ਸ਼ੋਅ ਜ਼ਰੀਏ ਉਹ ਘਰ-ਘਰ 'ਚ ਮਸ਼ਹੂਰ ਹੋ ਗਈ ਸੀ। ਦਿਵਿਆਂਕਾ ਤ੍ਰਿਪਾਠੀ ਨੇ ਛੋਟੇ ਪਰਦੇ 'ਤੇ ਬਹੁਤ ਨਾਂਅ ਕਮਾਉਣ ਤੋਂ ਬਾਅਦ ਫ਼ਿਲਮ 'ਲਾਲਾ ਹਰਦੌਲ' ਨਾਲ ਫ਼ਿਲਮ ਸਨਅਤ ਵਿਚ ਦਾਖਲ ਹੋਈ ਸੀ । ਵੈੱਬ ਸੀਰੀਜ਼ 'ਕੋਲਡ ਲੱਸੀ ਔਰ ਚਿਕਨ ਮਸਾਲਾ' ਜ਼ਰੀਏ ਉਸ ਨੇ ਓ.ਟੀ.ਟੀ. 'ਤੇ ਕਦਮ ਰੱਖਿਆ। ਇਕ ਘਰੇਲੂ ਔਰਤ ਦੇ ਸੰਘਰਸ਼ ਦੀ ਕਹਾਣੀ 'ਤੇ ਆਧਾਰਿਤ ਪਿਛਲੇ ਸਾਲ ਦੀ ਵੈੱਬ ਸੀਰੀਜ਼ 'ਦ ਮੈਜਿਕ ਆਫ਼ ਸ਼ਿਰੀ' ਵਿਚ ਉਹ ਇਕ ਜਾਦੂਗਰਨੀ ਸ਼ਿਰੀ ਦੇ ਕਿਰਦਾਰ ਵਿਚ ਨਜ਼ਰ ਆਈ।

ਦਿਵਿਆਂਕਾ ਤ੍ਰਿਪਾਠੀ ਅਕਸਰ ਆਪਣੀ ਨਿੱਜੀ ਜ਼ਿੰਦਗੀ ਨੂੰ ਲੈ ਕੇ ਚਰਚਾ ਵਿਚ ਰਹਿੰਦੀ ਹੈ। ਦਿਵਿਆਂਕਾ ਤ੍ਰਿਪਾਠੀ ਅਤੇ ਵਿਵੇਕ ਦਹੀਆ ਦੀ ਜੋੜੀ ਨੂੰ ਪ੍ਰਸੰਸਕ ਬਹੁਤ ਪਸੰਦ ਕਰਦੇ ਹਨ। ਦੋਵਾਂ ਦੀ ਪ੍ਰੇਮ ਕਹਾਣੀ ਟੀ.ਵੀ. ਸ਼ੋਅ 'ਯੇ ਹੈ ਮੁਹੱਬਤੇਂ" ਦੇ ਸੈੱਟ ਤੋਂ ਸ਼ੁਰੂ ਹੋਈ ਸੀ। ਇਸ ਸ਼ੋਅ ਵਿਚ ਦਿਵਿਆਂਕਾ ਮੁੱਖ ਭੂਮਿਕਾ ਵਿਚ ਸੀ। ਉਥੇ ਵਿਵੇਕ ਪੁਲਿਸ ਇੰਸਪੈਕਟਰ ਦੀ ਭੂਮਿਕਾ ਵਿਚ ਨਜ਼ਰ ਆਏ ਸਨ। ਅੱਠ ਜੁਲਾਈ, 2016 ਨੂੰ ਦਿਵਿਆਂਕਾ ਅਤੇ ਵਿਵੇਕ ਨੇ ਭੁਪਾਲ ਵਿਚ ਵਿਆਹ ਕਰ ਲਿਆ ਸੀ। ਹਾਲ ਹੀ ਵਿਚ ਅਫ਼ਵਾਹਾਂ ਉੱਡੀਆਂ ਸਨ ਕਿ ਦੋਵੇਂ ਤਲਾਕ ਲੈਣ ਵਾਲੇ ਹਨ, ਜਿਨ੍ਹਾਂ 'ਤੇ ਵਿਵੇਕ ਦਹੀਆ ਨੇ ਕਿਹਾ ਕਿ ਇਹ ਅਫ਼ਵਾਹਾਂ ਹਨ।



# Golden State Realty

**Real Estate and Loans Under One Roof**

ਘਰਾਂ ਦੀ ਵਧੀਆ ਡੀਲ ਤੇ ਘਟ ਤੋਂ ਘਟ ਵਿਆਜ ਦਰਾਂ 'ਤੇ ਲੋਨ ਲੈ ਕੇ ਦੇਣ ਲਈ ਮਸ਼ਹੂਰ

**Selling Homes from Gilroy to Sacramento, CA**

Call us before visiting new model homes to save big time.

ਪਿਛਲੇ 38 ਸਾਲਾਂ ਤੋਂ ਬਿਜ਼ਨਸ ਵਿਚ ਭਰਪੂਰ ਸਹਿਯੋਗ ਲਈ ਸਮੂਹ ਭਾਈਚਾਰੇ ਦਾ ਧੰਨਵਾਦ

**Time to buy new home in Tracy, Manteca, Lothrop and Stockton**

Pinnacle Award Winner 2014, 2015, 2016 & 2017

Grand Master Award Winner: 2018-2021, Platinum Award 2022

## *Call for Listing Special 2025*

## Ph: 510-304-9292 or 408-666-8279



Anmol Singh Gill
REALTOR
Bre. # 02062952



Armaan Singh Gill
Sales Agent
Bre. # 02161166
Ph: 510-709-7987



Jaswinder (Jassi) Gill
M.Sc (PAU)
CA BRE# 00966763
Broker/Owner



Harjot Singh Gill
REALTOR
Bre. # 02036421
Ph: 408.413.8350



Rakesh Pabla
REALTOR
Lic no: 01507068
Ph: 408.531.5464

Fremont Office: 86 Pilgrim Loop, Fremont CA 94539
Tel: 510-440-9292

Visit us @ www.jassigill.com for hot listings

## Recent Sales

1. 776 Vereda ct San Jose CA 95123
2. 8455 Peachtree Ave Newark CA 94560
3. 2125 Neptune Rd Livermore CA 94550
4. 2169 Charger Dr San Jose CA 95131
5. 9550 Appaloosa Pl Elk Grove CA 95624
6. 9810 Bobcat Ct Gilroy CA 95020
7. 3033 Pellier Pl San Jose CA 95135
8. 985 Silver Birch Ln Hayward CA 94544
9. 1672 Northgate Manteca CA 95336
10. 26676 Campeche St Hayward CA 94545
11. 1777 Osage Ave Hayward CA 94545
12. 2249 moody ave Hayward ca 94545
13. 9714 Fall Valley Way Sacramento CA 95829
14. 106 Coralflower Ln, San Ramon, CA 94582

## Purchase Loan and Refinance

Call Sukhveer (Sukhi) Gill Ph: 510-207-9067
DHMS, Loan Broker

CA BRE Lic.#01180969
NMLS# 352095

19-20